ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

30 ਅਗਸਤ ਤੋਂ 5 ਸਤੰਬਰ 2023

ਸਾਲ 14ਵਾਂ - ਅੰਕ 36
email : info@sadelok.com

Ph. : 510-706-1300
Fax : 925-373-1300

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈ



(ਵਿਸ਼ੇਸ਼ ਅੰਕ ਅੰਦਰ ਪੜ੍ਹੋ)

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਦਾ ਦਿਹਾਂਤ



23

## ਭੈਣ ਕੋਲੋਂ ਵੀਰ ਵੇ ਬੰਨਾ ਲੈ ਰੱਖੜੀ, ਸੋਹਣੇ ਜਹੇ ਗੁੱਟ ਤੇ ਸਜਾ ਲੈ ਰੱਖੜੀ। ਰੱਖੜੀ ਦੀ ਲੱਖ-ਲੱਖ ਵਧਾਈ



26-27

## ਪੁਲਿਸ ਤਸ਼ੱਦਦ ਕਾਰਨ ਦੋ ਭਰਾਵਾਂ ਨੇ ਕੀਤੀ ਖੁਦਕਸ਼ੀ



33

# ਕੈਲੀਫੋਰਨੀਆ ਅਸੈਂਬਲੀ 'ਚ 'ਜਾਤੀ ਭੇਦਭਾਵ ਵਿਰੋਧੀ' SB 403 ਬਿੱਲ ਪਾਸ ਹੋਣ 'ਤੇ ਪੀੜਤ ਲੋਕਾਂ 'ਚ ਖ਼ੁਸ਼ੀ ਲਹਿਰ



ਫੋਟੋ : ਸਾਡੇ ਲੋਕ

ਸੈਕਰਾਮੈਂਟੋ, ਕੈਲੀਫੋਰਨੀਆ : ਸਟੇਟ ਅਸੈਂਬਲੀ ਕੈਲੀਫੋਰਨੀਆ ਨੇ ਜਾਤੀ ਵਿਤਕਰੇ ਵਿਰੋਧੀ ਬਿੱਲ ਨੂੰ ਪਾਸ ਕਰ ਦਿੱਤਾ ਹੈ, ਇਹ ਬਿੱਲ ਜਾਤੀ ਵਿਤਕਰੇ ਦਾ ਮੁਕਾਬਲਾ ਕਰਨ ਅਤੇ ਰਾਜ ਭਰ ਵਿੱਚ ਹਾਸ਼ੀਏ 'ਤੇ ਰਹਿ ਰਹੇ ਭਾਈਚਾਰਿਆਂ ਲਈ ਸੁਰੱਖਿਆ ਨੂੰ ਮਜ਼ਬੂਤ ਕਰੇਗਾ। ਇਹ ਬਿੱਲ ਕੱਲ੍ਹ ਵਿਧਾਨ ਸਭਾ ਵੱਲੋਂ ਪਾਸ ਕੀਤਾ ਗਿਆ ਸੀ। ਇਸ ਬਿੱਲ ਨੂੰ ਜੇਕਰ ਗਵਰਨਰ ਦੁਆਰਾ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ

(ਦੇਖੋ ਸਫ਼ਾ 28-31 'ਤੇ)

# SB-553 ਬਿੱਲ ਵਿੱਚ ਛੋਟੇ ਕਾਰੋਬਾਰਾਂ ਦੀ ਸੁਰੱਖਿਆ ਲਈ ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਐਸੋਸੀਏਸ਼ਨ ਦੀ ਸਖਤ ਮਿਹਨਤ ਤੇ ਏਕਤਾ ਨਾਲ ਬਿੱਲ 'ਚ ਸੋਧ

ਲਿਵਰਮੋਰ ਕੈਲੀਫੋਰਨੀਆ : ਛੋਟੇ ਕਾਰੋਬਾਰ ਪੈਟਰੋਲ ਪੰਪ , ਲਿਕਰ ਸਟੋਰਾਂ ਉਪਰ ਹਿੰਸਾ ਤੇ ਲੁਟੇਰਿਆ ਉਪਰ ਰੋਕ ਲਗਾਉਣ ਲਈ ਅਦਾਲਤਾਂ ਤੋਂ ਪਾਬੰਦੀ ਲਗਾਉਣ ਦੇ (restraining orders) ਹੁਕਮ ਲੈਕੇ ਹਿੰਸਾ ਤੇ ਲੁੱਟ ਤੋ ਬਚਾਉ ਕਰਨਾ ਇਸ ਸੋਧ ਦਾ ਮੁੱਖ ਮਕਸਦ ਸੀ ਜੋ ਕੀ ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ

APCA
AMERICAN PETROLEUM AND CONVENIENCE STORE ASSOCIATION

ਐਸੋਸੀਏਸ਼ਨ ਦੀ ਸੱਖਤ ਮਿਹਨਤ ਤੇ ਏਕੇ ਨਾਲ ਬਿੱਲ SB-553 'ਚ ਸੋਧ ਕਰਨ ਲਈ ਸਮਝੌਤਾ ਹੋ ਗਿਆ ਜਿਸ ਨਾਲ ਵੱਡੀ ਗਿਣਤੀ ਹੋਰਨਾ ਦੇ ਨਾਲ ਨਾਲ ਪੰਜਾਬੀਆ ਨੇ ਸੁੱਖ ਦਾ ਸਾਹ ਲਿਆ ਅਤੇ ਲੀਡਰਸ਼ਿਪ ਦੀ ਅਣਥੱਕ ਮਿਹਨਤ ਤੇ ਠੀਕ ਵਕਾਲਤ ਕਾਰਨ ਵਿਰੋਧੀਆ ਦੀਆ ਚਿੰਤਾਵਾਂ ਨੂੰ ਦੂਰ ਕਰ ਦਿੱਤਾ ਗਿਆ।

ਇਥੇ ਇਹ ਜਿਕਰਯੋਗ ਹੈ ਕੀ ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਐਸੋਸੀਏਸ਼ਨ

(ਦੇਖੋ ਸਫ਼ਾ 32 'ਤੇ)

# ਭਾਰਤ-ਪਾਕਿ ਸਰਕਾਰਾਂ ਸਿੱਖਾਂ ਦੀ ਹਿਫਾਜ਼ਤ ਕਰਨ: ਗਿਆਨੀ ਹਰਪ੍ਰੀਤ ਸਿੰਘ

*ਸਿੱਖਾਂ ਨੂੰ ਧਮਕੀਆਂ ਮਿਲਣ ਦੇ ਮਾਮਲੇ 'ਤੇ ਚਿੰਤਾ ਪ੍ਰਗਟਾਈ*



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਅਤੇ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪਾਕਿਸਤਾਨ ਵਿੱਚ ਖਾਸ ਕਰ ਕੇ ਰਾਵਲਪਿੰਡੀ ਅਤੇ ਪੰਜਾ ਸਾਹਿਬ ਵਿੱਚ ਸਿੱਖਾਂ ਨੂੰ ਧਮਕੀਆਂ ਦਿੱਤੇ ਜਾਣ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਪਾਕਿਸਤਾਨ ਅਤੇ ਭਾਰਤ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਪਾਕਿਸਤਾਨ ਵਿੱਚ ਵਸਦੇ ਸਿੱਖਾਂ ਦੀ ਜਾਨ ਮਾਲ ਦੀ ਰਾਖੀ ਨੂੰ ਯਕੀਨੀ ਬਣਾਇਆ ਜਾਵੇ। ਜਾਣਕਾਰੀ ਮੁਤਾਬਕ ਸਿੱਖਾਂ ਨੂੰ ਧਮਕੀ ਭਰੇ ਪੱਤਰ ਭੇਜੇ ਜਾਣ ਦਾ ਖੁਲਾਸਾ ਬੀਤੇ ਦਿਨ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸਤਵੰਤ ਸਿੰਘ ਵੱਲੋਂ ਵੀ ਮੀਡੀਆ ਰਾਹੀਂ ਕੀਤਾ ਗਿਆ ਸੀ। ਉਨ੍ਹਾਂ ਨੇ ਅਜਿਹੇ ਧਮਕੀ ਭਰੇ ਪੱਤਰ ਵੀ ਮੀਡੀਆ ਵਿੱਚ ਜਨਤਕ ਕੀਤੇ ਸਨ। ਪਰ ਉਨ੍ਹਾਂ ਇਹ ਵੀ ਕਿਹਾ ਕਿ ਅਜਿਹੇ ਧਮਕੀ ਭਰੇ ਪੱਤਰਾਂ 'ਤੇ ਕਿਸੇ ਦੇ ਦਸਤਖ਼ਤ ਨਹੀਂ ਹਨ ਅਤੇ ਨਾ ਹੀ ਕਿਸੇ ਨੇ

(ਦੇਖੋ ਸਫ਼ਾ 18 'ਤੇ)

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ

Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases

44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
510-706-1300

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM

Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas

Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services

Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com


ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪੋ੍ਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919

Anthony Nwosu
Attorney at Law
510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

### ਨਸਲੀ ਨਫਰਤ ਦਾ ਮਾਮਲਾ

## ਅਮਰੀਕਾ ਵਿਚ ਕੌਂਸਲ ਚੋਣ ਲੜ ਰਹੀ ਭਾਰਤੀ ਮੂਲ ਦੀ ਔਰਤ ਦੇ ਇਸ਼ਤਿਹਾਰ 'ਤੇ ਲੱਗੀ ਤਸਵੀਰ ਉਪਰ ਕਾਲਾ ਚੇਹਰਾ ਲਾਇਆ




ਸਾਰਿਕਾ ਬਾਂਸਲ ਦੇ ਇਸ਼ਤਿਹਾਰ 'ਤੇ ਲੱਗੀ ਉਸ ਦੀ ਤਸਵੀਰ ਉਪਰ ਲਾਇਆ ਕਾਲਾ ਚੇਹਰਾ ਸੱਜੇ ਸਾਰਿਕਾ ਬਾਂਸਲ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਉੱਤਰੀ ਕੈਰੋਲੀਨਾ ਰਾਜ ਵਿਚ ਨਸਲੀ ਨਫਰਤ ਤਹਿਤ ਕਿਸੇ ਸਿਰਫਿਰੇ ਵੱਲੋਂ ਕੌਂਸਲ ਚੋਣ ਲੜ ਰਹੀ ਭਾਰਤੀ ਮੂਲ ਦੀ ਇਕ ਔਰਤ ਸਾਰਿਕਾ ਬਾਂਸਲ ਦੇ ਇਕ ਇਸ਼ਤਿਹਾਰ ਉਪਰ ਲੱਗੀ ਤਸਵੀਰ 'ਤੇ ਉਨਾਂ ਦੇ ਚੇਹਰੇ ਨੂੰ ਖੁਰਚ ਕੇ ਉਸ ਦੀ ਜਗਾ 'ਤੇ ਕਿਸੇ ਕਾਲੇ ਵਿਅਕਤੀ ਦਾ ਚੇਹਰਾ ਲਾ ਦੇਣ ਦੀ ਖਬਰ ਹੈ। ਇਹ ਘਟਨਾ ਉੱਤਰੀ ਕੈਰੋਲੀਨਾ ਰਾਜ ਦੇ ਕੇਰੀ ਸ਼ਹਿਰ ਵਿਚ ਵਾਪਰੀ ਹੈ ਜਿਥੇ ਬਾਂਸਲ ਕੌਂਸਲ ਚਣਾਂ ਵਿਚ ਉਮੀਦਵਾਰ ਹੈ। ਪ੍ਰਾਪਤ ਵੇਰਵੇ ਅਨੁਸਾਰ ਬਾਂਸਲ ਚੋਣ ਸਬੰਧੀ ਇਕ ਮੀਟਿੰਗ ਵਿਚ ਹਿੱਸਾ ਲੈ ਰਹੀ ਸੀ ਜਦੋਂ ਉਨਾਂ ਦੇ ਇਕ ਸਮਰਥਕ ਨੇ ਵਟਸਅੱਪ ਉਪਰ ਇਹ ਜਾਣਕਾਰੀ ਦਿੱਤੀ। ਉਸ ਦੇ ਚੋਣ ਇਸ਼ਤਿਹਾਰ ਨਾਲ ਇਹ ਛੇੜਛਾੜ ਡਿਸਟ੍ਰਿਕਟ ਡੀ ਪੱਛਮੀ ਕੇਰੀ ਵਿਚ ਹਾਈਕਰਾਫਟ ਪਿੰਡ ਵਿਚ ਕੀਤੀ ਗਈ ਹੈ ਜਿਥੋਂ ਉਹ ਚੋਣਾਂ ਵਿਚ ਖੜੀ ਹੈ। ਸਾਰਿਕਾ ਬਾਂਸਲ ਇਸ ਘਟਨਾ ਉਪਰੰਤ ਗਹਿਰੇ ਸਦਮੇ ਵਿਚ ਹੈ। ਉਨਾਂ ਕਿਹਾ ਕਿ ਮੈਨੂੰ ਇਸ ਘਟਨਾ ਤੋਂ ਬਹੁਤ ਦੁੱਖ ਹੋਇਆ ਹੈ। ਬਾਂਸਲ ਅਨੁਸਾਰ ਉਹ ਨਹੀਂ ਜਾਣਦੀ ਕਿ ਉਸ ਦੇ ਹੋਰ ਕਿਸੇ ਇਸ਼ਤਿਹਾਰ ਨਾਲ ਵੀ ਅਜਿਹੀ ਛੇੜਛਾੜ ਕੀਤੀ ਗਈ ਹੈ ਜਾਂ ਨਹੀਂ। ਕੇਰੀ ਕਸਬੇ ਦੀ ਤਰਫੋਂ ਮੇਅਰ ਹਰੋਲਡ ਵੀਨਬਰੈਚਡ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਉਨਾਂ ਕਿਹਾ ਕਿ ਨਸਲਵਾਦ ਕੇਰੀ ਦੀਆਂ ਕਦਰਾਂ ਕੀਮਤਾਂ ਦੇ ਵਿਰੁੱਧ ਹੈ। ਸਾਡਾ ਮਕਸਦ ਲੋਕਾਂ ਦੇ ਭਾਈਚਾਰੇ ਨੂੰ ਮਜਬੂਤ ਕਰਨਾ ਹੈ ਤੇ ਇਸ ਮੰਤਵ ਲਈ ਅਸੀਂ ਕੋਈ ਕਸਰ ਬਾਕੀ ਨਹੀਂ ਰਹਿਣ ਦੇਵਾਂਗੇ। ਇਥੇ ਜਿਕਰਯੋਗ ਹੈ ਕਿ ਕੇਰੀ ਸ਼ਹਿਰ ਦੀ 1,80,000 ਆਬਾਦੀ ਵਿਚੋਂ 20% ਲੋਕ ਏਸ਼ੀਅਨ ਮੂਲ ਦੇ ਹਨ।

# 9/11 ਹਮਲੇ ਦੇ ਦੋਸ਼ੀਆਂ ਨੂੰ ਨਹੀਂ ਮਿਲੇਗੀ ਮੌਤ ਦੀ ਸਜ਼ਾ ! ਮ੍ਰਿਤਕਾਂ ਦੇ ਵਾਰਸਾਂ ਚ ਰੋਸ



ਨਿਊਯਾਰਕ : 11 ਸਤੰਬਰ, 2001 ਨੂੰ ਨਿਊਯਾਰਕ 'ਤੇ ਹੋਏ ਅੱਤਵਾਦੀ ਹਮਲੇ ਨੇ ਅਮਰੀਕਾ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਹਮਲੇ ਵਿੱਚ ਕਰੀਬ 3000 ਹਜ਼ਾਰ ਦੇ ਕਰੀਬ ਲੋਕ ਮਾਰੇ ਗਏ ਸਨ। ਇਸ ਹਮਲੇ ਕਾਰਨ ਅਮਰੀਕਾ ਨੂੰ ਇਸ ਦੇ ਸਦਮੇ ਤੋਂ ਉਭਰਨ ਲਈ ਕਈ ਸਾਲ ਵੀ ਲੱਗ ਗਏ ਸਨ। ਹੁਣ ਅਜਿਹੀਆਂ ਖ਼ਬਰਾਂ ਆ ਰਹੀਆਂ ਹਨ ਕਿ ਅੱਤਵਾਦੀ ਹਮਲੇ ਦੀ ਸਾਜ਼ਿਸ਼ ਰਚਣ ਵਾਲੇ ਦੋਸ਼ੀਆਂ ਦੀ ਮੌਤ ਦੀ ਸਜ਼ਾ ਮੁਆਫ਼ ਹੋ ਸਕਦੀ ਹੈ। ਹਮਲੇ 'ਚ ਮਾਰੇ ਗਏ ਲੋਕਾਂ ਦੇ ਪਰਿਵਾਰ ਇਸ ਨੂੰ ਲੈ ਕੇ ਕਾਫੀ ਗੁੱਸੇ 'ਚ ਹਨ।

ਬਹੁਤ ਸਾਰੇ ਲੋਕ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਇਸ ਮਾਮਲੇ 'ਚ ਬਚਾਅ ਪੱਖ ਅਤੇ ਸਰਕਾਰੀ ਪੱਖ ਵਿਚਾਲੇ ਸਮਝੌਤਾ ਹੋ ਗਿਆ ਹੈ। ਨਤੀਜੇ ਵਜੋਂ ਜੇਕਰ ਅੱਤਵਾਦੀ ਹਮਲੇ ਦੇ ਮਾਸਟਰਮਾਈਂਡ, ਖਾਲਿਦ ਸ਼ੇਖ ਮੁਹੰਮਦ ਅਤੇ ਹੋਰ ਚਾਰ ਦੋਸ਼ੀ ਆਪਣਾ ਗੁਨਾਹ ਕਬੂਲ ਕਰਦੇ ਹਨ, ਤਾਂ ਉਨ੍ਹਾਂ ਨੂੰ ਬਦਲੇ ਵਿੱਚ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਵੇਗੀ। ਹਮਲੇ ਵਿੱਚ ਮਾਰੇ ਗਏ ਲੋਕਾਂ ਦੇ ਰਿਸ਼ਤੇਦਾਰਾਂ ਨੂੰ ਸੂਚਿਤ ਕਰਨ ਵਾਲਾ ਇੱਕ ਪੱਤਰ ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਵੱਲੋਂ ਲਿਖਿਆ ਗਿਆ ਹੈ। ਇਸ ਤੋਂ ਬਾਅਦ ਕਈ ਲੋਕ ਬਹੁਤ ਪਰੇਸ਼ਾਨ ਵੀ ਹਨ। ਇਨ੍ਹਾਂ 'ਚੋਂ ਇਕ ਕ੍ਰਿਸਟੀਨ ਬ੍ਰਿਟਵੇਜ਼ਰ ਨੇ ਆਪਣੀ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਕਿਹਾ ਕਿ ਮੈਂ ਬਹੁਤ ਦੁਖੀ ਹਾਂ। ਮੈਂ ਸੋਚਿਆ ਕਿ ਮੈਂ ਅਜਿਹੇ ਦੇਸ਼ ਵਿੱਚ ਰਹਿ ਰਹੀ ਹਾਂ ਜਿੱਥੇ ਕਾਨੂੰਨ ਦਾ ਰਾਜ ਹੈ ਪਰ ਅਸਲ ਵਿੱਚ ਅਜਿਹਾ ਨਹੀਂ ਹੈ। ਹਮਲੇ ਵਿੱਚ ਕ੍ਰਿਸਟੀਨ ਦਾ ਪਤੀ ਮਾਰਿਆ ਗਿਆ ਸੀ।

ਇਸੇ ਤਰ੍ਹਾਂ ਆਪਣੇ ਭਤੀਜੇ ਨੂੰ ਗੁਆਉਣ ਵਾਲੇ ਬ੍ਰੈਡ ਬਲੈਕਮੈਨ ਨੇ ਵੀ ਕਿਹਾ ਕਿ ਅਮਰੀਕੀ ਸਰਕਾਰ ਨੇ ਮੇਰੇ ਨਾਲ ਵਾਅਦਾ ਕੀਤਾ ਸੀ ਕਿ ਅੱਤਵਾਦੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ ਅਤੇ ਅਸੀਂ ਵੀ ਇਸ ਦੀ ਉਮੀਦ ਕਰ ਰਹੇ ਸੀ। ਦੂਜੇ ਪਾਸੇ ਕਈਆਂ ਦਾ ਮੰਨਣਾ ਹੈ ਕਿ ਇਸ ਸਮਝੌਤੇ ਕਾਰਨ ਬਿਨਾਂ ਕਿਸੇ ਕੇਸ ਦੀ ਸੁਣਵਾਈ ਖ਼ਤਮ ਹੋ ਜਾਵੇਗੀ ਅਤੇ 11 ਸਤੰਬਰ, 2001 ਦੇ ਅੱਤਵਾਦੀ ਹਮਲੇ ਦੀ ਸੱਚਾਈ ਕਦੇ ਵੀ ਸਾਹਮਣੇ ਨਹੀਂ ਆਵੇਗੀ। ਕੁਝ ਸਮਝੌਤਾ ਕਰਨ ਦੇ ਹੱਕ ਵਿੱਚ ਹਨ। ਉਨ੍ਹਾਂ ਦਾ ਤਰਕ ਹੈ ਕਿ ਹਰ ਸਾਲ ਇਨ੍ਹਾਂ ਕੇਸਾਂ ਦੀ ਸੁਣਵਾਈ ਵਿੱਚ ਦੇਰੀ ਹੋਣ ਕਾਰਨ ਕਈ ਪੀੜਤਾਂ ਦੇ ਰਿਸ਼ਤੇਦਾਰਾਂ ਨੂੰ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਤੋਂ ਬਿਨਾਂ ਹੀ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਇਹ ਵੀ ਹੋ ਸਕਦਾ ਹੈ ਕਿ ਸੌਦੇ ਕਾਰਨ ਦੋਸ਼ੀ ਬਿਨਾਂ ਸਜ਼ਾ ਤੋਂ ਮਰ ਜਾਣ। ਘੱਟੋ-ਘੱਟ ਸੌਦਾ ਉਨ੍ਹਾਂ ਦੀ ਸਜ਼ਾ ਵਿੱਚ ਦੇਰੀ ਨਹੀਂ ਕਰੇਗਾ।

ਇੱਕ ਫੌਜੀ ਟ੍ਰਿਬਿਊਨਲ ਅੱਤਵਾਦੀ ਹਮਲਿਆਂ ਦੇ ਦੋਸ਼ੀ ਪੰਜ ਵਿਅਕਤੀਆਂ ਦੀ ਸੁਣਵਾਈ ਕਰ ਰਿਹਾ ਹੈ। ਹਾਲਾਂਕਿ, ਸੁਣਵਾਈ ਵਿੱਚ ਦੇਰੀ ਹੋ ਰਹੀ ਹੈ। ਕਿਉਂਕਿ ਮੁਲਜ਼ਮ ਦਾ ਕਹਿਣਾ ਹੈ ਕਿ ਸੀ.ਆਈ.ਏ ਵੱਲੋਂ ਸਾਡੇ 'ਤੇ ਤਸ਼ੱਦਦ ਕਰਕੇ ਸਬੂਤ ਇਕੱਠੇ ਕੀਤੇ ਗਏ ਸਨ।ਇੱਕ ਦੋਸ਼ੀ ਦੇ ਵਕੀਲ ਦਾ ਕਹਿਣਾ ਹੈ ਕਿ ਮੇਰਾ ਮੁਵੱਕਿਲ ਜੇਲ੍ਹ ਵਿੱਚ ਲੰਮੀ ਸਜ਼ਾ ਭੁਗਤਣ ਲਈ ਤਿਆਰ ਹੈ ਪਰ ਬਦਲੇ ਵਿੱਚ ਉਸ ਦਾ ਮੈਡੀਕਲ ਕਰਵਾਇਆ ਜਾਂਦਾ ਹੈ ਅਤੇ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਂਦੀ।

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ
ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।
ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ
State of California Benefits Identification Card
Get more BENEFITS at No Cost $0 Premium
Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਅਮਰੀਕਾ ਵਿਚ ਨਸਲੀ ਨਫਰਤ ਲਈ ਕੋਈ ਥਾਂ ਨਹੀਂ : ਬਾਈਡਨ

## ਨਫਰਤੀ ਹਿੰਸਾ ਬਾਰੇ ਚੁੱਪ ਅਪਰਾਧ 'ਚ ਸ਼ਾਮਲ ਹੋਣ ਵਾਂਗ-ਰਾਸ਼ਟਰਪਤੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਜੈਕਸਨਵਿਲੇ, ਫਲੋਰਿਡਾ ਵਿਚ 3 ਕਾਲੇ ਲੋਕਾਂ ਨੂੰ ਗੋਲੀਆਂ ਮਾਰ ਕੇ ਮਾਰਨ ਦੀ ਵਾਪਰੀ ਘਟਨਾ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਅਮਰੀਕਾ ਵਿਚ ਘ੍ਰਿਣਾ ਲਈ ਕੋਈ ਥਾਂ ਨਹੀਂ ਹੈ। ਇਹ ਘਟਨਾ ਉਸ ਵੇਲੇ ਵਾਪਰੀ ਹੈ ਜਦੋਂ ਵਾਸ਼ਿੰਗਟਨ ਵਿਚ ਰੈਲੀ ਦੀ 60 ਵੀਂ ਵਰੇ ਗੰਢ ਮਨਾਈ ਜਾ ਰਹੀ ਹੈ ਜੋ ਕਿ 20 ਵੀਂ ਸਦੀ ਦਾ ਮਨੁੱਖੀ ਹੱਕਾਂ ਬਾਰੇ ਇਕ ਵਿਸ਼ੇਸ਼ ਮਹੱਤਵ ਵਾਲਾ ਅਹਿਮ ਪ੍ਰਦਰਸ਼ਨ ਹੈ। ਰਾਸ਼ਟਰਪਤੀ ਨੇ ਕਿਹਾ ''ਸਾਨੂੰ ਇਕ ਅਜਿਹੇ ਦੇਸ਼ ਵਿਚ ਰਹਿਣ ਤੋਂ ਇਨਕਾਰ ਕਰਨਾ ਪਵੇਗਾ ਜਿਥੇ ਕਾਲੇ ਭਾਈਚਾਰੇ ਨਾਲ ਸਬੰਧਤ ਪਰਿਵਾਰ ਡਰ ਦੇ ਸਾਏ ਹੇਠ ਜੀਵਨ ਬਿਤਾਉਣ। ਚਮੜੀ ਦੇ ਰੰਗ ਕਾਰਨ ਗੋਲੀ ਮਾਰ ਦੇਣ ਦੇ ਡਰੋਂ ਕਾਲੇ ਲੋਕ ਸਟੋਰਾਂ ਵਿਚ ਜਾਣ ਤੇ ਕਾਲੇ ਵਿਦਿਆਰਥੀ ਸਕੂਲਾਂ ਵਿਚ ਜਾਣ ਸਮੇ ਘਬਰਾਉਣ।'' ਰਾਸ਼ਟਰਪਤੀ ਨੇ ਹੋਰ ਕਿਹਾ 'ਨਫਰਤੀ ਹਿੰਸਾ ਬਾਰੇ ਚੁੱਪ ਅਪਰਾਧ ਵਿਚ ਸ਼ਾਮਿਲ ਹੋਣ ਵਾਂਗ ਹੈ, ਅਸੀਂ ਕਿਸੇ ਵੀ ਹਾਲਤ ਵਿਚ ਚੁੱਪ ਨਹੀਂ ਰਹਿ ਸਕਦੇ।' ਇਸੇ ਦੌਰਾਨ ਅਟਰਾਨੀ ਜਨਰਲ ਮੈਰਿਕ ਗਾਰਲੈਂਡ ਨੇ ਇਕ ਵੱਖਰੇ ਬਿਆਨ ਵਿਚ ਪੁਸ਼ਟੀ ਕੀਤੀ ਹੈ ਕਿ ਨਿਆਂ ਵਿਭਾਗ ਜੈਕਸਨਵਿਲੇ ਘਟਨਾ ਦੀ ਨਫਰਤੀ ਅਪਰਾਧ ਤੇ ਨਸਲੀ ਹਿੰਸਕ ਅੱਤਵਾਦ ਦੇ ਨਜ਼ਰੀਏ ਤੋਂ ਜਾਂਚ ਕਰ ਰਿਹਾ ਹੈ। ਉਨਾਂ ਕਿਹਾ "ਇਸ ਦੇਸ਼ ਵਿਚ ਕੋਈ ਵੀ ਵਿਅਕਤੀ ਨਫਰਤੀ ਹਿੰਸਾ ਦੇ ਡਰ ਦੇ ਸਾਏ ਹੇਠ ਨਹੀਂ ਰਹੇਗਾ ਤੇ ਕਿਸੇ ਪਰਿਵਾਰ ਨੂੰ ਵੀ ਕਿਸੇ ਦੇ ਕੱਟੜਪੁਣੇ ਤੇ ਘ੍ਰਿਣਾ ਕਾਰਨ ਆਪਣੇ ਕਿਸੇ ਸਕੇ - ਸਬੰਧੀ ਦੀ ਮੌਤ ਉਪਰ ਰੋਣਾ ਨਹੀਂ ਪਵੇਗਾ।''



ਜੈਕਸਨਵਿਲੇ ਵਿਚ ਡਾਲਰ ਜਨਰਲ ਸਟੋਰ ਵਿਚ ਬੀਤੇ ਦਿਨ ਇਕ ਔਰਤ ਸਮੇਤ 3 ਕਾਲੇ ਵਿਅਕਤੀ ਮਾਰੇ ਗਏ ਸਨ। ਪੁਲਿਸ ਅਫਸਰਾਂ ਅਨੁਸਾਰ ਇਸ ਘਟਨਾ ਨੂੰ ਇਕ 20 ਸਾਲ ਦੇ ਗੋਰੇ ਵਿਅਕਤੀ ਨੇ ਅੰਜਾਮ ਦਿੱਤਾ ਹੈ ਜਿਸ ਨੇ ਸਟੋਰ ਵਿਚ ਮੌਜੂਦ ਕੇਵਲ ਕਾਲੇ ਲੋਕਾਂ ਨੂੰ ਹੀ ਨਿਸ਼ਾਨਾ ਬਣਾਇਆ। ਬਾਈਡਨ ਨੇ ਕਿਹਾ ਕਿ 'ਅਸੀਂ ਸਵਾਲਾਂ ਦੇ ਹੱਲ ਲੱਭਣ ਦਾ ਯਤਨ ਜਾਰੀ ਰਖਾਂਗੇ ਪਰੰਤੂ ਸਾਨੂੰ ਇਕ ਗੱਲ ਸਾਫ ਤੇ ਜੋਰਦਾਰ ਢੰਗ ਨਾਲ ਸਪੱਸ਼ਟ ਕਰਨੀ ਪਵੇਗੀ ਕਿ ਗੋਰੀ ਸੁਪਰਮੇਸੀ ਨੂੰ ਅਮਰੀਕਾ ਵਿਚ ਕੋਈ ਜਗਾ ਨਹੀਂ ਹੈ।' ਰਾਸ਼ਟਰਪਤੀ ਨੇ ਕਿਹਾ ਕਿ ਗੋਲੀਬਾਰੀ ਦੀ

# ਕੈਲੇਫੋਰਨੀਆਂ ਸਿੱਖ ਯੂਥ ਅਲਾਇੰਸ ਵੱਲੋਂ ਚੌਥਾ ਸ਼ਹੀਦੀ ਟੂਰਨਾਮੈਂਟ ਯਾਦਗਾਰੀ ਹੋ ਨਿਬੜਿਆਂ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ): ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਚ ਪਾਵਰ ਲਿਫਟਿੰਗ (ਭਾਰ ਚੁੱਕਣ) ਦਾ ਟੂਰਨਾਮੈਂਟ "ਕੈਲੇਫੋਰਨੀਆਂ ਸਿੱਖ ਯੂਥ ਅਲਾਇੰਸ" ਵੱਲੋਂ ਕਰਵਾਇਆ ਗਿਆ। ਜੋ ਕਿ ਸਮੂੰਹ ਸਿੱਖ ਸ਼ਹੀਦਾਂ ਦੀ ਨਿੱਘੀ ਯਾਦ ਅਤੇ ਸ਼ਹਾਦਤ ਨੂੰ ਸਮਰਪਿਤ ਸੀ। ਇਸ ਸੰਸਥਾ ਵੱਲੋਂ ਕੈਲੇਫੋਰਨੀਆਂ ਵਿੱਚ ਕਰਵਾਇਆ ਜਾਣ ਵਾਲਾ ਇਹ ਚੌਥਾ ਟੂਰਨਾਮੈਂਟ ਸੀ। ਜਿਸ ਵਿਚ ਭਾਰ ਚੁੱਕਣ ਦੇ ਸੌਕੀਨ ਬਹੁ ਗਿਣਤੀ ਵਿੱਚ ਲੜਕੇ, ਲੜਕੀਆਂ ਅਤੇ ਨੌਜਵਾਨਾ ਨੇ ਦੂਰ-ਦੂਰਾਡੇ ਤੋਂ ਪਹੁੰਚ ਕੇ ਨੇ ਭਾਗ ਲਿਆ। ਇਸ ਟੂਰਨਾਮੈਂਟ ਨੂੰ ਵੱਖ-ਵੱਖ ਉਮਰ ਅਤੇ ਭਾਰ ਚੁੱਕਣ ਦੇ ਗਰੁੱਪਾਂ ਵਿੱਚ ਵੰਡਿਆ ਗਿਆ ਸੀ। ਜਿਸ ਵਿੱਚ ਹਿੱਸਾ ਲੈਣ ਲਈ ਪਹੁੰਚੇ ਬੱਚਿਆਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਸੀ। ਇਸ ਵਿੱਚ ਬਹੁਤ ਜ਼ਿਆਦਾ ਭਾਰ ਚੁੱਕਣ ਦੇ ਸੌਕੀਨਾਂ ਨੇ ਹਿੱਸਾ ਲਿਆ। ਜਿਸ ਕਰਕੇ ਇਹ ਟੂਰਨਾਂਮੈਂਟ ਮਿੱਥੇ ਸਮੇਂ ਤੋਂ ਬਾਅਦ ਵੀ ਕਈ ਘੰਟੇ ਚੱਲਿਆ। ਸਮੂੰਹ ਹਿੱਸਾ ਲੈਣ ਵਾਲੇ ਖਿਡਾਰੀਆਂ ਦਾ ਹੌਸਲਾ ਅਫਜਾਈ ਅਤੇ ਜੇਤੂਆਂ ਨੂੰ ਸਨਮਾਨ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਟੂਰਨਾਮੈਂਟ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਵੀ ਸੰਗਤਾਂ ਨੂੰ ਸੰਬੋਧਿਨ ਕੀਤਾ ਅਤੇ ਸਿੱਖਾਂ ਦੇ ਸੰਘਰਸ਼ ਭਰੇ ਇਤਿਹਾਸ ਦੀ ਸਾਂਝ ਪਾਈ। ਇਸ ਟੂਰਨਾਮੈਂਟ ਤੋਂ ਇਲਾਵਾ ਸਿੱਖ ਸੰਘਰਸ਼ ਦੌਰਾਨ ਸ਼ਹੀਦ ਹੋਏ ਸਮੂੰਹ ਸ਼ਹੀਦਾਂ ਦੀਆਂ ਤਸਵੀਰਾਂ ਦੀ ਪ੍ਰਦਸ਼ਨੀ ਵੀ ਲੱਗੀ ਹੋਈ ਅਤੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਟੀ-ਸਰਟਾਂ ਅਤੇ ਪੁਸਤਕਾਂ ਦੇ ਸਟਾਲ ਵੀ ਲੱਗੇ ਹੋਏ ਸਨ। ਜੋ ਸੰਗਤਾਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾ ਰਹੇ ਸਨ। ਇਸ ਸਮੇਂ ਗੁਰੂਘਰ ਅੰਦਰ ਸਮੂੰਹ ਸੰਗਤਾਂ ਲਈ ਲੰਗਰ ਅਤੁੱਟ ਵਰਤ ਰਹੇ ਸਨ। ਅੰਤ ਕੈਲੇਫੋਰਨੀਆਂ ਸਿੱਖ ਯੂਥ ਅਲਾਇਸ ਦੀ ਸਮੁੱਚੀ ਟੀਮ ਵੱਲੋਂ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਅਤੇ ਸਮੂੰਹ ਸੰਗਤ ਦਾ ਸਹਿਯੋਗ ਲਈ ਧੰਨਵਾਦ ਕੀਤਾ ਗਿਆ।



# ਅਮਰੀਕਾ ਦੇ ਫਲੋਰਿਡਾ ਰਾਜ 'ਚ ਹੈਲੀਕਾਪਟਰ ਅੱਗ ਲੱਗਣ ਉਪਰੰਤ ਜ਼ਮੀਨ 'ਤੇ ਡਿੱਗਾ, 2 ਮੌਤਾਂ 2 ਜ਼ਖਮੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਫਲੋਰਿਡਾ ਰਾਜ ਵਿਚ ਇਕ ਹੈਲੀਕਾਪਟਰ ਤਬਾਹ ਹੋਣ ਦੀ ਖਬਰ ਹੈ ਜਿਸ ਘਟਨਾ ਵਿਚ 2 ਵਿਅਕਤੀ ਮਾਰੇ ਗਏ ਤੇ 2 ਹੋਰ ਜਖਮੀ ਹੋ ਗਏ। ਮ੍ਰਿਤਕਾਂ ਵਿਚ ਕੈਪਟਨ ਟੈਰੀਸਨ ਜੈਕਸਨ ਸ਼ਾਮਿਲ ਹੈ ਜੋ ਹੈਲੀਕਾਪਟਰ ਵਿਚ ਸਵਾਰ ਸੀ। ਇਸ ਤੋਂ ਇਲਾਵਾ ਇਕ ਔਰਤ ਸ਼ਾਮਿਲ ਹੈ ਜੋ ਉਸ ਅਪਾਰਟਮੈਂਟ ਕੰਪਲੈਕਸ ਵਿਚ ਰਹਿੰਦੀ ਸੀ ਜਿਥੇ ਹੈਲੀਕਾਪਟਰ ਡਿੱਗਾ। ਅਧਿਕਾਰੀਆਂ ਅਨੁਸਾਰ ਤਕਰੀਬਨ ਸਵੇਰੇ 8.46 ਵਜੇ ਇਹ ਘਟਨਾ ਵਾਪਰੀ ਜਿਸ ਵਿਚ ਬੀ ਐਸ ਓ ਫਾਇਰ ਰੈਸਕਿਊ ਦਾ ਹੈਲੀਕਾਪਟਰ ਪੋਮਪਾਨੋ ਬੀਚ ਏਅਰਪਾਰਕ ਤੋਂ ਅੱਧਾ ਮੀਲ ਦੂਰ ਉਡਾਣ ਦੌਰਾਨ ਅੱਗ ਲੱਗਣ ਉਪਰੰਤ ਇਕ ਇਮਾਰਤ ਉਪਰ ਆ ਡਿੱਗਾ। ਬਰੋਅਵਰਡ ਕਾਊਂਟੀ ਸ਼ੈਰਿਫ ਵਿਭਾਗ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਪੋਮਪਾਨੋ ਬੀਚ ਫਾਇਰ ਰੈਸਕਿਊ ਵਿਭਾਗ ਨੇ 2 ਜ਼ਖਮੀਆਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਹੈ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਅਨੁਸਾਰ ਹੈਲੀਕਾਪਟਰ ਵਿਚ ਬਰੋਅਵਰਡ ਸ਼ੈਰਿਫ ਫਾਇਰ ਰੈਸਕਿਊ ਵਿਭਾਗ ਦੇ 3 ਮੁਲਾਜ਼ਮ ਸਨ ਜਿਨਾਂ ਵਿਚੋਂ ਇਕ ਦੀ ਮੌਤ ਹੋ ਗਈ ਜਦ ਕਿ ਬਾਕੀ 2 ਜ਼ਖਮੀ ਹਾਲਤ ਵਿਚ ਹਨ ਜਿਨਾਂ ਦੀ ਹਾਲਤ ਸਥਿੱਰ ਹੈ।




**American Freight Corp.**

**ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ**

**ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)**

**ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ**

**ਡਰਾਈਵਰਾਂ ਦੀ ਜ਼ਰੂਰਤ ਹੈ**

**Need Team & Solo Driver With 2 Year Experience**




**(209) 405-1544**

**127 Darcy Parkway, Lathrop, CA 95330**

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

## AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

*-ਮਾਮਲਾ ਰਾਸ਼ਟਰਪਤੀ ਚੋਣਾਂ ਦੇ ਨਤੀਜੇ ਉਲਟਾਉਣ ਦੀ ਕੋਸ਼ਿਸ਼-*

# ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਟਰੰਪ ਨੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਕੀਤਾ ਪੇਸ਼, ਗ੍ਰਿਫਤਾਰੀ ਉਪਰੰਤ ਬਾਂਡ ਭਰਨ 'ਤੇ ਹੋਈ ਰਿਹਾਈ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ 2020 ਦੀਆਂ ਆਮ ਚੋਣਾਂ ਦੇ ਨਤੀਜੇ ਉਲਟਾਉਣ ਦੀ ਕੋਸ਼ਿਸ਼ ਦੇ ਮਾਮਲੇ ਵਿਚ ਆਪਣੇ ਆਪ ਨੂੰ ਫੁਲਟੋਨ ਕਾਊਂਟੀ ਜੇਲ ਜਾਰਜੀਆ ਵਿੱਚ ਗ੍ਰਿਫਤਾਰੀ ਲਈ ਪੇਸ਼ ਕੀਤਾ ਜਿਥੇ ਪੁਲਿਸ ਅਫਸਰਾਂ ਨੇ ਉਨਾਂ ਨੂੰ ਗ੍ਰਿਫਤਾਰ ਕਰਨ ਉਪਰੰਤ 200000 ਡਾਲਰ ਦੇ ਬਾਂਡ ਭਰਨ 'ਤੇ ਰਿਹਾਅ ਕਰ ਦਿੱਤਾ। ਸਾਬਕਾ ਰਾਸ਼ਟਰਪਤੀ ਅਮਰੀਕੀ ਸਮੇ ਅਨੁਸਾਰ ਵੀਰਵਾਰ ਸ਼ਾਮ ਨੂੰ ਤਕਰੀਬਨ 7.30 ਵਜੇ ਫੁਲਟੋਨ ਕਾਊਂਟੀ ਜੇਲ ਵਿਚ ਪੇਸ਼ ਹੋਏ ਜਿਥੇ ਪੁਲਿਸ ਅਫਸਰਾਂ ਨੇ ਹੋਰ ਕੈਦੀਆਂ ਵਾਂਗ ਹੀ ਉਨਾਂ ਦੀਆਂ ਉਂਗਲੀਆਂ ਦੇ ਨਿਸ਼ਾਨ ਲਏ ਤੇ ਤਸਵੀਰ ਖਿੱਚੀ। ਹਾਲਾਂ ਕਿ ਉਨਾਂ ਦੇ ਸਹਿ ਦੋਸ਼ੀਆਂ ਨੂੰ ਆਤਮ ਸਮਰਪਣ ਕਰਨ ਮੌਕੇ ਜੇਲ ਵਿਚ ਕਾਫੀ ਸਮਾਂ ਰਹਿਣਾ ਪਿਆ ਸੀ ਪਰੰਤੂ ਸਾਬਕਾ ਰਾਸ਼ਟਰਪਤੀ ਦੀ ਗ੍ਰਿਫਤਾਰੀ ਤੇ ਰਿਹਾਈ ਲਈ ਕੇਵਲ 20 ਮਿੰਟ ਹੀ ਲੱਗੇ। ਇਸ ਤੋਂ ਬਾਅਦ ਬੈੱਡਮਿੰਸਟਰ, ਨਿਊਜਰਸੀ ਜਾਣ ਲਈ ਉਹ ਹਰਟਸਫੀਲਡ-ਜੈਕਸਨ ਐਟਲਾਂਟਾ ਇੰਟਰਨੈਸ਼ਨਲ ਏਅਰਪੋਰਟ ਲਈ ਰਵਾਨਾ ਹੋ ਗਏ। ਜੇਲ ਵਿਚ ਆਤਮ ਸਮਰਪਣ ਕਰਨ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਦੇ ਸਮਰਥਕ ਉਨਾਂ ਦੀ ਉਡੀਕ ਵਿੱਚ ਕਈ ਘੰਟੇ ਜੇਲ ਦੇ ਬਾਹਰ ਖੜੇ ਰਹੇ। ਕਿਸੇ ਅਣਸੁਖਾਵੀਂ ਘਟਨਾ ਦੇ ਡਰੋਂ ਜੇਲ ਦੇ ਬਾਹਰ ਸੁਰੱਖਿਆ ਦੇ ਵਿਆਪਕ ਪ੍ਰਬੰਧ ਕੀਤੇ ਗਏ ਸਨ।




ਸਾਬਕਾ ਰਾਸ਼ਟਰਪਤੀ ਦੀ ਗ੍ਰਿਫਤਾਰੀ ਮੌਕੇ ਫੁਲਟੋਨ ਕਾਊਂਟੀ ਸ਼ੈਰਿਫ ਦਫਤਰ ਵੱਲੋਂ ਜਾਰੀ ਕੀਤੀ ਗਈ ਇਕ ਤਸਵੀਰ

# ਅਮਰੀਕਾ ਦੇ ਪ੍ਰੋਫੈਸ਼ਨਲ ਰੈਸਲਰ ਬਰੇਅ ਵਾਟ ਦੀ 36 ਸਾਲ ਦੀ ਉਮਰ ਵਿਚ ਹੋਈ ਅਚਾਨਕ ਮੌਤ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਸਾਬਕਾ ਪ੍ਰੋਫੈਸ਼ਨਲ ਰੈਸਲਰ ਤੇ ਸਾਬਕਾ ਵਰਲਡ ਰੈਸਲਿੰਗ ਇੰਟਰਟੇਨਮੈਂਟ ਚੈਂਪੀਅਨ ਬਰੇਅ ਵਾਟ ਦੀ ਅਚਾਨਕ ਮੌਤ ਹੋ ਗਈ। ਡਬਲਯੂ ਡਬਲਯੂ ਈ ਨੇ ਇਹ ਐਲਾਨ ਕਰਦਿਆਂ ਕਿਹਾ ਹੈ ਕਿ ਉਹ 36 ਸਾਲ ਦੇ ਸਨ। ਡਬਲਯੂ ਡਬਲਯੂ ਈ ਨੇ ਵਾਟ ਦੀ ਮੌਤ ਦਾ ਕਾਰਨ ਨਹੀਂ ਦੱਸਿਆ ਤੇ ਨਾ ਹੀ ਜਗਾ ਬਾਰੇ ਦਸਿਆ ਹੈ ਜਿਥੇ ਉਸ ਦੀ ਮੌਤ ਹੋਈ ਹੈ। ਏਨਾ ਹੀ ਕਿਹਾ ਹੈ ਕਿ ਉਹ ਇਹ ਆਸ ਨਹੀਂ ਕਰਦੇ ਸਨ ਤੇ ਇਹ ਸਭ ਕੁਝ ਅਚਾਨਕ ਵਾਪਰਿਆ ਹੈ। ਵਾਟ ਦਾ ਅਸਲ ਨਾਂ ਵਿੰਡਹਾਮ ਰੌਟੁੰਡਾ ਸੀ ਤੇ ਉਹ ਡਬਲਯੂ ਡਬਲਯੂ ਈ ਦੇ ਪ੍ਰਸਿੱਧ ਰੈਸਲਰ ਮਾਈਕ ਰੌਟੁੰਡਾ ਦਾ ਪੁੱਤਰ ਸੀ।



# ਅਮਰੀਕਾ ਦੇ ਲੋਇਸਵਿਲੇ ਸ਼ਹਿਰ 'ਚ ਹੋਈ ਗੋਲੀਬਾਰੀ ਵਿੱਚ 2 ਮੌਤਾਂ ਤੇ 5 ਜ਼ਖਮੀ



ਲੋਇਸਵਿਲੇ, ਕੈਂਟੁਕੀ ਵਿਚ ਵਾਪਰੀ ਗੋਲੀਬਾਰੀ ਦੀ ਘਟਨਾ ਉਪਰੰਤ ਮੌਕੇ 'ਤੇ ਪੁੱਜੀ ਪੁਲਿਸ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਕੈਂਟੁਕੀ ਰਾਜ ਦੇ ਸ਼ਹਿਰ ਲੋਇਸਵਿਲੇ ਵਿਖੇ ਲੰਘੀ ਰਾਤ ਵਾਪਰੀ ਗੋਲੀਬਾਰੀ ਦੀ ਘਟਨਾ ਵਿਚ 2 ਵਿਅਕਤੀਆਂ ਦੇ ਮਾਰੇ ਜਾਣ ਤੇ 5 ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਲੋਇਸਵਿਲੇ ਮੈਟਰੋ ਪੁਲਿਸ ਵਿਭਾਗ ਅਨੁਸਾਰ ਸਦਰਨ ਰੈਸਟੋਰੈਂਟ ਐਂਡ ਲਾਂਜ ਦੇ ਬਾਹਰਵਾਰ ਰਾਤ 3 ਵਜੇ ਤੜਕਸਾਰ ਗੋਲੀ ਚੱਲਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਵਿਭਾਗ ਦੇ ਡਿਪਟੀ ਚੀਫ ਸਟੀਵ ਹੀਲੇ ਅਨੁਸਾਰ ਇਕ ਵਿਅਕਤੀ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਦੂਸਰਾ ਵਿਅਕਤੀ ਹਸਪਤਾਲ ਵਿਚ ਜਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ। ਹੀਲੇ ਨੇ ਕਿਹਾ ਕਿ 5 ਜ਼ਖਮੀ ਸਥਾਨਕ ਹਸਪਤਾਲਾਂ ਵਿਚ ਜੇਰੇ ਇਲਾਜ਼ ਹਨ। ਪੁਲਿਸ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਹੋ ਰਹੀ ਹੈ ਤੇ ਅਜੇ ਤੱਕ ਇਸ ਮਾਮਲੇ ਵਿਚ ਕਿਸੇ ਸ਼ੱਕੀ ਨੂੰ ਹਿਰਾਸਤ ਵਿਚ ਨਹੀਂ ਲਿਆ ਹੈ।

# ਅਮਰੀਕਾ ਦੇ ਓਹੀਓ ਰਾਜ ਵਿਚ ਸਕੂਲ ਬੱਸ ਨਾਲ ਮਿੰਨੀ ਵੈਨ ਟਕਰਾਈ, ਬੱਸ ਉਲਟੀ, ਇਕ ਵਿਦਿਆਰਥੀ ਦੀ ਮੌਤ, 23 ਜ਼ਖਮੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਓਹੀਓ ਰਾਜ ਵਿਚ ਇਕ ਮਿੰਨੀ ਵੈਨ ਸਕੂਲ ਬੱਸ ਨਾਲ ਟਕਰਾਅ ਜਾਣ ਦੀ ਖਬਰ ਹੈ ਜਿਸ ਦੇ ਸਿੱਟੇ ਵਜੋਂ ਇਕ ਐਲੀਮੈਂਟਰੀ ਵਿਦਿਆਰਥੀ ਦੀ ਮੌਤ ਹੋ ਗਈ ਤੇ 23 ਹੋਰ ਜ਼ਖਮੀ ਹੋ ਗਏ। ਓਹੀਓ ਸਟੇਟ ਹਾਈਵੇਅ ਗਸ਼ਤੀ ਦਲ ਵੱਲੋਂ ਜਾਰੀ ਇਕ ਬਿਆਨ ਅਨੁਸਾਰ ਇਹ ਹਾਦਸਾ ਜਰਮਨ ਟਾਊਨਸ਼ਿੱਪ ਓਹੀਓ ਵਿਚ ਸਟੇਟ ਰੂਟ 41 ਉਪਰ ਸਵੇਰ ਵੇਲੇ ਵਾਪਰਿਆ। ਮੁੱਢਲੀ ਜਾਂਚ ਵਿਚ ਕਿਹਾ ਗਿਆ ਹੈ ਕਿ ਨਾਰਥਵੈਸਟਰਨ ਲੋਕਲ ਸਕੂਲ ਡਿਸਟ੍ਰਿਕਟ ਦੀ ਬੱਸ ਨਾਲ ਹੌਂਡਾ ਓਡੀਸੀ ਗੱਡੀ ਸੈਂਟਰ ਲਾਈਨ ਪਾਰ ਕਰਕੇ ਟਕਰਾਅ ਗਈ ਜਿਸ ਉਪਰੰਤ ਬੱਸ ਸੜਕ ਤੋਂ ਉਤਰ ਕੇ ਉਲਟ ਗਈ। ਅਧਿਕਾਰੀਆਂ ਅਨੁਸਾਰ ਇਕ ਵਿਦਿਆਰਥੀ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ 23 ਹੋਰ ਜ਼ਖਮੀ ਹੋ ਗਏ ਜਿਨਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ



ਹਾਦਸੇ ਉਪਰੰਤ ਉਲਟੀ ਸਕੂਲ ਬੱਸ

ਉਨ੍ਹਾਂ ਵਿਚੋਂ ਇਕ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਬਿਆਨ ਅਨੁਸਾਰ ਬੱਸ ਦਾ ਡਰਾਈਵਰ ਮਾਮੂਲੀ ਜ਼ਖਮੀ ਹੋਇਆ ਹੈ। ਹੌਂਡਾ ਗੱਡੀ ਦਾ ਡਰਾਈਵਰ ਤੇ ਉਸ ਵਿਚ ਸਵਾਰ ਇਕ ਹੋਰ ਵਿਅਕਤੀ ਵੀ ਜ਼ਖਮੀ ਹੋਇਆ ਹੈ ਜਿਨਾਂ ਦੀ ਹਾਲਤ ਸਥਿੱਰ ਹੈ। ਸਕੂਲ ਬੱਸ ਵਿਚ 50 ਤੋਂ ਵਧ ਵਿਦਿਆਰਥੀ ਸਵਾਰ ਸਨ। ਸਕੂਲ ਡਿਸਟ੍ਰਿਕਟ ਨੇ ਇਕ ਤਾਜਾ ਬਿਆਨ ਵਿਚ ਐਲੀਮੈਂਟਰੀ ਵਿਦਿਆਰਥੀ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮਾਪਿਆਂ ਨਾਲ ਹਮਦਰਦੀ ਪ੍ਰਗਟਾਈ ਹੈ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਅਮਰੀਕਾ ਵਿਚ ਸੜਕ ਹਾਦਸੇ ਵਿੱਚ ਹੋਈਆਂ ਦੋ ਮੌਤਾਂ ਦੇ ਮਾਮਲੇ ਵਿਚ 19 ਸਾਲਾ ਕੁੜੀ ਨੂੰ ਹੋਈ 15 ਸਾਲ ਦੀ ਜੇਲ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਓਹੀਓ ਰਾਜ ਦੇ ਕਲੈਵਲੈਂਡ ਸ਼ਹਿਰ ਵਿਚ 31 ਜੁਲਾਈ 2022 ਨੂੰ ਹੋਏ ਸੜਕ ਹਾਦਸੇ ਜਿਸ ਵਿਚ 2 ਲੋਕ ਮਾਰੇ ਗਏ ਸਨ, ਦੇ ਮਾਮਲੇ ਵਿਚ ਇਕ ਅਦਾਲਤ ਨੇ ਇਕ 19 ਸਾਲਾ ਕੁੜੀ ਨੂੰ 15 ਸਾਲ ਜੇਲ ਦੀ ਸਜ਼ਾ ਸੁਣਾਈ ਹੈ। ਪਿਛਲੇ ਹਫਤੇ ਬੈਂਚ ਅੱਗੇ ਸੁਣਵਾਈ ਤੋਂ ਬਾਅਦ ਕੁਯਾਹੋਗਾ ਕਾਊਂਟੀ ਜੱਜ ਨੇ 19 ਸਾਲਾ ਮੈਕਨਜੀ ਸ਼ਿਰਿਲਾ ਨੂੰ ਦੋ ਹੱਤਿਆਵਾਂ ਸਮੇਤ ਹੋਰ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਸੀ। ਸ਼ਿਰਿਲਾ ਨੂੰ ਜਾਣਬੁਝਕੇ 100 ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਕਾਰ ਇਕ ਇਮਾਰਤ ਵਿਚ ਮਾਰਨ ਲਈ ਦੋਸ਼ੀ ਕਰਾਰ ਦਿੱਤਾ ਗਿਆ ਜਿਸ ਹਾਦਸੇ ਵਿਚ ਸ਼ਿਰਿਲਾ ਦਾ ਦੋਸਤ ਲੜਕਾ ਡੋਮਿਨਿਕ ਰੂਸੋ (20) ਤੇ ਉਸ ਦਾ ਦੋਸਤ ਡੇਵੀਅਨ ਫਲਾਨੰਗਨ (19) ਮਾਰੇ ਗਏ ਸਨ। ਜੱਜ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਸ਼ਿਰਿਲਾ ਘੱਟੋ ਘੱਟ 15 ਸਾਲ ਜੇਲ



ਮੈਕਨਜੀ ਸ਼ਿਰਿਲਾ ਵਿਚਾਲੇ ਜਿਸ ਨੂੰ ਖੱਬੇ ਆਪਣੇ ਦੋਸਤ ਡੋਮਿਨਿਕ ਰੂਸੋ ਤੇ ਸੱਜੇ ਡੇਵੀਅਨ ਫਲਾਨੰਗਲ ਦੀਆਂ ਮੌਤਾਂ ਦੇ ਮਾਮਲੇ ਵਿਚ ਸਜ਼ਾ ਸੁਣਾਈ ਗਈ

ਵਿਚ ਰਹਿਣ ਉਪਰੰਤ ਹੀ ਪੈਰੋਲ ਲਈ ਦਰਖਾਸਤ ਦੇ ਸਕੇਗੀ। ਇਸੇ ਦੌਰਾਨ ਡੋਮਿਨਿਕ ਰੂਸੋ ਦੀ 34 ਸਾਲਾ ਭੈਣ ਕ੍ਰਿਸਟਾਈਨ ਰੂਸੋ ਵਾਸੀ ਕਲੈਵਲੈਂਡ ਨੇ ਇਤਰਾਜ ਪ੍ਰਗਟਾਇਆ ਹੈ ਕਿ ਸ਼ਿਰਿਲਾ ਨੂੰ ਸਜ਼ਾ ਘੱਟ ਦਿੱਤੀ ਗਈ ਹੈ। ਉਸ ਨੇ ਕਿਹਾ ਹੈ ਕਿ ਸ਼ਿਰਿਲਾ ਨੇ ਦੋ ਨਿਰਦੋਸ਼ ਵਿਅਕਤੀਆਂ ਦੀਆਂ ਜਾਨਾਂ ਲਈਆਂ ਹਨ ਉਹ ਉਮਰ ਭਰ ਲਈ ਜੇਲ ਵਿਚ ਹੀ ਰਹਿਣੀ ਚਾਹੀਦੀ ਸੀ।

*-ਚੋਣ ਨਤੀਜਿਆਂ ਨੂੰ ਉਲਟਾਉਣ ਦੀ ਕੋਸ਼ਿਸ਼ ਦਾ ਮਾਮਲਾ-*

# ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਟਰੰਪ ਦਾ ਸਹਿਯੋਗੀ ਰੂਡੀ ਗਿਲਿਆਨੀ ਗ੍ਰਿਫਤਾਰ ਤੇ ਰਿਹਾਅ, ਦੋਸ਼ ਤੈਅ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦਾ ਤਤਕਾਲ ਚੋਣ ਮੁਹਿੰਮ ਵਕੀਲ ਰੂਡੀ ਗਿਲਿਆਨੀ ਨੇ ਫੁਲਟੋਨ ਕਾਊਂਟੀ ਜਾਰਜੀਆ ਜੇਲ ਵਿਚ ਆਤਮ ਸਮਰਪਣ ਕਰ ਦਿੱਤਾ ਜਿਥੇ ਉਸ ਨੂੰ ਗ੍ਰਿਫਤਾਰ ਕਰਨ ਉਪਰੰਤ 1,50,000 ਡਾਲਰ ਦੇ ਬਾਂਡ 'ਤੇ ਰਿਹਾਅ ਕਰ ਦਿੱਤਾ। ਰਿਹਾਈ ਤੋਂ ਪਹਿਲਾਂ ਉਸ ਵਿਰੁੱਧ 2020 ਦੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜੇ ਉਲਟਾਉਣ ਦੀ ਕੋਸ਼ਿਸ਼ ਲਈ 13 ਦੋਸ਼ ਆਇਦ ਕੀਤੇ ਗਏ। ਸਾਬਕਾ ਰਾਸ਼ਟਰਪਤੀ ਟਰੰਪ ਸਮੇਤ ਗਿਲਿਆਨੀ ਉਨਾਂ 19 ਵਿਅਕਤੀਆਂ ਵਿਚ ਸ਼ਾਮਿਲ ਹੈ ਜਿਨਾਂ ਨੂੰ ਗਰੈਂਡ ਜਿਊਰੀ ਜਾਰਜੀਆ ਨੇ ਚੋਣ ਨਤੀਜੇ ਉਲਟਾਉਣ ਦੀ ਕੋਸ਼ਿਸ਼ ਦੇ ਮਾਮਲੇ ਵਿਚ ਨਾਮਜ਼ਦ ਕੀਤਾ ਹੈ। ਟਰੰਪ ਵੱਲੋਂ ਅੱਜ ਆਪਣੇ ਆਪ ਨੂੰ ਫੁਲਟੋਨ ਕਾਊਂਟੀ ਜਾਰਜੀਆ ਜੇਲ ਵਿਚ ਗ੍ਰਿਫਤਾਰੀ ਲਈ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ ਜਿਸ ਦੇ ਮੱਦੇਨਜਰ ਜੇਲ ਦੇ ਬਾਹਰ ਸੁਰੱਖਿਆ ਦੇ ਵਿਆਪਕ ਪ੍ਰਬੰਧ ਕੀਤੇ ਗਏ ਹਨ। ਜੇਲ ਤੋਂ ਬਾਹਰ ਗਿਲਿਆਨੀ ਨੇ ਕਿਹਾ ਕਿ ਉਸ ਵਿਰੁੱਧ ਦੋਸ਼ ਪੱਤਰ ਫੋਕਾ ਹੈ। ਉਨ੍ਹਾਂ ਕਿਹਾ ਕਿ ਇਹ ਨਾ ਕੇਵਲ ਮੈਨੂੰ ਨਿਸ਼ਾਨਾ ਬਣਾਇਆ ਗਿਆ ਬਲਕਿ ਇਹ ਅਮਰੀਕੀ ਲੋਕਾਂ ਉਪਰ ਹਮਲਾ ਹੈ। ਗਿਲਿਆਨੀ ਨੇ ਕਿਹਾ ਕਿ ਉਨ੍ਹਾਂ ਨੇ ਬੀਤੇ ਦਿਨ ਟਰੰਪ ਨਾਲ



ਫੁਲਟੋਨ ਕਾਊਂਟੀ ਜੇਲ ਵਿਚ ਪ੍ਰਕ੍ਰਿਆ ਮੁਕੰਮਲ ਕਰਨ ਉਪਰੰਤ ਟਰੰਪ ਦਾ ਸਾਬਕਾ ਵਕੀਲ ਰੂਡੀ ਗਿਲਿਆਨੀ ਪੱਤਰਕਾਰਾਂ ਨਾਲ ਗੱਲਬਾਤ ਕਰਦਾ ਹੋਇਆ

ਗੱਲ ਕੀਤੀ ਸੀ ਤੇ ਅੱਜ ਵੀ ਕਰਨਗੇ। ਮੈ ਉਨ੍ਹਾਂ ਦਾ ਸ਼ੁੱਭ ਚਿੰਤਕ ਹਾਂ ਤੇ ਮੈਨੂੰ ਉਨਾਂ ਉਪਰ ਹਰ ਭਰੋਸਾ ਹੈ। ਉਨ੍ਹਾਂ ਕਿਹਾ ਸੱਤਾਧਾਰੀ ਜੋ ਕਰ ਰਹੇ ਹਨ, ਉਹ ਅਮਰੀਕੀ ਸਵਿਧਾਨ ਉਪਰ ਹਮਲਾ ਹੈ। ਉਨਾਂ ਕਿਹਾ "ਮੈ ਅਮਰੀਕੀ ਸ਼ਹਿਰੀਆਂ ਨੂੰ ਕਹਿਣਾ ਚਹੁੰਦਾ ਹਾਂ ਕਿ ਜੇਕਰ ਇਸ ਨੂੰ ਨਾ ਰੋਕਿਆ ਗਿਆ ਤਾਂ ਅਜਿਹਾ ਤੁਹਾਡੇ ਨਾਲ ਵੀ ਵਾਪਰ ਸਕਦਾ ਹੈ। ਤੁਹਾਨੂੰ ਇਹ ਰੋਕਣਾ ਪਵੇਗਾ।" ਇਥੇ ਜਿਕਰਯੋਗ ਹੈ ਕਿ ਗਿਲਿਆਨੀ 1994 ਤੋਂ 2001 ਤੱਕ ਨਿਊ ਯਾਰਕ ਸ਼ਹਿਰ ਦੇ ਮੇਅਰ ਰਹੇ ਹਨ। ਗਿਲਿਆਨੀ ਦੇ ਪੇਸ਼ ਹੋਣ ਮੌਕੇ ਜੇਲ ਦੇ ਬਾਹਰ ਥੋੜੀ ਗਿਣਤੀ ਵਿਚ ਹੀ ਲੋਕ ਮੌਜੂਦ ਸਨ ਜਿਨਾਂ ਵਿਚ ਸਾਬਕਾ ਰਾਸ਼ਟਰਪਤੀ ਟਰੰਪ ਦੇ ਸਮਰਥਕ ਤੇ ਉਨਾਂ ਦੇ ਵਿਰੋਧੀ ਵੀ ਸ਼ਾਮਿਲ ਸਨ।

# ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ




# Fresno California

## ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336

ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ

ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

**209-481-7750**

**510-472-0608**

**PH. : 209-624-3919**




ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ



Anthony Nwosu
Attorney at Law

# ਬਾਬਾ ਹਰਭਜਨ ਸਿੰਘ ਬਹਾਦਰ ਫ਼ੌਜੀ ਸੀ ਜੋ ਸਿੱਕਮ ਬਾਰਡਰ 'ਤੇ ਸ਼ਹੀਦ ਹੋ ਗਿਆ ਸੀ



ਸਿੱਕਮ ਸਭ ਤੋਂ ਘੱਟ ਆਬਾਦੀ ਵਾਲਾ ਅਤੇ ਭਾਰਤੀ ਰਾਜਾਂ ਵਿੱਚੋਂ ਦੂਜਾ ਸਭ ਤੋਂ ਛੋਟਾ ਸੂਬਾ ਹੈ। ਪ੍ਰਸਿੱਧ ਨਾਥੂ ਲਾ ਪਾਸ ਸਿੱਕਮ ਵਿਚ ਭਾਰਤ-ਚੀਨ ਸਰਹੱਦ 'ਤੇ 14,140 ਫ਼ੁੱਟ 'ਤੇ ਇਕ ਪਹਾੜੀ ਦੱਰਾ ਹੈ। ਨਾਥੂ ਲਾ ਪਾਸ ਭਾਰਤੀ ਫ਼ੌਜ ਲਈ ਰਣਨੀਤਕ ਤੌਰ 'ਤੇ ਬੇਹੱਦ ਮਹੱਤਵਪੂਰਨ ਸਥਾਨ ਹੈ। ਅੱਜ ਵੀ ਭਾਰੀ ਬਰਫਬਾਰੀ, ਤਾਪਮਾਨ -25 ਡਿਗਰੀ ਸੈਲਸੀਅਸ ਅਤੇ ਤੇਜ਼ ਹਵਾਵਾਂ ਕਾਰਨ ਇਹ ਬੰਦ ਹੋ ਜਾਂਦਾ ਹੈ। ਇਸ ਸਾਲ ਮੈਂ ਆਪਣੇ ਪਰਿਵਾਰ ਨਾਲ ਸਿੱਕਮ ਦੀ ਯਾਤਰਾ 'ਤੇ ਸੀ ਜਿਸ ਦੌਰਾਨ ਮੈਨੂੰ ਨਾਥੂ ਲਾ ਪਾਸ ਦਾ ਦੌਰਾ ਕਰਨ ਦਾ ਵੀ ਮੌਕਾ ਮਿਲਿਆ। ਉੱਥੋਂ ਅਸੀਂ ਬਾਬਾ ਹਰਭਜਨ ਸਿੰਘ ਦੇ ਮੰਦਰ ਦੇ ਦਰਸ਼ਨ ਕਰਨ ਗਏ। ਇਹ ਕੋਈ ਟਕਸਾਲੀ ਬਾਬਾ ਨਹੀਂ ਸਨ, ਜਿਵੇਂ ਕਿ ਅੱਜ-ਕੱਲ੍ਹ ਦੇ ਬਾਬੇ ਹਨ। ਉਹ ਭਾਰਤੀ ਫ਼ੌਜ ਦਾ ਇਕ ਬਹਾਦਰ ਸਿਪਾਹੀ ਸੀ।

ਹਰਭਜਨ ਸਿੰਘ ਦਾ ਜਨਮ 30 ਅਗਸਤ 1946 ਨੂੰ ਪਿੰਡ ਸਦਰਾਣਾ (ਹੁਣ ਪਾਕਿਸਤਾਨ) ਵਿਚ ਇਕ ਸਿੱਖ ਪਰਿਵਾਰ ਵਿਚ ਹੋਇਆ ਸੀ। ਉਹ 12 ਫਰਵਰੀ 1966 ਨੂੰ ਭਾਰਤੀ ਫ਼ੌਜ ਵਿਚ ਪੰਜਾਬ ਰੈਜੀਮੈਂਟ ਦੀ 23ਵੀਂ ਬਟਾਲੀਅਨ ਵਿਚ ਭਰਤੀ ਹੋਇਆ। ਇਸੇ ਰੈਜੀਮੈਂਟ ਵਿਚ ਉਸ ਨੇ 4 ਅਕਤੂਬਰ 1968 ਤਕ ਨਾਥੂ ਲਾ ਪਾਸ ਵਿਖੇ ਆਪਣੀ ਸ਼ਹਾਦਤ ਤੱਕ ਸੇਵਾ ਕੀਤੀ। ਸੰਨ 1968 ਦੇ ਇਸ ਦਿਨ ਸਿਪਾਹੀ ਹਰਭਜਨ ਸਿੰਘ ਖੱਚਰਾਂ ਦੇ ਕਾਫ਼ਲੇ ਨੂੰ ਆਪਣੀ ਬਟਾਲੀਅਨ ਹੈੱਡਕੁਆਰਟਰ ਟੁਕੂ ਲਾ ਤੋਂ ਡੋਂਗਚੂਈ ਲਾ ਤਕ ਲੈ ਕੇ ਜਾ ਰਿਹਾ ਸੀ। ਜਦੋਂ ਕਾਫ਼ਲਾ ਜਾ ਰਿਹਾ ਸੀ, ਉਹ ਤਿਲਕ ਕੇ ਇਕ ਨਾਲੇ ਵਿਚ ਡਿੱਗ ਗਿਆ ਅਤੇ ਪਾਣੀ ਦਾ ਤੇਜ਼ ਵਹਾਅ ਉਸ ਦੇ ਸਰੀਰ ਨੂੰ ਦੋ ਕਿਲੋਮੀਟਰ ਹੇਠਾਂ ਲੈ ਗਿਆ। ਫ਼ੌਜ ਨੇ ਸਿਪਾਹੀ ਹਰਭਜਨ ਸਿੰਘ ਦੀ ਵੱਡੇ ਪੱਧਰ 'ਤੇ ਖੋਜ ਕੀਤੀ ਪਰ ਉਸ ਦਾ ਕੋਈ ਨਤੀਜਾ ਨਹੀਂ ਨਿਕਲਿਆ। ਪਰ ਮੰਨਿਆ ਜਾਂਦਾ ਹੈ ਕਿ ਹਰਭਜਨ ਸਿੰਘ ਆਪਣੇ ਇਕ ਸਾਥੀ ਦੇ ਸੁਪਨੇ ਵਿਚ ਆਇਆ ਸੀ ਅਤੇ ਉਸ ਨੇ ਜਿਸ ਨੂੰ ਇਸ ਦੁਖਦਾਈ ਘਟਨਾ ਬਾਰੇ ਜਾਣਕਾਰੀ ਦਿੱਤੀ। ਦਾਅਵਾ ਕੀਤਾ ਜਾਂਦਾ ਹੈ ਕਿ ਇਸ ਸੁਪਨੇ ਉਪਰੰਤ ਹਰਭਜਨ ਸਿੰਘ ਦੀ ਲਾਸ਼ ਕੁਝ ਦਿਨਾਂ ਬਾਅਦ ਮਿਲੀ ਅਤੇ ਫ਼ੌਜ ਨੇ ਉਸ ਦਾ ਪੂਰੇ ਫ਼ੌਜੀ ਸਨਮਾਨਾਂ ਨਾਲ ਸਸਕਾਰ ਕੀਤਾ। ਸਾਥੀ ਸਿਪਾਹੀਆਂ ਦੇ ਸੁਪਨਿਆਂ ਵਿਚ ਦਿਖਾਈ ਦਿੰਦੇ ਹੋਏ ਉਸ ਨੇ ਉਨ੍ਹਾਂ ਨੂੰ ਆਪਣੀ 'ਸਮਾਧੀ' ਬਣਾਉਣ ਲਈ ਕਿਹਾ। ਯੂਨਿਟ ਨੇ ਇਸ ਵਿਸ਼ਵਾਸ ਨੂੰ ਧਾਰਨ ਕਰਦਿਆਂ ਅਤੇ ਧਿਆਨ ਵਿਚ ਰੱਖਦੇ ਹੋਏ ਮੌਜੂਦਾ ਸਥਾਨ ਤੋਂ ਲਗਪਗ 9 ਕਿਲੋਮੀਟਰ ਦੂਰ ਇਕ 'ਸਮਾਧੀ' ਦਾ ਨਿਰਮਾਣ ਕੀਤਾ। ਨਵੰਬਰ 1982 ਵਿਚ ਉਨ੍ਹਾਂ ਦੇ ਨਾਂ 'ਤੇ ਇਕ ਨਵਾਂ ਮੰਦਰ ਬਣਾਇਆ ਗਿਆ ਜਿੱਥੇ ਹਜ਼ਾਰਾਂ ਲੋਕ ਸਿਪਾਹੀ ਹਰਭਜਨ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਆਉਂਦੇ ਹਨ ਜੋ ਹੁਣ ਬਾਬਾ ਹਰਭਜਨ ਸਿੰਘ ਵਜੋਂ ਜਾਣੇ ਜਾਂਦੇ ਹਨ। ਇਹ ਮਿਥਿਹਾਸ ਹੈ ਕਿ ਬਾਬਾ ਹਰਭਜਨ ਅਸਥਾਨ 'ਤੇ ਰੱਖਿਆ ਪਾਣੀ ਬਿਮਾਰ ਵਿਅਕਤੀਆਂ ਨੂੰ ਠੀਕ ਕਰਨ ਦੇ ਸਮਰੱਥ ਹੈ। ਇਸ ਲਈ ਸ਼ਰਧਾਲੂ ਬਿਮਾਰ ਵਿਅਕਤੀ ਦੇ ਨਾਮ 'ਤੇ ਪਾਣੀ ਦੀਆਂ ਬੋਤਲਾਂ ਰੱਖਦੇ ਹਨ ਅਤੇ ਬਾਅਦ ਵਿਚ ਇਹ ਪਾਣੀ ਬਿਮਾਰਾਂ ਨੂੰ ਦਿੰਦੇ ਹਨ। ਦਾਅਵਾ ਕੀਤਾ ਜਾਂਦਾ ਹੈ ਕਿ ਬਾਬਾ ਹਰਭਜਨ ਚੀਨ ਨਾਲ ਲੱਗਦੀ 14000 ਫੁੱਟ ਦੀ ਸਰਹੱਦ ਉੱਤੇ ਪੁਆਇੰਟ ਦੀ ਰਾਖੀ ਕਰਨ ਵਾਲੇ ਨਾਥੂ ਲਾ ਬਿ ?ਰਗੇਡ ਦੇ ਭਾਰਤੀ ਜਵਾਨਾਂ ਦੀ ਨਾ ਸਿਰਫ਼ ਸੁਰੱਖਿਆ ਕਰਦਾ ਹੈ ਸਗੋਂ ਉਨ੍ਹਾਂ ਨੂੰ ਕਿਸੇ ਵੀ ਹਮਲੇ ਦਾ ਤਿੰਨ ਦਿਨ ਦਾ ਅਗਾਊਂ ਸੰਕੇਤ ਦਿੰਦਾ ਹੈ।

ਮੰਦਰ ਵਾਲੀ ਥਾਂ 'ਤੇ ਦੋ ਵੱਖ-ਵੱਖ ਕਮਰਿਆਂ ਵਿਚ ਬਾਬਾ ਹਰਭਜਨ ਦਾ ਦਫ਼ਤਰ ਅਤੇ ਰਹਿਣ ਦਾ ਕਮਰਾ ਬਣਿਆ ਹੋਇਆ ਹੈ। ਲਿਵਿੰਗ ਰੂਮ ਵਿਚ ਵਰਦੀ, ਪਾਲਿਸ਼ ਕੀਤੇ ਜੁੱਤੇ, ਚੱਪਲਾਂ, ਯਾਦਗਾਰੀ ਚਿੰਨ੍ਹ ਅਤੇ ਇਕ ਸੋਟੀ ਦੇ ਨਾਲ ਇਕ ਪਲੰਘ ਬਿਸਤਰੇ ਉੱਪਰ ਤਸਵੀਰ ਰੱਖੀ ਗਈ ਹੈ। ਬਾਬਾ ਹਰਭਜਨ ਦੀ ਮੌਜੂਦਗੀ ਨੂੰ ਦਰਸਾਉਂਦੇ ਸਿਪਾਹੀ ਇਹ ਜ਼ੋਰ ਦੇ ਕੇ ਦੱਸਦੇ ਹਨ ਕਿ ਕਈ ਵਾਰ ਇਸ ਬਿਸਤਰੇ ਦੀ ਚਾਦਰ ਇਕੱਠੀ ਹੋਈ ਅਤੇ ਜੁੱਤੇ ਚਿੱਕੜ ਨਾਲ ਭਰੇ ਹੋਏ ਹੁੰਦੇ ਹਨ। ਇਸ ਅਸਥਾਨ ਦਾ ਸੰਚਾਲਨ ਨੰਗੇ ਪੈਰੀਂ ਨੇੜਲੇ ਫ਼ੌਜੀ ਯੂਨਿਟ ਦੇ ਵਰਦੀਧਾਰੀ ਕਰਮਚਾਰੀਆਂ ਦੁਆਰਾ ਕੀਤਾ ਜਾਂਦਾ ਹੈ ਜੋ ਕੰਪਲੈਕਸ ਨਾਲ ਸਬੰਧਤ ਸਾਰੇ ਕੰਮ ਕਰਦੇ ਹਨ ਜਿਵੇਂ ਕਿ ਬਾਬੇ ਦੀਆਂ ਜੁੱਤੀਆਂ ਨੂੰ ਪਾਲਿਸ਼ ਕਰਨਾ, ਵਰਦੀਆਂ ਦੀ ਸਫ਼ਾਈ ਕਰਨਾ, ਉਸ ਦਾ ਬਿਸਤਰਾ ਬਣਾਉਣਾ ਅਤੇ ਬੈੱਡ ਰੂਮ ਅਤੇ ਦਫ਼ਤਰ ਦੇ ਵਿਚਕਾਰ ਉਸ ਦੀਆਂ ਤਸਵੀਰਾਂ ਰੱਖਣਾ। ਹਰ ਸਾਲ 11 ਸਤੰਬਰ ਨੂੰ ਇਕ ਜੀਪ ਬਾਬਾ ਹਰਭਜਨ ਦੇ ਨਿੱਜੀ ਸਾਮਾਨ ਨਾਲ ਨਜ਼ਦੀਕੀ ਰੇਲਵੇ ਸਟੇਸ਼ਨ ਨਿਊ ਜਲਪਾਈਗੁੜੀ ਲਈ ਰਵਾਨਾ ਹੁੰਦੀ ਹੈ ਜਿੱਥੋਂ ਇਸ ਨੂੰ ਰੇਲਗੱਡੀ ਰਾਹੀਂ ਭਾਰਤ ਦੇ ਪੰਜਾਬ ਰਾਜ ਦੇ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਕੂਕਾ ਲਈ ਭੇਜਿਆ ਜਾਂਦਾ ਰਿਹਾ। ਹਰ ਸਾਲ ਬਾਬੇ ਲਈ ਰੇਲਗੱਡੀ ਵਿਚ ਇਕ ਵਿਸ਼ੇਸ਼ ਡੱਬਾ ਰਿਜ਼ਰਵ ਕੀਤਾ ਜਾਂਦਾ ਸੀ। ਹਰ ਸਾਲ ਉਸ ਦੇ ਜੱਦੀ ਸ਼ਹਿਰ ਦੀ ਯਾਤਰਾ ਲਈ ਇਕ ਸੀਟ ਖ਼ਾਲੀ ਛੱਡ ਦਿੱਤੀ ਜਾਂਦੀ ਸੀ ਅਤੇ ਤਿੰਨ ਸਿਪਾਹੀ ਬਾਬੇ ਦੇ ਨਾਲ ਉਸ ਦੇ ਘਰ ਜਾਂਦੇ ਸਨ। ਦੱਸਣਯੋਗ ਹੈ ਕਿ ਸੰਨ 2006 ਵਿਚ ਉਨ੍ਹਾਂ ਦੀ ਸੇਵਾ ਮੁਕਤੀ ਤੋਂ ਬਾਅਦ ਤੋਂ ਇਹ ਸਿਲਸਿਲਾ ਬੰਦ ਹੋ ਚੁੱਕਾ ਹੈ।

ਨਾਥੂ ਲਾ ਵਿਚ ਤਾਇਨਾਤ ਸੈਨਿਕਾਂ ਦੁਆਰਾ ਇਕ ਛੋਟੀ ਜਿਹੀ ਰਕਮ ਦਾ ਯੋਗਦਾਨ ਹਰ ਮਹੀਨੇ ਉਸ ਦੀ ਮਾਂ ਨੂੰ ਭੇਜਿਆ ਜਾਂਦਾ ਹੈ ਅਤੇ ਉਸ ਦਾ ਪਿੰਡ ਅੱਜ ਵੀ ਉਸ ਨੂੰ ਸ਼ਹੀਦ ਵਜੋਂ ਯਾਦ ਕਰਦਾ ਹੈ ਅਤੇ ਉਸ ਦੇ ਪਰਿਵਾਰ ਦੀ ਮਦਦ ਕਰਨ ਲਈ ਪਹਿਲ ਕੀਤੀ ਜਾਂਦੀ ਹੈ। ਭਾਰਤੀ ਫ਼ੌਜ ਦੀ ਭਰਤੀ ਵਿਚ ਪੰਜਾਬ ਦਾ 8% ਹਿੱਸਾ ਹੈ ਭਾਵੇਂ ਕਿ ਪੰਜਾਬ ਭਾਰਤ ਦੀ ਆਬਾਦੀ ਦਾ ਸਿਰਫ਼ 2% ਹੈ। ਦੇਸ਼ ਦੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ ਭਾਰਤੀ ਫ਼ੌਜ ਵਿਚ ਸੇਵਾ ਕਰਨ ਵਾਲੇ ਅਫ਼ਸਰਾਂ ਤੋਂ ਇਲਾਵਾ ਗਿਣਤੀ ਵਿਚ ਦੂਜੇ ਨੰਬਰ ਦੇ ਸਿਪਾਹੀ ਪੰਜਾਬ ਦੇ ਹਨ। ਰੱਖਿਆ ਮੰਤਰਾਲੇ ਵੱਲੋਂ 2021 ਵਿਚ ਦਿੱਤੀ ਗਈ ਜਾਣਕਾਰੀ ਅਨੁਸਾਰ ਭਾਰਤੀ ਫ਼ੌਜ ਵਿੱਚੋਂ ਪੰਜਾਬ ਦੇ ਜਵਾਨਾਂ ਦੀ ਗਿਣਤੀ 89,088 ਸੀ। ਪੰਜਾਬ ਦੇ ਨੌਜਵਾਨ ਸਾਡੇ ਦੇਸ਼ ਦੀ ਅੰਦਰੂਨੀ ਅਤੇ ਬਾਹਰਲੀ ਸੁਰੱਖਿਆ ਵਿਚ ਯੋਗਦਾਨ ਪਾ ਰਹੇ ਹਨ। ਪੰਜਾਬ ਦੇ ਕਿਸਾਨ ਸਾਡੇ ਦੇਸ਼ ਦੀ ਖ਼ੁਰਾਕੀ ਸੁਰੱਖਿਆ ਵਿਚ ਵੱਡਾ ਯੋਗਦਾਨ ਪਾ ਰਹੇ ਹਨ। ਅੰਤ ਵਿਚ ਭਾਰਤੀ ਫ਼ੌਜ ਦੇ ਬਹਾਦਰ ਪੁੱਤਰਾਂ ਲਈ ਹੇਠ ਲਿਖੀ ਕ੍ਰਾਂਤੀਕਾਰੀ ਕਵਿਤਾ ਯਾਦ ਆਉਂਦੀ ਹੈ:

ਖ਼ੁਸ਼ ਰਹੋ ਅਹਿਲ-ਏ-ਵਤਨ ਹਮ ਤੋ ਸਫ਼ਰ ਕਰਤੇ ਹੈਂ,
ਹਮ ਭੀ ਆਰਾਮ ਉਠਾ ਸਕਤੇ ਥੇ ਘਰ ਪਰ ਰਹਿ ਕਰ,
ਹਮਕੋ ਭੀ ਪਾਲਾ ਥਾ ਮਾਂ-ਬਾਪ ਨੇ ਦੁਖ ਸਹਿ ਕਰ,
ਵਕਤ-ਏ-ਰੁਖ਼ਸਤ ਉਨ੍ਹੇ ਇਤਨਾਂ ਭੀ ਨਾ ਆਏ ਕਹਿ ਕਰ, ਗੋਦ ਮੇਂ ਆਂਸੂ ਜੋ ਟਪਕੇ ਕਭੀ ਰੁਖ਼ ਸੇ ਬਹਿਕਰ।

-ਹਰਜੋਤ ਸਿੰਘ ਸਿੱਧੂ

# ਰੁਤਬਿਆਂ ਦੀ ਮਾਣ-ਮਰਿਆਦਾ ਜ਼ਰੂਰੀ

-ਦਰਬਾਰਾ ਸਿੰਘ ਕਾਹਲੋਂ



ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਤੇ ਮੁੱਖ ਮੰਤਰੀ ਭਗਵੰਤ ਮਾਨ ਵਿਚਾਲੇ ਪਿਛਲੇ ਕੁਝ ਮਹੀਨਿਆਂ ਤੋਂ ਰੁਕ-ਰੁਕ ਕੇ ਚੱਲ ਰਹੀ ਖ਼ਤੋ-ਖ਼ਿਤਾਬਤ ਤੇ ਮੌਖਿਕ ਗੋਲਾਬਾਰੀ ਭਰਿਆ ਟਕਰਾਅ ਰੁਕਣ ਦਾ ਨਾਮ ਨਹੀਂ ਲੈ ਰਿਹਾ। ਦੋਵੇਂ ਜ਼ਿੰਮੇਵਾਰ ਸੰਵਿਧਾਨਕ ਪਦਾਂ 'ਤੇ ਬਿਰਾਜਮਾਨ ਹਨ। ਦੋਹਾਂ ਨੇ ਸਦਾ ਇਨ੍ਹਾਂ 'ਤੇ ਬਣੇ ਨਹੀਂ ਰਹਿਣਾ। ਪੰਜਾਬ ਭਾਰੀ ਹੜ੍ਹਾਂ ਨਾਲ ਝੰਬਿਆ ਪਿਆ ਹੈ। ਦੂਸਰੇ ਪਾਸੇ ਨਸ਼ੀਲੇ ਪਦਾਰਥਾਂ ਦਾ ਪ੍ਰਕੋਪ ਆਏ ਦਿਨ ਪੰਜਾਬ ਦੀ ਜਵਾਨੀ ਨੂੰ ਨਿਗਲ ਰਿਹਾ ਹੈ। ਇਹੀ ਨਹੀਂ, ਪੰਜਾਬ ਸਿਰ ਕਰਜ਼ੇ ਦੀ ਪੰਡ ਨਿੱਤ ਭਾਰੀ ਹੋ ਰਹੀ ਹੈ। ਬੇਰੁਜ਼ਗਾਰੀ, ਨਸ਼ੀਲੇ ਪਦਾਰਥਾਂ, ਗੈਂਗਸਟਰਵਾਦ ਕਰਕੇ ਪੰਜਾਬੀ ਆਪਣੇ ਨੌਜਵਾਨ ਬੱਚੇ-ਬੱਚੀਆਂ ਨੂੰ ਰੋਜ਼ ਜਹਾਜ਼ ਭਰ-ਭਰ ਕੇ ਵਿਦੇਸ਼ ਭੇਜਣ ਲਈ ਮਜਬੂਰ ਹਨ।

ਲਿਹਾਜ਼ਾ ਪੰਜਾਬ ਬ੍ਰੇਨ ਅਤੇ ਕਿਰਤ ਡਰੇਨ ਦਾ ਸ਼ਿਕਾਰ ਬਣਿਆ ਪਿਆ ਹੈ। ਇਸ ਦੌਰਾਨ ਪੰਜਾਬ ਦਾ ਇਸ ਤੋਂ ਵੱਡਾ ਹੋਰ ਕਿਹੜਾ ਦੁਖਾਂਤ ਹੋ ਸਕਦਾ ਹੈ ਕਿ ਜਿਨ੍ਹਾਂ ਸੰਵਿਧਾਨਕ ਅਥਾਰਟੀਆਂ ਨੇ ਇਸ ਨੂੰ ਇਸ ਸੰਕਟ ਮੌਕੇ ਸੰਭਾਲਣਾ ਹੈ, ਉਹ ਦੋਵੇਂ ਆਪਸ ਵਿਚ ਬੁਰੀ ਤਰ੍ਹਾਂ ਗੁੱਥਮਗੁੱਥਾ ਹੋਈਆਂ ਪਈਆਂ ਹਨ। ਸ਼ਾਇਦ ਭਾਰਤੀ ਲੋਕਤੰਤਰ ਦੇ ਇਤਿਹਾਸ ਵਿਚ ਪਹਿਲੀ ਵਾਰ ਕਿਸੇ ਰਾਜਪਾਲ ਨੇ 25 ਅਗਸਤ ਨੂੰ ਆਪਣੇ ਮੁੱਖ ਮੰਤਰੀ ਨੂੰ ਤਰਕਸ਼ੀ ਸ਼ਬਦਾਂ ਭਰਿਆ ਚਾਰ ਪੰਨਿਆਂ ਆਧਾਰਤ ਚੇਤਾਵਨੀ ਭਰਿਆ ਪੱਤਰ ਲਿਖਿਆ ਹੋਵੇ। ਉਨ੍ਹਾਂ ਨੇ ਸਪਸ਼ਟ ਤੌਰ 'ਤੇ ਸੰਵਿਧਾਨ ਦੀ ਧਾਰਾ 167, 356 ਅਤੇ 124 ਆਈਪੀਸੀ ਦਾ ਜ਼ਿਕਰ ਕੀਤਾ ਹੈ। ਪੱਤਰ ਦੇ ਅਖ਼ੀਰ ਵਿਚ ਉਨ੍ਹਾਂ ਨੇ ਮੰਗੀ ਜਾਣਕਾਰੀ ਉਪਲਬਧ ਕਰਾਉਣ ਲਈ ਕਿਹਾ ਹੈ, ਨਹੀਂ ਤਾਂ ਉਹ ਰਾਜ ਵਿਚ ਰਾਸ਼ਟਰਪਤੀ ਰਾਜ ਨਾਫਸ ਕਰਨ ਲਈ ਰਾਸ਼ਟਰਪਤੀ ਨੂੰ ਸਿਫ਼ਾਰਸ਼ ਕਰਨ ਲਈ ਮਜਬੂਰ ਹੋਣਗੇ। ਇਹੀ ਨਹੀਂ, ਧਾਰਾ 124 ਆਈਪੀਸੀ ਅਧੀਨ ਅਪਰਾਧਕ ਕਾਰਵਾਈ ਮੁੱਖ ਮੰਤਰੀ ਵਿਰੁੱਧ ਕਰਨ ਲਈ ਮਜਬੂਰ ਹੋਣਗੇ ਜੋ ਰਾਸ਼ਟਰਪਤੀ ਤੇ ਰਾਜਪਾਲ ਦੀ ਤੌਹੀਨ ਕਰਨ 'ਤੇ ਕੀਤੀ ਜਾ ਸਕਦੀ ਹੈ। ਇਨ੍ਹਾਂ ਦੋਸ਼ਾਂ ਦੇ ਸਿੱਧ ਹੋਣ ਦੀ ਸੂਰਤ ਵਿਚ ਅਦਾਲਤ 7 ਸਾਲ ਦੀ ਕੈਦ ਦੀ ਸਜ਼ਾ ਵੀ ਸੁਣਾ ਸਕਦੀ ਹੈ। ਉਨ੍ਹਾਂ ਨੇ ਪਹਿਲੀ ਅਗਸਤ ਨੂੰ ਵੀ ਮੁੱਖ ਮੰਤਰੀ ਨੂੰ ਲਿਖਿਆ ਸੀ ਕਿ ਉਨ੍ਹਾਂ ਵੱਲੋਂ ਵੱਖ-ਵੱਖ ਪੱਤਰਾਂ ਰਾਹੀਂ ਮੰਗੀ ਜਾਣਕਾਰੀ ਉਪਲਬਧ ਕਰਾਈ ਜਾਵੇ। ਉਨ੍ਹਾਂ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦਾ ਜ਼ਿਕਰ ਕਰਦੇ ਹੋਏ ਸੰਵਿਧਾਨ ਦੀ ਧਾਰਾ 167 ਤਹਿਤ ਤਮਾਮ ਜਾਣਕਾਰੀ ਦੇਣ ਲਈ ਮੁੜ ਸਖ਼ਤ ਸ਼ਬਦਾਂ ਵਿਚ ਲਿਖਿਆ ਜਿਸ ਲਈ ਉਹ ਸੰਵਿਧਾਨਕ ਤੌਰ 'ਤੇ ਜਵਾਬਦੇਹ ਹਨ।

ਸੰਵਿਧਾਨ ਰਾਜਪਾਲ ਨੂੰ ਜ਼ਿੰਮੇਵਾਰੀ ਸੌਂਪਦਾ ਹੈ ਕਿ ਉਹ ਵੇਖੇ, ਜਾਂਚੇ ਕਿ ਕੀ ਸਰਕਾਰ ਵਧੀਆ, ਪੂਰੀ ਨਿਪੁੰਨਤਾ, ਨਿਰਪੱਖਤਾ ਅਤੇ ਇਮਾਨਦਾਰੀ ਨਾਲ ਪ੍ਰਸ਼ਾਸਨ ਚਲਾ ਰਹੀ ਹੈ? ਸਰਕਾਰ ਦੀਆਂ ਨੀਤੀਆਂ ਅਤੇ ਪ੍ਰਸਤਾਵ ਕਾਨੂੰਨ ਅਨੁਸਾਰ ਚੱਲ ਰਹੇ ਹਨ। ਜਿਨ੍ਹਾਂ ਸ਼ਬਦਾਂ ਦੀ ਵਰਤੋਂ ਮੁੱਖ ਮੰਤਰੀ ਕਰਦੇ ਰਹੇ ਹਨ, ਉਨ੍ਹਾਂ ਦਾ ਵੀ ਇਸ ਪੱਤਰ ਵਿਚ ਰਾਜਪਾਲ ਨੇ ਜ਼ਿਕਰ ਕੀਤਾ ਜਿਵੇਂ ਰਾਜ ਭਵਨ ਦੇ ਜਨਾਬੇਆਲੀ ਨੂੰ ਚੋਣ ਲੜਾਉਣੀ ਚਾਹੀਦੀ ਹੈ, ਉਹ ਮੇਰੇ ਹੈਲੀਕਾਪਟਰ ਦਾ ਇਸਤੇਮਾਲ ਕਰਦੇ ਹਨ ਤੇ ਫਿਰ ਮੈਨੂੰ ਹੀ ਬੁਰਾ-ਭਲਾ ਕਹਿੰਦੇ ਹਨ। ਉਨ੍ਹਾਂ ਦਾ ਕੰਮ ਸਹੁੰ ਚੁਕਾਉਣਾ ਹੈ ਤੇ ਉਨ੍ਹਾਂ ਇਹ ਚੁਕਵਾ ਦਿੱਤੀ ਹੈ। ਵਿਧਾਨ ਸਭਾ ਵਿਚ ਕਾਗਜ਼ ਲਹਿਰਾ ਕੇ ਰਾਜਪਾਲ ਦੇ ਪੱਤਰਾਂ ਨੂੰ 'ਲਵ ਲੈਟਰ' ਕਹਿੰਦੇ ਹੋ, ਰਾਜਪਾਲ ਨੂੰ ਵਿਹਲਾ ਦੱਸਦੇ ਹੋ, ਆਦਿ। ਇਨ੍ਹਾਂ ਘਟਨਾਵਾਂ ਦਾ ਜ਼ਿਕਰ ਕਰਨ ਦਾ ਰਾਜਪਾਲ ਦਾ ਸਿੱਧਾ ਇਰਾਦਾ ਇਹ ਹੈ ਕਿ ਉਹ ਲੋੜ ਪੈਣ 'ਤੇ ਧਾਰਾ 124 ਅਧੀਨ ਕਾਰਵਾਈ ਤੋਂ ਨਹੀਂ ਟਲਣਗੇ। ਰਾਜਪਾਲ ਨੇ ਪਾਰਲੀਮਾਨੀ ਸਟੈਂਡਿੰਗ ਕਮੇਟੀ ਦੀ ਰਿਪੋਰਟ ਨੂੰ ਆਧਾਰ ਬਣਾ ਕੇ ਪੰਜਾਬ ਸਰਕਾਰ ਤੋਂ ਰਾਜ ਅੰਦਰ ਨਸ਼ਿਆਂ ਦੀ ਸਥਿਤੀ ਬਾਰੇ ਜਾਣਕਾਰੀ ਮੰਗੀ ਹੈ। ਉਸ ਵਿਚ ਦਰਸਾਇਆ ਗਿਆ ਹੈ ਕਿ ਹਰ ਪੰਜਵਾਂ ਪੰਜਾਬੀ ਨਸ਼ਾ ਲੈਣ ਦਾ ਆਦੀ ਬਣ ਚੁੱਕਾ ਹੈ। ਰਾਜਪਾਲ ਨੇ ਦਰਸਾਇਆ ਕਿ ਪੰਜਾਬ ਵਿਚ ਭਾਰੀ ਮਾਤਰਾ ਵਿਚ ਨਸ਼ਿਆਂ ਦਾ ਕਾਰੋਬਾਰ ਚੱਲ ਰਿਹਾ ਹੈ। ਸਰਕਾਰ ਦੇ ਕੰਟਰੋਲ ਅਧੀਨ ਸ਼ਰਾਬ ਦੇ ਅਹਾਤਿਆਂ ਅਤੇ ਕੈਮਿਸਟ ਸ਼ਾਪਸ 'ਤੇ ਧੜਾਧੜ ਨਸ਼ੇ ਵਿਕ ਰਹੇ ਹਨ। ਨਾਰਕੋਟਿਕਸ ਕੰਟਰੋਲ ਬਿਊਰੋ ਅਤੇ ਚੰਡੀਗੜ੍ਹ ਪੁਲਿਸ ਵੱਲੋਂ ਕੀਤੀ ਸਾਂਝੀ ਕਾਰਵਾਈ ਅਧੀਨ 66 ਸ਼ਰਾਬ ਦੀਆਂ ਦੁਕਾਨਾਂ ਲੁਧਿਆਣਾ ਅੰਦਰ ਸੀਲ ਕੀਤੀਆਂ ਗਈਆਂ ਜਿੱਥੇ ਨਸ਼ੇ ਵਿਕ ਰਹੇ ਸਨ। ਪੰਜਾਬ ਵਿਚ ਅਮਨ-ਕਾਨੂੰਨ ਦੀ ਸਥਿਤੀ ਬਦਤਰ ਹੋਣ ਕਰਕੇ ਨਸ਼ਾ ਪਿੰਡਾਂ, ਸਰਹੱਦੀ ਖੇਤਰਾਂ, ਗਲੀਆਂ-ਬਾਜ਼ਾਰਾਂ 'ਚ ਵਿਕ ਰਿਹਾ ਹੈ। ਦੁਖੀ ਹੋ ਕੇ ਪੇਂਡੂਆਂ ਨੂੰ ਇਨ੍ਹਾਂ ਦੀ ਰੋਕਥਾਮ ਲਈ ਪਿੰਡ ਸੁਰੱਖਿਆ ਕਮੇਟੀਆਂ ਗਠਨ ਕਰਨੀਆਂ ਪੈ ਰਹੀਆਂ ਹਨ। ਤੁਹਾਡੀ ਸਰਕਾਰ ਇਨ੍ਹਾਂ ਦੀ ਰੋਕਥਾਮ ਲਈ ਕੀ ਕਰ ਰਹੀ ਹੈ, ਇਸ ਦੀ ਤੁਰੰਤ ਰਿਪੋਰਟ ਭੇਜੀ ਜਾਏ।

ਓਧਰ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਸਰਕਾਰ ਨੂੰ ਰਾਜਪਾਲ ਵੱਲੋਂ ਮੰਗੀ ਜਾਣਕਾਰੀ ਉਪਲਬਧ ਕਰਾਉਣ ਲਈ ਕਿਹਾ ਹੈ। ਲੇਕਿਨ ਉਹ ਰਾਜਪਾਲ-ਮੁੱਖ ਮੰਤਰੀ ਟਕਰਾਅ ਨੂੰ ਆਮ ਆਦਮੀ ਪਾਰਟੀ ਦੇ ਸੁਪਰੀਮੋ ਦਾ 'ਹਨੀ ਟਰੈਪ' ਕਹਿੰਦੇ ਹਨ ਤਾਂ ਕਿ ਰਾਜਪਾਲ ਮਾਨ ਸਰਕਾਰ ਵਿਰੁੱਧ ਧਾਰਾ 356 ਅਧੀਨ ਕਾਰਵਾਈ ਕਰਨ। ਉਹ ਇਸ ਕਾਰਵਾਈ ਨੂੰ ਪੂਰੇ ਦੇਸ਼ ਵਿਚ ਲੋਕ ਸਭਾ ਚੋਣਾਂ-2024 ਵਿਚ ਵਰਤਣਗੇ। ਸੰਯੁਕਤ ਅਕਾਲੀ ਦਲ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਇਸ ਵਿਵਾਦ ਨੂੰ ਖ਼ਤਮ ਕਰਨ ਦੀ ਸਲਾਹ ਦੋਹਾਂ ਧਿਰਾਂ ਨੂੰ ਦਿੱਤੀ ਹੈ। ਭਾਜਪਾ ਆਗੂ ਹਰਜੀਤ ਗਰੇਵਾਲ ਨੇ ਸੰਵਿਧਾਨਕ ਜ਼ਿੰਮੇਵਾਰੀ ਨਿਭਾਉਣ ਲਈ ਮੁੱਖ ਮੰਤਰੀ 'ਤੇ ਜ਼ੋਰ ਦਿੱਤਾ। ਆਮ ਆਦਮੀ ਪਾਰਟੀ ਦੇ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਸਪਸ਼ਟ ਕਿਹਾ ਕਿ ਰਾਜਪਾਲ ਦਾ ਸਨਮਾਨ ਹੈ ਪਰ ਧਮਕੀ ਮਨਜ਼ੂਰ ਨਹੀਂ। ਉਨ੍ਹਾਂ ਅਨੁਸਾਰ ਰਾਜਪਾਲ ਦਾ ਮਰਿਆਦਾ ਵਿਚ ਰਹਿਣਾ ਬਣਦਾ ਹੈ। ਭਾਜਪਾ ਦੀ ਕੇਂਦਰ ਸਰਕਾਰ ਦਿੱਲੀ ਸਰਕਾਰ ਦੀਆਂ ਸ਼ਕਤੀਆਂ ਖੋਹਣ ਤੋਂ ਬਾਅਦ ਪੰਜਾਬ ਅੰਦਰ 'ਆਪ' ਸਰਕਾਰ ਨੂੰ ਕਮਜ਼ੋਰ ਕਰਨਾ ਚਾਹੁੰਦੀ ਹੈ ਜੋ ਤਿੰਨ ਕਰੋੜ ਪੰਜਾਬੀਆਂ ਵੱਲੋਂ ਚੁਣੀ ਹੋਈ ਹੈ। ਸ਼ਾਇਦ ਬਹੁਤ ਘੱਟ ਲੋਕ ਜਾਣਦੇ ਹੋਣ ਕਿ ਪੈਪਸੂ ਪਹਿਲਾ ਰਾਜ ਸੀ ਜਿੱਥੇ ਸੰਯੁਕਤ ਮੋਰਚੇ ਵੱਲੋਂ ਪਹਿਲਾ ਅਕਾਲੀ ਮੁੱਖ ਮੰਤਰੀ ਗਿਆਨ ਸਿੰਘ ਰਾੜੇਵਾਲਾ 22 ਅਪ੍ਰੈਲ 1953 ਵਿਚ ਬਣਿਆ। ਦੇਸ਼ ਅੰਦਰ ਸੰਵਿਧਾਨ ਲਾਗੂ ਹੋਣ ਤੋਂ ਬਾਅਦ ਧਾਰਾ 356 ਅਧੀਨ ਪਹਿਲਾ ਕੁਹਾੜਾ 5 ਮਾਰਚ 1953 ਵਿਚ ਇਸ ਸਰਕਾਰ 'ਤੇ ਚੱਲਿਆ ਅਤੇ ਰਾਸ਼ਟਰਪਤੀ ਰਾਜ ਨਾਫਸ ਕੀਤਾ ਗਿਆ। ਪੰਜਾਬ ਅਤੇ ਪੰਜਾਬੀ ਰਾਸ਼ਟਰਪਤੀ ਰਾਜ ਤੋਂ ਕਦੇ ਨਹੀਂ ਡਰਦੇ। ਇਹ ਇੱਥੇ ਅਨੇਕ ਵਾਰ ਗ਼ੈਰ-ਸੰਵਿਧਾਨਕ ਤੌਰ 'ਤੇ ਲੱਗ ਚੁੱਕਾ ਹੈ। ਕਾਂਗਰਸ ਦੀ ਅੰਦਰੂਨੀ ਲੜਾਈ ਕਾਰਨ ਐਮਰਜੈਂਸੀ ਤਹਿਤ 20 ਜੂਨ 1951 ਤੋਂ 17 ਅਪ੍ਰੈਲ 1952 ਤਕ, ਧਾਰਾ 356 ਤਹਿਤ 5 ਜੁਲਾਈ 1966 ਤੋਂ 1 ਨਵੰਬਰ 1966 ਤਕ, 23 ਅਗਸਤ 1968 ਤੋਂ 17 ਫਰਵਰੀ 1969 ਤਕ, 14 ਜੂਨ 1971 ਤੋਂ 17 ਮਾਰਚ 1972 ਤਕ, 30 ਅਪ੍ਰੈਲ 1977 ਤੋਂ 20 ਜੂਨ 1977 ਤਕ, 17 ਫਰਵਰੀ 1980 ਤੋਂ 6 ਜੂਨ 1980 ਤਕ ਰਾਸ਼ਟਰਪਤੀ ਰਾਜ ਲਾਗੂ ਰਿਹਾ। ਇਹੀ ਨਹੀਂ, ਇੰਦਰਾ ਗਾਂਧੀ ਵੱਲੋਂ ਕਾਂਗਰਸ ਦੀ ਅਗਵਾਈ ਵਾਲੀ ਦਰਬਾਰਾ ਸਿੰਘ ਸਰਕਾਰ 6 ਅਕਤੂਬਰ 1983 ਨੂੰ ਚੱਲਦੀ ਕੀਤੀ ਗਈ। ਉਣੱਤੀ ਸਤੰਬਰ 1985 ਤਕ ਰਾਸ਼ਟਰਪਤੀ ਰਾਜ ਜਾਰੀ ਰਿਹਾ। ਗਿਆਰਾਂ ਜੂਨ 1987 ਨੂੰ ਸੁਰਜੀਤ ਸਿੰਘ ਬਰਨਾਲਾ ਸਰਕਾਰ ਤੋੜ ਕੇ 25 ਫਰਵਰੀ 1992 ਤਕ ਪੰਜਾਬ 'ਚ ਰਾਸ਼ਟਰਪਤੀ ਰਾਜ ਲਾਈ ਰੱਖਿਆ। ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਖ਼ਾਸ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਨੂੰ ਰਾਜ ਅੰਦਰ ਗ਼ੈਰ-ਸੰਵਿਧਾਨਕ ਰਾਸ਼ਟਰਪਤੀ ਰਾਜ ਵਿਰੁੱਧ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਨਾਲ ਮਤਭੇਦ ਹੋਣ ਦੇ ਬਾਵਜੂਦ ਮੋਢੇ ਨਾਲ ਮੋਢਾ ਜੋੜ ਕੇ ਡਟ ਜਾਣਾ ਚਾਹੀਦਾ ਹੈ। 'ਆਪ' ਦਾ ਇਲਜ਼ਾਮ ਹੈ ਕਿ ਭਾਜਪਾ ਦੇ ਘਾਗ ਆਗੂਆਂ ਨੂੰ ਰਾਜਪਾਲ ਨਿਯੁਕਤ ਕਰ ਕੇ ਰਾਜ ਸਰਕਾਰਾਂ ਨੂੰ ਅਸਥਿਰ ਕਰਨ, ਰਾਜਨੀਤਕ ਕਲੇਸ਼ ਕਾਇਮ ਰੱਖਣ ਤੇ ਬੇਲੋੜਾ ਦਖ਼ਲ ਜਾਰੀ ਰੱਖਣ ਦੀ ਨੀਤੀ ਅਪਨਾਈ ਜਾ ਰਹੀ ਹੈ।

ਤਾਮਿਲਨਾਡੂ ਦਾ ਰਾਜਪਾਲ ਗ਼ੈਰ ਸੰਵਿਧਾਨਕ ਤੌਰ 'ਤੇ ਡੀਐੱਮਕੇ ਦੀ ਸਟਾਲਿਨ ਸਰਕਾਰ ਦਾ ਮੰਤਰੀ ਬਰਖ਼ਾਸਤ ਕਰਨ ਦਾ ਫ਼ੁਰਮਾਨ ਜਾਰੀ ਕਰਦਾ ਹੈ। ਦੋਸ਼ ਮੜ੍ਹਦੇ ਹਨ ਕਿ ਪੱਛਮੀ ਬੰਗਾਲ 'ਚ ਲਗਾਤਾਰ ਟੀਐੱਮਸੀ ਦੀ ਮਮਤਾ ਬੈਨਰਜੀ ਸਰਕਾਰ ਨਾਲ ਇੱਟ-ਖੜੱਕਾ ਜਾਰੀ ਰੱਖਣ ਵਾਲੇ ਰਾਜਪਾਲ ਜਗਦੀਪ ਧਨਖੜ ਨੂੰ ਤਰੱਕੀ ਦੇ ਕੇ ਉਪ ਰਾਸ਼ਟਰਪਤੀ ਚੁਣ ਲਿਆ ਜਾਂਦਾ ਹੈ।

ਪੰਜਾਬ ਅੰਦਰ ਜਿਸ ਕਦਰ ਗਵਰਨਰ ਤੇ ਸੀਐੱਮ ਵਿਚਾਲੇ ਤਲਖ਼ੀ ਵਧੀ ਹੈ, ਉਸ ਨਾਲ ਨੁਕਸਾਨ ਪੰਜਾਬ ਤੇ ਪੰਜਾਬੀਆਂ ਦਾ ਹੋ ਰਿਹਾ ਹੈ। ਚੰਗਾ ਹੁੰਦਾ ਜੇ ਰਾਜਪਾਲ ਕੇਂਦਰ ਸਰਕਾਰ ਨੂੰ ਹੜ੍ਹ ਮਾਰੇ ਅਤੇ ਨਸ਼ਾ ਮਾਰੇ ਪੰਜਾਬ ਲਈ ਸਪੈਸ਼ਲ ਆਰਥਿਕ ਪੈਕੇਜ ਲਈ ਮਜ਼ਬੂਤ ਪੱਤਰ ਲਿਖਦੇ। ਭਗਵੰਤ ਮਾਨ ਨੂੰ ਵੀ ਸੰਵਿਧਾਨਕ ਜ਼ਿੰਮੇਵਾਰੀਆਂ ਨਿਭਾਉਣੀਆਂ ਚਾਹੀਦੀਆਂ ਹਨ। ਬੇਲੋੜਾ ਟਕਰਾਅ ਤੱਜ ਦੇਣਾ ਚਾਹੀਦਾ ਹੈ। ਪੰਜਾਬ ਤੇ ਪੰਜਾਬੀਆਂ ਦੇ ਹੱਕਾਂ ਤੇ ਹਿੱਤਾਂ ਨੂੰ ਜ਼ਰਾ ਆਂਚ ਨਾ ਆਵੇ, ਇਹ ਧਿਆਨ ਗੋਚਰੇ ਰੱਖਣਾ ਚਾਹੀਦਾ ਹੈ। ਸਿਆਸੀ ਤੇ ਸੰਵਿਧਾਨਕ ਲੜਾਈ 'ਚ ਫ਼ਰਕ ਹੁੰਦਾ ਹੈ।

ਸਾਡੇ ਲੋਕ SADE LOK

ਮੁੱਖ ਸੰਪਾਦਕ: ਸਤਨਾਮ ਸਿੰਘ ਖਾਲਸਾ, ਸਟੂਡੈਂਟ ਐਡੀਟਰ: ਹਰਕਰਨ ਸਿੰਘ,
ਅਸਿਸਟੈਂਟ ਸੰਪਾਦਕ: ਰਵਿੰਦਰ ਸਿੰਘ ਟਾਂਡਾ, ਜਨਰਲ ਮੈਨੇਜਰ: ਹਰਪਾਲ ਸਿੰਘ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ.ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-੪੩

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਔਰਤ ਦੇ ਬਾਹਰੀ ਜਣਨ ਅੰਗ

**5. HYMEN ਭਗ ਦਾ ਬੰਦ ਦੁਆਰ**

ਇਹ ਇਕ ਬਰੀਕ ਪਰਦਾਨੁਮਾ ਮਾਸ ਹੁੰਦਾ ਹੈ ਜੋ ਵਜਾਈਨਾ ਦੀਆਂ ਦੀਵਾਰਾਂ ਦੇ ਰੰਗ ਵਰਗਾ ਹੀ ਹੁੰਦਾ ਹੈ ਤੇ ਇਹ ਭਗ ਨੂੰ ਢੱਕ ਕੇ ਯਾਨੀ ਬਾਹਰੋਂ ਪਰਦਾ ਕਰਕੇ ਰੱਖਦਾ ਹੈ। ਛੋਟੇ ਲਾਲ ਬੁੱਲ੍ਹਾਂ ਨੂੰ ਪਾਸੇ ਕਰਦਿਆਂ ਸਭ ਤੋਂ ਪਹਿਲਾਂ ਇਹੀ ਪਰਦਾ ਹੀ ਦਿਖਾਈ ਦਿੰਦਾ ਹੈ। ਮਾਂ ਦੇ ਪੇਟ ਵਿੱਚ ਜਦ ਵਜਾਈਨਾ ਦੀ ਟਿਊਬ ਬਨਣ ਲਗਦੀ ਹੈ ਉਸੇ ਵਕਤ ਹੀ ਇਸ ਪਰਦੇ ਦੀ ਬਣਤਰ ਵੀ ਭਗ ਦੁਆਰ ਤੇ ਬਣ ਜਾਂਦੀ ਹੈ।

ਇਹ ਪਰਦਾ ਪੂਰੀ ਤਰ੍ਹਾਂ ਭਗ ਦੁਆਰ ਨੂੰ ਨਹੀਂ ਢੱਕਦਾ ਬਲਕਿ ਆਮ ਕਰਕੇ ਇਸ ਦੇ ਹੇਠਲੇ ਪਾਸੇ ਇਕ ਦੂਜ ਦੇ ਚੰਦ ਵਰਗਾ ਸੁਰਾਖ ਹੁੰਦਾ ਹੈ। ਪਰ ਕਈ ਵੇਰਾਂ ਇਸ ਵਿੱਚ ਕਈ ਕਈ ਸੁਰਾਖ ਹੁੰਦੇ ਹਨ। ਮਕਸਦ ਇਸਦਾ ਜੋ ਹੁਣ ਤੱਕ ਜਾਣਿਆ ਹੈ ਕਿ ਇਸ ਪਰਦੇ ਦੇ ਸੁਰਾਖਾਂ ਰਾਹੀਂ ਮਾਸਿਕ ਧਰਮ ਦਾ ਖ਼ੂਨ ਬਾਹਰ ਵਹਿ ਸਕਦਾ ਹੈ। ਕਈ ਵੇਰ ਬਹੁਤੇ ਸੁਰਾਖ ਵੀ ਏਨੇ ਬਰੀਕ ਬਰੀਕ ਤੇ ਜ਼ਿਆਦਾ ਹੁੰਦੇ ਹਨ ਕਿ ਇਸ ਰਾਹੀਂ ਮਾਸਿਕ ਧਰਮ ਦਾ ਖ਼ੂਨ ਪੂਰੀ ਤਰ੍ਹਾਂ ਨਹੀਂ ਬਾਹਰ ਆ ਸਕਦਾ ਤੇ ਲੜਕੀਆਂ ਨੂੰ ਹੇਠਾਂ ਵਜਾਈਨਾ ਵਿੱਚ ਇਕ ਬੋਝ ਵਰਗੇ ਦਰਦ ਦਾ ਅਹਿਸਾਸ ਕਾਫੀ ਸਮੇਂ ਤੱਕ ਬਣਿਆ ਰਹਿੰਦਾ ਹੈ ਮਾਸਿਕ ਧਰਮ ਦੇ ਹਰ ਚਕਰ ਸਮੇਂ ਜਦ ਤੱਕ ਕਿ ਬੂੰਦ ਬੂੰਦ ਕਰਕੇ ਸਾਰਾ ਖ਼ੂਨ ਬਾਹਰ ਨਹੀਂ ਵਹਿ ਜਾਦਾ। ਬਲਕਿ ਇਸ ਖ਼ੂਨ ਦਾ ਸੰਘਣਾ ਥੱਕਾ ਯਾਨੀ ਕਲੌਟ ਯਾਨੀ ਜੰਮਿਆ ਹੋਇਆ ਖ਼ੂਨ ਜਦ ਵੀ ਕਿਸੇ ਸੁਰਾਖ ਰਾਹੀਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦਾ ਹੈ ਤਾ ਬਹੁਤ ਤੇਜ਼ ਦਰਦ ਹੁੰਦਾ ਹੈ ਤੇ ਅਜਿਹਾ ਵਾਰ ਵਾਰ ਹੁੰਦਾ ਹੈ। ਬਲਕਿ ਇਕ ਲਗਾਤਾਰਤਾ ਦਰਦ ਦੀ ਬਣੀ ਰਹਿੰਦੀ ਹੈ ਕਿਉਂਕਿ ਜਦ ਤੱਕ ਪਹਿਲਾ ਬੋਝ ਹਲਕਾ ਹੁੰਦਾ ਹੈ ਤਦ ਤੱਕ ਨਵੇਂ ਮਾਸਿਕ ਧਰਮ ਦਾ ਚਕਰ ਸ਼ੁਰੂ ਹੋ ਜਾਂਦਾ ਹੈ।

ਜਿਸ ਦਾ ਹੱਲ ਡਾਕਟਰ ਸਰਜਨ ਕੋਲ ਹੁੰਦਾ ਹੈ ਕਿਉਂਕਿ ਸਰੀਰਕ ਬਣਤਰ ਵਿੱਚ ਰਹਿ ਗਈ ਇਹ ਇਕ ਕਮੀ ਹੀ ਹੈ ਜਿਹੜੀ ਪਿਉਬਰਟੀ ਤੱਕ ਠੀਕ ਹੋ ਜਾਣੀ ਚਾਹੀਦੀ ਸੀ ਭਾਵ ਹਾਈਮਨ ਦਾ ਸੁਰਾਖ ਏਨਾ ਵੱਡਾ ਵੱਧ ਜਾਣਾ ਚਾਹੀਦਾ ਸੀ ਜਿਸ ਨਾਲ ਮਾਸਿਕ ਧਰਮ ਦਾ ਖ਼ੂਨ ਸਮੇਤ ਅੰਦਰ ਦਾ ਕੂੜਾ ਸਾਰਾ ਅਸਾਨੀ ਨਾਲ ਬਾਹਰ ਨਿਕਲ ਸਕੇ। ਪਰ ਹਰ ਵੇਰ ਅਜਿਹਾ ਨਹੀਂ ਹੁੰਦੀ ਤੇ ਸੁਰਾਖ ਜਾਂ ਤੇ ਹੁੰਦਾ ਹੀ ਨਹੀਂ ਜਾਂ ਹੁੰਦਾ ਤਾਂ ਹੈ ਪਰ ਬਹੁਤ ਛੋਟਾ ਹੁੰਦਾ ਹੈ ਜੋ ਮਾਸਿਕ ਧਰਮ ਦੇ ਖ਼ੂਨ ਦਾ ਪੂਰੀ ਤਰ੍ਹਾਂ ਨਿਕਾਸੀ ਕਰਨ ਵਿੱਚ ਅਸਮਰੱਥ ਹੁੰਦਾ ਹੈ ਜਾਂ ਇਕ ਨਹੀਂ ਕਈ ਕਈ ਛੋਟੇ ਛੋਟੇ ਸੁਰਾਖ ਇਸ ਹਾਈਮਨ ਵਿੱਚ ਹੁੰਦੇ ਹਨ।

ਹਾਈਮਨ ਦੇ ਸੁਰਾਖਾਂ ਦੀ ਵੱਖ ਵੱਖ ਗਿਣਤੀ ਤੇ ਬਣਤਰ ਕਰਕੇ ਡਾਕਟਰਾਂ ਨੇ ਇਹਦੇ ਵੱਖ ਵੱਖ ਨਾਂ ਰੱਖੇ ਹੋਏ ਹਨ ਇੰਮਪਰਫੋਰੇਟਡਹਾਈਮਨ ਜਿਸ ਵਿੱਚ ਕੋਈ ਸੁਰਾਖ ਵੀ ਨਾ ਹੋਵੇ ਮਾਸਕ ਧਰਮ ਦੇ ਖ਼ੂਨ ਨੂੰ ਬਾਹਰ ਜਾਣ ਵਾਸਤੇ ਇਸ ਹਾਲਾਤ ਨੂੰ ਕਰਿਪਟੋਮੈਨੋਰੀਆ ਕਹਿੰਦੇ ਹਨ ਜਿਸ ਵਾਸਤੇ ਤੁਰੰਤ ਸਰਜਰੀ ਦੀ ਮਦਦ ਦੀ ਲੋੜ ਹੁੰਦੀ।

ਮਾਈਕਰੋਪਰਫੋਰੇਟਡ ਹਾਈਮਨ ਜਿਸ ਵਿੱਚ ਅਨੇਕਾਂ ਹੀ ਸੁਰਾਖ ਹੁੰਦੇ ਹਨ। ਇਸ ਹਾਲਤ ਲਈ ਵੀ ਸਰਜਰੀ ਦੀ ਲੋੜ ਹੁੰਦੀ ਹੈ।

ਕਰਿਬਰੀਫਾਰਮ ਹਾਈਮਨ ਜਿਸ ਵਿੱਚ ਵੀ ਇਕ ਤੋ ਜ਼ਿਆਦਾ ਸੁਰਾਖ ਹੋ ਸਕਦੇ ਹਨ ਜਿਹੜੇ ਸਖ਼ਤ ਮਾਸਪੇਸੀਆ ਰਾਹੀਂ ਇਕ ਦੂਜੇ ਤੋਂ ਵੱਖ ਕੀਤੇ ਹੁੰਦੇ ਹਨ ਜਿਸ ਕਰਕੇ ਸੈਕਸ ਸੰਬੰਧ ਬਣਾਉਣ ਵਿੱਚ ਵੀ ਤਕਲੀਫ ਹੁੰਦੀ ਹੈ ਬਲਕਿ ਮਾਸਿਕ ਧਰਮ ਸਮੇਂ ਟੈਪੋਨ ਰੱਖਣ ਲਈ ਵੀ ਤਕਲੀਫ ਹੁੰਦੀ ਹੈ।

ਸੈਪਟੇਟ ਹਾਈਮਨ ਜਿਸ ਵਿੱਚ ਕਈ ਰਸੀਆ ਵਰਗੇ ਵਾਧੂ ਟਿਸ਼ੂਆ ਦੇ ਬੰਧਨ ਹੁੰਦੇ ਹਨ ਤੇ ਕਈ ਸੁਰਾਖ ਹੋਣ ਦੇ ਬਾਵਜੂਦ ਪੂਰੀ ਤਰ੍ਹਾਂ ਖ਼ੂਨ ਬਾਹਰ ਵੀ ਨਹੀਂ ਜਾਂਦਾ ਤੇ ਸੈਕਸ ਸੰਬੰਧਾਂ ਵਿੱਚ ਵੀ ਕਾਮਯਾਬੀ ਨਹੀਂ ਹੁੰਦੀ।

ਉਪਰਲੀ ਤਸਵੀਰ ਕੁਆਰਪੁਣੇ ਪਰਦੇ ਯਾਨੀ ਹਾਈਮਨ ਦੀ ਕੁਆਰਪੁਣੇ ਸਮੇਂ ਨੂੰ ਪੇਸ਼ ਕਰ ਰਹੀ ਹੈ ਲਾਲ ਬ੍ਰਿਮੰਡੀ ਰੰਗ ਹਾਈਮਨ ਦਾ ਹੈ।

ਉਪਰੋਕਤ ਹਾਈਮਨ ਦੇ ਸਾਰੇ ਬ੍ਰਿਤਾਂਤ ਤੋਂ ਪਤਾ ਚੱਲਦਾ ਹੈ ਕਿ ਜਿਸ ਹਾਈਮਨ ਦੀ ਬਣਤਰ ਵਿੱਚ ਸਖ਼ਤ ਇਲਾਸਟਿਕ ਟਿਸ਼ੂ ਆ ਜਾਂਦੇ ਹਨ ਉਨ੍ਹਾਂ ਦਾ ਪਹਿਲੇ ਸੈਕਸ ਸੰਬੰਧਾਂ ਸਮੇਂ ਵੀ ਫਟਨਾ ਮੁਸ਼ਕਲ ਹੁੰਦਾ ਹੈ ਬਲਕਿ ਲਚਕ ਦੇ ਕਾਰਨ ਸੈਕਸ ਸੰਬੰਧ ਤਕਲੀਫ ਦੇਹ ਹੁੰਦੇ ਹਨ। ਇਹਨਾਂ ਸਭ ਹਾਲਾਤਾਂ ਵਿੱਚ ਵਕਤ ਸਿਰ ਸਰਜਰੀ ਦਾ ਸਹਾਰਾ ਲੈ ਕੇ ਇਸ ਮੁਸੀਬਤ ਤੋਂ ਛੁਟਕਾਰਾ ਜ਼ਰੂਰੀ ਹੈ।

ਹੁੰਦੜਹੇਲ ਉਮਰ ਤੋਂ ਪਹਿਲਾਂ ਹਾਈਮਨ ਵਜਾਈਨਾ ਵਿੱਚ ਕਾਫੀ ਡੂੰਘਾ ਯਾਨੀ ਉੱਚਾ ਹੁੰਦਾ ਹੈ ਤੇ ਸਧਾਰਨ ਸੈਕਸ ਸੰਬੰਧਾਂ ਸਮੇਂ ਜ਼ਰੂਰੀ ਨਹੀਂ ਹੁੰਦਾ ਕਿ ਹਾਈਮਨ ਫਟ ਹੀ ਜਾਵੇ। ਪਰ ਬੱਚੀਆਂ ਵਿੱਚ ਬਲਾਤਕਾਰ ਵਰਗੇ ਹਾਦਸਿਆਂ ਵਿੱਚ ਵਜਾਈਨਾ ਤੇ ਵਲਵਾ ਯਾਨੀ ਭਗਤੇ ਭਗ ਦੁਆਰ ਦੀਆਂ ਅੰਦਰ ਦੀਆਂ ਦੀਵਾਰਾ ਛਿੱਲੀਆਂ ਜਾਂਦੀਆਂ ਹਨ ਬੇਸ਼ੱਕ ਹਾਈਮਨ ਵਜਾਈਨਾ ਵਿੱਚ ਕਾਫੀ ਉੱਚਾ ਜਾ ਡੂੰਘਾ ਹੋਣ ਕਰਕੇ ਨਾ ਵੀ ਫਟਿਆ ਹੋਵੇ। ਸੋ ਇਹਨਾਂ ਹਲਾਤਾਂ ਨੂੰ ਅਸੀਂ ਮੈਡੀਕੋਲੀਗਲ ਦੇ ਲੈਕਚਰਾਂ ਸਮੇਂ ਵਿਚਾਰਾਂਗੇ।

ਹਾਈਮਨ ਇਕ ਔਰਤ ਦੇ ਘੁੰਡ ਕੱਢਣ ਵਾਂਗ ਹੈ ਭਗ ਦੁਆਰ ਦੀ ਪਰਦਾਦਾਰੀ ਹੈ। ਪਰ ਸਧਾਰਨ ਹਾਲਤਾਂ ਵਿੱਚ ਪਹਿਲੇ ਸੈਕਸ ਸੰਬੰਧ ਸਮੇਂ ਜਦ ਇਹ ਫਟਦਾ ਹੈ ਤਾਂ ਕੁਝ ਦਰਦ ਵੀ ਤੇ ਖ਼ੂਨ ਵੀ ਵਗਦਾ ਹੈ। ਪਰ ਬਾਅਦ ਵਿੱਚ ਇਹ ਦੋ ਪਾਸੀ ਝਾਲਰ ਵਾਂਗ ਲਟਕਿਆ ਰਹਿ ਜਾਂਦਾ ਹੈ।

ਬਹੁਤ ਸਾਰੀਆਂ ਮਿਥਾ ਹਾਈਮਨ ਬਾਰੇ ਪਰਚਲਤ ਹਨ ਕਿ ਇਹ ਔਰਤ ਦੀ ਸ਼ਰਾਫ਼ਤ ਯਾਨੀ ਵਰਜਿਨਿਟੀ ਦਾ ਸਬੂਤ ਹੈ। ਪੁਰਾਣੇ ਜ਼ਮਾਨੇ ਵਿੱਚ ਸ਼ਾਦੀ ਦੀ ਪਹਿਲੀ ਰਾਤ ਔਰਤ ਦੇ ਬਿਸਤਰ ਉੱਪਰ ਇਕ ਚਿੱਟੀ ਚਾਦਰ ਵਿਛਾਈ ਜਾਂਦੀ ਸੀ ਤਾਂਕਿ ਪਤਾ ਚਲੇ ਪਹਿਲੀ ਰਾਤ ਸੈਕਸ ਸੰਬੰਧਾਂ ਬਾਅਦ ਅਗਰ ਰਾਤ ਹੀ ਹਾਈਮਨ ਯਾਨੀ ਕੁਆਰਪੁਣੇ ਦਾ ਪਰਦਾ ਫਟਿਆ ਹੈ ਤਾਂ ਔਰਤ ਬਨਣ ਵਾਲੀ ਲੜਕੀ ਸਰੀਫ ਹੈ। ਬਲਕਿ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਔਰਤ ਨੂੰ ਬਦਚਲਨ ਸਮਝਿਆ ਜਾਂਦਾ ਸੀ ਤੇ ਨੌਬਤ ਤਲਾਕ ਤੱਕ ਆ ਜਾਂਦੀ ਸੀ। ਹੁਣ ਕਿਉਂਕਿ ਮੈਡੀਕਲ ਸਾਇੰਸ ਨੇ ਪਬਲਿਕ ਨੂੰ ਕਾਫੀ ਜਾਗ੍ਰਿਤ ਕੀਤਾ ਹੈ ਤੇ ਔਰਤ ਵੀ ਆਪਣੀ ਬਰਾਬਰ ਦੀ ਹਸਤੀ ਲਈ ਸੁਚੇਤ ਹੋ ਰਹੀ ਹੈ ਖ਼ਾਸ ਕਰ ਔਰਤ ਦਾ ਨੌਕਰੀਪੇਸ਼ਾ ਹੋਣਾ ਬਹੁਤ ਵੱਡਾ ਸਹਾਰਾ ਬਣਿਆ ਹੈ। ਔਰਤ ਦਾ ਇਸ ਤਰ੍ਹਾਂ ਦੀ ਤ੍ਰਾਸਦੀ ਵਿੱਚ ਜਿਸ ਕਰਕੇ ਹਾਈਮਨ ਯਾਨੀ ਕੁਆਰਪੁਣੇ ਦੇ ਪਰਦੇ ਦੇ ਫਟੇ।

(ਚੱਲਦਾ)

HOMEOPATHIC NATURAL MEDICINES
When Tired of All Treatments, For any Disease, At any Age
Try Alternative Treatment
Safe and Effective Medicines without any Side Effects



Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA

CAPITAL ACCOUNTING & TAX SERVICES



Kuldip Singh Kang



Sewa Singh Bhinder




HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
ਸਾਨੂੰ 16 ਸਾਲਾਂ ਦਾ ਤਰਜਬਾ ਹੈ।
Same Day Plates Same Day Plates Same Day Plates
PH : 530-669-5780 Fax : 530-669-5775,
Cell : 530-908-9386 Cell : 530-405-6020
Tax Returns- Corporations, LLC, Non-Profits, Small Business and Individuals
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. #40524


# ਐਲਸਬਰਾਂਟੇ ਗੁਰਦੁਆਰਾ ਸਾਹਿਬ ਕੈਲੀਫੋਰਨੀਆ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ




ਐਲਸਬਰਾਂਟੇ/ਕੈਲੀਫੋਰਨੀਆ (ਪ੍ਰਮਿੰਦਰ ਸਿੰਘ 'ਪ੍ਰਵਾਨਾ') ਬੀਤੇ ਦਿਨੀਂ ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵਲੋਂ ਐਲਸਬਰਾਂਟੇ ਗੁਰਦੁਆਰਾ ਸਾਹਿਬ 3550 Hillcrest Road EL Sobrante California 94803 USA ਵਿਖੇ ਸਜੇ ਹਫ਼ਤਾਵਾਰੀ ਦੀਵਾਨਾਂ ਵਿਚ ਸੰਪੂਰਨਤਾ ਦਿਵਸ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਗੁਰਦੁਆਰਾ ਸਾਹਿਬ ਸਕੱਤਰ ਰਵਿੰਦਰ ਸਿੰਘ ਰੰਧਾਵਾ ਵਲੋਂ ਕਵੀਆਂ ਦੀ ਜਾਣ-ਪਛਾਣ ਕਰਵਾਉਂਦਿਆਂ ਮੰਚ ਸੰਚਾਲਨ ਲਈ ਪ੍ਰਵਾਨਾ ਨੂੰ ਸੱਦਾ ਦਿੱਤਾ ਗਿਆ। 'ਪ੍ਰਵਾਨਾ' ਵਲੋਂ ਮੰਚ ਸੰਭਾਲਿਆਂ ਇਤਿਹਾਸ ਬਾਰੇ ਜਾਣਕਾਰੀ ਵਿਚ ਕਿਹਾ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖ ਧਰਮ ਦੀ ਉਨਤੀ ਵਿਚ ਹਰਿਮੰਦਰਸਾਹਿਬ ਦੀ ਉਸਾਰੀ ਉਪਰੰਤ, ਸੰਸਾਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਵੱਡੀ ਬਖਸ਼ਿਸ਼ ਕੀਤੀ ਹੈ। ਆਪ ਜੀ ਨੇ ਅਨੁਭਵ ਕੀਤਾ ਕਿ ਜਦ ਹੁਣ ਸਿੱਖਾਂ ਦਾ ਧਾਰਮਿਕ ਕੇਂਦਰ ਸਥਾਪਤ ਹੋ ਗਿਆ ਤਾਂ ਇਕ ਅਜਿਹੇ ਧਾਰਮਿਕ ਗ੍ਰੰਥ ਦੀ ਲੋੜ ਹੈ ਜਿਸ ਵਿਚ ਜਾਤ-ਪਾਤ ਦੇ ਸਾਰੇ ਵਿਤਕਰਿਆਂ ਤੋਂ ਉਪਰ ਉਠ ਕੇ ਗੁਰਬਾਣੀ ਦਰਜ ਹੋਵੇ ਕਿ ਜਿਸ ਦੇ ਗਿਆਨ ਅਤੇ ਅਮਲ ਨਾਲ ਸਮੁੱਚੀ ਮਾਨਵਤਾ ਦਾ ਕਲਿਆਣ ਹੋਵੇ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਦਿ ਗ੍ਰੰਥ ਨੂੰ ਗੁਰਤਾ ਬਖਸ਼ੀ ਅਤੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਉ ਗ੍ਰੰਥ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਕਵੀ ਸ਼ਾਮਲ ਸਨ; ਤ੍ਰਲੋਚਨ ਸਿੰਘ ਦੁਪਾਲਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਭਾਈ ਗੁਰਦਿੱਤ ਸਿੰਘ ਐਲਸਬਰਾਂਟੇ, ਪ੍ਰਮਿੰਦਰ ਸਿੰਘ 'ਪ੍ਰਵਾਨਾ', ਬੀਬੀ ਬਲਵਿੰਦਰ ਕੌਰ ਆਦਿ, ਜਿਨ੍ਹਾਂ ਨੇ ਗੁਰਮਤਿ ਆਸ਼ੇ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਫਿਤ ਸਾਲਾਹ ਦੀਆਂ ਕਵਿਤਾਵਾਂ ਨਾਲ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਸਕੱਤਰ ਰਵਿੰਦਰ ਸਿੰਘ ਰੰਧਾਵਾ ਵਲੋਂ ਕਵੀਆਂ ਦਾ ਧੰਨਵਾਦ ਕਰਦਿਆਂ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਨਵੰਬਰ ਅਤੇ ਦਸੰਬਰ ਵਿਚ ਫਿਰ ਕਵੀ ਦਰਬਾਰ ਸਜਾਉਣ ਦੀ ਤਾਕੀਦ ਵੀ ਕੀਤੀ। ਪ੍ਰਵਾਨਾ ਵਲੋਂ ਧੰਨਵਾਦੀ ਸ਼ਬਦਾਂ ਵਿਚ ਕਿਹਾ ਗਿਆ ਕਿ ਅਜਿਹੇ ਪ੍ਰੋਗਰਾਮ ਸੰਗਤਾਂ ਅਤੇ ਪ੍ਰਬੰਧਕਾਂ ਦੇ ਸੁਹਿਰਦ ਸਹਿਯੋਗ ਨਾਲ ਹੀ ਸਫ਼ਲ ਹੁੰਦੇ ਹਨ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕੁਲਵੰਤ ਸਿੰਘ ਜੀ ਦਾ ਕਵੀ ਦਰਬਾਰ ਸਫ਼ਲ ਬਣਾਉਣ ਵਿਚ ਭਰਪੂਰ ਯੋਗਦਾਨ ਰਿਹਾ। ਪ੍ਰਵਾਨਾ ਵਲੋਂ ਅਗਲੇ ਦੋ ਪ੍ਰੋਗਰਾਮ ਕਰਨ ਦੀ ਹਾਮੀ ਭਰੀ ਗਈ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਗਿਆ। ਗੁਰੂ ਘਰ ਦੀ ਅਪਾਰ ਬਖਸ਼ਿਸ਼ ਸਿਰੋਪਾਓ ਨਾਲ ਕਵੀਆਂ ਦਾ ਸਨਮਾਨ ਕੀਤਾ ਗਿਆ। ਇਕ ਯਾਦਗਾਰੀ ਤਸਵੀਰ ਨਾਲ ਧਾਰਮਿਕ ਕਵੀ ਦਰਬਾਰ ਦਾ ਪ੍ਰੋਗਰਾਮ ਸੰਪੰਨ ਹੋਇਆ।

## ਅਮਰੀਕਾ 'ਚ ਅੱਤਵਾਦੀ ਹਮਲਾ ਕਰਨ ਦੀ ਕੋਸ਼ਿਸ਼ ਦੇ ਦੋਸ਼ 'ਚ ਪਾਕਿਸਤਾਨੀ ਡਾਕਟਰ ਨੂੰ 18 ਸਾਲ ਦੀ ਜੇਲ੍ਹ



ਨਿਊਯਾਰਕ : ਐੱਚ-1-ਬੀ ਵੀਜ਼ਾ 'ਤੇ ਅਮਰੀਕਾ 'ਚ ਕੰਮ ਕਰ ਰਹੇ ਇਕ ਪਾਕਿਸਤਾਨੀ ਡਾਕਟਰ ਨੂੰ ਅੱਤਵਾਦੀ ਸੰਗਠਨ ਆਈ.ਐੱਸ.ਆਈ.ਐੱਸ. ਨੂੰ ਮਦਦ ਮੁਹੱਈਆ ਕਰਵਾਉਣ ਅਤੇ ਅਮਰੀਕਾ 'ਚ ਅੱਤਵਾਦੀ ਹਮਲੇ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ 'ਚ 18 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਨਿਆਂ ਵਿਭਾਗ ਦੇ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਮੁਹੰਮਦ ਮਸੂਦ (31) ਨੂੰ ਸ਼ੁੱਕਰਵਾਰ ਨੂੰ ਆਈ.ਐੱਸ. ਆਈ. ਐੱਸ. ਨੂੰ ਸਹਾਇਤਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿੱਚ 18 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ। ਨਾਲ ਹੀ, ਉਸ ਨੂੰ ਰਿਹਾਈ ਤੋਂ ਬਾਅਦ 5 ਸਾਲ ਤੱਕ ਨਿਗਰਾਨੀ ਵਿੱਚ ਰਹਿਣਾ ਹੋਵੇਗਾ। ਮਸੂਦ ਨੇ ਪਿਛਲੇ ਸਾਲ ਆਪਣਾ ਦੋਸ਼ ਮੰਨ ਲਿਆ ਸੀ ਅਤੇ ਸੀਨੀਅਰ ਜੱਜ ਪਾਲ ਏ. ਮੈਗਨਸਨ ਦੇ ਸਾਹਮਣੇ ਉਸਨੂੰ ਸਜ਼ਾ ਸੁਣਾਈ ਗਈ। ਅਦਾਲਤੀ ਦਸਤਾਵੇਜ਼ਾਂ ਦੇ ਅਨੁਸਾਰ, ਮਸੂਦ ਪਾਕਿਸਤਾਨ ਵਿੱਚ ਇੱਕ ਲਾਇਸੰਸਸ਼ੁਦਾ ਡਾਕਟਰ ਸੀ ਅਤੇ 8-12 ਵੀਜ਼ਾ 'ਤੇ ਮਿਨੇਸੋਟਾ ਦੇ ਰੋਚੇਸਟਰ ਵਿੱਚ ਇੱਕ ਮੈਡੀਕਲ ਕਲੀਨਿਕ ਵਿੱਚ ਇੱਕ ਖੋਜ ਕੋਆਰਡੀਨੇਟਰ ਵਜੋਂ ਕੰਮ ਕਰਦਾ ਸੀ। ਮਸੂਦ ਨੇ ਜਨਵਰੀ 2020 ਤੋਂ ਮਾਰਚ 2020 ਦਰਮਿਆਨ ਇੱਕ ਅੱਤਵਾਦੀ ਸੰਗਠਨ ਵਿੱਚ ਸ਼ਾਮਲ ਹੋਣ ਦੇ ਉਦੇਸ਼ ਨਾਲ ਆਪਣੀ ਵਿਦੇਸ਼ ਯਾਤਰਾ ਦੀ ਸਹੂਲਤ ਲਈ ਮੈਸੇਜਿੰਗ ਐਪਲੀਕੇਸ਼ਨ ਦੀ ਵਰਤੋਂ ਕੀਤੀ ਸੀ। ਮਸੂਦ ਨੇ ਇਸਲਾਮਿਕ ਸਟੇਟ ਆਫ ਇਰਾਕ ਐਂਡ ਅਲ-ਸ਼ਾਮ (ਆਈ. ਐੱਸ. ਆਈ. ਐੱਸ.) 'ਚ ਸ਼ਾਮਲ ਹੋਣ ਦੀ ਆਪਣੀ ਇੱਛਾ ਦੇ ਸੰਬੰਧ 'ਚ ਕਈ ਬਿਆਨ ਦਿੱਤੇ ਅਤੇ ਉਸ ਨੇ ਅੱਤਵਾਦੀ ਸੰਗਠਨ ਅਤੇ ਉਸ ਦੇ ਨੇਤਾ ਪ੍ਰਤੀ ਆਪਣੀ ਵਫ਼ਾਦਾਰੀ ਵੀ ਜ਼ਾਹਰ ਕੀਤੀ ਸੀ। ਮਸੂਦ ਨੇ ਅਮਰੀਕਾ ਵਿਚ ਇਕੱਲੇ ਅੱਤਵਾਦੀ ਹਮਲੇ ਕਰਨ ਦਾ ਆਪਣਾ ਇਰਾਦਾ ਜ਼ਾਹਰ ਕੀਤਾ ਸੀ।

## ਰਾਸ਼ਟਰਪਤੀ ਚੋਣ ਲਈ ਰਿਪਬਲਿਕਨ ਪਾਰਟੀ ਦੀ ਪਹਿਲੀ ਪ੍ਰਾਇਮਰੀ ਬਹਿਸ 'ਚ ਟਕਰਾਏ ਹੇਲੀ ਅਤੇ ਰਾਮਾਸਵਾਮੀ




ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ 'ਚ ਸ਼ਾਮਲ ਭਾਰਤੀ-ਅਮਰੀਕੀ ਦਾਅਵੇਦਾਰ ਨਿੱਕੀ ਹੇਲੀ ਅਤੇ ਵਿਵੇਕ ਰਾਮਾਸਵਾਮੀ ਨੇ ਅਮਰੀਕਾ ਵਿੱਚ ਰਿਪਬਲਿਕਨ ਪਾਰਟੀ ਦੀ ਪਹਿਲੀ ਪ੍ਰਾਇਮਰੀ ਵਿੱਚ ਵਿਦੇਸ਼ ਨੀਤੀ ਦੇ ਮੁੱਦੇ 'ਤੇ ਬਹਿਸ ਕੀਤੀ। ਦੱਖਣੀ ਕੈਰੋਲੀਨਾ ਦੀ ਸਾਬਕਾ ਗਵਰਨਰ ਹੇਲੀ ਨੇ ਆਪਣੇ ਵਿਰੋਧੀ ਅਤੇ ਉਦਯੋਗਪਤੀ ਰਾਮਾਸਵਾਮੀ 'ਤੇ ਵਿਦੇਸ਼ ਨੀਤੀ ਦਾ ਬਹੁਤ ਘੱਟ ਤਜ਼ਰਬਾ ਰੱਖਣ ਅਤੇ ਰੂਸ ਦਾ ਪੱਖ ਲੈਣ ਦਾ ਦੋਸ਼ ਲਗਾਇਆ। ਉੱਥੇ ਹੀ ਅਮਰੀਕੀ ਮੀਡੀਆ ਮੁਤਾਬਕ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਬਹਿਸ 'ਚ ਹਿੱਸਾ ਨਹੀਂ ਲਿਆ। ਹੇਲੀ (51) ਅਤੇ ਰਾਮਾਸਵਾਮੀ (38) ਪਿਛਲੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਵਿਦੇਸ਼ ਨੀਤੀ ਦੇ ਮੁੱਦਿਆਂ ਨੂੰ ਲੈ ਕੇ ਵਿਵਾਦਾਂ 'ਚ ਹਨ। ਮਿਲਵਾਕੀ, ਵਿਸਕਾਨਸਿਨ 'ਚ ਬੁੱਧਵਾਰ ਨੂੰ ਹੋਈ ਬਹਿਸ ਦੌਰਾਨ ਹੇਲੀ ਨੇ ਰਾਮਾਸਵਾਮੀ 'ਤੇ ਅਮਰੀਕਾ ਦੇ ਦੁਸ਼ਮਣਾਂ ਦਾ ਸਮਰਥਨ ਕਰਨ ਅਤੇ ਆਪਣੇ ਦੋਸਤਾਂ ਦਾ ਸਮਰਥਨ ਨਾ ਕਰਨ ਦਾ ਦੋਸ਼ ਲਗਾਇਆ। ਇਸ ਤੋਂ ਪਹਿਲਾਂ ਰਾਮਾਸਵਾਮੀ ਨੇ ਕਿਹਾ ਸੀ ਕਿ ਉਹ ਰੂਸ ਖ਼ਿਲਾਫ਼ ਜੰਗ ਵਿੱਚ ਯੂਕ੍ਰੇਨ ਦਾ ਸਮਰਥਨ ਨਹੀਂ ਕਰਨਗੇ। ਸੰਯੁਕਤ ਰਾਸ਼ਟਰ 'ਚ ਅਮਰੀਕਾ ਦੀ ਸਾਬਕਾ ਰਾਜਦੂਤ ਹੇਲੀ ਨੇ ਰਾਮਾਸਵਾਮੀ 'ਤੇ ਉਨ੍ਹਾਂ ਦੇ ਨਾਲ ਖੜ੍ਹਨ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਉਹ 'ਕਾਤਲ' ਰੂਸੀ ਰਾਸ਼ਟਰਪਤੀ ਦਾ ਸਮਰਥਨ ਕਰ ਰਹੇ ਹਨ ਅਤੇ ਜੇਕਰ ਉਹ ਰਾਸ਼ਟਰਪਤੀ ਬਣੇ ਤਾਂ ਅਮਰੀਕਾ ਅਸੁਰੱਖਿਅਤ ਹੋ ਜਾਵੇਗਾ। ਹੇਲੀ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਰੂਸ ਯੂਕ੍ਰੇਨ 'ਤੇ ਕਬਜ਼ਾ ਕਰ ਲਵੇ। ਉਹ ਚਾਹੁੰਦੇ ਹਨ ਕਿ ਚੀਨ ਤਾਇਵਾਨ ਨੂੰ ਆਪਣੇ ਨਾਲ ਜੋੜ ਲਵੇ।" ਉੱਥੇ ਹੀ ਰਾਮਾਸਵਾਮੀ ਨੇ ਕਿਹ ਕਿ ਉਹ ਜੰਗ ਪ੍ਰਭਾਵਿਤ ਯੂਕ੍ਰੇਨ ਨੂੰ ਹੋਰ ਜ਼ਿਆਦਾ ਸਹਾਇਤਾ ਦਿੱਤੇ ਜਾਣ ਦਾ ਸਮਰਥਨ ਨਹੀਂ ਕਰਨਗੇ। ਉਨ੍ਹਾਂ ਕਿਹਾ, "ਸਾਨੂੰ ਉਨ੍ਹਾਂ ਹੀ ਫੌਜੀ ਸਾਧਨਾਂ ਦੀ ਵਰਤੋਂ ਅਮਰੀਕਾ 'ਚ ਸਾਡੀ ਦੱਖਣੀ ਸਰਹੱਦ 'ਤੇ ਹਮਲੇ ਨੂੰ ਰੋਕਣ ਲਈ ਕਰਨੀ ਚਾਹੀਦੀ ਹੈ। ਅਮਰੀਕਾ ਲਈ ਯੂਕ੍ਰੇਨ ਪਹਿਲ ਨਹੀਂ ਹੈ।" ਉਨ੍ਹਾਂ ਦੋਸ਼ ਲਾਇਆ ਕਿ ਹੇਲੀ ਵੱਡੇ ਰੱਖਿਆ ਠੇਕੇਦਾਰਾਂ ਦੇ ਇਸ਼ਾਰੇ 'ਤੇ ਯੂਕ੍ਰੇਨ ਦਾ ਸਮਰਥਨ ਕਰ ਰਹੀ ਹੈ।

## ਕੈਲੀਫੋਰਨੀਆ ਵਿਚ ਇਕ ਪੰਜਾਬੀ ਸਿੱਖ ਆਪਣੀ ਦੋਸਤ ਔਰਤ ਦੇ ਕਤਲ ਦੇ ਦੋਸ਼ਾਂ ਤਹਿਤ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੈਲੀਫੋਰਨੀਆ ਵਿਚ ਇਕ ਪਾਰਕਿੰਗ ਗੈਰਾਜ ਵਿਚ ਆਪਣੀ ਦੋਸਤ ਕੁੜੀ ਦੀ ਗੋਲੀ ਮਾਰ ਕੇ ਹੱਤਿਆ ਕਰਨ ਦੇ ਦੋਸ਼ਾਂ ਤਹਿਤ 29 ਸਾਲਾ ਸਿੱਖ ਸਿਮਰਨਜੀਤ ਸਿੰਘ ਨੂੰ ਗ੍ਰਿਫਤਾਰ ਕਰਨ ਤੇ ਉਸ ਵਿਰੁੱਧ ਰਸਮੀ ਦੋਸ਼ ਆਇਦ ਕਰਨ ਦੀ ਖਬਰ ਹੈ। ਰੋਜਵਿਲੇ ਸ਼ਹਿਰ ਦੀ ਗਾਲੇਰੀਆ ਮਾਲ ਦੀ ਬਹੁ ਮੰਜਿਲੀ ਪਾਰਕਿੰਗ ਵਿਚ 34 ਸਾਲਾ ਔਰਤ ਮ੍ਰਿਤਕ ਹਾਲਤ ਵਿਚ ਮਿਲੀ ਸੀ। ਪ੍ਰਾਪਤ ਵੇਰਵੇ ਅਨੁਸਾਰ ਪਿਛਲੇ ਹਫਤੇ ਸ਼ਨੀਵਾਰ ਨੂੰ ਅਦਾਜਨ ਸਵੇਰੇ 10.30 ਵਜੇ ਸਿਮਰਨਜੀਤ ਸਿੰਘ ਤੇ ਉਸ ਦੀ ਦੋਸਤ ਔਰਤ ਇਕੱਠੇ ਹੀ ਮਾਲ ਵਿਚ ਆਏ ਸਨ। ਸਿਮਰਨਜੀਤ ਸਿੰਘ ਨੇ ਕਥਿੱਤ 'ਤੌਰ 'ਤੇ ਆਪਣੀ ਦੋਸਤ ਦੀ ਹੱਤਿਆ ਕਰਨ ਉਪਰੰਤ ਭੱਜਣ ਦਾ ਯਤਨ ਕੀਤਾ ਜਿਸ ਦੌਰਾਨ ਉਹ ਆਪਣਾ ਅਗਨ ਸ਼ਸਤਰ ਕਾਰ ਵਿਚ ਹੀ ਭੁੱਲ ਗਿਆ ਜਿਸ ਨੂੰ ਪੁਲਿਸ ਨੇ ਬਰਾਮਦ ਕਰ ਲਿਆ ਹੈ। ਆਪਣੀ ਪਹਿਲੀ ਪੇਸ਼ੀ ਮੌਕੇ ਸਿਮਰਨਜੀਤ ਸਿੰਘ ਨੇ ਗੁਨਾਹ ਕਬੂਲ ਕਰਨ ਦੀ ਗੱਲ ਨਹੀਂ ਮੰਨੀ। ਪੁਲਿਸ ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਕ ਹੋਰ ਵਿਅਕਤੀ ਤੋਂ ਵੀ ਇਸ ਮਾਮਲੇ ਵਿਚ ਪੁੱਛਗਿੱਛ ਕੀਤੀ ਗਈ ਸੀ ਪਰੰਤੂ ਬਾਅਦ ਵਿਚ ਉਸ ਨੂੰ ਛੱਡ ਦਿੱਤਾ ਗਿਆ ਸੀ। ਸਿਮਰਨਜੀਤ ਸਿੰਘ ਕੈਲੀਫੋਰਨੀਆ ਦੀ ਪਲੇਸਰ ਕਾਊਂਟੀ ਜੇਲ ਵਿਚ ਹੈ ਜਿਥੇ ਫਿਲਹਾਲ ਉਸ ਦੀ ਜ਼ਮਾਨਤ ਦੀ ਸੰਭਾਵਨਾ ਨਹੀਂ ਹੈ।

## ਅਮਰੀਕਾ 'ਚ ਪੁਰਾਣੀ ਇਮੀਗ੍ਰੇਸ਼ਨ ਪ੍ਰਣਾਲੀ ਚ ਸੁਧਾਰ ਕਰਨ ਦੀ ਉੱਠੀ ਮੰਗ, ਭਾਰਤੀਆਂ ਤੇ ਵੀ ਪਵੇਗਾ ਅਸਰ




ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੀ ਅਗਵਾਈ ਵਾਲੇ ਪ੍ਰਸ਼ਾਸਨ ਨੇ ਸੰਸਦ ਨੂੰ ਬਹੁਤ ਪੁਰਾਣੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਅਪਡੇਟ ਕਰਨ ਲਈ ਕਿਹਾ ਹੈ। ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਅਤੇ ਦਫ਼ਤਰ ਵ੍ਹਾਈਟ ਹਾਊਸ ਨੇ ਇਹ ਜਾਣਕਾਰੀ ਦਿੱਤੀ। ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰਿਨ ਜੀਨ-ਪੀਅਰੇ ਨੇ ਆਪਣੀ ਰੋਜ਼ਾਨਾ ਨਿਊਜ਼ ਕਾਨਫਰੰਸ ਵਿੱਚ ਕਿਹਾ ਕਿ 'ਜਿਵੇਂ ਕਿ ਅਸੀਂ ਪਹਿਲਾਂ ਵੀ ਕਈ ਵਾਰ ਕਿਹਾ ਹੈ, ਇਹ ਇੱਕ ਪੁਰਾਣੀ ਇਮੀਗ੍ਰੇਸ਼ਨ ਪ੍ਰਣਾਲੀ ਹੈ।' ਅਸੀਂ ਸੰਸਦ ਨੂੰ ਆਪਣੀ ਪੁਰਾਣੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਅਪਡੇਟ ਕਰਨ ਲਈ ਕਿਹਾ ਹੈ। ਅਸੀਂ ਇਸ ਬਾਰੇ ਬਹੁਤ ਸਪੱਸ਼ਟ ਹਾਂ। ਇਨ੍ਹਾਂ ਵਿੱਚ ਅਸਥਾਈ ਵੀਜ਼ਾ ਪ੍ਰੋਗਰਾਮ ਸ਼ਾਮਲ ਹੈ, ਜਿਸ ਨੂੰ ਦੋ ਦਹਾਕਿਆਂ ਤੋਂ ਵੱਧ ਸਮੇਂ ਵਿੱਚ ਅਪਡੇਟ ਨਹੀਂ ਕੀਤਾ ਗਿਆ ਹੈ।" ਮੌਜੂਦਾ ਨਿਯਮਾਂ ਦੇ ਤਹਿਤ ਕੁਝ ਅਸਥਾਈ ਵੀਜ਼ਿਆਂ 'ਤੇ ਕੰਮ ਕਰਨ ਵਾਲੇ ਕਾਮਿਆਂ ਕੋਲ ਨਵਾਂ ਰੁਜ਼ਗਾਰ ਲੱਭਣ, ਵੱਖਰਾ ਵੀਜ਼ਾ ਵਰਗੀਕਰਣ ਅਪਣਾਉਣ ਜਾਂ ਅਮਰੀਕਾ ਛੱਡਣ ਦੀ ਤਿਆਰੀ ਕਰਨ ਲਈ ਆਮਤੌਰ 'ਤੇ 60 ਦਿਨ ਹੁੰਦੇ ਹਨ। ਉਹਨਾਂ ਨੇ ਕਿਹਾ ਕਿ ਇਸ ਲਈ ਸੰਸਦ ਨੂੰ ਆਪਣਾ ਕੰਮ ਕਰਨ ਅਤੇ ਕਾਨੂੰਨ ਪਾਸ ਕਰਨ ਦੀ ਲੋੜ ਹੈ। ਉਸ ਨੂੰ ਸਾਡੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਅਪਡੇਟ ਕਰਨ ਦੀ ਲੋੜ ਹੈ ਤਾਂ ਜੋ ਉਹ 21ਵੀਂ ਸਦੀ ਦੀ ਆਰਥਿਕਤਾ ਵਿੱਚ ਅੱਜ ਅਸੀਂ ਜਿੱਥੇ ਹਾਂ, ਉਸ ਦੀਆਂ ਲੋੜਾਂ ਨੂੰ ਪੂਰਾ ਕਰ ਸਕੀਏ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਨੇ ਕਿਹਾ ਕਿ ਆਪਣੇ ਪ੍ਰਸ਼ਾਸਨ ਦੇ ਪਹਿਲੇ ਦਿਨ ਬਾਈਡੇਨ ਨੇ ਇਕ ਇਮੀਗ੍ਰੇਸ਼ਨ ਸੁਧਾਰ ਕਾਨੂੰਨ ਪੇਸ਼ ਕੀਤਾ ਸੀ ਕਿਉਂਕਿ ਉਹ ਇਸ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਨ। ਜ਼ਿਕਰਯੋਗ ਹੈ ਕਿ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਕੀਤੇ ਜਾਣ ਵਾਲੇ ਸੁਧਾਰਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਹਮਣੇ ਨਹੀਂ ਆਈ ਹੈ। ਇਸ ਲਈ ਇਹਨਾਂ ਸੁਧਾਰਾਂ ਦਾ ਭਾਰਤੀਆਂ 'ਤੇ ਕੀ ਅਸਰ ਪਵੇਗਾ ਇਸ ਬਾਰੇ ਕੁਝ ਕਹਿਣਾ ਜਲਦਬਾਜ਼ੀ ਹੋਵੇਗੀ। ਇਹ ਸਭ ਆਉਣ ਵਾਲੇ ਸਮੇਂ ਵਿਚ ਸਪੱਸ਼ਟ ਹੋਵੇਗਾ ਕਿ ਇਸ ਨਾਲ ਭਾਰਤੀਆਂ ਨੂੰ ਫ਼ਾਇਦਾ ਹੋਵੇਗਾ ਜਾਂ ਨਹੀਂ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ




ਕੈਪਟਨ ਅਮਰਜੀਤ ਸਿੰਘ ਕਾਲੇਕਾ

# ਸਾਡਾ ਦਾਦਕਾ ਪਿਛੋਕੜ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸ. ਗੁਰਬਖਸ਼ ਸਿੰਘ ਕਾਲੇਕਾ ਦੇ ਸਨੌਰ ਪਰਗਨਾ ਜਿਸ ਵਿਚ 100 ਪਿੰਡਾਂ ਦਾ ਰਕਬਾ ਸੀ ਆਪਣੀ ਭੈਣ ਮਹਾਰਾਣੀ ਫੱਤੋ ਦੇ ਝੋਲੀ ਪਾਉਣ ਕਰਕੇ ਸਾਨੂੰ ਸਨੌਰ ਤੋਂ ਦੁਗਾਲ ਆਉਣਾ ਪਿਆ। ਸੰਨ 1760 ਤੱਕ ਬਾਬਾ ਆਲਾ ਸਿੰਘ ਅਤੇ ਉਸ ਦੇ ਸਮੱਰਥਕ ਜਨਰਲ ਸ. ਗੁਰਬਖਸ਼ ਸਿੰਘ ਕਾਲੇਕਾ ਨੇ 900 ਪਿੰਡ ਜਿੱਤ ਲਏ ਸਨ। ਸਾਡਾ ਪਰਿਵਾਰ ਕਾਲੇਕਿਆਂ ਤੋਂ ਆ ਕੇ ਤਕਰੀਬਨ 15 ਸਾਲ ਸਨੌਰ ਵਿਖੇ ਰਿਹਾ ਜੋ ਸਾਡਾ ਰਕਬਾ ਸੀ। ਜਦੋਂ ਰਾਜਾ ਬਣਨ ਦੀ ਗੱਲ ਆਈ ਤਾਂ ਸਾਡੇ ਬਜ਼ੁਰਗਾਂ ਨੇ ਆਪਣੀ ਭੈਣ ਦੇ ਪਤੀ ਬਾਬਾ ਆਲਾ ਨੂੰ ਸਹਾਇਤਾ ਦੇਣ ਲਈ ਸਾਰਾ ਇਲਾਕਾ ਉਸ ਦੀ ਝੋਲੀ ਵਿਚ ਪਾ ਦਿੱਤਾ। ਬਾਬਾ ਆਲਾ ਸਿੰਘ ਰਾਜਾ ਆਲਾ ਸਿੰਘ ਬਣ ਗਏ। 1752 ਵਿਚ ਨਵੇਂ ਮਿਲੇ ਸਨੌਰ ਇਲਾਕੇ ਵਿਚ ਉਹਨਾਂ ਨੇ ਆਪਣੀ ਰਾਜਧਾਨੀ ਬਣਾਈ ਅਤੇ ਉਸ ਦਾ ਨਾਂ ਪਟਿਆਲਾ ਰੱਖਿਆ। ਸ. ਗੁਰਬਖਸ਼ ਸਿੰਘ ਕਾਲੇਕਾ ਨੂੰ ਸਤਿਕਾਰ ਵੱਜੋਂ ਦੀਵਾਨ ਦਾ ਖ਼ਿਤਾਬ ਦਿੱਤਾ ਗਿਆ ਅਤੇ ਪਟਿਆਲਾ ਕਿਲ੍ਹੇ ਦਾ ਨੀਂਹ ਪੱਥਰ ਵੀ ਉਹਨਾਂ ਪਾਸੋਂ ਹੀ ਰਖਵਾਇਆ ਗਿਆ। 1760 ਵਿੱਚ ਰਾਜਾ ਆਲਾ ਸਿੰਘ ਨੇ ਸਾਰੇ ਸਮਰੱਥਕਾਂ, ਸਰਦਾਰਾਂ ਅਤੇ ਹੋਰ ਪਰਿਵਾਰਾਂ ਨੂੰ ਆਪਣੀਆਂ ਰਾਜਨੀਤਕ ਲੋੜਾਂ ਅਨੁਸਾਰ ਮੁੜ ਵਸਾਇਆ। ਮਹਾਰਾਣੀ ਫੱਤੋ ਦੇ ਤਿੰਨ ਭਰਾ ਸਨ। ਦੋ ਸਕੇ ਭਰਾ ਚੌਧਰੀ ਹਰੀਆ ਅਤੇ ਚੌਧਰੀ ਸਿਰੀਆ। ਇਕ ਚਾਚੇ ਦਾ ਪੁੱਤਰ ਸ ਗੁਰਖਬਸ਼ ਸਿੰਘ ਜੋ ਕਾਲੇਕਾ ਪਰਿਵਾਰ ਦਾ ਮੁਖੀ ਸੀ। ਰਾਜਾ ਆਲਾ ਸਿੰਘ ਨੇ ਕਾਲੇਕਿਆਂ ਦੀ ਬਹਾਦਰੀ ਅਤੇ ਵਫ਼ਾਦਾਰੀ ਦੇਖੀ ਹੋਈ ਸੀ। ਉਸੇ ਅਨੁਸਾਰ ਕਾਲੇਕਿਆਂ ਨੂੰ ਇਕ ਹੋਰ ਮੁਸਲਮਾਨ ਪਰਿਵਾਰ ਜੋ ਹਰੀਆਓ ਡਸਕਾ ਰਹਿੰਦਾ ਸੀ, ਜਿਸ ਦਾ ਦਬ-ਦਬਾ ਬਹੁਤ ਸੀ ਅਤੇ ਉਹ ਰਾਜਾ ਆਲਾ ਸਿੰਘ ਦੇ ਵਿਰੁੱਧ ਸੀ, ਨੂੰ ਕੰਟਰੋਲ ਕਰਨ ਲਈ ਸਾਰੇ ਕਾਲੇਕਿਆਂ ਨੂੰ ਸਮਾਣੇ ਅਤੇ ਸ਼ਤਰਾਣੇ ਇਲਾਕੇ ਵਿਚ ਫੈਲਾ ਦਿੱਤਾ। ਸਾਡੇ ਵੱਡੇ ਵਡੇਰੇ ਚੌਧਰੀ ਹਰੀਆ ਨੂੰ ਦੁਗਾਲ ਅਤੇ ਤਿੰਨ ਪਿੰਡ ਬੂਰੜ, ਨਿਹਾਲਗੜ੍ਹ ਅਤੇ ਪਾਤੜਾਂ (ਹੁਣ ਮੰਡੀ) ਦੇ ਦਿੱਤੇ ਗਏ। ਛੋਟੇ ਭਰਾ ਚੌਧਰੀ ਸਿਰੀਆ ਨੂੰ ਵੱਡੀ ਢੰਢੋਲੀ, ਛੋਟੀ ਢੰਢੋਲੀ ਅਤੇ ਜਨਾਲ ਪਿੰਡ ਦਿੱਤੇ ਗਏ। ਸ. ਗੁਰਬਖਸ਼ ਸਿੰਘ ਕਾਲੇਕਾ ਨੂੰ ਪਿੰਡ ਕਮਾਲਪੁਰ ਅਤੇ ਅੱਧਾ ਬੱਮਣਾ ਦਿੱਤਾ ਗਿਆ।

1765 ਵਿਚ ਰਾਜਾ ਆਲਾ ਸਿੰਘ ਦੁਨੀਆ ਤੋਂ ਕੂਚ ਕਰ ਗਏ ਅਤੇ ਉਹਨਾਂ ਦਾ ਰਾਜ ਉਹਨਾਂ ਦੇ ਪੋਤਰੇ ਅਮਰ ਸਿੰਘ (ਪੁੱਤਰ ਸਰਦੂਲ ਸਿੰਘ, ਜੋ ਬਾਬਾ ਆਲਾ ਸਿੰਘ ਦੇ ਰਹਿੰਦਿਆਂ ਹੀ ਲੜਾਈ ਵਿਚ ਸ਼ਹੀਦ ਹੋ ਗਏ) ਨੂੰ ਮਿਲਿਆ। ਰਾਜਾ ਅਮਰ ਸਿੰਘ ਨੂੰ ਹਰੀਆਓ ਡਸਕਾ ਪਰਿਵਾਰ ਬਹੁਤ ਤੰਗ ਕਰਨ ਲੱਗੇ। ਹਰੀਆਓ ਡਸਕਾ ਪਰਿਵਾਰ ਦਾ ਅਸਰ ਤਕਰੀਬਨ 100 ਮੁਸਲਮਾਨ ਪਿੰਡਾ ਵਿਚ ਸੀ ਜੋ ਸਮਾਣਾ ਸ਼ਤੁਰਾਣੇ ਇਲਾਕੇ ਵਿਚ ਸੀ। ਰਾਜੇ ਨੇ ਦੁਗਾਲ ਪਰਿਵਾਰ ਨੂੰ ਫੌਜ ਰੱਖਣ ਲਈ ਕਿਹਾ। ਦੁਗਾਲ ਪਰਿਵਾਰ ਦੇ ਨੇਤਾ ਸ. ਸੁਜਾਨ ਸਿੰਘ ਨੇ ਰਾਜਾ ਅਮਰ ਸਿੰਘ ਨੂੰ ਕਿਹਾ ਕਿ ਉਹ ਆਪਣੇ ਰਕਬੇ ਦੀ ਆਮਦਨ ਨਾਲ ਫੌਜ ਰੱਖਣ ਤੋਂ ਅਸਮਰਥ ਹਨ। ਰਾਜਾ ਅਮਰ ਸਿੰਘ ਨੇ ਸ. ਸੁਜਾਨ ਨੂੰ 8 ਪਿੰਡ ਹੋਰ ਦੇ ਦਿੱਤੇ ਅਤੇ ਉਸ ਨੂੰ ਇਲਾਕੇ ਦਾ ਜਰਨੈਲ ਸਥਾਪਿਤ ਕਰ ਦਿੱਤਾ। ਸੋ ਦਿਨਾਂ ਵਿਚ ਹੀ ਦੁਗਾਲ ਪਰਿਵਾਰ ਪਟਿਆਲੇ ਦਾ ਬਹਾਦਰ ਅਤੇ ਵੱਡਾ ਪਰਿਵਾਰ ਬਣ ਗਿਆ। 1835-36 ਵਿਚ ਸ. ਸੁਜਾਨ ਸਿੰਘ ਦੀ ਪੋਤੀ ( ਸ. ਖੜਕ ਸਿੰਘ ਪੁਤਰੀ) ਮਹਾਰਾਜਾ ਕਰਮ ਸਿੰਘ ਨਾਲ ਵਿਆਹੀ ਗਈ। ਇਸ ਕਰਕੇ ਇਹ ਪਰਿਵਾਰ ਸਿਆਸੀ ਤੌਰ ਤੇ ਵੀ ਬਹੁਤ ਅੱਗੇ ਚਲਾ ਗਿਆ। ਸ. ਖੜਕ ਸਿੰਘ ਦੇ ਕੋਈ ਲੜਕਾ ਨਹੀਂ ਸੀ। ਜਿਸ ਕਰਕੇ ਉਸ ਦੀ ਜ਼ਮੀਨ ਉਸ ਦੇ ਨੇੜੇ ਦੇ ਰਿਸ਼ਤੇਦਾਰਾਂ ਨੂੰ ਮਿਲ ਗਈ।




ਚੌਧਰੀ ਹਰੀਆ ਦੇ ਚਾਰ ਪੁੱਤਰ ਸਨ। ਉਹਨਾਂ ਦਿਨਾਂ ਵਿਚ ਚੁੰਡੀ ਵੰਡ ਦੀ ਪ੍ਰਥਾ ਸੀ। ਚੁੰਡੀ ਗੁੱਤ ਨੂੰ ਕਹਿੰਦੇ ਹਨ। ਗੁੱਤ ਕੇਵਲ ਔਰਤਾਂ ਹੀ ਬਣਾਉਂਦੀਆਂ ਹਨ, ਇਸ ਲਈ ਇਸ ਦਾ ਨਾਮ ਚੁੰਡੀ ਪੈ ਗਿਆ। ਚੌਧਰੀ ਹਰੀਆ ਦੀਆਂ ਤਿੰਨ ਪਤਨੀਆਂ ਸਨ। ਸਾਰੀ ਜਾਇਦਾਦ ਦੇ ਤਿੰਨ ਹਿੱਸੇ ਬਣਨੇ ਸਨ। ਸਾਡੇ ਵਡੇਰੇ ਜੋਧਾ ਸਿੰਘ ਅਤੇ ਸੀਹਾਂ ਸਿੰਘ ਸਭ ਤੋਂ ਛੋਟੀ ਚੌਧਰਾਣੀ ਵਿਚੋਂ ਪੈਦਾ ਹੋਏ। ਚਾਰ ਪਿੰਡ ਚੌਧਰੀ ਹਰੀਆ ਨੇ ਇਸ ਪ੍ਰਕਾਰ ਵੰਡੇ। ਇਕ ਹਿੱਸਾ ਸਭ ਤੋਂ ਵੱਡੇ ਲੜਕੇ ਚੌਧਰੀ ਭਾਗਾ ਨੂੰ ਪਿੰਡ ਛੋਟੀ ਦੁਗਾਲ ਅਤੇ ਪਿੰਡ ਨਿਹਾਲਗੜ੍ਹ ਦੇ ਦਿੱਤਾ। ਦੂਜਾ ਹਿੱਸਾ ਚੌਧਰੀ ਕੌਰਾ ਨੂੰ ਦੁਗਾਲ ਵਿਖੇ ਤਕਰੀਬਨ 8 ਹਜ਼ਾਰ ਬਿੱਘੇ ਅਤੇ ਸਾਰਾ ਪਾਤੜਾਂ ਪਿੰਡ। ਤੀਸਰੀ ਪਤਨੀ ਦੇ ਦੋਵੇਂ ਪੁੱਤਰਾਂ (ਸ ਜੋਧਾ ਸਿੰਘ ਅਤੇ ਸ. ਸੀਹਾਂ ਸਿੰਘ) ਨੂੰ ਤੀਜਾ ਹਿੱਸਾ ਮਿਲਿਆ। ਪਿੰਡ ਦੁਗਾਲ ਵਿਚੋਂ 6200 ਬਿੱਘੇ ਜ਼ਮੀਨ ਅਤੇ ਸਾਰਾ ਬੁਰੜ ਪਿੰਡ। ਸਭ ਤੋਂ ਛੋਟੇ ਸ. ਸੀਹਾਂ ਸਿੰਘ ਜਿਸ ਦੀ ਅਸੀਂ ਔਲਾਦ ਹਾਂ, ਕੋਲ ਅੱਧਾ ਬੁਰੜ ਪਿੰਡ, ਅਤੇ ਦੁਗਾਲ ਪਿੰਡ ਦੇ 3100 ਬਿੱਘੇ ਜ਼ਮੀਨ ਦੀ ਮਲਕੀਅਤ ਸੀ। ਸਾਡੇ ਵੱਡੇ ਵਡੇਰੇ ਇਹਨਾਂ ਦੋਹਾਂ ਪਿੰਡਾਂ ਵਿਚ ਖੇਤੀਬਾੜੀ ਕਰਦੇ ਰਹੇ।

(ਚਲਦਾ)






ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

6. ਸ੍ਰੀ ਗੁਰੂ ਸਿੰਘ ਸਭਾ, ਗੁਜਰਖਾਨ।
7. ਸ੍ਰੀ ਗੁਰੂ ਸਿੰਘ ਸਭਾ, ਚੱਕ ਝੁਮਰਾ ਮੰਡੀ (ਲਾਇਲਪੁਰ),
8. ਸ੍ਰੀ ਗੁਰੂ ਸਿੰਘ ਸਭਾ, ਕੁੰਤਰੀਲਾ (ਰਾਵਲਪਿੰਡੀ)।
9. ਅਕਾਲੀ ਜਥਾ, ਸ਼ਹਿਰ ਅੰਮ੍ਰਿਤਸਰ।
10. ਸਿੱਖ ਟੀਚਰਜ਼ ਐਸੋਸੀਏਸ਼ਨ ਖਾ. ਸਕੂਲ, ਖਾਰੀਆ (ਗੁਜਰਾਤ)।
11. ਖਾਲਸਾ ਸੈਂਟਰਲ ਦੀਵਾਨ, ਸ਼੍ਰੋਮਣੀ ਪੰਥ ਮਲੌਣੀ, ਜਥਾ ਮਾਝਾ।
12. ਸ੍ਰੀ ਗੁਰੂ ਸਿੰਘ ਸਭਾ, ਢੁਢਿਆਲ (ਜੇਹਲਮ)
13. ਸ੍ਰੀ ਗੁਰੂ ਸਿੰਘ ਸਭਾ, ਬੰਬਈ।
14. ਗੁਰੂ ਨਾਨਕ ਖਾ. ਮਿ. ਸਕੂਲ, ਡੇਹਰਾ ਸਾਹਿਬ, ਜਾਮਾ ਰਾਇ।
15. ਖਾਲਸਾ ਦੀਵਾਨ, ਲਾਹੌਰ ਛਾਉਣੀ।
16. ਸੈਂਟਰਲ ਸਿੱਖ ਨੌਜਵਾਨ ਸਭਾ, ਬਰਮਾ ਟੋਜੀ (ਸ਼.ਸ਼.ਸ਼.) ਤੇ ਖਾਲਸਾ ਦੀਵਾਨ ਬਰਮਾ।
17. ਸਕੱਤਰ ਅਕਾਲੀ ਜਥਾ, ਤਹਿਸੀਲ ਅੰਬਾਲਾ।
18. ਸ੍ਰੀ ਗੁਰੂ ਸਿੰਘ ਸਭਾ, ਖੁਸ਼ਾਬ (ਸਰਗੋਧਾ)।
19. ਪੈਸੇਫਿਕ ਕੋਸਟ ਖਾਲਸਾ ਦੀਵਾਨ, ਸਟਾਕਟਨ (ਅਮਰੀਕਾ)।
20. ਗੁਰਦੁਆਰਾ ਕਮੇਟੀ, ਮੋਮਿਓ (ਬਰਮਾ)।
21. ਜਥੇਦਾਰ ਬੁੱਢਾ ਦਲ ਨਿਹੰਗ ਸਿੰਘਾਂ ਚਲਦਾ ਵਹੀਰ ਧੋਬੀ ਮੰਡੀ, ਲਾਹੌਰ।

ਇਸ ਤਰ੍ਹਾਂ ਰਹੁ-ਰੀਤ ਸਬ-ਕਮੇਟੀ ਦੇ ਕਨਵੀਨਰ ਪ੍ਰੋ. ਤੇਜਾ ਸਿੰਘ ਜੀ ਵਲੋਂ ਇਹ ਰਿਪੋਰਟ ਜਾਰੀਕੀਤੀ ਗਈ ਅਤੇ ਇਸ ਦੀਆਂ ਕੁਝ ਵਿਸ਼ੇਸ਼ਤਾਵਾਂ ਵਿਚਾਰ ਯੋਗ ਹਨ :


- ਸਬ ਕਮੇਟੀ ਦੀਆਂ ਇਹ ਇਕਤ੍ਰਤਾਵਾਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਈਆਂ।
- ਇਸ ਵਿਚ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਗ੍ਰੰਥੀ ਦਰਬਾਰ ਸਾਹਿਬ ਸ਼ਾਮਲ ਹੋਏ।
- ਇਸ ਵਿਚ ਰਹੁ-ਰੀਤ ਦੇ ਖਰੜੇ 'ਤੇ ਗੰਭੀਰਤਾ ਨਾਲ ਵਿਚਾਰ ਕੀਤੀ ਗਈ।
- ਇਸ ਵਿਚ ਰਹੁ-ਰੀਤ ਕਮੇਟੀ ਵਲੋਂ ਪ੍ਰਵਾਨ ਕੀਤੇ ਖਰੜੇ ਨੂੰ ਸੰਗਤ ਦੀ ਵਿਚਾਰ ਅਤੇ ਰਾਵਾਂ ਲਈ ਛਾਪ ਕੇ ਵੰਡਣ ਦੇ ਨਾਲ ਨਾਲ ਇਸ ਨੂੰ ਅਖ਼ਬਾਰਾਂ ਵਿਚ ਵੀ ਛਾਪਣ ਦਾ ਨਿਰਣਾ ਕੀਤਾ ਗਿਆ ਅਤੇ ਵੰਡਿਆ ਗਿਆ।
- ਇਹ ਸਾਰੀ ਰਿਪੋਰਟ ਗੁਰਦੁਆਰਾ ਗਜ਼ਟ ਵਿਚ ਵੀ ਛਾਪੀ ਗਈ ਤਾਂ ਕਿ ਆਮ ਓ ਖਾਸ ਇਸ ਬਾਰੇ ਆਪਣੇ ਵਿਚਾਰ ਦੇ ਸਕੇ ਅਤੇ ਇਸ ਤਰ੍ਹਾਂ ਅਧਿਕਾਰਤ ਤੌਰ 'ਤੇ ਇਸ ਦੇ ਸਹੀ ਹੋਣ ਦੀ ਪੁਸ਼ਟੀ ਹੋ ਸਕੇ।

੧ੴ ਸਤਿਗੁਰ ਪ੍ਰਸਾਦਿ॥
ਸਿੱਖ ਰਹਿਤ ਮਰਯਾਦਾ
ਸਿੱਖ ਦੀ ਤਾਰੀਫ਼

ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਤੱਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਆ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।
(ਸਿੱਖ ਰਹਿਤ ਮਰਯਾਦਾ, ਅਕਤੂਬਰ, ੨੦੧੫, ਪੰਨਾ ੯)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ :

"ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਾਂ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।"
(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧)




ਤਬਦੀਲੀ

1936 ਵਿਚ ਛਪੀ ਸਿੱਖ ਰਹਿਤ ਮਰਯਾਦਾ ਵਿਚ ਦਸਾਂ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਸੀ। ਹੁਣ ਇਸ ਦੀ ਬਜਾਇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਛਪਿਆ ਹੈ।

ਵਿਆਖਿਆ

ਸਿੱਖ ਦੀ ਤਾਰੀਫ਼ ਜਾਂ ਸਿੱਖ ਕੌਣ ਹੈ?

ਸਿੱਖ ਰਹਿਤ ਮਰਯਾਦਾ ਦੀ ਆਰੰਭਤਾ ਸਿੱਖ ਦੀ ਪਰਿਭਾਸ਼ਾ ਨਾਲ ਕੀਤੀ ਗਈ ਹੈ। ਸਿੱਖ ਦੀ ਤਾਰੀਫ਼, ਪਰਿਭਾਸ਼ਾ ਜਾਂ Definition ਵਾਲੀ ਮੱਦ ਸਿੱਖ ਰਹਿਤ ਮਰਯਾਦਾ ਦੀ ਬੁਨਿਆਦ ਜਾਂ preamble ਕਹੀ ਜਾ ਸਕਦੀ ਹੈ। ਕਿਸੇ ਕਾਨੂੰਨ ਦੀ ਆਰੰਭਤਾ ਵਿਚ ਉਸ ਦੀ ਪਛਾਣ, ਪਰਿਭਾਸ਼ਾ, ਤਾਰੀਫ਼ ਜਾਂ definition ਹੁੰਦੀ ਹੈ। ਇਹ ਉਸ ਸੰਸਥਾ ਜਾਂ ਕਾਨੂੰਨ ਦਾ ਆਧਾਰ ਹੁੰਦਾ ਹੈ। ਇਸ ਤੋਂ ਬਾਅਦ ਦੀ ਕੋਈ ਵੀ ਵਿਆਖਿਆ, ਮੱਦ ਜਾਂ ਧਾਰਾ ਇਸ ਤਾਰੀਫ਼ ਦੀ ਭਾਵਨਾ ਦੇ ਵਿਪਰੀਤ ਨਹੀਂ ਹੋ ਸਕਦੀ।

ਇਹ ਤਾਰੀਫ਼ ਸਿੱਖ ਦੇ ਨਿਆਰੇਪਨ ਦੀ ਵਿਆਖਿਆ ਕਰਦੀ ਹੈ ਕਿ ਸਿੱਖ ਕੇਵਲ ਸਿੱਖ ਅਤੇ ਇਹ ਨਾ ਤਾਂ ਹਿੰਦੂ ਹੈ ਅਤੇ ਨਾ ਹੀ ਮੁਸਲਮਾਨ। ਇਸ ਪਰਿਭਾਸ਼ਾ ਨੂੰ ਜਦੋਂ ਕਾਨੂੰਨੀ ਰੂਪ ਦੇਣ ਦੀ ਲੋੜ ਮਹਿਸੂਸ ਹੋਈ ਤਾਂ ਭਾਰਤ ਦੀ ਪਾਰਲੀਮੈਂਟ ਨੇ 1971 ਵਿਚ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ, 1971 ਵਿਚ ਸਿੱਖ ਦੀ ਪਰਿਭਾਸ਼ਾ ਇਸ ਤਰ੍ਹਾਂ ਦਰਜ ਕੀਤੀ ਹੈ :

(k) "Sikh" means a person who professes the Sikh religion believes and followes the teachings of Sri Guru Granth Sahib and the Ten Gurus only, and keeps unshorn hair. For the puposes of this Act, if any question arises as to whether any living person is or is not a Sikh, he shall be deemed respectively to be or not to be a Sikh according as he makes or refuses to make in the manner prescribed by rules the following declareion.

"I solemnly affirm that I am a Keshadhari Sikh, that I belives and follow the teachings of Sri Guru Granth Sahib and the Ten Gurus only, and that I have no other religion."

(ਚਲਦਾ)

# ਅਮਰੀਕਾ ਵਿਚ ਪੁਲਿਸ ਅਫਸਰਾਂ ਹੱਥੋਂ ਮਾਰੇ ਗਏ ਦੋ ਕਾਲੇ ਵਿਅਕਤੀਆਂ ਦੇ ਮਾਪਿਆਂ ਨੇ ਪਾਰਦਰਸ਼ਤਾ ਤੇ ਨਿਆਂ ਦੀ ਕੀਤੀ ਮੰਗ

## ਵਕੀਲ ਨੇ ਕਿਹਾ ਪੁਲਿਸ ਦੀ ਕਹਾਣੀ ਵਿਚ ਸਾਨੂੰ ਨਹੀਂ ਹੈ ਵਿਸ਼ਵਾਸ਼

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਹਾਲ ਹੀ ਵਿਚ ਸ਼ੈਲਬਾਈ ਕਾਊਂਟੀ, ਟੇਨੈਸੀ ਵਿਚ ਲਾਅ ਇਨਫੋਰਸਮੈਂਟ ਅਫਸਰਾਂ ਨਾਲ ਵੱਖ ਵੱਖ ਕਥਿੱਤ ਹਿਰਾਸਤੀ ਮੁਕਾਬਲਿਆਂ ਵਿਚ ਮਾਰੇ ਗਏ ਦੋ ਕਾਲੇ ਵਿਅਕਤੀਆਂ ਦੇ ਮਾਪਿਆਂ ਨੇ ਇਕ ਪ੍ਰੈਸ ਕਾਨਫਰੰਸ ਕਰਕੇ ਨਿਆਂ ਦੀ ਮੰਗ ਕੀਤੀ ਹੈ। ਪ੍ਰੈਸ ਕਾਨਫਰੰਸ ਜਿਸ ਵਿੱਚ ਪੀੜਤਾਂ ਦਾ ਵਕੀਲ ਬੈਨ ਕਰੰਪ ਵੀ ਹਾਜਰ ਸੀ, ਵਿਚ ਮਾਪਿਆਂ ਨੇ ਪਾਰਦਰਸ਼ਤਾ ਤੇ ਨਿਆਂ ਦੀ ਮੰਗ ਕੀਤੀ ਹੈ। ਹਾਲਾਂ ਕਿ ਇਨਾਂ ਦੋਨਾਂ ਮਾਮਲਿਆਂ ਦਾ ਆਪਸ ਵਿਚ ਸਬੰਧ ਨਹੀਂ ਹੈ ਪਰੰਤੂ ਪੀੜਤ ਪਰਿਵਾਰਾਂ ਦਾ ਦਰਦ ਇਕੋ ਜਿਹਾ ਹੈ। ਜਰਵੇਆਨ ਹਡਸਪੈਥ (21) ਦੀ ਮੌਤ ਸ਼ੈਲਬਾਈ ਕਾਊਂਟੀ ਸ਼ੈਰਿਫ ਦਫਤਰ ਦੇ ਡਿਪਟੀ ਵੱਲੋਂ ਉਸ ਨੂੰ ਇਕ ਟਰੈਫਿਕ ਸਟਾਪ 'ਤੇ ਰੋਕੇ ਜਾਣ ਉਪਰੰਤ ਇਸ ਸਾਲ 24 ਜੂਨ ਨੂੰ ਹੋਈ ਸੀ ਜਦ ਕਿ ਦੂਸਰੇ ਕਾਲੇ ਵਿਅਕਤੀ ਕਰਟਨੀ ਰੋਸ ਦੀ ਮੌਤ ਇਸ ਮਹੀਨੇ ਅਗਸਤ ਵਿਚ ਮੈਮਫਿਸ ਪੁਲਿਸ ਵੱਲੋਂ ਹਿਰਾਸਤ ਵਿਚ ਲੈਣ ਦੌਰਾਨ ਹੋਈ ਸੀ। ਪ੍ਰੈਸ ਕਾਨਫਰੰਸ ਵਿਚ




ਪ੍ਰੈਸ ਕਾਨਫਰੰਸ ਦੌਰਾਨ ਵਕੀਲ ਬੈਨ ਕਰੰਪ ਗੱਲਬਾਤ ਕਰਦਾ ਹੋਇਆ। ਨਾਲ ਪੀੜਤ ਪਰਿਵਾਰਾਂ ਦੇ ਮੈਂਬਰ

ਹਡਸਪੈਥ ਦੀ ਮਾਂ ਚਰਲੋਟ ਹੈਗਟ ਨੇ ਕਿਹਾ ਕਿ ਉਸ ਦਾ ਬੇਟਾ ਕਾਲਜ ਦਾ ਵਿਦਿਆਰਥੀ ਸੀ ਤੇ ਉਹ ਦੋ ਦਿਨਾਂ ਤੋਂ ਲਾਪਤਾ ਸੀ। ਉਪਰੰਤ ਸ਼ੈਰਿਫ ਦਫਤਰ ਵੱਲੋਂ ਦਸਿਆ ਗਿਆ ਕਿ ਉਹ ਕਾਰ ਹਾਦਸੇ ਵਿਚ ਮਾਰਿਆ ਗਿਆ ਹੈ। ਉਸ ਨੇ ਦੋਸ਼ ਲਾਇਆ ਕਿ ਅਸਲ ਵਿਚ ਉਸ ਦੀ ਮੌਤ ਡਿਪਟੀ ਵੱਲੋਂ ਚਲਾਈ ਗੋਲੀ ਨਾਲ ਹੋਈ ਹੈ। ਸ਼ੈਲਬੀ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਵੱਲੋਂ ਘਟਨਾ ਦੇ ਦੋ ਮਹੀਨੇ ਬਾਅਦ ਬੀਤੇ ਦਿਨ ਜਾਰੀ ਵੀਡੀਓ ਵਿਚ ਇਕ ਡਿਪਟੀ ਹਡਸਪੈਥ ਨੂੰ ਆਪਣੇ ਵੱਲ ਖਿੱਚ ਰਿਹਾ ਨਜਰ ਆ ਰਿਹਾ ਹੈ। ਹਡਸਪੈਥ ਡਿਪਟੀ ਦੀਆਂ ਹਦਾਇਤਾਂ ਮੰਨਦਾ ਹੋਇਆ ਕਾਰ ਵਿਚੋਂ ਬਾਹਰ ਆ ਜਾਂਦਾ ਹੈ। ਟੇਨੈਸੀ ਜਾਂਚ ਬਿਊਰੋ ਦੀ ਰਿਪੋਰਟ ਅਨੁਸਾਰ ਹਡਸਪੈਥ ਮੁੜ ਆਪਣੀ ਕਾਰ ਨੂੰ ਭਜਾ ਕੇ ਲਿਜਾਣ ਦਾ ਯਤਨ ਕਰਦਾ ਹੈ ਜਿਸ ਦੌਰਾਨ ਉਹ ਡਿਪਟੀ ਨੂੰ ਆਪਣੀ ਕਾਰ ਦੇ ਨਾਲ ਹੀ ਤਕਰੀਬਨ 100 ਗਜ ਧੂਹ ਕੇ ਲੈ ਜਾਂਦਾ ਹੈ ਇਸ ਦੌਰਾਨ ਹੀ ਡਿਪਟੀ ਵੱਲੋਂ ਚਲਾਈ ਗੋਲੀ ਨਾਲ ਉਹ ਜਖਮੀ ਹੋ ਜਾਂਦਾ ਹੈ ਜਿਸ ਦੀ ਬਾਅਦ ਵਿਚ ਮੌਤ ਹੋ ਜਾਂਦੀ ਹੈ। ਇਸ ਘਟਨਾ ਵਿਚ ਡਿਪਟੀ ਵੀ ਬੁਰੀ ਤਰਾਂ ਜਖਮੀ ਹੋ ਗਿਆ ਸੀ। ਰੋਸ ਦੀ ਮੌਤ ਇਸ ਮਹੀਨੇ ਦੇ ਸ਼ੁਰੂ ਵਿਚ ਹੋਈ ਸੀ। ਇਸ ਮਾਮਲੇ ਵਿਚ ਮੈਮਫਿਸ ਪੁਲਿਸ ਵਿਭਾਗ ਦਾ ਕਹਿਣਾ ਹੈ ਕਿ ਰੋਕੇ ਜਾਣ 'ਤੇ ਉਸ ਨੇ ਭੱਜਣ ਦਾ ਯਤਨ ਕੀਤਾ ਜਿਸ ਦੌਰਾਨ ਉਹ ਬੁਰੀ ਤਰਾਂ ਹਫ ਗਿਆ ਸੀ ਤੇ ਬਾਅਦ ਵਿਚ ਦਮ ਤੋੜ ਗਿਆ ਸੀ। ਦੋਨਾਂ ਪੀੜਤ ਪਰਿਵਾਰਾਂ ਦੀ ਪ੍ਰਤੀਨਿੱਧਤਾ ਕਰਦਿਆਂ ਹੋਇਆਂ ਮਨੁੱਖੀ ਹੱਕਾਂ ਸਬੰਧੀ ਵਕੀਲ ਬੈਨ ਕਰੰਪ ਨੇ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਨਿਹੱਥੇ ਕਾਲੇ ਵਿਅਕਤੀ ਪੁਲਿਸ ਨਾਲ ਗੱਲਬਾਤ ਉਪਰੰਤ ਮਾਰੇ ਜਾਂਦੇ ਹਨ। ਇਹ ਭਰੋਸਾ ਤੋੜਨ ਵਾਲਾ ਵਰਤਾਰਾ ਹੈ। ਸਾਨੂੰ ਪੁਲਿਸ ਦੀ ਕਹਾਣੀ ਵਿਚ ਵਿਸ਼ਵਾਸ਼ ਨਹੀਂ ਹੈ।




# Balsani Welders & Builders

## We Design, Manufacture & Ship Nationwide

### All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।





## ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।


**ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ**

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- - FABRICATION TO INSTALLATION
















ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

ਸਾਡੇ ਲੋਕ

## S. Iqbal Singh

844-573-3824 | 510 862 2332

433 W Scotts Ave Stockton, CA 95203

PH: (925) 487-7117

# ਭਾਰਤ-ਪਾਕਿ ਸਰਕਾਰਾਂ ਸਿੱਖਾਂ ਦੀ ਹਿਫਾਜ਼ਤ ਕਰਨ: ਗਿਆਨੀ ਹਰਪ੍ਰੀਤ ਸਿੰਘ

## ਸਿੱਖਾਂ ਨੂੰ ਧਮਕੀਆਂ ਮਿਲਣ ਦੇ ਮਾਮਲੇ ’ਤੇ ਚਿੰਤਾ ਪ੍ਰਗਟਾਈ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਅਤੇ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪਾਕਿਸਤਾਨ ਵਿੱਚ ਖਾਸ ਕਰ ਕੇ ਰਾਵਲਪਿੰਡੀ ਅਤੇ ਪੰਜਾ ਸਾਹਿਬ ਵਿੱਚ ਸਿੱਖਾਂ ਨੂੰ ਧਮਕੀਆਂ ਦਿੱਤੇ ਜਾਣ ’ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਪਾਕਿਸਤਾਨ ਅਤੇ ਭਾਰਤ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਪਾਕਿਸਤਾਨ ਵਿੱਚ ਵਸਦੇ ਸਿੱਖਾਂ ਦੀ ਜਾਨ ਮਾਲ ਦੀ ਰਾਖੀ ਨੂੰ ਯਕੀਨੀ ਬਣਾਇਆ ਜਾਵੇ। ਜਾਣਕਾਰੀ ਮੁਤਾਬਕ ਸਿੱਖਾਂ ਨੂੰ ਧਮਕੀ ਭਰੇ ਪੱਤਰ ਭੇਜੇ ਜਾਣ ਦਾ ਖੁਲਾਸਾ ਬੀਤੇ ਦਿਨ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸਤਵੰਤ ਸਿੰਘ ਵੱਲੋਂ ਵੀ ਮੀਡੀਆ ਰਾਹੀਂ ਕੀਤਾ ਗਿਆ ਸੀ। ਉਨ੍ਹਾਂ ਨੇ ਅਜਿਹੇ ਧਮਕੀ ਭਰੇ ਪੱਤਰ ਵੀ ਮੀਡੀਆ ਵਿੱਚ ਜਨਤਕ ਕੀਤੇ ਸਨ। ਪਰ ਉਨ੍ਹਾਂ ਇਹ ਵੀ ਕਿਹਾ ਕਿ ਅਜਿਹੇ ਧਮਕੀ ਭਰੇ ਪੱਤਰਾਂ ’ਤੇ ਕਿਸੇ ਦੇ ਦਸਤਖ਼ਤ ਨਹੀਂ ਹਨ ਅਤੇ ਨਾ ਹੀ ਕਿਸੇ ਨੇ ਇਸਦੀ ਜ਼ਿੰਮੇਵਾਰੀ ਲਈ ਹੈ। ਭਾਵੇਂ ਸਿੱਖ ਆਗੂ ਨੇ ਕਿਹਾ ਕਿ ਇਹ ਧਮਕੀ ਪੱਤਰ ਸ਼ਰਾਰਤ ਵੀ ਹੋ ਸਕਦੇ ਹਨ ਪਰ ਪਾਕਿਸਤਾਨ ਵਿੱਚ ਵੱਸਦੇ ਸਿੱਖ ਇਸ ਨਾਲ ਖੌਫਜ਼ਦਾ ਹਨ। ਇਸ ਮਾਮਲੇ ਵਿੱਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਹਿਲਾਂ ਅਫ਼ਗਾਨਿਸਤਾਨ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਹੁਣ ਪਾਕਿਸਤਾਨ ਵਿੱਚ ਅਜਿਹਾ ਵਰਤਾਰਾ ਸ਼ੁਰੂ ਹੋਇਆ ਹੈ। ਸਿੱਖ ਪੇਸ਼ਾਵਰ ਤੋਂ ਪੰਜਾ ਸਾਹਿਬ ਤੋਂ ਲਹਿੰਦੇ ਪੰਜਾਬ ਵਿੱਚ ਆ ਕੇ ਵੱਸ ਰਹੇ ਹਨ। ਹੁਣ ਪਿਛਲੇ ਦਿਨੀਂ ਰਾਵਲ ਪਿੰਡੀ ਤੇ ਪੰਜਾ ਸਾਹਿਬ ਵਿੱਚ ਸਿੱਖਾਂ ਨੂੰ ਧਮਕੀਆਂ ਭਰੇ ਪੱਤਰ ਮਿਲੇ ਹਨ।



ਪੱਤਰ ਵਿੱਚ ਸਿੱਖਾਂ ਨੂੰ ਮੁਸਲਮਾਨ ਬਣ ਜਾਣ ਜਾਂ ਪਕਿਸਤਾਨ ਛੱਡ ਕੇ ਚਲੇ ਜਾਣ ਵਾਸਤੇ ਧਮਕੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਮੰਦਭਾਗਾ ਵਰਤਾਰਾ ਹੈ ਅਤੇ ਨਿੰਦਣਯੋਗ ਹੈ। ਪਾਕਿਸਤਾਨ ਵਿੱਚ ਸਿੱਖਾਂ ਦੇ ਕਾਰੋਬਾਰ, ਘਰ ਪਰਿਵਾਰ ਅਤੇ ਵੱਡੀ ਗਿਣਤੀ ਵਿੱਚ ਗੁਰੂ ਘਰ ਵੀ ਹਨ। ਉਨ੍ਹਾਂ ਨੇ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਸ ਨੂੰ ਸਿੱਖਾਂ ਦੇ ਜਾਨ ਮਾਲ ਦੀ ਰਾਖੀ ਕਰਨੀ ਚਾਹੀਦੀ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਵਿੱਚ ਦਖਲਅੰਦਾਜ਼ੀ ਕਰੇ ਅਤੇ ਪਾਕਿਸਤਾਨ ਸਰਕਾਰ ਨੂੰ ਸਿੱਖਾਂ ਅਤੇ ਘੱਟ ਗਿਣਤੀਆਂ ਦੀ ਜਾਨ ਮਾਲ ਦੀ ਰਾਖੀ ਕਰਨ ਲਈ ਆਖੇ। ਉਨ੍ਹਾਂ ਕਿਹਾ ਕਿ ਅਜਿਹੀਆ ਧਮਕੀਆਂ ਨਾਲ ਸਿੱਖਾਂ ਦੇ ਕਾਰੋਬਾਰ ਪ੍ਰਭਾਵਿਤ ਹੋਣਗੇ। ਇਸ ਕਾਰਨ ਬੱਚਿਆਂ ਤੇ ਬਜ਼ੁਰਗਾਂ ਵਿੱਚ ਦਹਿਸ਼ਤ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਵੇ।

# ਜਥੇਦਾਰ ਵੱਲੋਂ ਹਰਿਆਣਾ ਕਮੇਟੀ ਦੀਆਂ ਪ੍ਰਬੰਧਕੀ ਮੀਟਿੰਗਾਂ ’ਤੇ ਰੋਕ

ਅੰਮ੍ਰਿਤਸਰ : ਹਰਿਆਣਾ ਵਿੱਚ ਨਵੀਂ ਬਣੀ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਦੇ ਆਪਸੀ ਝਗੜੇ ਦਾ ਮਾਮਲਾ ਸ੍ਰੀ ਅਕਾਲ ਤਖਤ ’ਤੇ ਪੁੱਜ ਗਿਆ ਹੈ। ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੇ ਮਾਮਲੇ ਦੇ ਵਿਚਾਰ ਅਧੀਨ ਹੋਣ ਤੱਕ ਹਰਿਆਣਾ ਕਮੇਟੀ ਦੀਆਂ ਪ੍ਰਬੰਧਕੀ ਮੀਟਿੰਗਾਂ ਕਰਨ ’ਤੇ ਰੋਕ ਲਾ ਦਿੱਤੀ ਹੈ। ਜਥੇਦਾਰ ਵੱਲੋਂ ਇਸ ਸਬੰਧ ਵਿੱਚ ਜਲਦੀ ਹੀ ਇੱਕ ਜਾਂਚ ਕਮੇਟੀ ਗਠਨ ਕੀਤੀ ਜਾਵੇਗੀ।

ਨਵੀਂ ਬਣੀ ਹਰਿਆਣਾ ਕਮੇਟੀ ਦੇ ਮੈਂਬਰਾਂ ਦੀ ਇਕ ਮੀਟਿੰਗ 14 ਅਗਸਤ ਨੂੰ ਗੁਰਦੁਆਰਾ ਪੰਜੋਖਰਾ ਸਾਹਿਬ ਵਿਖੇ ਹੋਈ ਸੀ, ਜਿਸ ਵਿੱਚ ਕਮੇਟੀ ਦੇ ਮੈਂਬਰਾਂ ਵਿਚਾਲੇ ਆਪਸੀ ਝਗੜਾ ਹੋਇਆ ਸੀ। ਇਸ ਝਗੜੇ ਦੌਰਾਨ ਮੈਂਬਰਾਂ ਵੱਲੋਂ ਗਾਲੀ ਗਲੋਚ ਵੀ ਕੀਤੀ ਗਈ। ਇਹ ਮਾਮਲਾ ਜਨਤਕ ਹੋਣ ਤੋਂ ਬਾਅਦ ਇਸ ਦੀ ਨਿਖੇਧੀ ਕੀਤੀ ਗਈ।

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੇ ਦੱਸਿਆ ਇਸ ਮਾਮਲੇ ਵਿੱਚ ਸਿੱਖਾਂ ਦੇ ਹਿਰਦੇ ਵਲੂੰਦਰੇ ਗਏ ਹਨ ਅਤੇ ਸੰਸਾਰ ਭਰ ਦੇ ਸਿੱਖਾਂ ਵੱਲੋਂ ਇਸ ਦੀ ਨਿਖੇਧੀ ਕੀਤੀ ਗਈ ਹੈ। ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਵੱਲੋਂ ਸ੍ਰੀ ਅਕਾਲ ਤਖਤ ਵਿਖੇ ਫੋਨ ਕਰਕੇ ਅਤੇ ਲਿਖਤੀ ਸ਼ਿਕਾਇਤਾਂ ਵੀ ਭੇਜੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਹਰਿਆਣਾ ਕਮੇਟੀ ਦੇ ਪ੍ਰਧਾਨ ਮਹੰਤ ਕਰਮਜੀਤ ਸਿੰਘ ਅਤੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਸਮੇਤ ਹਰਪ੍ਰੀਤ ਸਿੰਘ ਤੇ ਗੁਰਬਖਸ਼ ਸਿੰਘ ਆਦਿ ਮੈਂਬਰਾਂ ਨੇ ਸ੍ਰੀ ਅਕਾਲ ਤਖ਼ਤ ਵਿਖੇ ਪੁੱਜ ਕੇ ਇਸ ਸਬੰਧੀ ਸ਼ਿਕਾਇਤ ਕੀਤੀ ਹੈ। ਇਸ ਸਬੰਧੀ ਸ਼ਿਕਾਇਤਾਂ ਪੁੱਜਣ ਤੋਂ ਬਾਅਦ ਇਸ ਮਾਮਲੇ ਨੂੰ ਗੰਭੀਰਤਾ ਨਾਲ



ਵਿਚਾਰਿਆ ਗਿਆ ਹੈ। ਉਨ੍ਹਾਂ ਹਰਿਆਣਾ ਕਮੇਟੀ ਦੇ ਸਮੂਹ ਮੈਂਬਰਾਂ ਨੂੰ ਹਦਾਇਤ ਕੀਤੀ ਹੈ ਕਿ ਜਦੋਂ ਤੱਕ ਇਹ ਮਾਮਲਾ ਸ੍ਰੀ ਅਕਾਲ ਤਖ਼ਤ ਵਿਖੇ ਵਿਚਾਰ ਅਧੀਨ ਹੈ, ਉਦੋਂ ਤੱਕ ਹਰਿਆਣਾ ਕਮੇਟੀ ਦੀ ਕੋਈ ਵੀ ਪ੍ਰਬੰਧਕੀ ਮੀਟਿੰਗ ਨਹੀਂ ਹੋਵੇਗੀ। ਜਦਕਿ ਬਾਕੀ ਕੰਮਕਾਜ ਕੀਤੇ ਜਾ ਸਕਣਗੇ।

ਜਥੇਦਾਰ ਵੱਲੋਂ ਹਰਿਆਣਾ ਕਮੇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ ਕਿ ਕੋਈ ਵੀ ਮੈਂਬਰ ਇਸ ਮਾਮਲੇ ਸਬੰਧੀ ਮੀਡੀਆ ਵਿੱਚ ਨਾ ਜਾਵੇ ਅਤੇ ਨਾ ਹੀ ਇੱਕ ਦੂਜੇ ਖ਼ਿਲਾਫ਼ ਦੂਸ਼ਣਬਾਜ਼ੀ ਕਰੇ। ਉਨ੍ਹਾਂ ਨੇ ਕਿਹਾ ਕਿ ਪੜਤਾਲ ਮਗਰੋਂ ਸਬ ਕਮੇਟੀ ਆਪਣੀ ਰਿਪੋਰਟ ਅਕਾਲ ਤਖ਼ਤ ਵਿਖੇ ਭੇਜੇਗੀ, ਜਿਸ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਵਿਚਾਰ ਕੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਇੱਥੇ ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਹੁਣ ਤੱਕ ਹਰਿਆਣਾ ਵਿੱਚ ਬਣੀ ਨਵੀਂ ਕਮੇਟੀ ਨੂੰ ਮਾਨਤਾ ਨਹੀਂ ਦਿੱਤੀ ਗਈ ਪਰ ਹਰਿਆਣਾ ਕਮੇਟੀ ਵਿੱਚ ਵਾਪਰੀ ਇਸ ਘਟਨਾ ਦਾ ਸ਼ ?ਰੋਮਣੀ ਕਮੇਟੀ ਵੱਲੋਂ ਵੀ ਨੋਟਿਸ ਲੈਂਦੇ ਹੋਏ ਇਸ ਦੀ ਨਿੰਦਾ ਕੀਤੀ ਗਈ ਹੈ।

# ਤਰਨਜੀਤ ਸੰਧੂ ਨੇ ਦਰਬਾਰ ਸਾਹਿਬ ਮੱਥਾ ਟੇਕਿਆ

# ਵਡੇਰਿਆਂ ਦੇ ਨਾਂ ’ਤੇ ਬਣੇ ਤੇਜਾ ਸਿੰਘ ਸਮੁੰਦਰੀ ਹਾਲ ਦੇ ਵੀ ਕੀਤੇ ਦਰਸ਼ਨ: ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨ

ਅੰਮ੍ਰਿਤਸਰ : ਅਮਰੀਕਾ ’ਚ ਭਾਰਤੀ ਸਫੀਰ ਤਰਨਜੀਤ ਸਿੰਘ ਸੰਧੂ ਅੱਜ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਏ। ਮੱਥਾ ਟੇਕਣ ਮਗਰੋਂ ਸ੍ਰੀ ਸੰਧੂ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿੱਚ ਵੀ ਗਏ, ਜਿਥੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਸਕੱਤਰ ਪ੍ਰਤਾਪ ਸਿੰਘ ਤੇ ਹੋਰ ਅਧਿਕਾਰੀਆਂ ਨੇ ਉਨ੍ਹਾਂ ਦਾ ਸਨਮਾਨ ਕੀਤਾ। ਇਸ ਦੌਰਾਨ ਤਰਨਜੀਤ ਸਿੰਘ ਸੰਧੂ ਨੇ ਆਪਣੇ ਦਾਦੇ ਦੇ ਨਾਂ ’ਤੇ ਬਣੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਜਾ ਕੇ ਆਪਣੇ ਪੁਰਖਿਆਂ ਦੀ ਯਾਦ ਤਾਜ਼ਾ ਕੀਤੀ। ਉਨ੍ਹਾਂ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਨੁੱਖਤਾ ਲਈ ਆਸਥਾ ਦਾ ਵੱਡਾ ਕੇਂਦਰ ਹੈ, ਜਿਥੋਂ ਮਨੁੱਖ ਨੂੰ ਰੂਹਾਨੀ ਸ਼ਕਤੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨਾਲ ਉਨ੍ਹਾਂ ਦੇ ਪਰਿਵਾਰ ਦਾ ਗਹਿਰਾ ਰਿਸ਼ਤਾ ਹੈ। ਉਨ੍ਹਾਂ ਦੇ ਵਡੇਰੇ ਤੇਜਾ ਸਿੰਘ ਸਮੁੰਦਰੀ ਨੇ ਸ਼੍ਰੋਮਣੀ ਕਮੇਟੀ



ਦੀ ਸਥਾਪਨਾ ਵੇਲੇ ਕਈ ਮੋਰਚਿਆਂ ਵਿੱਚ ਹਿੱਸਾ ਲਿਆ ਸੀ। ਉਨ੍ਹਾਂ ਕਿਹਾ ਕਿ ਮੌਜੂਦਾ ਯੁੱਗ ਤਕਨੀਕ ਦਾ ਹੈ ਤੇ ਸਿੱਖ ਕੌਮ ਨੂੰ ਵੀ ਆਪਣੀਆਂ ਵਿਦਿਅਕ ਸੰਸਥਾਵਾਂ ਰਾਹੀਂ ਵਿਦਿਆਰਥੀਆਂ ਨੂੰ ਤਕਨੀਕੀ ਸਿੱਖਿਆ ਦੇ ਮਾਹਰ ਬਣਾਉਣ ਲਈ ਵਧੇਰੇ ਯਤਨ ਕਰਨੇ ਚਾਹੀਦੇ ਹਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਸਿੱਖ ਕੌਮ ਲਈ ਇਹ ਵੱਡਾ ਫ਼ਖ਼ਰ ਹੈ ਕਿ ਸਿੱਖ ਆਗੂ ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਤਰਨਜੀਤ ਸਿੰਘ ਸੰਧੂ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਵਜੋਂ ਨੁਮਾਇੰਦਗੀ ਕਰ ਰਹੇ ਹਨ।

# ਗੁਰਬਾਣੀ ਕੀਰਤਨ ਦੇ ਪ੍ਰਸਾਰਨ ਲਈ ਯੂਟਿਊਬ ਚੈਨਲ ਦਾ ਵਿਸਥਾਰ ਕਰੇਗੀ ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ : ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਕਰਨ ਲਈ ਆਪਣਾ ਯੂਟਿਊਬ ਚੈਨਲ ਸ਼ੁਰੂ ਕਰਨ ਤੋਂ ਇੱਕ ਮਹੀਨੇ ਬਾਅਦ ਹੁਣ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਇਸ ਦੇ ਵਿਸਥਾਰ ਲਈ ਤਿਆਰੀ ਕਰ ਰਹੀ ਹੈ। ਇਸ ਤਹਿਤ ਸ੍ਰੀ ਹਰਿਮੰਦਰ ਸਾਹਿਬ ਵਿੱਚ ਹੁੰਦੇ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਦੇ ਸਮੇਂ ਨੂੰ ਪੰਜ ਘੰਟੇ ਹੋਰ ਵਧਾਉਣ ਦੀ ਯੋਜਨਾ ਹੈ। ਇਸ ਲਈ ਨਵੇਂ ਤੇ ਤਜਰਬੇਕਾਰ ਅਮਲੇ ਦੀ ਭਰਤੀ ਦੀ ਵੀ ਯੋਜਨਾ ਹੈ, ਜਿਸ ਵਿੱਚ ਇਸ ਖੇਤਰ ਨਾਲ ਸਬੰਧਤ ਛੇ ਨਵੇਂ ਮਾਹਰ ਭਰਤੀ ਕੀਤੇ ਜਾਣ ਦੀ ਪ੍ਰਕਿਰਿਆ ਚੱਲ ਰਹੀ ਹੈ। ਇਸ ਸਬੰਧ ਵਿੱਚ ਇੱਕ ਸਟੂਡੀਓ ਸਥਾਪਤ ਕਰਨ ਲਈ ਵੀ ਕੰਮ ਚੱਲ ਰਿਹਾ ਹੈ। ਇਹ ਸਟੂਡੀਓ ਸ਼੍ਰੋਮਣੀ

ਕਮੇਟੀ ਦੇ ਦਫ਼ਤਰ ਕੈਂਪਸ ਵਿੱਚ ਹੀ ਹੋਵੇਗਾ। ਇਸ ਸਮੇਂ ਸ਼ ?ਰੋਮਣੀ ਕਮੇਟੀ ਵੱਲੋਂ ਆਪਣੇ ਯੂਟਿਊਬ ਚੈਨਲ ਤੇ ਆਡੀਓ ਰਾਹੀਂ 13 ਘੰਟੇ ਗੁਰਬਾਣੀ ਦਾ ਪ੍ਰਸਾਰਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਨੌਂ ਘੰਟੇ ਦਾ ਵੀਡੀਓ ਪ੍ਰਸਾਰਨ ਤੇ ਚਾਰ ਘੰਟਿਆਂ ਦਾ ਆਡੀਓ ਪ੍ਰਸਾਰਨ ਸ਼ਾਮਲ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਇਸ ਕੰਮ ਲਈ ਸਾਊਂਡ ਪਰੂਫਿੰਗ ਸਿਸਟਮ, ਇੱਕ ਸਟੂਡੀਓ, ਇੱਕ ਕੰਟਰੋਲ ਰੂਮ ਤੇ ਹੋਰ ਲੋੜੀਂਦਾ ਸਮਾਨ ਖਰੀਦਣ ਦੀ ਪ੍ਰਕਿਰਿਆ ਚੱਲ ਰਹੀ ਹੈ। ਇਸ ਦੇ ਵਿਸਥਾਰ ਲਈ ਐਂਕਰ, ਵੀਡੀਓ ਸੰਪਾਦਕ, ਕੈਮਰਾਮੈਨ ਵੀਡੀਓਗ੍ਰਾਫੀ ਵਾਸਤੇ ਲੇਖਕ ਤੇ ਗ੍ਰਾਫਿਕ ਡਿਜ਼ਾਈਨਰ ਦੀ ਨਿਯੁਕਤੀ ਵੀ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਸੈਟੇਲਾਈਟ ਚੈਨਲ ਸ਼ੁਰੂ ਕਰਨ ਦੀ ਵੀ ਯੋਜਨਾ ਹੈ। ਫਿਲਹਾਲ ਸੈਟੇਲਾਈਟ ਰਾਹੀਂ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਇੱਕ ਨਿੱਜੀ ਚੈਨਲ ਰਾਹੀਂ ਕੀਤਾ ਜਾ ਰਿਹਾ ਹੈ।

## ਸਤਿਕਾਰਯੋਗ ਪੰਜਾਬੀਉ ਜੇਕਰ ਇਹ ਹੇਠਾਂ ਇਕ ਚਿੱਠੀ ਆਪਣੀ ਡਿਉਟੀ ਦੌਰਾਨ ਕੀਤੀਆਂ ਗਲਤੀਆਂ ਕਾਰਣ ਰਿਟਾਇਰਡ ਪੁਲਿਸ ਅ.ਫਸਰ ਵੱਲੋਂ ਆਪਣੇ ਪੁੱਤਰ ਨੂੰ ਲਿਖਕੇ ਪਛਤਾਉਂਦੇ ਹੋਏ ਨੂੰ ਆਪ ਜ਼ਰੂਰ ਪੜ੍ਹਨਾ ਜੀਓ। ਇਸ ਤਰ੍ਹਾਂ ਦੇ ਸੁਭਾਅ ਵਾਲੇ ਪੁਲਿਸ ਅਫਸਰ ਨੂੰ ਇਸ ਚਿੱਠੀ ਤੋਂ ਸਬਕ ਜ਼ਰੂਰ ਲੈਕੇ ਆਪਣੀ ਡਿਊਟੀ ਦੌਰਾਨ ਨੇਕ ਕੰਮ ਕਰਨੇ ਚਾਹੀਦੇ ਹਨ। ਮੇਰਾ ਇਹ ਇਕ ਸੁਝਾਅ ਹੈ ਨਹੀਂ ਤਾਂ ਸਮਝ ਜਾਉ ਫਿਰ ਬਹੁਤ ਪਛਤਾਉਗੇ ਲੰਘਿਆ ਵੇਲਾ ਹੱਥ ਨਹੀਂ ਆਉਣਾ ਜੀਉ

ਪਿਆਰੇ ਪੁੱਤਰ,

ਮੈਨੂੰ ਨਹੀਂ ਪਤਾ ਕਿ ਇਹ ਕਿਵੇਂ ਕਹਿਣਾ ਹੈ ਪਰ ਮੇਰੇ ਲਈ ਇਹ ਕਹਿਣਾ ਮਹੱਤਵਪੂਰਨ ਹੈ। ਮੇਰੀ 35 ਸਾਲਾਂ ਦੀ ਸੇਵਾ ਵਿੱਚ ਮੈਂ ਬੇਅੰਤ ਮਾਮਲਿਆਂ ਨਾਲ ਨਜਿੱਠਿਆ ਹੈ। ਮੈਨੂੰ ਅਹਿਸਾਸ ਹੋਇਆ ਕਿ ਜਿਸ ਤਰੀਕੇ ਨਾਲ ਮੈਂ ਆਪਣਾ ਕੰਮ ਕੀਤਾ ਹੈ ਉਹ ਸਹੀ ਨਹੀਂ ਸੀ। ਮੈਂ ਚਾਹੁੰਦਾ ਹਾਂ ਕਿ ਮੈਂ ਵਾਪਸ ਜਾਵਾਂ ਅਤੇ ਜੋ ਗਲਤੀਆਂ ਕੀਤੀਆਂ ਹਨ ਉਨ੍ਹਾਂ ਨੂੰ ਠੀਕ ਕਰ ਸਕਾਂ। ਮੈਨੂੰ ਸਾਰੀਆਂ ਗਲਤੀਆਂ ਯਾਦ ਨਹੀਂ ਹਨ ਪਰ ਕੁਝ ਅਜਿਹੀਆਂ ਹਨ ਜੋ ਮੈਨੂੰ ਰਾਤ ਨੂੰ ਸੌਣ ਨਹੀਂ ਦਿੰਦੀਆਂ ਅਤੇ ਉਹ ਮਾਸੂਮ ਆਦਮੀਆਂ ਅਤੇ ਔਰਤਾਂ ਦੇ ਚਿਹਰੇ ਮੇਰੇ ਸੁਪਨਿਆਂ ਵਿੱਚ ਆਉਂਦੇ ਹਨ ਅਤੇ ਉਹ ਮੈਨੂੰ ਹਰ ਰੋਜ਼ ਸਵਾਲ ਕਰਦੇ ਹਨ ਕਿ ਮੈਂ ਉਨ੍ਹਾਂ ਨਾਲ ਗਲਤ ਕਿਉਂ ਕੀਤਾ ?

ਮੈਂ ਆਪਣੀ ਜ਼ਿੰਦਗੀ ਵਿੱਚ ਇੰਨੀ ਰਿਸ਼ਵਤ ਲਈ ਹੈ ਕਿ ਮੈਂ ਅੰਕੜੇ ਵੀ ਨਹੀਂ ਗਿਣ ਸਕਦਾ। ਹੁਣ ਮੈਨੂੰ ਅਹਿਸਾਸ ਹੁੰਦਾ ਹੈ ਕਿ ਰਿਸ਼ਵਤ ਲਏ ਬਿਨਾਂ ਵੀ ਮੇਰੀ ਜ਼ਿੰਦਗੀ ਹੁਣ ਨਾਲੋਂ ਬਿਹਤਰ ਹੁੰਦੀ। ਪਤਾ ਨਹੀਂ ਕਿੱਥੋਂ ਮੇਰੇ ਮਨ ਵਿਚ ਇਹ ਚੇਤਨਾ ਜਾਗ ਪਈ ਕਿ ਮੈਨੂੰ ਇਹ ਗੱਲ ਬੁਰੀ ਲੱਗਣ ਲੱਗ ਪਈ ਹੈ। ਮੇਰੇ ਕੋਲ ਇਮਾਨਦਾਰ ਦੋਸਤ ਵੀ ਨਹੀਂ ਹਨ ਜਿਨ੍ਹਾਂ ਨਾਲ ਮੈਂ ਇਹ ਚੀਜ਼ਾਂ ਸਾਂਝੀਆਂ ਕਰ ਸਕਾਂ। ਮੈਂ ਬੇਕਸੂਰ ਗਰੀਬ ਲੋਕਾਂ ਤੋਂ ਉਹਨਾਂ ਨੂੰ ਬਖਸ਼ਣ ਲਈ ਰਿਸ਼ਵਤ ਲਈ ਹੈ। ਮੈਂ F.I.R ਦੀ ਜਾਂਚ ਕਰਨ ਲਈ



ਰਿਸ਼ਵਤ ਲਈ ਹੈ ਜੋ ਮੈਂ ਉਹਨਾਂ ਰਿਸ਼ਵਤ ਲਏ ਬਿਨਾਂ ਵੀ ਕਰ ਸਕਦਾ ਸੀ। ਮੈਂ ਨਿਰਦੋਸ਼ ਲੋਕਾਂ ’ਤੇ ਜਾਅਲੀ F.I.R ਦਰਜ ਕਰਵਾਏ ਹਨ ਕਿਉਂਕਿ ਮੈਨੂੰ ਕਿਸੇ ਬੇਰਹਿਮ ਸਿਆਸਤਦਾਨ ਦੁਆਰਾ ਦੱਸਿਆ ਗਿਆ ਸੀ। ਮੈਂ ਸਿਆਸਤਦਾਨ ਨੂੰ ਆਸਾਨੀ ਨਾਲ ਇਨਕਾਰ ਕਰ ਸਕਦਾ ਸੀ ਮੈਂ ਝੂਠੀ F.I.R ਦਰਜ ਨਹੀਂ ਕਰਾਂਗਾ। ਮੈਂ ਤੁਹਾਡੇ ਲਈ ਸਾਰੇ ਗਲਤ ਸਾਧਨਾਂ ਤੋਂ ਪੈਸੇ ਇਕੱਠੇ ਕਰਨ ਵਿੱਚ ਰੁੱਝਿਆ ਹੋਇਆ ਸੀ ।ਮੈਂ ਸੋਚਿਆ ਸੀ ਕਿ ਮੈਂ ਤੁਹਾਨੂੰ ਕਰੋੜਾਂ ਰੁਪਏ ਦੀ ਜਾਇਦਾਦ ਦੇਵਾਂਗਾ ਅਤੇ ਤੁਸੀਂ ਇੱਕ ਆਰਾਮਦਾਇਕ ਜੀਵਨ ਬਤੀਤ ਕਰੋਗੇ, ਪਰ ਮੈਨੂੰ ਇਹ ਨਹੀਂ ਪਤਾ ਸੀ ਕਿ ਮੇਰੇ ਸਾਰੇ ਪਾਪ ਮੇਰੇ ਮਨ ਦੀ ਸ਼ਾਂਤੀ ਨੂੰ ਤਬਾਹ ਕਰ ਦੇਣਗੇ। ਮੇਰੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ, ਮੈਨੂੰ ਇਹ ਅਹਿਸਾਸ ਨਹੀਂ ਸੀ ਕਿ ਤੁਸੀਂ ਨਸ਼ਿਆਂ ਵਿੱਚ ਗ੍ਰਸਤ ਹੋ ਗਏ ਹੋ। ਮੈਂ ਨਸ਼ਾ ਤਸਕਰਾਂ ਤੋਂ ਪੈਸਾ ਕਮਾਇਆ ਜਿਨ੍ਹਾਂ ਨੇ ਨਸ਼ੇ ਦੀ ਸਪਲਾਈ ਕੀਤੀ ਅਤੇ ਬੇਕਸੂਰ ਲੋਕਾਂ ਦੇ ਪਰਿਵਾਰ ਤਬਾਹ ਕਰ ਦਿੱਤੇ, ਅੱਜ ਮੈਂ ਉਸ ਮਾਂ ਜਾਂ ਪਿਤਾ ਦਾ ਦਰਦ ਮਹਿਸੂਸ ਕਰਦਾ ਹਾਂ ਜਿਸ ਨੇ ਆਪਣੇ ਬੱਚੇ ਨੂੰ ਨਸ਼ਿਆਂ ਨਾਲ ਗਵਾਇਆ ਹੋਵੇਗਾ। ਅੱਜ ਮੈਂ ਇੰਨਾ ਗਰੀਬ ਮਹਿਸੂਸ ਕਰ ਰਿਹਾ ਹਾਂ ਕਿ ਮੇਰੇ ਦਰਦ ਨੂੰ ਬਿਆਨ ਕਰਨ ਲਈ ਮੇਰੇ ਕੋਲ ਸ਼ਬਦ ਨਹੀਂ ਹਨ। ਕਾਸ਼ ਮੈਂ ਤੁਹਾਨੂੰ ਮਿਲ ਕੇ ਇਹ ਸਭ ਕਹਿ ਸਕਦਾ ਪਰ ਰੱਬ ਦੀਆਂ ਆਪਣੀਆਂ ਯੋਜਨਾਵਾਂ ਸਨ। ਮੈਂ ਤੁਹਾਨੂੰ ਨਸ਼ੇ ਨਾਲ ਗੁਆ ਦਿੱਤਾ ਹੈ ਜੋ ਮੈਂ ਪੰਜਾਬ ਵਿੱਚ ਰੋਕ ਸਕਦਾ ਸੀ। ਤੁਹਾਡੀ ਆਤਮਾ ਨੂੰ ਸ਼ਾਂਤੀ ਮਿਲੇ। (ਅੰਤ ਵਿੱਚ ਪੱਤਰ ਖਤਮ ਹੁੰਦਾ ਹੈ) ਅਫਸਰ ਕੋਲ ਕੋਈ ਪਤਾ ਨਹੀਂ ਹੈ ਜਿੱਥੇ ਉਹ ਇਹ ਚਿੱਠੀ ਆਪਣੇ ਬੇਟੇ ਨੂੰ ਪੋਸਟ ਕਰ ਸਕੇ ਕਿਉਂਕਿ ਉਹ ਇੱਕ ਮਹੀਨਾ ਪਹਿਲਾਂ ਉਸਨੂੰ ਨਸ਼ਿਆਂ ਕਾਰਨ ਗੁਆ ਬੈਠਾ ਸੀ।

ਹਰ ਅਧਿਕਾਰੀ ਜੋ ਇਸ ਲੇਖ ਨੂੰ ਪੜ੍ਹਦਾ ਹੈ, ਕਿਰਪਾ ਕਰਕੇ ਪੰਜਾਬ ਵਿੱਚ ਨਸ਼ਿਆਂ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕਰੋ। ਕਿਉਂਕਿ ਸਾਡਾ ਆਪਣਾ ਬੱਚਾ ਅਗਲਾ ਸ਼ਿਕਾਰ ਹੋ ਸਕਦਾ ਹੈ।

ਸਿਆਣੇ ਬਣੋ ਇਸ ਦਾ ਕੰਮ ਕਰਨਾ ਵਾਲੇ ਪੁਲਸ ਅਫ਼ਸਰ ਤੇ ਮੁਲਾਜਮੋ ਆਪਾ ਇਸ ਸੰਸਾਰ ਪਰ ਥੋੜੇ ਸਮੇ ਲਈ ਆਏ ਹਾਂ। ਨੇਕ ਕੰਮ ਕਰਕੇ ਜਾਉ ਜੀ।

ਧੰਨਵਾਦ ਜੀਉ

# ਇਉਂ ਚਾੜ੍ਹਦੇ ਆ ਚੰਦ !



ਸਾਧੂਆਂ ਦਾ ਟੋਲਾ ਭ੍ਰਮਣ ਕਰਦਾ ਇੱਕ ਜੰਗਲ ? ਵਿੱਚ ਰੁਕਿਆ। ਉਨ੍ਹਾਂ ਆਪਣੇ ਇੱਕ ਚੇਲੇ ਬਾਲਕੇ ਨੂੰ ਲਾਗਲੇ ਖੂਹ ਤੋਂ ਪਾਣੀ ਲਿਆਉਣ ਲਈ ਲੱਜ ਡੋਲ ਦੇ ਕੇ ਭੇਜਿਆ। ਚੇਲੇ ਨੇ ਸਹਿਵਨ ਖੂਹ 'ਚ ਨੂੰ ਝਾਕਿਆ ਤਾਂ ਅਸਮਾਨ ਵਿੱਚੋ ਚੜ੍ਹੇ ਚੰਦ ਦਾ ਪ੍ਰਛਾਵਾਂ ਖੂਹ ਦੇ ਪਾਣੀ 'ਚ ਦੇਖ ਕੇ ਉਹ ਬੜਾ ਹੈਰਾਨ ਹੋਇਆ।



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਉਸਨੇ ਸੋਚਿਆ ਕਿ ਚੰਦ ਖੂਹ ਵਿੱਚ ਡਿੱਗ ਪਿਆ ਐ ਸੋ ਪਾਣੀ ਤਾਂ ਮਗਰੋਂ ਹੀ ਲਿਜਾਊਂ ਪਹਿਲਾਂ ਚੰਦ ਨੂੰ ਬਾਹਰ ਕੱਢਾਂ !

ਲਾਗਿਉਂ ਕੋਈ ਕੀਲ-ਕੁੰਡਾ ਜਿਹਾ ਲੱਭ ਕੇ ਉਸਨੇ ਲੱਜ ਨਾਲ ਬੰਨ੍ਹਿਆਂ ਤੇ ਹੇਠਾਂ ਨੂੰ ਫਰ੍ਹਾਇਆ। ਨਿੱਕੀ ਇੱਟ ਨਾਲ ਚਿਣੇ ਹੋਏ ਪੁਰਾਣੇ ਖੂਹ ਦੀਆਂ ਕਿਤੋਂ ਕਿਤੋਂ ਇੱਟਾਂ ਉੱਖੜੀਆਂ ਹੋਈਆਂ ਸਨ। ਹੇਠਾਂ ਫਰ੍ਹਾਇਆ ਕੁੰਡਾ ਕਿਸੇ ਖੋੜ 'ਚ ਫਸ ਗਿਆ ਤੇ ਚੇਲੇ ਨੇ ਸਮਝਿਆ ਕਿ ਚੰਦ ਨੂੰ ਕੁੰਡੀ ਪੈ ਗਈ ਐ!

ਜਿਉਂ ਲੱਗਾ ਲੱਜ ਨੂੰ ਕਿੱਲ੍ਹ ਕਿੱਲ੍ਹ ਕੇ ਖਿੱਚਣ! ਜ਼ੋਰ ਲਾਉਂਦੇ ਨੇ ਇੱਕੋ ਦਮ ਧੜੱਕਾ ਜਿਹਾ ਮਾਰਿਆ ਤਾਂ ਕੁੰਡੀ ਇੱਟ 'ਚੋਂ ਨਿਕਲ ਗਈ ਤੇ ਉਹ ਧੜੰਮ ਕਰਦਾ ਪਿੱਛੇ ਨੂੰ ਡਿੱਗ ਪਿਆ !ਇੰਨੇ ਨੂੰ ਉਹਨੂੰ ਲੱਭਦੇ ਕੁੱਝ ਸਾਥੀ ਉੱਥੇ ਆ ਪਹੁੰਚੇ! ਉਨ੍ਹਾਂ ਨੇ ਭੱਜ ਕੇ ਡਿੱਗੇ ਪਏ ਨੂੰ ਚੁੱਕਿਆ। ਉਸਨੇ 'ਤਾਂਹ ਨੂੰ ਦੇਖਿਆ ਤਾਂ ਅਸਮਾਨ ਵਿੱਚ ਚੰਦ ਦੇਖ ਕੇ ਸਾਥੀਆਂ ਨੂੰ ਕਹਿੰਦਾ-


'ਭਾਵੇਂ ਮੈਂ ਆਪਣਾ ਟੌਟਰ ਭਨਾ ਲਿਆ ਐ ਪਰ ਚੰਦ ਚਾੜ੍ਹਤਾ ਮੁੜ ਅਸਮਾਨ ਵਿੱਚ !'

### ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਵੱਲੋਂ

# ਤੀਜੀ ਅਮਰੀਕੀ ਪੰਜਾਬੀ ਕਵਿਤਾ ਕਾਨਫਰੰਸ ਪਹਿਲੀ ਅਕਤੂਬਰ ਨੂੰ ਸਟਾਕਟਨ ਵਿਖੇ ਕਰਵਾਉਣ ਦਾ ਐਲਾਨ

ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਦੀ ਕਾਰਜ-ਕਾਰਨੀ ਕਮੇਟੀ ਦੀ ਇਕ ਮਹੱਤਵਪੂਰਨ ਮੀਟਿੰਗ ਪੈਟਰਸਨ ਵਿਖੇ ਸੰਪੰਨ ਹੋਈ। ਇਸ ਵਿਚ ਪ੍ਰੋ. ਹਰਭਜਨ ਸਿੰਘ, ਕੁਲਵੰਤ ਸਿੰਘ ਸੇਖੋਂ (ਪ੍ਰਧਾਨ), ਹਰਜੀਤ ਸਿੰਘ ਹਠੂਰ (ਮੀਤ ਪ੍ਰਧਾਨ), ਮਨਦੀਪ ਗੋਰਾ (ਸਕੱਤਰ), ਹਰਪ੍ਰੀਤ ਕੌਰ ਧੂਤ (ਸਹਾਇਕ ਸਕੱਤਰ) ਨੇ ਹਿੱਸਾ ਲਿਆ ਤੇ ਖੁਸ਼ਗਵਾਰ ਦੋਸਤਾਨਾ ਮਾਹੌਲ ਵਿਚ ਖੁੱਲ੍ਹੇ ਵਿਚਾਰ-ਵਟਾਂਦਰੇ ਤੋਂ ਤੀਜੀ ਅਮਰੀਕੀ ਪੰਜਾਬੀ ਕਵਿਤਾ ਕਾਨਫਰੰਸ ਪਹਿਲੀ ਅਕਤੂਬਰ ਨੂੰ ਰਾਇਲ ਇੰਡੀਅਨ ਕੁਜ਼ੀਨ 7610 ਪੈਸੇਫਿਕ ਐਵਨਿਊ ਸਟਾਕਟਨ ਵਿਖੇ ਕਰਵਾਉਣ ਦਾ ਫੈਸਲਾ ਲਿਆ ਗਿਆ। ਇਹ ਕਾਨਫਰੰਸ ਗਦਰ ਲਹਿਰ ਦੀ ਕਵਿਤਾ ਨੂੰ ਸਮਰਪਿਤ ਹੋਵੇਗੀ। ਡਾ. ਧਨਵੰਤ ਕੌਰ 'ਗਦਰ ਲਹਿਰ ਦੀ ਕਵਿਤਾ ਦਾ ਇਤਿਹਾਸਕ ਮਹੱਤਵ ਤੇ ਵਰਤਮਾਨ ਸਾਰਥਕਤਾ' ਖੋਜ ਪੇਪਰ ਤਿਆਰ ਕਰਨਗੇ। ਡਾ. ਗੁਰਪਾਲ ਸਿੰਘ ਸੰਧੂ 'ਸਮਕਾਲੀ ਅਮਰੀਕੀ ਪੰਜਾਬੀ ਕਵਿਤਾ: ਇਕ ਮੁਲਾਂਕਣ' ਖੋਜ ਪੇਪਰ ਲਿਖਣਗੇ। ਇਹ ਪੇਪਰ ਕਾਨਫਰੰਸ ਦੇ ਪਹਿਲੇ ਸੈਸ਼ਨ ਵਿਚ ਪੇਸ਼ ਕੀਤੇ ਜਾਣਗੇ। ਇਨ੍ਹਾਂ ਬਾਰੇ ਸਵਾਲ ਜਵਾਬ ਤੇ ਟਿੱਪਣੀਆਂ ਦਾ ਮੌਕਾ ਪ੍ਰਦਾਨ ਕੀਤਾ ਜਾਵੇਗਾ। ਇਸ ਦੌਰਾਨ ਡਾ. ਗੁਰਪਾਲ ਸਿੰਘ ਸੰਧੂ, ਡਾ. ਮਹਿੰਦਰ ਗਿੱਲ ਤੇ ਦਰਸ਼ਨ ਬੁਲੰਦਵੀ ਵੱਲੋਂ ਸੰਪਾਦਿਤ ਤੇ ਪ੍ਰਕਾਸ਼ਿਤ ਕਾਵਿ-ਸੰਗ੍ਰਹਿ 'ਸਮਕਾਲੀ ਪਰਵਾਸੀ ਪੰਜਾਬੀ ਕਵਿਤਾ' ਰੀਲੀਜ਼ ਕੀਤਾ ਜਾਵੇਗਾ। ਇਸ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਸਵਿਟਜ਼ਰਲੈਂਡ ਦੇ 51 ਕਵੀਆਂ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ।

ਇਸ ਤੋਂ ਪਹਿਲਾਂ, ਜੁਲਾਈ 2017 ਵਿਚ ਸਾਡੀ ਪਹਿਲੀ ਸੰਪਾਦਕ ਟੀਮ: ਦਰਸ਼ਨ ਬੁਲੰਦਵੀ, ਕੁਲਵੰਤ ਕੌਰ ਢਿੱਲੋਂ ਤੇ ਅਜੀ▲ਮ ਸ਼ੇਖਰ ਵੱਲੋਂ




ਪਰਵਾਸੀ ਪੰਜਾਬੀ ਕਾਵਿ ਸੰਗ੍ਰਹਿ - 'ਵਰਤਮਾਨ ਦੇ ਆਰ-ਪਾਰ' ਸੰਪਾਦਿਤ ਤੇ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ ਦੇ 79 ਕਵੀਆਂ ਦੀਆਂ ਰਚਨਾਵਾਂ ਸ਼ਾਮਲ ਹਨ। ਇਹ ਸੰਗ੍ਰਹਿ ਪਾਠਕਾਂ, ਆਲੋਚਕਾਂ ਅਤੇ ਵਿਦਵਾਨਾਂ ਵਿਚ ਬੇਹੱਦ ਮਕਬੂਲ ਹੋਇਆ ਹੈ। ਉਮੀਦ ਹੈ, ਇਸ ਨਵੇਂ ਕਾਵਿ ਸੰਗ੍ਰਹਿ ਨੂੰ ਵੀ ਪਾਠਕਾਂ ਦਾ ਭਰਵਾਂ ਹੁੰਗਾਰਾ ਮਿਲੇਗਾ। ਇਸ ਉਮੀਦ ਨਾਲ ਇਹ ਸੰਗ੍ਰਹਿ ਪਹਿਲੀ ਅਕਤੂਬਰ ਨੂੰ ਲੋਕ ਅਰਪਿਤ ਕਰਕੇ ਸਾਨੂੰ ਬੇਹੱਦ ਖੁਸ਼ੀ ਤੇ ਮਾਣ ਮਹਿਸੂਸ ਹੋਵੇਗਾ।

ਇਸ ਕਾਨਫਰੰਸ ਦੇ ਦੂਜੇ ਸੈਸ਼ਨ ਵਿਚ ਕਵੀ ਦਰਬਾਰ ਕਰਵਾਇਆ ਜਾਵੇਗਾ। ਇਸ ਵਿਚ ਹਾਜ਼ਰ ਕਵੀ ਆਪਣੀਆਂ ਤਾਜ਼ਾ ਤਰੀਨ ਰਚਨਾਵਾਂ ਪੇਸ਼ ਕਰਨਗੇ। ਇਹ ਕਾਨਫਰੰਸ ਕੈਲੀਫੋਰਨੀਆ ਦੇ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਤੇ ਪੰਜਾਬੀ ਸਾਹਿਤ ਸਭਾ (ਕੈਲੀਫੋਰਨੀਆ) ਦੀਆਂ ਸਾਰੀਆਂ ਇਕਾਈਆਂ ਦੇ ਸਰਗਰਮ ਸਹਿਯੋਗ ਤੇ ਸ਼ਮੂਲੀਅਤ ਨਾਲ ਆਯੋਜਿਤ ਕੀਤੀ ਜਾਵੇਗੀ। ਅਮਰਜੀਤ ਚਾਹਲ (ਕੈਨੇਡਾ) ਇਸ ਕਾਨਫਰੰਸ ਵਿਚ ਮੁੱਖ ਮਹਿਮਾਨ ਵਜੋਂ ਹਿੱਸਾ ਲੈਣਗੇ। ਇਹ ਕਾਨਫਰੰਸ ਸਵੇਰੇ ਗਿਆਰਾਂ ਵਜੇ ਆਰੰਭ ਹੋ ਕੇ ਸ਼ਾਮ ਦੇ ਛੇ ਵਜੇ ਤੱਕ ਚੱਲੇਗੀ। ਲੰਚ ਦੌਰਾਨ ਪ੍ਰੋ. ਹਰਭਜਨ ਸਿੰਘ ਵੱਲੋਂ ਨਵ-ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਦੀ ਸੇਲ ਲਗਾਈ ਜਾਵੇਗੀ। ਇਸ ਕਾਨਫਰੰਸ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਣ ਲਈ ਅਸੀਂ ਪਾਠਕਾਂ, ਲੇਖਕਾਂ, ਕਵੀਆਂ ਅਤੇ ਪੰਜਾਬੀ ਮਾਂ-ਬੋਲੀ ਦੇ ਸ਼ੁਭਚਿੰਤਕਾਂ ਨੂੰ ਇਸ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਹਾਰਦਿਕ ਖੁੱਲ੍ਹਾ ਸੱਦਾ ਭੇਜ ਰਹੇ ਹਾਂ। ਵਧੇਰੇ ਜਾਣਕਾਰੀ ਲਈ ਕੁਲਵੰਤ ਸਿੰਘ ਸੇਖੋਂ (559-355-6564) ਤੇ ਹਰਜੀਤ ਹਠੂਰ (408-569-8469) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਰਿਪੋਰਟ: ਮਨਦੀਪ ਗੋਰਾ (209-740-8319), ਹਰਪ੍ਰੀਤ ਕੌਰ ਧੂਤ (209-423-1107).**



# ਗ੍ਰੀਸ 'ਚ ਪ੍ਰਧਾਨ ਮੰਤਰੀ ਮੋਦੀ ਨੇ ਕੀਤੀ ਸਿੱਖਾਂ ਦੀ ਤਾਰੀਫ਼

- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗ੍ਰੀਸ ਵਿਚ ਕਈ ਸਥਾਨਾਂ ਦੀ ਯਾਤਰਾ ਕੀਤੀ : ਮੋਦੀ
- ਕੋਰੋਨਾ ਕਾਲ ਵਿਚ ਸਿੱਖ ਭਾਈਚਾਰੇ ਵੱਲੋਂ ਨਿਭਾਈਆਂ ਗਈਆਂ ਸੇਵਾਵਾਂ ਸ਼ਲਾਘਾਯੋਗ
- 40 ਸਾਲ ਬਾਅਦ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਗ੍ਰੀਸ ਆਉਣ ਨਾਲ ਭਾਈਚਾਰੇ ਦਾ ਮਾਣ ਵਧਿਆ : ਸ੍ਰ. ਕਿਰਪਾਲ ਸਿੰਘ ਟਾਂਡਾ








ਗ੍ਰੀਸ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਗ੍ਰੀਸ ਦੌਰੇ ਦੌਰਾਨ ਭਾਰਤੀ ਭਾਈਚਾਰੇ ਦੇ ਲੋਕਾਂ ਨਾਲ ਮੁਲਾਕਾਤ ਕੀਤੀ। ਏਥੈਂਸ ਸੰਗੀਤ ਯੂਨੀਵਰਸਿਟੀ ਵਿਚ ਪਰਵਾਸੀ ਭਾਰਤੀਆਂ ਨੂੰ ਸੰਬੋਧਨ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਗ੍ਰੀਸ ਅਤੇ ਭਾਰਤ ਦੇ ਰਿਸ਼ਤਿਆਂ 'ਤੇ ਵਿਸਥਾਰ ਨਾਲ ਗੱਲਬਾਤ ਕੀਤੀ ਅਤੇ ਇਸ ਦੌਰਾਨ ਉਨ੍ਹਾਂ ਨੇ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੀ ਖ਼ਾਸ ਤੌਰ 'ਤੇ ਜ਼ਿਕਰ ਕੀਤਾ।

ਗ੍ਰੀਸ ਦੀ ਏਥੈਂਸ ਸੰਗੀਤ ਯੂਨੀਵਰਸਿਟੀ ਵਿਚ ਪਰਵਾਸੀ ਭਾਰਤੀਆਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਖਿਆ ਕਿ ਵਿਸ਼ਵ ਵਿਚ ਭਾਰਤੀ ਸੱਭਿਅਤਾ ਦੀ ਆਪਣੀ ਇਕ ਵੱਖਰੀ ਪਛਾਣ ਹੈ ਅਤੇ ਇਹ ਸਾਡੇ ਗੁਰੂਆਂ ਪੀਰਾਂ ਤੋਂ ਚਲਦੀ ਆ ਰਹੀ ਐ। ਉਨ੍ਹਾਂ ਆਖਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗ੍ਰੀਸ ਵਿਚ ਕਈ ਸਥਾਨਾਂ ਦੀ ਯਾਤਰਾ ਕੀਤੀ ਸੀ ਅਤੇ ਭਾਰਤੀ ਸੰਸਕਾਰਾਂ ਨੂੰ ਅੱਗੇ ਵਧਾਇਆ। ਇੱਥੇ ਹੀ ਬਸ ਨਹੀਂ, ਉਨ੍ਹਾਂ ਨੇ ਕੋਰੋਨਾ ਕਾਲ ਵਿਚ ਸਿੱਖ ਭਾਈਚਾਰੇ ਵੱਲੋਂ ਨਿਭਾਈਆਂ ਗਈਆਂ ਸੇਵਾਵਾਂ ਦੀ ਵੀ ਸ਼ਲਾਘਾ ਕੀਤੀ।

ਦੱਸ ਦਈਏ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਗ੍ਰੀਸ ਦੌਰਾ ਹੁਣ ਖ਼ਤਮ ਹੋ ਚੁੱਕਿਆ ਏ ਅਤੇ ਉਹ ਦਿੱਲੀ ਵਾਪਸ ਪਰਤ ਚੁੱਕੇ ਨੇ। ਇਸ ਦੌਰਾਨ ਉਨ੍ਹਾਂ ਨੂੰ ਗ੍ਰੀਸ ਦੇ ਦੂਜੇ ਸਭ ਤੋਂ ਵੱਡੇ ਸਨਮਾਨ ਦੇ ਨਾਲ ਵੀ ਨਿਵਾਜ਼ਿਆ ਗਿਆ।












ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਸ੍ਰ. ਕਿਰਪਾਲ ਸਿੰਘ ਟਾਂਡਾ

# ਦੁਨੀਆ ਦੇ ਉਘੇ ਲੋਕ ਗਾਇਕ ਅਤੇ ਨਵੀਂ ਦਿੱਲੀ ਤੋਂ ਭਾਜਪਾ ਸੰਸਦ ਹੰਸ ਰਾਜ ਹੰਸ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕੀਤਾ ਸਵਾਗਤ





ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦੱਖਣੀ ਅਫ਼ਰੀਕਾ ਅਤੇ ਗ੍ਰੀਸ ਦਾ 4 ਦਿਨਾ ਦੌਰਾ ਪੂਰਾ ਕਰਨ ਤੋਂ ਬਾਅਦ ਸ਼ਨੀਵਾਰ ਨੂੰ ਨਵੀਂ ਦਿੱਲੀ ਦੇ ਪਾਲਮ ਹਵਾਈ ਅੱਡੇ 'ਤੇ ਪਹੁੰਚਣ 'ਤੇ ਭਾਜਪਾ ਦੇ ਸੰਸਦ ਮੈਂਬਰ ਹੰਸ ਰਾਜ ਹੰਸ ਦੁਆਰਾ ਸਵਾਗਤ ਕੀਤਾ ਗਿਆ।

## ਗ੍ਰੀਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੀਤਾ ਸਨਮਾਨਿਤ

# ਰਾਸ਼ਟਰਪਤੀ ਕੈਟਰੀਨਾ ਨੇ ਦਿੱਤਾ ਗ੍ਰੈਂਡ ਕਰਾਸ ਆਫ ਦਾ ਆਰਡਰ ਆਫ ਆਨਰ

ਏਥਨਜ਼ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਏਥਨਜ਼ ਵਿੱਚ ਗ੍ਰੀਸ ਦੀ ਰਾਸ਼ਟਰਪਤੀ ਕੈਟਰੀਨਾ ਐਨ ਸਾਕੇਲਾਰੋਪੌਲੂ ਨੇ ਗ੍ਰੈਂਡ ਕਰਾਸ ਆਫ਼ ਦਾ ਆਰਡਰ ਆਫ਼ ਆਨਰ ਪ੍ਰਦਾਨ ਕੀਤਾ। ਪ੍ਰਧਾਨ ਮੰਤਰੀ ਨੇ ਇਸ ਸਬੰਧੀ ਇਕ ਟਵੀਟ ਕਰਦਿਆਂ ਜਾਣਕਾਰੀ ਦਿੱਤੀ ਹੈ। ਇਸ ਮੌਕੇ 'ਤੇ ਪੀ.ਐੱਮ ਮੋਦੀ ਨੇ ਆਪਣੇ ਅਧਿਕਾਰਤ ਐਕਸ (ਟਵਿੱਟਰ) ਹੈਂਡਲ 'ਤੇ ਲਿਖਿਆ ਕਿ "ਮੈਨੂੰ ਗ੍ਰੈਂਡ ਕਰਾਸ ਆਫ ਦਾ ਆਰਡਰ ਆਫ ਆਨਰ ਪ੍ਰਦਾਨ ਕਰਨ ਲਈ ਰਾਸ਼ਟਰਪਤੀ ਕੈਟਰੀਨਾ ਐਨ. ਸਾਕੇਲਾਰੋਪੌਲੂ, ਸਰਕਾਰ ਅਤੇ ਗ੍ਰੀਸ ਦੇ ਲੋਕਾਂ ਦਾ ਧੰਨਵਾਦ ਕਰਦਾ ਹਾਂ, ਜੋ ਭਾਰਤ ਲਈ ਸਨਮਾਨ ਨੂੰ ਦਰਸਾਉਂਦਾ ਹੈ।" ਇੱਥੇ ਦੱਸ ਦਈਏ ਕਿ ਆਰਡਰ ਆਫ਼ ਆਨਰ ਦੀ ਸਥਾਪਨਾ 1975 ਵਿੱਚ ਕੀਤੀ ਗਈ ਸੀ। ਦੇਵੀ ਐਥੀਨਾ ਦੇ ਸਿਰ ਨੂੰ ਸਟਾਰ ਦੇ ਅਗਲੇ ਪਾਸੇ ਸ਼ਿਲਾਲੇਖ ਨਾਲ ਦਰਸਾਇਆ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਇਸ ਨਾਲ "ਸਿਰਫ਼ ਚੰਗੇ ਲੋਕਾਂ ਨੂੰ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ"। ਗਰੈਂਡ ਕਰਾਸ ਆਫ਼ ਦਾ ਆਰਡਰ ਆਫ਼ ਆਨਰ ਗ੍ਰੀਸ ਦੇ ਰਾਸ਼ਟਰਪਤੀ ਦੁਆਰਾ ਪ੍ਰਧਾਨ ਮੰਤਰੀਆਂ ਅਤੇ ਉੱਘੀਆਂ ਸ਼ਖ਼ਸੀਅਤਾਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਆਪਣੀ ਵਿਲੱਖਣ ਸਥਿਤੀ ਕਾਰਨ, ਗ੍ਰੀਸ ਦੇ ਕੱਦ ਨੂੰ ਵਧਾਉਣ ਵਿੱਚ ਯੋਗਦਾਨ ਪਾਇਆ ਹੈ। ਹਵਾਲੇ ਵਿੱਚ ਕਿਹਾ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਖ਼ਸੀਅਤ ਵਿੱਚ, ਭਾਰਤ ਦੇ ਦੋਸਤਾਨਾ ਲੋਕਾਂ ਨੂੰ ਇੱਕ ਸਨਮਾਨ ਦਿੱਤਾ ਜਾਂਦਾ ਹੈ। ਇਸ ਵਿੱਚ ਇਹ ਵੀ ਕਿਹਾ ਗਿਆ ਹੈ, ਇਸ ਫੇਰੀ ਦੇ ਮੌਕੇ ਗ੍ਰੀਕ ਰਾਜ ਭਾਰਤ ਦੇ ਪ੍ਰਧਾਨ ਮੰਤਰੀ ਦਾ ਸਨਮਾਨ ਕਰਦਾ ਹੈ। ਭਾਰਤ, ਇੱਕ ਅਜਿਹਾ ਰਾਜਨੇਤਾ ਜਿਸਨੇ ਅਣਥੱਕ ਤੌਰ 'ਤੇ ਆਪਣੇ ਦੇਸ਼ ਦੀ ਵਿਸ਼ਵਵਿਆਪੀ ਪਹੁੰਚ ਨੂੰ ਅੱਗੇ ਵਧਾਇਆ ਹੈ ਅਤੇ ਜੋ ਦਲੇਰ ਸੁਧਾਰ ਲਿਆਉਂਦੇ ਹੋਏ ਭਾਰਤ ਦੀ ਆਰਥਿਕ ਤਰੱਕੀ ਅਤੇ ਖ਼ੁਸ਼ਹਾਲੀ ਲਈ ਯੋਜਨਾਬੱਧ ਢੰਗ ਨਾਲ ਕੰਮ ਕਰਦਾ ਹੈ। ਇਸ ਤੋਂ ਪਹਿਲਾਂ ਏਥਨਜ਼ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਯੂਨਾਨ ਦੇ ਰਾਸ਼ਟਰਪਤੀ ਸਾਕੇਲਾਰੋਪੌਲੂ ਨਾਲ ਮੁਲਾਕਾਤ ਦੌਰਾਨ ਚੰਦਰਯਾਨ-3 ਮਿਸ਼ਨ ਦੀ ਸਫ਼ਲਤਾ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਚੰਦਰਯਾਨ-3 ਦੀ ਸਫ਼ਲਤਾ ਨਾ ਸਿਰਫ਼ ਭਾਰਤ ਦੀ ਸਫ਼ਲਤਾ ਹੈ, ਸਗੋਂ ਇਹ ਸਮੁੱਚੀ ਮਨੁੱਖਤਾ ਦੀ ਸਫ਼ਲਤਾ ਹੈ। ਚੰਦਰਯਾਨ-3 ਮਿਸ਼ਨ ਦੁਆਰਾ ਇਕੱਤਰ ਕੀਤੇ ਗਏ ਅੰਕੜਿਆਂ ਦੇ ਨਤੀਜੇ ਸਮੁੱਚੇ ਵਿਗਿਆਨਕ ਭਾਈਚਾਰੇ ਅਤੇ ਮਨੁੱਖਤਾ ਦੀ ਮਦਦ ਕਰਨਗੇ।



## ਮੋਦੀ 40 ਸਾਲ 'ਚ ਯੂਨਾਨ ਦਾ ਦੌਰਾ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ

ਏਥਨਜ਼ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਯੂਨਾਨ ਦੀ ਸਿਖਰਲੀ ਲੀਡਰਸ਼ਿਪ ਨਾਲ ਗੱਲਬਾਤ ਲਈ ਅੱਜ ਇਸ ਯੂਰਪੀ ਦੇਸ਼ ਪਹੁੰਚੇ। ਸ੍ਰੀ ਮੋਦੀ ਦੱਖਣੀ ਅਫਰੀਕਾ 'ਚ ਬਰਿਕਸ ਸਿਖਰ ਸੰਮੇਲਨ ਤੋਂ ਬਾਅਦ ਇੱਥੇ ਯੂਨਾਨ ਦੀ ਰਾਜਧਾਨੀ ਪਹੁੰਚੇ। ਉਹ ਯੂਨਾਨ ਦੇ ਪ੍ਰਧਾਨ ਮੰਤਰੀ ਕਿਰੀਆਕੋਸ ਮਿਤਸੋਤਾਕਿਸ ਦੇ ਸੱਦੇ 'ਤੇ ਆਏ ਹਨ। ਮੋਦੀ ਨੇ ਕਿਹਾ, 'ਮੈਨੂੰ 40 ਸਾਲਾਂ ਬਾਅਦ ਯੂਨਾਨ ਦਾ ਦੌਰਾ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਹੋਣ ਦਾ ਮਾਣ ਪ੍ਰਾਪਤ ਹੈ।' ਯੂਨਾਨ ਦਾ ਆਖਰੀ ਉੱਚ ਪੱਧਰੀ ਦੌਰਾ ਸਤੰਬਰ 1983 ਵਿੱਚ ਹੋਇਆ ਸੀ, ਜਦੋਂ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੇਸ਼ ਦਾ ਦੌਰਾ ਕੀਤਾ ਸੀ। ਯੂਨਾਨ ਰਾਸ਼ਟਰਪਤੀ ਕਤੇਰੀਨਾ ਐੱਨ. ਸਕੇਲਾਰੋਪੌਲੂ ਨੇ ਪ੍ਰਧਾਨ ਮੰਤਰੀ ਮੋਦੀ ਦਾ ਵੱਕਾਰੀ 'ਗਰੈਂਡ ਕਰੌਸ ਆਫ ਦਿ ਆਰਡਰ ਆਫ ਆਨਰ' ਨਾਲ ਸਨਮਾਨ ਕੀਤਾ। ਯੂਨਾਨ ਦਾ ਦੌਰਾ ਸਮਾਪਤ ਹੋਣ ਮਗਰੋਂ ਦੇਰ ਰਾਤ ਉਹ ਭਾਰਤ ਲਈ ਰਵਾਨਾ ਹੋ ਗਏ।



## ਯੂਨਾਨ: ਮੋਦੀ ਵੱਲੋਂ ਦੁਵੱਲੇ ਸਬੰਧ ਮਜ਼ਬੂਤ ਕਰਨ 'ਤੇ ਜ਼ੋਰ



ਏਥਨਜ਼ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਥੇ ਆਪਣੇ ਯੂਨਾਨ ਦੇ ਹਮਰੁਤਬਾ ਕਿਰਿਆਕੋਸ ਮਿਤਸੋਟਾਕਿਸ ਨਾਲ ਮੁਲਾਕਾਤ ਕੀਤੀ। ਦੋਵਾਂ ਆਗੂਆਂ ਨੇ ਇਸ ਮੌਕੇ ਵੱਖ-ਵੱਖ ਖੇਤਰਾਂ ਵਿਚ ਦੁਵੱਲੇ ਰਿਸ਼ਤੇ ਹੋਰ ਮਜ਼ਬੂਤ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ। ਭਾਰਤ ਦੇ ਕਿਸੇ ਪ੍ਰਧਾਨ ਮੰਤਰੀ ਦਾ 40 ਸਾਲਾਂ ਵਿਚ ਇਹ ਪਹਿਲਾ ਯੂਨਾਨ ਦੌਰਾ ਹੈ। ਇਸ ਤੋਂ ਪਹਿਲਾਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸੰਨ 1983 ਵਿਚ ਗਰੀਸ ਗਏ ਸਨ। ਭਾਰਤ ਤੇ ਯੂਨਾਨ ਨੇ ਦੁਵੱਲੇ ਰਿਸ਼ਤਿਆਂ ਨੂੰ ਰਣਨੀਤਕ ਪੱਧਰ ਉਤੇ ਲਿਜਾਣ ਲਈ ਸਹਿਮਤੀ ਦਿੱਤੀ ਹੈ। ਦੋਵੇਂ ਮੁਲਕ ਦੁਵੱਲੇ ਵਪਾਰ ਨੂੰ 2030 ਤੱਕ ਦੁੱਗਣਾ ਕਰਨ ਲਈ ਵੀ ਸਹਿਮਤ ਹੋਏ ਹਨ। ਦੋਵਾਂ ਆਗੂਆਂ ਨੇ ਸਾਂਝੇ ਹਿੱਤਾਂ ਵਾਲੇ ਖੇਤਰੀ ਤੇ ਕੌਮਾਂਤਰੀ ਮੁੱਦਿਆਂ ਉਤੇ ਵੀ ਚਰਚਾ ਕੀਤੀ। ਭਾਰਤ-ਯੂਨਾਨ ਵਿਚਾਲੇ ਵਰਤਮਾਨ 'ਚ ਦੋ ਅਰਬ ਡਾਲਰ ਦਾ ਵਪਾਰ ਹੁੰਦਾ ਹੈ। ਪ੍ਰਧਾਨ ਮੰਤਰੀ ਮਿਤਸੋਟਾਕਿਸ ਤੇ ਮੋਦੀ ਨੇ ਰੱਖਿਆ, ਸ਼ਿਪਿੰਗ, ਵਿਗਿਆਨ ਤੇ ਤਕਨੀਕ, ਸਾਈਬਰ ਸਪੇਸ, ਸਿੱਖਿਆ, ਸਭਿਆਚਾਰ, ਸੈਰ-ਸਪਾਟਾ ਤੇ ਖੇਤੀਬਾੜੀ ਖੇਤਰਾਂ ਵਿਚ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਉਤੇ ਜ਼ੋਰ ਦਿੱਤਾ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਯੂਨਾਨ ਦੀ ਰਾਸ਼ਟਰਪਤੀ ਕਤੇਰੀਨਾ ਐੱਨ. ਸਕੇਲਾਰੋਪੌਲੂ ਨਾਲ ਵੀ ਮੁਲਾਕਾਤ ਕੀਤੀ। ਇਨ੍ਹਾਂ ਦੋਵਾਂ ਆਗੂਆਂ ਦੀ ਗੱਲਬਾਤ ਵੀ ਦੁਵੱਲੇ ਸਬੰਧਾਂ ਹੋਰ ਮਜ਼ਬੂਤ ਕਰਨ ਉਤੇ ਕੇਂਦਰਤ ਰਹੀ। ਯੂਨਾਨੀ ਰਾਸ਼ਟਰਪਤੀ ਨੇ ਭਾਰਤ ਦੇ 'ਮੂਨ ਮਿਸ਼ਨ' ਦੀ ਪ੍ਰਸ਼ੰਸਾ ਕੀਤੀ। ਇਸ 'ਤੇ ਮੋਦੀ ਨੇ ਕਿਹਾ ਕਿ ਚੰਦਰਯਾਨ-3 ਭਾਰਤ ਦੀ ਹੀ ਜਿੱਤ ਨਹੀਂ, ਬਲਕਿ ਪੂਰੀ ਮਨੁੱਖਤਾ ਦੀ ਸਫ਼ਲਤਾ ਹੈ। ਮੋਦੀ ਦੱਖਣੀ ਅਫਰੀਕਾ ਵਿਚ ਹੋਏ ਬਰਿਕਸ ਸੰਮੇਲਨ ਵਿਚ ਹਿੱਸਾ ਲੈਣ ਤੋਂ ਬਾਅਦ ਏਥਨਜ਼ ਪੁੱਜੇ ਸਨ।

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



**ਹੋਰ ਜਾਣਕਾਰੀ ਲਈ ਸੰਪਰਕ ਕਰੋ**

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM


ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
Sakoon
CELEBRATING INDIAN FLAVORS
RESTAURANT | BAR
LOUNGE | BANQUET
our 3rd location now open in
santa clara
Late : Baba Lashkar Singh
Didar Singh
Balkar Singh
BOMBAY GARDEN
ਅਸੀਂ 500 ਤੋਂ ਲੈ ਕੇ 10000 ਹਜ਼ਾਰ ਤੱਕ ਕੈਟਰਿੰਗ ਕਰਦੇ ਹਾਂ। ਇਸ ਵਿਚ ਸਾਡਾ ਕੋਈ ਮੁਕਾਬਲਾ ਨਹੀਂ।
ਅਸੀਂ ਕੈਲੀਫੋਰਨੀਆ ਵਿਚ ਬੰਬੇ ਗਾਰਡਨ, ਬੰਬੇ ਐਕਸਪ੍ਰੈਸ ਅਤੇ ਸਕੂਨ ਰੈਸਟੋਰੈਂਟ
ਦੀਆਂ ਵੱਖ-ਵੱਖ ਬ੍ਰਾਂਚਾਂ ਤੋਂ ਆਪ ਜੀ ਦੀ ਸੇਵਾ ਕਰਦੇ ਹਾਂ।
ਬਲਕਾਰ ਸਿੰਘ (510) 676-5641



ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
ਕਮਿਉਨਟੀ ਦੇ ਨਿਸ਼ਕਾਮ ਸੇਵਕ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਅਮਰੀਕਾ ਦੇ ਨੌਜਵਾਨ ਸਿੱਖ ਆਗੂ ਅਤੇ
ਸੀਨੀਅਰ ਪੱਤਰਕਾਰ ਸ੍ਰ. ਬਲਜੀਤਪਾਲ ਸਿੰਘ ਘੁੰਮਣ, ਬਲਰਾਜ ਕੌਰ ਘੁੰਮਣ, ਰਾਜਕੋਂਵਰ ਸਿੰਘ ਘੁੰਮਣ,
ਨਿੱਤਨਜੀਤ ਸਿੰਘ ਘੁੰਮਣ, ਮਿਰਜ਼ਾਪੁਰ ਵਰਜੀਨੀਆ ਅਤੇ ਸਮੂਹ ਘੁੰਮਣ ਪਰਿਵਾਰ
(703) 409-0141


ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
ਸ. ਰੇਸ਼ਮ ਸਿੰਘ , ਪ੍ਰਧਾਨ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ
ਸ. ਜਗਤਾਰ ਸਿੰਘ ਗਿੱਲ ਜਨਰਲ ਸੈਕਟਰੀ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ ਐਸ ਏ (ਵੈਸਟ)
ਬਲਵਿੰਦਰ ਸਿੰਘ ਮਿੱਠੂ ਚੀਮਾ
ਨੈਸ਼ਨਲ ਪੈਨਲ ਮੈਂਬਰ
ਜਗਰਾਜ ਸਿੰਘ ਧਾਲੀਵਾਲ
ਸੀਨੀਅਰ ਵਾਈਸ ਪ੍ਰਧਾਨ ਕੈਲੀਫੋਰਨੀਆ
ਰਛਪਾਲ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ
ਅੰਮ੍ਰਿਤਸਰ ਕੈਲੇਫੋਨੀਆਂ ਵੈਸਟ
ਪਰਮਜੀਤ ਸਿੰਘ ਲਾਸਏਂਜਲਸ
ਵਾਈਸ ਕੈਲੇਫੋਰੀਨੀਆ
ਸ. ਜਸਬੀਰ ਸਿੰਘ ਤੱਖਰ
ਨੈਸ਼ਨਲ ਪੈਨਲ ਮੈਂਬਰ
ਐਡਵੋਕੇਟ ਰਜਿੰਦਰ ਸਿੰਘ ਕਲਸੀ
ਸਕੱਤਰ
ਸਮਰਜੀਤ ਸਿੰਘ
ਚੀਫ ਐਗਜੈਕਟਿਵ ਮੈਂਬਰ
ਲਵਦੀਪ ਸਿੰਘ
ਸਹਾਇਕ ਖਜਾਨਚੀ
ਤਰਨਜੀਤ ਸਿੰਘ
ਚੀਫ ਐਗਜੈਕਟਿਵ ਮੈਂਬਰ
ਗੁਰਮੀਤ ਸਿੰਘ
ਯੂਥਾਸਿਟੀ ਵਾਈਸ ਪ੍ਰਧਾਨ
ਸੁਖਬੀਰ ਸਿੰਘ ਗਿੱਲ
ਖਜ਼ਾਨਚੀ
ਅਜ਼ਾਦ ਸਿੰਘ
ਕੁਲਵੰਤ ਸਿੰਘ
ਜਗਤਾਰ ਸਿੰਘ
ਪਰਤਾਪ ਸਿੰਘ
ਰਣਜੀਤ ਸਿੰਘ
ਸਮਾਇਲਪ੍ਰੀਤ ਸਿੱਧੂ
ਸੰਦੀਪ ਸਿੰਘ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ ਯੂ ਐਸ ਏ
661-209-0118

# ਪੁਲਿਸ ਵਲੋਂ ਬਾਂਦੀਪੋਰਾ ਵਿੱਚ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼, ਸਾਬਕਾ ਅੱਤਵਾਦੀ ਔਰਤ ਨੂੰ ਗ੍ਰਿਫਤਾਰ ਕੀਤਾ





ਬਾਂਦੀਪੋਰਾ : ਪੁਲਿਸ ਨੇ ਇਕ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ, ਜਿਸ ਦਾ ਉਦੇਸ਼ ਇਲਾਕੇ ’ਚ ਅੱਤਵਾਦ ਨੂੰ ਮੁੜ ਸੁਰਜੀਤ ਕਰਨਾ ਸੀ। ਗ੍ਰਿਫਤਾਰ ਕੀਤੇ ਗਏ ਲੋਕਾਂ ਦੀ ਪਛਾਣ ਸਾਬਕਾ ਅੱਤਵਾਦੀ, ਨੇਸਬਲਸੰਬਲ ਦੇ ਸ਼ਫਾਯਤ ਜ਼ੁਬੈਰ ਰਿਸ਼ੀ ਅਤੇ ਪਾਜਲਪੋਰਾ ਦੇ ਇੱਕ ਮਾਰੇ ਗਏ ਅੱਤਵਾਦੀ ਯੂਸਫ ਚੋਪਨ ਦੀ ਪਤਨੀ ਮੁਨੀਰਾ ਬੇਗਮ ਵਜੋਂ ਹੋਈ ਹੈ। ਪੁਲਿਸ ਨੇ ਜੰਗਲੀ ਖੇਤਰ ਤੋਂ ਹਥਿਆਰ ਅਤੇ ਗੋਲਾ ਬਾਰੂਦ ਵੀ ਬਰਾਮਦ ਕੀਤਾ ਹੈ।

ਐਸਐਸਪੀ ਬਾਂਦੀਪੋਰਾ ਲਕਸ਼ੈ ਸ਼ਰਮਾ ਨੇ ਦੱਸਿਆ ਕਿ ਇਹ ਅਪਰੇਸ਼ਨ ਸ਼ੁੱਕਰਵਾਰ ਨੂੰ 26 ਅਸਾਮ ਰਾਈਫਲਜ਼ ਅਤੇ ਤੀਜੀ ਬੀਐਨ ਸੀਆਰਪੀਐਫ ਦੇ ਨਾਲ ਕੀਤਾ ਗਿਆ ਸੀ।

ਇਥੇ ਜਾਰੀ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਕ ‘ਹਾਈਬ੍ਰਿਡ ਅੱਤਵਾਦੀ’ ਦੀ ਹਰਕਤ ਦੀ ਸੂਚਨਾ ਮਿਲੀ ਸੀ ਅਤੇ ਨੇੜਲੇ ਪਿੰਡ ਦਰਦਗੁੰਡ ਵਿਖੇ ਇਕ ਚੌਕੀ ਸਥਾਪਤ ਕੀਤੀ ਸੀ।

ਉਸਨੇ ਪੁਲਿਸ ਨੂੰ ਦੱਸਿਆ ਕਿ ਉਹ ਮੁਨੀਰਾ ਬੇਗਮ ਤੋਂ ਹਥਿਆਰ ਅਤੇ ਗੋਲਾ ਬਾਰੂਦ ਲੈਣ ਲਈ ਪਜ਼ਲਪੋਰਾ ਜਾ ਰਿਹਾ ਸੀ, ਜਿਸ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਸੀ। ਉਸਨੇ ਕਿਹਾ ਮੁਲਜ਼ਮ ਪਾਕਿਸਤਾਨ ਸਥਿਤ ਹੈਂਡਲਰਾਂ ਦੇ ਸੰਪਰਕ ਵਿੱਚ ਸੀ ਅਤੇ ਹਥਿਆਰਾਂ ਅਤੇ ਗੋਲਾ ਬਾਰੂਦ ਦਾ ਭੰਡਾਰ ਪ੍ਰਾਪਤ ਕਰਨ ਲਈ ਜਾ ਰਿਹਾ ਸੀ। ਇਹੀ ਅੱਤਵਾਦ ਨੂੰ ਮੁੜ ਸੁਰਜੀਤ ਕਰਨ ਲਈ ਵਰਤਿਆ ਜਾਣਾ ਸੀ।

ਸ਼ਰਮਾ ਨੇ ਦੱਸਿਆ ਕਿ ਉਸ ਕੋਲੋਂ ਇੱਕ ਪਿਸਤੌਲ, ਇੱਕ ਮੈਗਜ਼ੀਨ, ਅੱਠ ਰੌਂਦ ਅਤੇ ਹੋਰ ਇਲਜ਼ਾਮ ਭਰੀ ਸਮੱਗਰੀ ਬਰਾਮਦ ਹੋਈ ਹੈ।

ਰਿਸ਼ੀ ਨੇ ਫਿਰ ਖੁਲਾਸਾ ਕੀਤਾ ਕਿ ਉਹ ਮੁਨੀਰਾ ਤੋਂ ਹਥਿਆਰਾਂ ਦਾ ਭੰਡਾਰ ਇਕੱਠਾ ਕਰਨ ਜਾ ਰਿਹਾ ਸੀ। ਮੁਨੀਰਾ ਬੇਗਮ ਦੇ ਖੁਲਾਸੇ ’ਤੇ, ਨੇੜੇ ਦੇ ਜੰਗਲੀ ਖੇਤਰ ਵਿਚ ਇਕ ਕ੍ਰਿੰਕੋਵ ਏਕੇ-47 ਰਾਈਫਲ, ਤਿੰਨ ਮੈਗਜ਼ੀਨ, 90 ਰੌਂਦ ਅਤੇ ਇਕ ਪੈੱਨ ਪਿਸਤੌਲ ਵੀ ਬਰਾਮਦ ਕੀਤਾ ਗਿਆ ਸੀ।

ਸ਼ਰਮਾ ਨੇ ਕਿਹਾ, ਇਹ ਸ਼ਫਾਯਤ ਰਿਸ਼ੀ ਨੂੰ ਸੌਂਪਿਆ ਜਾਣਾ ਸੀ। ਉਸਨੇ ਇਹ ਵੀ ਕਬੂਲ ਕੀਤਾ ਕਿ ਉਹ ਦੋ ਵਾਰ ਪਾਕਿਸਤਾਨ ਗਈ ਸੀ। ਸ਼ਫਾਯਤ ਹਿਜ਼ਬੁਲ ਮੁਜਾਹਿਦੀਨ ਅਤੇ ਬਾਅਦ ਵਿੱਚ ਅਲ-ਬਦਰ ਨਾਲ ਜੁੜਿਆ ਹੋਇਆ ਸੀ।

ਉਸਨੇ ਕਿਹਾ ਕਿ ਉਹ 2000 ਦੇ ਕੋਠੀਬਾਗ ਆਈਈਡੀ ਧਮਾਕੇ ਦਾ ਵੀ ਦੋਸ਼ੀ ਸੀ ਜਿਸ ਵਿੱਚ 12 ਪੁਲਿਸ ਮੁਲਾਜ਼ਮਾਂ ਸਮੇਤ 14 ਲੋਕ ਮਾਰੇ ਗਏ ਸਨ।

ਉਨ੍ਹਾਂ ਨੇ ਕਿਹਾ ਕਿ ਉਹ ਪਾਕਿਸਤਾਨ ਸਥਿਤ ਹੈਂਡਲਰ ਮੁਸ਼ਤਾਕ ਅਹਿਮਦ ਮੀਰ ਦੇ ਸੰਪਰਕ ਵਿੱਚ ਸਨ, ਜੋ 1999 ਵਿੱਚ ਪਾਰ ਕਰ ਗਿਆ ਸੀ ਅਤੇ ਜ਼ਿਲ੍ਹੇ ਵਿੱਚ ਅੱਤਵਾਦੀਆਂ ਨੂੰ ਮੁੜ ਸੁਰਜੀਤ ਕਰਨ ਲਈ ਕੰਮ ਕਰ ਰਿਹਾ ਸੀ।



ਸ਼ਫਾਯਤ ਰਿਸ਼ੀ ਨੇ ਇਹ ਵੀ ਮੰਨਿਆ ਕਿ ਉਹ ਅੱਤਵਾਦ ਨੂੰ ਮੁੜ ਸੁਰਜੀਤ ਕਰਨ ਲਈ 4.7 ਮਿਲੀਅਨ ਰੁਪਏ ਲੈਣ ਵਾਲਾ ਸੀ। ਬਾਅਦ ਵਿੱਚ, ਇਹ ਪੈਸਾ ਉਸਦੇ ਹੈਂਡਲਰ ਮੁਸ਼ਤਾਕ ਅਹਿਮਦ ਮੀਰ ਦੀ ਲੋੜ ਅਤੇ ਨਿਰਦੇਸ਼ਾਂ ਅਨੁਸਾਰ ਕਿਸੇ ਨੂੰ ਸੌਂਪਿਆ ਜਾਣਾ ਸੀ।

## ਮਨੀਪੁਰ: ਇੰਫਾਲ ’ਚ ਤਿੰਨ ਘਰ ਸਾੜੇ



ਇੰਫਾਲ : ਮਨੀਪੁਰ ਦੀ ਰਾਜਧਾਨੀ ਇੰਫਾਲ ਵਿੱਚ ਨਵੇਂ ਲਾਂਬੂਲੇਨ ਮੁਹੱਲੇ ਵਿੱਚ ਅੱਜ ਦੁਪਹਿਰੇ ਕੁਝ ਅਣਪਛਾਤਿਆਂ ਨੇ ਖਾਲੀ ਪਏ ਤਿੰਨ ਘਰਾਂ ਨੂੰ ਅੱਗ ਲਾ ਦਿੱਤੀ। ਅਧਿਕਾਰੀਆਂ ਨੇ ਕਿਹਾ ਕਿ ਫਾਇਰ ਬ੍ਰਿਗੇਡ ਦੇ ਕਾਮਿਆਂ ਨੇ ਮੌਕੇ ’ਤੇ ਪੁੱਜ ਕੇ ਅੱਗ ’ਤੇ ਕਾਬੂ ਪਾਇਆ। ਘਟਨਾ ਤੋਂ ਫੌਰੀ ਮਗਰੋਂ ਲੋਕ ਇਲਾਕੇ ਵਿੱਚ ਇਕੱਤਰ ਹੋ ਗਏ ਤੇ ਉਨ੍ਹਾਂ ਮੁਹੱਲੇ ਵਿੱਚ ਤਾਇਨਾਤ ਸੂਬਾਈ ਤੇ ਕੇਂਦਰੀ ਬਲਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਨੂੰ ਇ ?ਲਾਕੇ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਦੇਣ। ਸੁਰੱਖਿਆ ਬਲਾਂ ਨੇ ਮਗਰੋਂ ਹਜੂਮ ਨੂੰ ਖਿੰਡਾਉਣ ਲਈ ਅਥਰੂ ਗੈਸ ਦੇ ਗੋਲੇ ਵੀ ਦਾਗੇ। ਇਸ ਦੌਰਾਨ ਇਕ ਹੋਰ ਘਟਨਾ ਵਿਚ ਅਣਪਛਾਤੇ ਵਿਅਕਤੀਆਂ ਨੇ ਐਤਵਾਰ ਵੱਡੇ ਤੜਕੇ 2 ਵਜੇ ਦੇ ਕਰੀਬ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਸਾਬਕਾ ਡਾਇਰੈਕਟਰ ਦੀ ਰਿਹਾਇਸ਼ ਦੇ ਬਾਹਰ ਤਾਇਨਾਤ ਸੁਰੱਖਿਆ ਅਮਲੇ ਤੋਂ ਤਿੰਨ ਹਥਿਆਰ ਖੋਹ ਲਏ। ਪੁਲੀਸ ਨੇ ਕਿਹਾ ਕਿ ਇਹ ਘਟਨਾ ਇੰਫਾਲ ਪੱਛਮੀ ਜ਼ਿਲ੍ਹੇ ਵਿਚ ਇੰਫਾਲ ਪੁਲੀਸ ਥਾਣੇ ਅਧੀਨ ਆਉਂਦੇ ਸਾਗੋਲਬੈਂਡ ਬਿਜੋਏ ਗੋਵਿੰਦਾ ਵਿਚ ਵਾਪਰੀ। ਪੁਲੀਸ ਮੁਤਾਬਕ ਖੋਹੇ ਗਏ ਹਥਿਆਰਾਂ ਵਿਚ ਦੋ ਏਕੇ ਸੀਰੀਜ਼ ਦੀਆਂ ਰਾਈਫਲਾਂ ਤੇ ਇਕ ਕਾਰਬਾਈਨ ਹੈ। ਪੁਲੀਸ ਨੇ ਹਥਿਆਰ ਬਰਾਮਦ ਕਰਨ ਤੇ ਮੁਲਜ਼ਮਾਂ ਦੀ ਪੈੜ ਨੱਪਣ ਲਈ ਇਕੋ ਵੇਲੇ ਕਈ ਮੋਰਚਿਆਂ ’ਤੇ ਕਾਰਵਾਈ ਆਰੰਭੀ ਹੈ।

## ਭਗਵੰਤ ਮਾਨ ਨੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਇੱਕ-ਇੱਕ ਕਰੋੜ ਦੇ ਚੈੱਕ ਸੌਂਪੇ





ਫਰੀਦਕੋਟ/ਕੋਟਕਪੂਰਾ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਫਰੀਦਕੋਟ ਦੇ ਪਿੰਡ ਸਿਰਸੜੀ ਵਿੱਚ ਪੁੱਜ ਕੇ ਪਿਛਲੇ ਦਿਨੀਂ ਲੱਦਾਖ ਵਿੱਚ ਵਾਪਰੇ ਸੜਕ ਹਾਦਸੇ ਦੌਰਾਨ ਸ਼ਹੀਦ ਹੋਏ ਸੂਬੇਦਾਰ ਰਮੇਸ਼ ਲਾਲ ਦੇ ਪਰਿਵਾਰ ਨੂੰ ਇੱਕ ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਸੌਂਪਿਆ ਅਤੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸ਼ਹੀਦਾਂ ਦੀ ਧਰਤੀ ਹੈ ਅਤੇ ਇੱਥੋਂ ਦੇ ਨੌਜਵਾਨ ਹਮੇਸ਼ਾ ਦੇਸ਼ ਲਈ ਕੁਰਬਾਨੀਆਂ ਦੇਣ ਵਿੱਚ ਮੋਹਰੀ ਰਹੇ ਹਨ ਅਤੇ ਉਨ੍ਹਾਂ ਦੀ ਬਦੌਲਤ ਹੀ ਦੇਸ਼ ਦੀਆਂ ਸਰਹੱਦਾਂ ਸੁਰੱਖਿਅਤ ਹਨ। ਉਨ੍ਹਾਂ ਪਿੰਡ ਵਿੱਚ ਸ਼ਹੀਦ ਰਮੇਸ਼ ਕੁਮਾਰ ਦੀ ਯਾਦਗਾਰ ਬਣਾਉਣ ਤੋਂ ਇਲਾਵਾ ਪਿੰਡ ਵਿੱਚ ਸ਼ਹੀਦ ਰਮੇਸ਼ ਲਾਲ ਦੇ ਨਾਮ ’ਤੇ ਇੱਕ ਸੜਕ ਅਤੇ ਸਟੇਡੀਅਮ ਬਣਾਉਣ ਦਾ ਵੀ ਐਲਾਨ ਕੀਤਾ। ਇਸ ਮੌਕੇ ਮੁੱਖ ਮੰਤਰੀ ਦੇ ਨਾਲ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਜੈਤੋ ਦੇ ਵਿਧਾਇਕ ਅਮੋਲਕ ਸਿੰਘ ਅਤੇ ਡਿਪਟੀ ਕਮਿਸ਼ਨਰ ਵਨੀਤ ਕੁਮਾਰ ਵੀ ਹਾਜ਼ਰ ਸਨ। ਮੁੱਖ ਮੰਤਰੀ ਨੇ ਸ਼ਹੀਦ ਦੇ ਇੱਕ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਵੀ ਐਲਾਨ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਉਹ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅਤੇ ਰਾਜਪਾਲ ਨਾਲ ਚੱਲ ਰਹੇ ਵਿਵਾਦ ਬਾਰੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦੇ ਕਿਉਂਕਿ ਉਹ ਸ਼ਹੀਦ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਆਏ ਹਨ। ਉਨ੍ਹਾਂ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਵੀ ਸੁਣੀਆਂ। ਮੁੱਖ ਮੰਤਰੀ ਨੇ ਦਸਵੀਂ ਦੀ ਪ੍ਰੀਖਿਆ ਵਿੱਚੋਂ ਪੰਜਾਬ ’ਚੋਂ ਅੱਵਲ ਆਉਣ ਵਾਲੀ ਗਗਨਦੀਪ ਕੌਰ ਨੂੰ 51 ਹਜ਼ਾਰ ਰੁਪਏ ਦੇਣ ਦਾ ਐਲਾਨ ਵੀ ਕੀਤਾ। ਉਨ੍ਹਾਂ ਕਿਹਾ ਕਿ ਅਗਲੇ ਮਹੀਨੇ ਫਰੀਦਕੋਟ ਵਿੱਚ ਸ਼ੁਰੂ ਹੋਣ ਵਾਲੇ ਬਾਬਾ ਫ਼ਰੀਦ ਆਗਮਨ ਪੁਰਬ ਵਿੱਚ ਉਹ ਨਿੱਜੀ ਤੌਰ ’ਤੇ ਸ਼ਿਰਕਤ ਕਰਨਗੇ ਅਤੇ ਮੇਲੇ ਨੂੰ ਵਿਰਾਸਤੀ ਮੇਲੇ ਦਾ ਦਰਜਾ ਦਿੱਤਾ ਜਾਵੇਗਾ।

ਇਸੇ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੱਦਾਖ ਹਾਦਸੇ ਦੌਰਾਨ ਹੀ ਸ਼ਹੀਦ ਹੋਏ ਸ੍ਰੀ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਕਮਾਲੀ ਦੇ ਜਵਾਨ ਤਰਨਦੀਪ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਵਿੱਤੀ ਸਹਾਇਤਾ ਵਜੋਂ ਇੱਕ ਕਰੋੜ ਰੁਪਏ ਦਾ ਚੈੱਕ ਸੌਂਪਿਆ। ਮੁੱਖ ਮੰਤਰੀ ਨੇ ਸ਼ਹੀਦ ਤਰਨਦੀਪ ਸਿੰਘ ਦੇ ਜੱਦੀ ਘਰ ਘਰ ਜਾ ਕੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕੀਤੀ। ਮੁੱਖ ਮੰਤਰੀ ਨੇ ਸ਼ਹੀਦ ਦੇ ਵਾਰਸਾਂ ਲਈ ਨੌਕਰੀ ਦਾ ਐਲਾਨ ਵੀ ਕੀਤਾ। ਉਨ੍ਹਾਂ ਪੀੜਤ ਪਰਿਵਾਰ ਨੂੰ ਵਿੱਤੀ ਸਹਾਇਤਾ ਦਾ ਚੈੱਕ ਸੌਂਪਦਿਆਂ ਸ਼ਹੀਦ ਦੀ ਭੈਣ ਲਈ ਸਰਟੀਫਿਕੇਟਾਂ ਦੀ ਤਸਦੀਕ ਤੋਂ ਬਾਅਦ ਸਰਕਾਰੀ ਨੌਕਰੀ ਅਤੇ ਸ਼ਹੀਦ ਦੇ ਨਾਂ ’ਤੇ ਸਿੰਥੈਟਿਕ ਟਰੈਕ ਅਤੇ ਸਟੇਡੀਅਮ ਬਣਾਉਣ ਦਾ ਐਲਾਨ ਵੀ ਕੀਤਾ।

# ਡੰਮੀ ਬੋਲੀਆਂ ਦੀ ਜਾਂਚ ਰਿਪੋਰਟ ਜਨਤਕ ਕਰਨ ਦੀ ਮੰਗ ਲਈ ਮੁਜ਼ਾਹਰਾ



ਪਟਿਆਲਾ : 'ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ' ਦੀ ਅਗਵਾਈ ਹੇਠ ਅੱਜ ਇੱਥੇ ਪੁੱਡਾ ਗਰਾਊਂਡ ਵਿੱਚ ਪੁੱਜੇ ਵੱਡੀ ਗਿਣਤੀ ਦਲਿਤ ਪਰਿਵਾਰਾਂ ਨੇ ਰੋਸ ਮੁਜ਼ਾਹਰਾ ਕੀਤਾ। ਹਲਕਾ ਵਿਧਾਇਕ ਵਜੋਂ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ 'ਤੇ ਕਥਿਤ ਰੂਪ 'ਚ ਸ਼ਾਮਲਾਟ ਜ਼ਮੀਨ ਦੀਆਂ ਡੰਮੀ ਬੋਲੀਆਂ ਕਰਵਾਉਣ ਦੇ ਦੋਸ਼ ਲਾਉਂਦਿਆਂ, ਮੁਜ਼ਾਹਰਾਕਾਰੀਆਂ ਨੇ ਮੰਤਰੀ ਦੀ ਕੋਠੀ ਵੱਲ ਮਾਰਚ ਕਰਨ ਦਾ ਪ੍ਰੋਗਰਾਮ ਵੀ ਉਲੀਕਿਆ ਸੀ ਪਰ ਇਸ ਮਸਲੇ 'ਤੇ ਪ੍ਰਸ਼ਾਸਨ ਵੱਲੋਂ ਵਿੱਤ ਮੰਤਰੀ ਹਰਪਾਲ ਚੀਮਾ ਨਾਲ 28 ਅਗਸਤ ਲਈ ਮੀਟਿੰਗ ਮੁਕੱਰਰ ਕਰਵਾਉਣ 'ਤੇ ਮਾਰਚ ਕਰਨ ਦਾ ਪ੍ਰੋਗਰਾਮ ਟਾਲ਼ ਦਿੱਤਾ ਗਿਆ। ਉਂਜ ਮੰਤਰੀ ਖਿਲਾਫ਼ ਨਾਅਰੇਬਾਜ਼ੀ ਵੀ ਕੀਤੀ ਗਈ। ਉਧਰ ਅਜਿਹੇ ਪ੍ਰੋਗਰਾਮ ਕਾਰਨ ਮੰਤਰੀ ਦੀ ਕੋਠੀ ਨੇੜੇ ਪਹਿਲਾਂ ਤੋਂ ਹੀ ਭਾਰੀ ਪੁਲੀਸ ਫੋਰਸ ਤਾਇਨਾਤ ਕੀਤੀ ਹੋਈ ਸੀ। ਇਸ ਮੁਜ਼ਾਹਰੇ ਨੂੰ 'ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ' ਦੇ ਜ਼ੋਨਲ ਪ੍ਰਧਾਨ ਮੁਕੇਸ਼ ਮਲੌਦ, ਧਰਮਵੀਰ ਹਰੀਗੜ੍ਹ, ਜ਼ੋਨਲ ਵਿੱਤ ਸਕੱਤਰ ਬਿੱਕਰ ਸਿੰਘ ਹੱਥੋਆ, ਜਗਤਾਰ ਤੋਲੇਵਾਲ, ਗੁਰਚਰਨ ਘਰਾਚੋਂ, ਮਨੀ ਮੱਲੇਵਾਲ, ਮਨਦੀਪ ਕੌਰ ਮੰਡੇਰ, ਨਿਰਮਲ ਨਰਮਾਨਾ, ਜੱਗੀ ਕਕਰਾਲਾ, ਧਰਮਪਾਲ ਨੂਰਖੇੜੀਆਂ, ਗੁਰਵਿੰਦਰ ਸ਼ਾਦੀਹਰੀ, ਸ਼ਿੰਗਾਰਾ ਹੇੜੀਕੇ ਤੇ ਗੁਰਜੰਟ ਜਲਾਲਗੜ੍ਹ ਆਦਿ ਨੇ ਵੀ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਹਲਕਾ ਵਿਧਾਇਕ ਵਜੋਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਇਸ਼ਾਰੇ 'ਤੇ ਪ੍ਰਸ਼ਾਸਨ ਵੱਲੋਂ ਦਲਿਤਾਂ ਦੇ ਹਿੱਸੇ ਦੀ ਪੰਚਾਇਤੀ ਜ਼ਮੀਨ ਦੀ ਡੰਮੀ ਬੋਲੀ ਕਰਵਾਉਣ ਦੇ ਇਲਜ਼ਾਮ ਲਾਏ। ਉਨ੍ਹਾਂ ਡੰਮੀ ਬੋਲੀਆਂ ਸਬੰਧੀ ਕੀਤੀ ਗਈ ਜਾਂਚ ਦੀ ਰਿਪੋਰਟ ਜਨਤਕ ਕਰਨ ਦੀ ਮੰਗ ਕੀਤੀ। ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਇਸੇ ਮਾਮਲੇ ਨੂੰ ਲੈ ਕੇ ਆਪਣੇ ਹੱਕਾਂ ਲਈ ਲੜਨ ਵਾਲੇ ਦਲਿਤ ਵਰਗ ਦੇ 17 ਆਗੂਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਜੋ ਇਰਾਦਾ ਕਤਲ ਦੇ ਕੇਸ ਤਹਿਤ ਜੇਲ੍ਹ 'ਚ ਡੱਕੇ ਹੋਏ ਹਨ। ਬੁਲਾਰਿਆਂ ਦਾ ਕਹਿਣਾ ਸੀ ਕਿ 'ਆਪ' ਸਰਕਾਰ ਦੌਰਾਨ ਦਲਿਤਾਂ ਵਿਰੁੱਧ ਅੱਤਿਆਚਾਰ ਹੋਰ ਵਧਿਆ ਹੈ। ਸਰਕਾਰ ਤੇ ਪੁਲੀਸ ਵੱਲੋਂ ਧਨਾਢ ਚੌਧਰੀਆਂ ਦਾ ਪੱਖ ਹੀ ਪੂਰਿਆ ਜਾ ਰਿਹਾ ਹੈ।

# ਮੂਸੇਵਾਲਾ ਦੇ ਪਿਤਾ ਨੇ ਕੁੜਤੇ 'ਤੇ ਲਿਖਵਾਇਆ 'ਜਸਟਿਸ ਫਾਰ ਸਿੱਧੂ'



ਮਾਨਸਾ : ਮਰਹੂਮ ਨੌਜਵਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਪੰਜਾਬ ਸਰਕਾਰ ਨੇ ਗੈਂਗਸਟਰਾਂ ਖਿਲਾਫ ਸਖ਼ਤ ਕਾਰਵਾਈ ਨਾ ਕੀਤੀ ਤਾਂ ਉਹ ਆਪਣੇ ਪੁੱਤਰ ਦੀ ਖ਼ੂਨ ਨਾਲ ਲਥਪੱਥ ਟੀ-ਸ਼ਰਟ ਪਾ ਕੇ ਅਦਾਲਤੀ ਪੇਸ਼ੀਆਂ 'ਤੇ ਜਾਣਾ ਸ਼ੁਰੂ ਕਰ ਦੇਣਗੇ। ਮੂਸੇਵਾਲਾ ਦੀ ਪਿਛਲੇ ਸਾਲ 29 ਮਈ ਨੂੰ ਪੰਜਾਬ ਦੇ ਮਾਨਸਾ ਦੇ ਪਿੰਡ ਜਵਾਹਰ ਕੇ ਵਿੱਚ ਲਾਰੈਂਸ ਬਿਸ਼ਨੋਈ ਗੈਂਗ ਦੇ ਛੇ ਸ਼ੂਟਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਉਨ੍ਹਾਂ ਅੱਜ ਪਿੰਡ ਮੂਸਾ ਵਿੱਚ ਪੰਜਾਬੀ ਗਾਇਕ ਦੇ ਪ੍ਰਸ਼ੰਸਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਗੈਂਗਸਟਰ ਲਾਰੈਂਸ ਬਿਸ਼ਨੋਈ ਵੱਲੋਂ ਕਾਲੇ ਰੰਗ ਦੀਆਂ ਐਨਕਾਂ ਲਾ ਕੇ ਪੇਸ਼ੀਆਂ ਭੁਗਤਣ ਸਬੰਧੀ ਟਿੱਪਣੀ ਕਰਦਿਆਂ ਕਿਹਾ, "ਜਦੋਂ ਅਸੀਂ ਉਸ ਗੈਂਗਸਟਰ ਨੂੰ ਭਾਰੀ ਸੁਰੱਖਿਆ ਹੇਠ ਚਿਹਰੇ 'ਤੇ ਬ੍ਰਾਂਡਡ ਐਨਕਾਂ ਲਾ ਕੇ ਪੇਸ਼ੀ ਭੁਗਤਣ ਲਈ ਜਾਂਦਿਆਂ ਦੇਖਦੇ ਹਾਂ ਤਾਂ ਬਹੁਤ ਦੁੱਖ ਹੁੰਦਾ ਹੈ। ਬਿਸ਼ਨੋਈ ਵੱਲੋਂ ਜੇਲ੍ਹਾਂ ਵਿੱਚੋਂ ਇੱਕ ਨਿਊਜ਼ ਚੈਨਲ ਨੂੰ ਦੋ ਵਾਰ ਇੰਟਰਵਿਊ ਦੇਣ ਦੇ ਪੰਜ ਮਹੀਨਿਆਂ ਬਾਅਦ ਵੀ, ਇਸ ਮਾਮਲੇ ਦੀ ਜਾਂਚ ਕਰ ਰਹੀ ਪੁਲੀਸ ਦੀ ਵਿਸ਼ੇਸ਼ ਟੀਮ ਨੇ ਕੋਈ ਬਿਆਨ ਨਹੀਂ ਦਿੱਤਾ।" ਉਨ੍ਹਾਂ ਨੇ ਜਸਟਿਸ ਫਾਰ ਸਿੱਧੂ ਮੂਸੇਵਾਲਾ ਸਮੇਤ ਨਾਅਰਿਆਂ ਵਾਲਾ ਕੁੜਤਾ ਅਤੇ ਕਤਲ ਨਾਲ ਜੁੜੀਆਂ ਤਸਵੀਰਾਂ ਵੀ ਦਿਖਾਈਆਂ। ਉਨ੍ਹਾਂ ਕਿਹਾ ਕਿ ਉਹ ਨਿਆਂਪਾਲਿਕਾ ਦਾ ਸਤਿਕਾਰ ਕਰਦੇ ਹਨ, ਰੱਬ ਤੋਂ ਬਾਅਦ, ਉਨ੍ਹਾਂ ਨੂੰ ਨਿਆਂਪਾਲਿਕਾ ਵਿੱਚ ਵਿਸ਼ਵਾਸ ਹੈ ਅਤੇ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਇੱਕ ਦਿਨ ਪਰਿਵਾਰ ਨੂੰ ਇਨਸਾਫ ਜ਼ਰੂਰ ਮਿਲੇਗਾ। ਜੇ ਸਰਕਾਰ ਨੇ ਆਪਣੀ ਨੀਤੀ ਨਾ ਬਦਲੀ ਤਾਂ ਉਹ ਆਪਣੇ ਪੁੱਤਰ ਦੇ ਖ਼ੂਨ ਨਾਲ ਲਥਪੱਥ ਕੱਪੜੇ ਪਾ ਕੇ ਸੜਕਾਂ 'ਤੇ ਨਿਕਲ ਆਵੇਗਾ।

# ਸਤਲੁਜ ਦੀ ਮਾਰ: ਫ਼ਸਲਾਂ ਤਬਾਹ, ਲੋਕ ਤਿਹਾਏ



ਤਰਨ ਤਾਰਨ : ਜ਼ਿਲ੍ਹੇ ਦੇ ਪਿੰਡ ਘੜੂੰਮ ਨੇੜੇ ਸਤਲੁਜ ਦਰਿਆ ਦੇ ਬੰਨ੍ਹ ਵਿੱਚ ਪਾੜ ਕਾਰਨ ਜਿੱਥੇ ਕਈ ਪਿੰਡਾਂ 'ਚ ਹਜ਼ਾਰਾਂ ਏਕੜ ਫ਼ਸਲ ਤਬਾਹ ਹੋਈ ਗਈ, ਉਥੇ ਹੀ ਖੇਤਰ ਦੇ ਲੋਕ ਬਿਜਲੀ ਅਤੇ ਪੀਣ ਵਾਲੇ ਪਾਣੀ ਸਣੇ ਹੋਰ ਸਹੂਲਤਾਂ ਨੂੰ ਤਰਸ ਰਹੇ ਹਨ। ਖੇਤਰ ਦੇ ਪਿੰਡ ਕੁੱਤੀ ਵਾਲਾ ਵਾਸੀ ਰੇਸ਼ਮ ਸਿੰਘ ਤੇ ਸਤਿੰਦਰਪਾਲ ਸਿੰਘ ਸਣੇ ਹੋਰਾਂ ਨੇ ਦੱਸਿਆ ਕਿ ਦਰਿਆ ਦੇ ਬੰਨ੍ਹ 'ਚ ਪਾੜ ਕਾਰਨ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਾਅ ਲਈ ਬਿਜਲੀ ਵਿਭਾਗ ਨੇ ਪਿੰਡ ਘੜੂੰਮ, ਕੁੱਤੀਵਾਲਾ, ਕੋਟ ਬੁੱਢਾ ਤੇ ਸਭਰਾ ਸਮੇਤ ਲਗਪਗ 19 ਪਿੰਡਾਂ 'ਚ ਬਿਜਲੀ ਸਪਲਾਈ ਬੰਦ ਕਰ ਦਿੱਤੀ ਸ੍ਰੀ ਇਸ ਦੌਰਾਨ ਕਈ ਕੁਝ ਲੋਕ ਉਨ੍ਹਾਂ ਦੇ ਘਰਾਂ ਅੰਦਰ ਪਾਣੀ ਆਉਣ ਤੋਂ ਪਹਿਲਾਂ ਸੁਰੱਖਿਅਤ ਥਾਵਾਂ ਨੂੰ ਚਲੇ ਗਏ ਸਨ, ਪਰ ਜਿਹੜੇ ਲੋਕ ਪਾਣੀ ਅੰਦਰ ਘਿਰ ਗਏ ਉਹ ਬਿਜਲੀ ਆਦਿ ਦੀ ਸਹੂਲਤ ਤੋਂ ਵਾਂਝੇ ਹਨ। ਰੇਸ਼ਮ ਸਿੰਘ, ਸਤਿੰਦਰਪਾਲ ਸਿੰਘ, ਬਲਵਿੰਦਰ ਸਿੰਘ ਆਦਿ ਨੇ ਦੱਸਿਆ ਕਿ ਕੁੱਤੀਵਾਲਾ ਦੀ ਬਿਜਲੀ ਦੀ ਸਪਲਾਈ ਬੰਦ ਹੋਣ ਕਾਰਨ ਉਨ੍ਹਾਂ ਦੇ ਘਰਾਂ ਤੱਕ ਪਾਣੀ ਦੀ ਸਪਲਾਈ ਨਹੀਂ ਹੋ ਸਕੀ। ਉਨ੍ਹਾਂ ਕਿਹਾ ਕਿ ਬਾਬਾ ਬਿਧੀ ਚੰਦ ਸੰਪਰਦਾ ਨੇ ਸੁਣਦਿਆਂ ਆਪਣੇ ਹਰੀਕੇ ਦੇ ਡੇਰੇ ਤੋਂ ਇਨ੍ਹਾਂ ਪਿੰਡਾਂ ਦੇ ਲੋਕਾਂ ਤੱਕ ਪੀਣ ਵਾਲੇ ਪਾਣੀ ਦੇ ਟੈਂਕਰ ਭੇਜਣੇ ਸ਼ੁਰੂ ਕੀਤੇ ਹਨ੍ਹ ਟੈਂਕਰ ਬਾਰੇ ਗੁਰਦੁਆਰੇ ਤੋਂ ਮੁਨਾਦੀ ਕਰਵਾਈ ਜਾਂਦੀ ਹੈ ਤੇ ਲੋਕ ਬਾਲਟੀਆਂ 'ਚ ਪਾਣੀ ਲੈਕੇ ਜਾਂਦੇ ਹਨ। ਕੁਝ ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਦੇ ਸਬਮਰਸਿਬਲ ਜਾਮ ਹੋ ਗਏ ਹਨ ਜਾਂ ਫਿਰ ਉਨ੍ਹਾਂ 'ਚੋਂ ਗਾਰ ਵਾਲਾ ਪਾਣੀ ਆਉਂਦਾ ਹੈ।

ਪ੍ਰਭਾਵਿਤ ਕਿਸਾਨਾਂ ਕਿਹਾ ਕਿ ਸਮੁੱਚਾ ਪ੍ਰਸ਼ਾਸਨ ਘੜੂੰਮ ਦੇ ਪਾੜ ਨੂੰ ਪੂਰਨ ਵੱਲ ਹੋ ਗਿਆ ਹੈ ਅਤੇ ਖੇਤਾਂ ਵਿੱਚ ਭਰੇ ਪਾਣੀ ਦੀ ਨਿਕਾਸੀ ਦੇ ਕੰਮ ਨੂੰ ਵਿਸਾਰ ਦਿੱਤਾ ਹੈ। ਇਲਾਕੇ ਦੇ ਲੋਕਾਂ ਨੂੰ ਪਾਣੀ ਅਤੇ ਬਿਜਲੀ ਦੀ ਆ ਰਹੀ ਮੁਸ਼ਕਲ ਬਾਰੇ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਨੇ ਇੰਨਾ ਹੀ ਕਿਹਾ ਕਿ 'ਉਹ ਦੇਖਣਗੇ। ਪੀੜਤ ਕਿਸਾਨਾਂ ਕਿਹਾ ਕਿ ਉਨ੍ਹਾਂ ਨੂੰ ਅੱਜ ਤੱਕ ਸਰਕਾਰ ਵਲੋਂ ਭੇਜਿਆ ਮੁਆਵਜ਼ੇ ਦਾ ਇਕ ਧੇਲਾ ਤੱਕ ਵੀ ਨਹੀਂ ਆਇਆ। ਨਹਿਰੀ ਵਿਭਾਗ ਦੇ ਅਧਿਕਾਰੀਆਂ ਕਿਹਾ ਕਿ ਪਾੜ ਦੇ ਅੱਜ ਰਾਤ ਜਾਂ ਫਿਰ ਭਲਕੇ ਸੋਮਵਾਰ ਤੱਕ ਪੂਰ ਲਏ ਜਾਣ ਦੀ ਉਮੀਦ ਹੈ।

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਦਾ ਦਿਹਾਂਤ

ਅੰਮ੍ਰਿਤਸਰ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਸਿੰਘ ਗਿਆਨੀ ਜਗਤਾਰ ਸਿੰਘ ਅਕਾਲ ਚਲਾਣਾ ਕਰ ਗਏ ਹਨ। ਗਿਆਨੀ ਜਗਤਾਰ ਸਿੰਘ ਨੇ ਆਪਣੀ ਰਿਹਾਇਸ਼ ਅੰਤਰਜਾਮੀ ਕਾਲੋਨੀ ਤਰਨਤਾਰਨ ਰੋਡ ਅੰਮ੍ਰਿਤਸਰ 'ਚ ਆਖਰੀ ਸਾਹ ਲਏ। ਸ਼ਾਮ 6 ਵਜੇ ਦੇ ਕਰੀਬ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ। ਇਹ ਜਾਣਕਾਰੀ ਉਨ੍ਹਾਂ ਦੇ ਬੇਟੇ ਨਰੈਣ ਸਿੰਘ ਵੱਲੋਂ ਦਿੱਤੀ ਗਈ। ਗਿਆਨੀ ਜਗਤਾਰ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ 'ਚ ਮੁੱਖ ਗ੍ਰੰਥੀ ਵਜੋਂ ਲੰਮਾ ਸਮਾਂ ਸੇਵਾਵਾਂ ਦਿੱਤੀਆਂ ਤੇ ਪੰਥ ਦੀ ਸੇਵਾ ਕੀਤੀ।

ਗਿਆਨੀ ਜਗਤਾਰ ਸਿੰਘ ਨੇ ਸਭ ਤੋਂ ਪਹਿਲਾਂ ਅਖੰਡ ਪਾਠੀ ਤੇ ਫਿਰ ਗ੍ਰੰਥੀ ਦੀਆਂ ਸੇਵਾਵਾਂ ਨਿਭਾਈਆਂ, ਜਿਸ ਤੋਂ ਬਾਅਦ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਵਜੋਂ ਨਿਯੁਕਤ ਹੋਏ ਅਤੇ ਬਾਅਦ 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਵਜੋਂ ਗੁਰੂ ਤੇ ਪੰਥ ਦੀ ਸੇਵਾ ਕੀਤੀ। ਗਿਆਨੀ ਜੀ ਦੇ ਅਕਾਲ ਚਲਾਣੇ 'ਤੇ ਜਿੱਥੇ ਧਾਰਮਿਕ ਸਫਾਂ 'ਚ ਦੁੱਖ ਦੀ ਲਹਿਰ ਹੈ, ਉਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਮੈਂਬਰਾਂ ਤੋਂ ਇਲਾਵਾ ਹੋਰ ਪੰਥਕ ਸ਼ਖਸੀਅਤਾਂ ਵੱਲੋਂ ਵੀ ਦੁੱਖ ਪ੍ਰਗਟਾਇਆ ਗਿਆ ਹੈ। ਗਿਆਨੀ ਜਗਤਾਰ ਸਿੰਘ ਦਾ ਅੰਤਿਮ ਸੰਸਕਾਰ ਭਲਕੇ 28 ਅਗਸਤ ਨੂੰ ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਸਾਹਮਣੇ ਸ਼ਮਸ਼ਾਨਘਾਟ ਵਿਖੇ ਹੋਵੇਗਾ।



# ਸਾਬਕਾ ਹੈੱਡ ਗ੍ਰੰਥੀ ਜਗਤਾਰ ਸਿੰਘ ਦੇ ਦਿਹਾਂਤ ਤੇ ਭਗਵੰਤ ਮਾਨ ਤੇ ਗਿਆਨੀ ਹਰਪ੍ਰੀਤ ਸਿੰਘ ਨੇ ਪ੍ਰਗਟਾਇਆ ਦੁੱਖ







ਚੰਡੀਗੜ੍ਹ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਸਿੰਘ ਗਿਆਨੀ ਜਗਤਾਰ ਸਿੰਘ ਅੱਜ ਅਕਾਲ ਚਲਾਣਾ ਕਰ ਗਏ ਹਨ। ਗਿਆਨੀ ਜਗਤਾਰ ਸਿੰਘ ਨੇ ਆਪਣੀ ਰਿਹਾਇਸ਼ ਅੰਤਰਜਾਮੀ ਕਾਲੋਨੀ ਤਰਨਤਾਰਨ ਰੋਡ ਅੰਮ੍ਰਿਤਸਰ 'ਚ ਆਖਰੀ ਸਾਹ ਲਏ। ਸ਼ਾਮ 6 ਵਜੇ ਦੇ ਕਰੀਬ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ। ਗਿਆਨੀ ਜਗਤਾਰ ਸਿੰਘ ਦੇ ਅਕਾਲ ਚਲਾਣਾ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣਾ ਦੁੱਖ ਪ੍ਰਗਟਾਉਂਦਿਆਂ ਕਿਹਾ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਦੇ ਸਾਬਕਾ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਬਹੁਤ ਦੁੱਖਦਾਇਕ ਹੈ, ਵਾਹਿਗੁਰੂ ਗਿਆਨੀ ਜੀ ਦੀ ਰੂਹ ਨੂੰ ਸ਼ਾਂਤੀ ਬਖਸ਼ਣ।

ਉਧਰ, ਗਿਆਨੀ ਜਗਤਾਰ ਸਿੰਘ ਦੇ ਦਿਹਾਂਤ 'ਤੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਦੁੱਖ ਪ੍ਰਗਟਾਉਂਦਿਆਂ ਕਿਹਾ ਕਿ ਸਾਬਕਾ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਅਕਾਲ ਚਲਾਣਾ ਕਰ ਜਾਣਾ ਬੇਹੱਦ ਸ਼ੋਕਦਾਇਕ ਹੈ। ਉਨ੍ਹਾਂ ਕਿਹਾ ਕਿ ਗਿਆਨੀ ਜੀ ਗੁਰਬਾਣੀ ਦੇ ਗੂੜ੍ਹ ਗਿਆਤਾ ਸਨ। ਵਾਹਿਗੁਰੂ ਜੀ ਉਨ੍ਹਾਂ ਨੂੰ ਅਪਣੇ ਚਰਨਾਂ ਵਿੱਚ ਨਿਵਾਸ ਤੇ ਪਰਿਵਾਰ ਅਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਿਸ਼ ਕਰਨ। ਜ਼ਿਕਰਯੋਗ ਹੈ ਕਿ ਗਿਆਨੀ ਜਗਤਾਰ ਸਿੰਘ ਨੇ ਸਭ ਤੋਂ ਪਹਿਲਾਂ ਅਖੰਡ ਪਾਠੀ ਤੇ ਫਿਰ ਗ੍ਰੰਥੀ ਦੀਆਂ ਸੇਵਾਵਾਂ ਨਿਭਾਈਆਂ, ਜਿਸ ਤੋਂ ਬਾਅਦ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਵਜੋਂ ਨਿਯੁਕਤ ਹੋਏ ਅਤੇ ਬਾਅਦ 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਵਜੋਂ ਗੁਰੂ ਤੇ ਪੰਥ ਦੀ ਸੇਵਾ ਕੀਤੀ। ਗਿਆਨੀ ਜੀ ਦੇ ਅਕਾਲ ਚਲਾਣੇ 'ਤੇ ਜਿੱਥੇ ਧਾਰਮਿਕ ਸਫਾਂ 'ਚ ਦੁੱਖ ਦੀ ਲਹਿਰ ਹੈ, ਉਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਮੈਂਬਰਾਂ ਤੋਂ ਇਲਾਵਾ ਹੋਰ ਪੰਥਕ ਸ਼ਖਸੀਅਤਾਂ ਵੱਲੋਂ ਵੀ ਦੁੱਖ ਪ੍ਰਗਟਾਇਆ ਗਿਆ ਹੈ।

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

'ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥



ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ
ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ
ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈ



Jugraj Singh Sahota
President United Sports Club USA



Late : S. Kashmir Singh Sahota

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।



Narinder Singh Sahota
Joint Finance Secretary
United Sports Club USA

# J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪ੍ਰੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

## ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ


ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ
'ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ
ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ
ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ
ਵਧਾਈਆਂ
ਪ੍ਰਧਾਨ ਸੁੱਚਾ ਸਿੰਘ
913 256 9498
ਗੁਰਦੁਆਰਾ ਨਾਨਕ ਦਰਬਾਰ ਸਾਹਿਬ ਉਲੇਥਾ ਕੈਨਸਾਸ
Gurdwara Nanak Darbar Sahib
126 S Cherry Street Olathe KS 66061



# ਰੱਖੜੀ

ਰੱਖੜੀ ਪੰਜਾਬ ਅਤੇ ਭਾਰਤ ਦੇ ਨਾਲ ਨਾਲ ਪੂਰੀ ਦੁਨੀਆ 'ਚ ਭੈਣ ਭਰਾ ਦੇ ਪਵਿੱਤਰ ਰਿਸ਼ਤੇ ਉਪਰ ਮਨਾਇਆ ਜਾਣ ਵਾਲਾ ਤਿਉਹਾਰ ਆਪਣੀ ਕਿਸਮ ਦਾ ਇੱਕ ਵਿਲੱਖਣ ਤਿਉਹਾਰ ਹੈ। ਇਸ ਨੂੰ ਧਰਮਾ ਜਾਤਾਂ ਅਤੇ ਖਿੱਤਿਆਂ ਤੋਂ ਉਪਰ ਉੱਠਕੇ ਮਨਾਇਆ ਜਾਂਦਾ ਹੈ। ਅੱਜ ਤੋਂ 45 ਸਾਲ ਪਹਿਲਾਂ ਸਾਡੇ ਸਮੇਂ ਵਿਚ ਇਹ ਕਵਿਤਾ ਸਕੂਲਾਂ ਵਿਚ ਅਕਸਰ ਹੀ ਪੜ੍ਹਾਈ ਜਾਂਦੀ ਸੀ।

**ਭੈਣ ਕੋਲੋਂ ਵੀਰ ਵੇ ਬੰਨਾ ਲੈ ਰੱਖੜੀ,**
**ਸੋਹਣੇ ਜਹੇ ਗੁੱਟ ਤੇ ਸਜਾ ਲੈ ਰੱਖੜੀ,**
**ਏਸੇ ਵਿਚ ਗੁੰਦਿਆਂ ਪਿਆਰ ਭੈਣ ਦਾ,**
**ਏਸੇ ਵਿਚ ਚਾ ਤੇ ਮਿਲਾਰ ਭੈਣ ਦਾ,**
**ਬੰਨ ਵੀਰ ਰੱਖੜੀ ਜਵਾਨੀ ਮਾਣ ਵੇ,**
**ਭੈਣ ਦਾ ਤੇ ਤੇਰਾ ਦਿਲੋਂ ਮਾਣ ਤਾਣ ਵੇ,**
**ਚੰਨ ਮੇਰੀ ਅੰਮੀ ਦਾ ਤੂੰ ਸੁਖੀ ਵੱਸ ਵੇ,**
**ਭੈਣ ਨੂੰ ਰਪੀਏ ਦੇਵੀਂ ਹੱਸ ਹੱਸ ਵੇ,**
**ਵੱਸੇ ਅੰਮੀ ਬਾਬੁਲੇ ਦਾ ਖੇੜਾ ਵੀਰ ਵੇ,**
**ਭਰੇ ਤੇਰਾ ਮਾਲ ਨਾਲ ਵੇਹੜਾ ਵੀਰ ਵੇ।**

**ਇਹ ਸਦਾ ਬਹਾਰ ਕਵਿਤਾ ਇਸ ਤਿਉਹਾਰ ਦਾ ਮਾਇਨੇ ਦਿਲ ਦੀਆਂ ਡੂੰਘਾਈਆਂ ਤੱਕ ਉਤਾਰ ਦਿੰਦੀ ਹੈ। ਜਿਸਨੇ ਵੀ ਇਹ ਕਵਿਤਾ ਕਦੇ ਪੜ੍ਹੀ ਜਾਂ ਸੁਣੀ ਹੋਵੇਗੀ ਉਹ ਕਦੇ ਨਹੀਂ ਭੁੱਲ੍ਹ ਸਕਦਾ। ਅਸੀਂ ਅਦਾਰਾ 'ਸਾਡੇ ਲੋਕ' ਦੇ ਸਮੂਹ ਪਰਿਵਾਰ ਵਲੋਂ ਇਸ ਪਵਿੱਤਰ ਦਿਨ ਦੀ ਸਭ ਨੂੰ ਲੱਖ-ਲੱਖ ਵਧਾਈ ਦਿੰਦੇ ਹਾਂ। ਆਓ ਅੱਜ ਦੇ ਦਿਨ ਇਸ ਬਾਰੇ ਵੱਖ-ਵੱਖ ਵਿਦਵਾਨਾਂ ਵਲੋਂ ਇਸ ਬਾਰੇ ਲਿਖੇ ਵਿਚਾਰ ਪੜ੍ਹਕੇ ਹੋਰ ਜਾਣੀਏ।**

**ਧੰਨਵਾਦ ਸਾਹਿਤ ਫੋਟੋ ਅਤੇ ਸੋਸ਼ਲ ਮੀਡੀਆ**
**ਸਤਨਾਮ ਸਿੰਘ ਖਾਲਸਾ**

ਰੱਖੜੀ, ਰਕਸ਼ਾ ਬੰਧਨ੍ਹ ਜਾਂ ਰਾਖੀ ਦਾ ਭਾਵ ਹੈ ਵੀਰ ਭੈਣਾਂ ਦੀ ਰੱਖਿਆ ਕਰਨ ਜਾਂ ਕਹਿ ਲਓ ਰੱਖੜੀ ਬੰਨ੍ਹਾ ਕੇ ਵੀਰ ਭੈਣਾਂ ਦੀ ਕਿਸੇ ਔਕੜ ਸਮੇਂ ਰੱਖਿਆ ਕਰਨ ਜਾ ਕੰਮ ਆਉਣ ਲਈ ਬਚਨ ਵੱਧ ਹੋ ਜਾਂਦੇ ਹਨ। ਇਹ ਇੱਕ ਪ੍ਰਸਿੱਧ ਅਤੇ ਪਰੰਪਰਾਗਤ ਤੌਰ 'ਤੇ ਹਿੰਦੂ ਸਲਾਨਾ ਰੀਤੀ ਹੈ ਅਤੇ ਇਹ ਤਿਉਹਾਰ ਹਿੰਦੂ ਸੰਸਕ੍ਰਿਤੀ ਤੋਂ ਪ੍ਰਭਾਵਿਤ ਹੋ ਕੇ ਦੁਨੀਆਂ ਅਤੇ ਖ਼ਾਸਕਰ ਦੱਖਣੀ ਏਸ਼ੀਆ ਦੇ ਕਈ ਭਾਗਾਂ ਅਤੇ ਧਾਰਮਕ ਸਮੂਹਾਂ ਦੁਆਰਾ ਵੀ ਮਨਾਇਆ ਜਾਂਦਾ ਹੈ। ਰਕਸ਼ਾ ਬੰਧਨ੍ਹ ਸਾਵਣ ਮਹੀਨੇ ਦੇ ਅੰਤਮ ਦਿਨ ਤੇ ਮਨਾਇਆ ਜਾਂਦਾ ਹੈ, ਜੋ ਆਮ ਤੌਰ 'ਤੇ ਅਗਸਤ ਵਿੱਚ ਆਉਂਦਾ ਹੈ। ਇਸ ਦਿਨ, ਹਰ ਉਮਰ ਦੀਆਂ ਭੈਣਾਂ ਆਪਣੇ ਭਰਾਵਾਂ ਦੇ ਗੁੱਟ ਦੇ ਦੁਆਲੇ ਰੱਖੜੀ ਨਾਮਕ ਇੱਕ ਤਵੀਤ ਜਾਂ ਤਾਜ਼ੀ ਬੰਨ੍ਹਦੀਆਂ ਹਨ। ਇਹ ਵੀ ਧਾਰਨਾ ਹੈ ਕਿ ਭੈਣਾਂ ਇਸ ਮੌਕੇ ਭਰਾਵਾ ਦੀ ਸੁੱਖ ਮੰਗਦੀਆਂ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕਰਦੀਆਂ ਹਨ ਤੇ ਭਰਾਵਾਂ ਦੀ ਉਮਰ ਦਰਾਜ ਹੋ ਜਾਂਦੀ ਹੈ। ਭੈਣ ਭਰਾਵਾਂ ਦਾ ਇੱਕ ਦੂਜੇ ਨੂੰ ਮਿਲਣ ਦਾ ਸਬੱਬ ਬਣ ਜਾਂਦਾ ਹੈ ਇਹ ਤਿਉਹਾਰ। ਕਿਉਂਕਿ ਇਸ ਤੇਂ ਰਗ਼ਤਾਰ ਮਸ਼ਨੀ ਯੁੱਗ ਵਿੱਚ ਇੱਕ ਦੂਜੇ ਨੂੰ ਮਿਲਣ ਲਈ ਸਮੇਂ ਦਾ ਜਿਵੇਂ ਕਾਲ ਪੈ ਗਿਆ ਹੈ।

**ਸ਼ਬਦ ਵਿਉਤਪਤੀ**

ਔਕਸਫੋਰਡ ਇੰਗਲਿਸ਼ ਡਿਕਸ਼ਨਰੀ, ਥਰਡ ਐਡੀਸ਼ਨ, 2008 ਦੇ ਅਨੁਸਾਰ, ਸ਼ਬਦ 'ਰਾਖੀ' ਸੰਸਕ੍ਰਿਤ 'ਰਕਸ਼ਿਕਾ' ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ ਇੱਕ ਜੋੜ ਜਾਂ ਸੁਰੱਖਿਆ ਤਾਵੀਜ਼।


ਤਤਕਾਲੀ ਪ੍ਰਧਾਨ ਮੰਤਰੀ ਸ੍ਰ. ਮਨਮੋਹਨ ਸਿੰਘ ਬੱਚਿਆਂ ਨੂੰ ਰੱਖੜੀ ਬਣਾਉਂਦੇ ਹੋਏ। (ਫਾਈਲ ਫੋਟੋ)

**ਪਿਛੋਕੜ**

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ 'ਰਾਖੀ' ਬੰਨ੍ਹਦੇ ਇੱਕ ਬੱਚੇ ਨਵੀਂ ਦਿੱਲੀ ਵਿਖੇ ਰਕਸ਼ਾ ਬੰਧਨ੍ਹ ਦੇ ਮੌਕੇ ਰੱਖੜੀ ਬੰਨ੍ਹਦੇ ਹੋਏ

ਰੱਖੜੀ ਬੰਨਣ ਦਾ ਅਸਲ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ਦੋਵੇਂ ਧਿਰਾ ਇਕ ਦੂਜੇ ਨੂੰ ਪਿਆਰ ਅਤੇ ਸਤਿਕਾਰ ਦੇਣ। ਅੱਜ ਦੇ ਯੁੱਗ ਵਿੱਚ ਕਹਿ ਲਓ ਜਾਂ ਕਲਯੁੱਗ ਵਿੱਚ ਕਹਿ ਲਓ, ਭੈਣ ਭਰਾ ਦਾ ਪਾਕ ਪਵਿੱਤਰ ਰਿਸ਼ਤਾ ਵੀ ਤਿੜਕ ਗਿਆ ਹੈ। ਕਿਸੇ ਵੇਲੇ ਵੀਰਾਂ ਦੇ ਸਾਹੀਂ ਜਿਊਣ ਵਾਲੀਆਂ ਭੈਣਾਂ ਵੀ ਜਦੋਂ ਉਨ੍ਹਾਂ ਦੇ ਧੀਆਂ ਪੁੱਤਾਂ ਦੇ ਕਾਰਜ ਹੋ ਜਾਣ ਮਾਮੇ ਛੱਕਾਂ ਪੂਰ ਦੇਣ ਤੇ ਉਨ੍ਹਾਂ ਦੇ ਸੱਸ ਸਹੁਰੇ ਦੇ ਮਰਨੇ ਪਰਨੇ ਵੀ ਵੱਡੇ ਕਰ ਆਉਣ ਤਾਂ ਉਹ ਭਰਾਵਾਂ ਨੂੰ ਬੇਲੋੜੀ ਚੀਂ ਵਾਂਗ ਸਮਝ ਛਡਦੀਆਂ ਹਨ ਤੇ ਉਹ ਭਰਾਵਾਂ ਨਾਲ ਉਮਰਾਂ ਦੀ ਵਰਤੋਂ ਵਾਲੀ ਉੱਚੀ ਸੁੱਚੀ ਤਿਆਗ ਕੇ ਭਰਾਵਾਂ ਨੂੰ ਸਿਰਫ ਵਰਤੋਂ ਦੀ ਚੀਂ ਸਮਝਦੀਆਂ ਹਨ। ਉਹ ਇਸ ਬੋਲੀ ਨੂੰ ਭੁਲਾ ਕੇ ਛੁਟਿਆ ਦੇਂਦੀਆਂ ਹਨ ਜਿਸ ਵਿੱਚ ਭੈਣ ਕਹਿੰਦੀ ਹੈ ਕਿ ਇਕ ਵੀਰ ਦੇਵੀਂ ਵੇ ਰੱਬਾ ਮੇਰੀ ਸਾਰੀ ਉਮਰ ਦੇ ਮਾਪੇ। ਕਿਹਾ ਜਾਂਦਾ ਹੈ ਕਿ ਘਰ ਦੀ ਧੀ ਤੇ ਘਰ ਦਾ ਨੌਕਰ ਸਦਾ ਘਰ ਦੀ ਸੁੱਖ ਮੰਗਦੇ ਹਨ ਪਰ ਅੱਜ ਦੇ ਸਮੇਂ ਤਾਂ ਨੌਕਰ ਵੀ ਪੈਸੇ ਦੇ ਪੁੱਤ ਬਣ ਗਏ ਹਨ ਜੋ ਮਾਲਕ ਨੂੰ ਕਤਲ ਤੱਕ ਕਰ ਦੇਂਦੇ ਹਨ।

ਪਿਛਲੇ ਸਮੇਂ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ ਪੈਂਦਾ ਸੀ। ਦਿਖਾਵੇ ਤੇ ਕੱਪੜੇ ਗਹਿਣੇ ਨਾਲ ਨਹੀਂ। ਬੇਸ਼ੱਕ ਅੱਜ ਵੀ ਅਜਿਹੇ ਭਰਾ ਹਨ; ਜੋ ਭੈਣਾਂ ਨੂੰ ਮਾਪੇ ਯਾਦ ਨਹੀਂ ਆਉਣ ਦੇਂਦੇ ਤੇ ਉਨ੍ਹਾ ਦੇ ਸਾਰੀ ਉਮਰ ਦੇ ਮਾਪੇ ਬਣ ਕੇ ਰਹਿੰਦੇ ਹਨ ਤੇ ਅਜਿਹੀਆਂ ਭੈਣਾਂ ਵੀ ਹਨ ਜੋ ਭਰਾਵਾਂ ਨੂੰ ਮਾਪਿਆਂ ਵਾਂਗ ਤੇ ਪੁੱਤਾਂ ਵਾਂਗ ਸਤਿਕਾਰਦੀਆ ਤੇ ਪਿਆਰਦੀਆਂ ਹਨ ਪਰ ਅਜਿਹੇ ਜਿਊੜੇ ਹੁਣ ਬਹੁਤ ਘੱਟ ਹਨ। ਭੈਣ ਵਾਂਗ ਦੇ ਪਿਆਰ ਦੀ ਪ੍ਰਤੀਕ, ਇਹ ਰੱਖੜੀ ਬੰਨ੍ਹਣ ਦਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਦੋਵੇਂ ਧਿਰਾਂ ਇਕ ਦੂਜੇ ਨੂੰ ਪਿਆਰ ਸਤਿਕਾਰ ਦੇਣ ਨਹੀਂ ਤਾਂ ਮਹਿੰਗੀਆਂ ਤੇ ਖ਼ੂਬਸੂਰਤ ਰੱਖੜੀਆਂ ਦਾ ਕੋਈ ਮਹੱਤਵ ਨਹੀਂ ਹੈ। ਕਈਂ ਭੈਣਾਂ ਸੋਨੇ ਜਾ ਚਾਂਦੀ ਦੀਆਂ ਰੱਖੜੀਆਂ ਵੀ ਭਰਾ ਦੇ ਬੰਨ੍ਹਦੀਆਂ ਹਨ। ਇਹ ਆਪਣੀ ਪਹੁੰਚ ਜਾਂ ਸੋਚ ਤੇ ਨਿਰਭਰ ਹੈ। ਪਰ ਮੋਹ ਦੀ ਤੰਦ ਤਾਂ ਇੱਕ ਧਾਗਾ ਹੀ ਹੋ ਨਿਬੜਦਾ ਹੈ ਜੋ ਤਾਂ ਉਮਰ ਰੂਹ ਨਾਂਲ ਨਿਪਟਿਆ ਰਹੇ। ਅੱਜ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ ਨਹੀਂ ਕੱਪੜੇ ਤੇ ਗਹਿਣੇ ਜਾ ਪੈਸੇ ਨਾਲ ਪੈਂਦਾ ਹੈ। ਕਈਂ ਭੈਣਾਂ ਉਸੇ ਭਰਾ ਨੂੰ ਜਿਆਦਾ ਮਾਣ ਆਦਰ ਦਿੰਦੀਆਂ ਹਨ ਜਿਹੜਾ ਉਨ੍ਹਾ ਦੀ ਰੱਖੜੀ ਦਾ ਜਿਆਦਾ ਮੁੱਲ ਪਾਉਂਦਾ ਹੈ। ਕਈਂ ਘਰਾਂ ਵਿੱਚ ਭਾਬੀਆਂ ਰੱਖੜੀ ਨੂੰ ਮੱਥੇ ਵੱਟ ਵੀ ਪਾਉਂਦੀਆਂ ਹਨ ਤੇ ਖਰਚ ਤੇ ਖੇਚਲ ਦੋ ਵਾਂ ਤੋਂ ਕਤਰਾਉਂਦੀਆਂ ਹਨ। ਕਈਂ ਆਈਆਂ ਨਨਾਣਾ ਨੂੰ ਦਿਲੋਂ ਜੀ ਆਇਆਂ ਕਹਿੰਦੀਆਂ ਸਰਦਾ ਬਣਦਾ ਮਾਣ ਕਰਦੀਆਂ ਸੋਚਦੀਆਂ ਹਨ ਕਿ ਇਨ੍ਹਾ ਨੂੰ ਭਰਾ ਓਵੇਂ ਹੀ ਪਿਆਰੇ ਹਨ ਜਿਵੇਂ ਸਾਨੂੰ ਆਪਣੇ ਭਰਾ ਹਨ। ਸਾਰੀਆਂ ਭੈਣਾਂ ਨੂੰ ਰੱਖੜੀ ਨੂੰ ਪੈਸੇ ਨਾਲ ਨਹੀਂ ਤੋਲਦੀਆਂ। ਕਈਂ ਭੈਣਾਂ ਵੀਰ ਦੇ ਘਰ ਦਾ ਫੋਕੇ ਪਾਣੀ ਦਾ ਗਲਾਸ ਪੀ ਕੇ ਵੀ ਅਸੀਸਾਂ ਦੇਣ ਵਾਲੀਆਂ ਹੁੰਦੀਆਂ ਹਨ ਤੇ ਕਈ ਸੂਟ ਦਾ ਰੰਗ ਪਸੰਦ ਨਾ ਹੋਣ ਤੇ ਮੂੰਹ ਮੋਟਾ ਕਰਨ ਵਾਲੀਆਂ ਵੀ।

ਇਹ ਤਾਂ ਭੈਣ ਭਰਾ ਦੀ ਸਾਂਝ ਤੇ ਸਨੇਹ ਦਾ ਪਿਆਰਾ ਤਿਉਹਾਰ ਹੈ। ਇਕ ਨੂੰ ਇਸੇ ਨਰੀਏ ਤੋਂ ਮਨਾਂਉਣਾ ਚਾਹੀਦਾ ਹੈ। ਰੱਖੜੀ ਦੀ ਕਦਰ ਕੀਮਤ ਉਨਾਂ ਭੈਣਾਂ ਨੂੰ ਪੁੱਛ ਕੇ ਵੇਖੋ ਜਿਨ੍ਹਾਂ ਨੂੰ ਰੱਬ ਨੇ ਵੀਰ ਦਿੱਤਾ ਹੀ ਨਾਂ ਹੋਵੇ ਤੇ ਉਹ ਰੱਬ ਨੂੰ ਵਾਰ ਵਾਰ ਬੇਨਤੀਆਂ ਕਰਦੀਆਂ ਰਹੀਆਂ ਇੱਕ ਵੀਰ ਦੇਈਂ ਵੇ ਰੱਬਾ ਸੋਂਹ ਖਾਣ ਨੂੰ ਬੜਾ ਚਿੱਤ ਕਰਦਾ ਫ਼ੈਰ ਰੱਬ ਦੀ ਮਾਰ ਅੱਗੇ ਕੀ ਜ਼ੋਰ। ਉਹ ਭੈਣਾਂ ਕਿਸੇ ਮੂੰਹ ਬੋਲੇ ਭਰਾ ਜਾ ਤਾਏ ਚਾਚੇ ਮਾਮੇ ਭੂਆ ਦੇ ਪੁੱਤ ਭਰਾ ਦੇ ਰੱਖੜੀ ਬੰਨ੍ਹਦੀਆਂ ਵੀ ਹਨ ਤਾਂ ਵੀ ਉਨ੍ਹਾਂ ਦੀ ਰੂਹ ਮਾਂ ਜਾਏ ਵੀਰ ਪਿਆਰ ਨੂੰ ਤਰਸਦੀ ਰਹਿੰਦੀ ਹੈ। ਕਈ ਵਾਰ ਨੇਕ ਦਿਲ ਭਰਾ ਨਾਲ ਜੰਮਿਆਂ ਵਾਂਗ ਨਿਭ ਵੀ ਜਾਂਦੇ ਹਨ ਪਰ ਇਸ ਸਵਾਰਥੀ ਯੁੱਗ ਵਿੱਚ ਅਜਿਹਾ ਬਹੁਤ ਘੱਟ ਸੰਭਵ ਹੈ ਕਈਂ ਲੋਕ ਕਿਸੇ ਦੀ ਇਸ ਘਾਟ ਤੋਂ ਬਹੁਤ ਗ਼ਾਇਦੇ ਵੀ ਉਠਾ ਜਾਂਦੇ ਹਨ ਤੇ ਇਸ ਪਵਿੱਤਰ ਰਿਸ਼ਤੇ ਦਾ ਨਾਂ ਕਲੰਕਤ ਕਰਦੇ ਹਨ। ਕਈ ਵਾਰ ਕੋਈ ਭੈਣ ਬਾਹਰਾ ਭਰਾ ਵੀ ਭੈਣ ਦੇ ਪਿਆਰ ਨੂੰ ਤਰਸਦਾ ਹੈ, ਕਿਸੇ ਨੂੰ ਮੂੰਹ ਬੋਲੀ ਭੈਣ ਬਣਾ ਲਵੇ ਤਾਂ ਸਾਡਾ ਸਮਾਜ ਉਸਨੂੰ ਛੇਤੀ ਛੇਤੀ ਸਵੀਕਾਰ ਨਹੀਂ ਕਰਦਾ। ਕਈਂ ਵਾਰ ਇਸ ਪਾਕ ਪਵਿੱਤਰ ਰਿਸ਼ਤੇ ਤੇ ਊਜਾਂ ਦਾ ਚਿੱਕੜ ਵੀ ਪੈਂਦਾ ਹੈ। ਮੂੰਹ ਬੋਲੇ ਰਿਸ਼ਤੇ ਦੀ ਤਸਵੀਰ ਦੇ ਇਹ ਦੋ ਪਾਸੇ ਹਨ, ਅਜਿਹੇ ਰਿਸ਼ਤੇ ਵੀ ਬਹੁਤ ਸੋਚ ਸਮਝ ਕੇ ਬਣਾਉਣੇ ਚਾਹੀਦੇ ਹਨ ਤਾਂ ਜੋ ਰੱਖੜੀ ਦੀ ਮੋਹ ਭਰੀ ਸੁੱਚੀ ਡੋਰ ਮੈਲੀ ਨਾ ਹੋਵੇ। ਉਹ ਭੈਣਾਂ ਜਿਨ੍ਹਾਂ ਨੂੰ ਭਰਾ ਦੇ ਕੇ ਇਸ ਰੂਹਾਨੀ ਰਿਸ਼ਤੇ ਦਾ ਅਹਿਸਾਸ ਤੇ ਮਾਣ ਕਰਾ ਕੇ ਡਾਹਡਾ ਰੱਬ, ਭਰਾ ਬਾਹਰੀਆਂ ਕਰ ਦੇਂਦਾ ਹੈ, ਉਨ੍ਹਾਂ ਦੀ ਰੱਖੜੀ ਵਾਲੀ ਕਲਾਈ ਪਲ ਵਿੱਚ ਲੁੱਟ ਕੇ ਲੈ ਜਾਂਦਾ ਹੈ। ਭੈਣਾਂ ਦੀ ਰੱਖੜੀ ਜਾਂਦੇ ਵੀਰ ਦੀ ਬਾਂਹ ਨਹੀਂ ਫੜ ਸਕਦੀ ਤੇ ਉਸਦੀ ਉਮਰ ਦਰਾਂ ਨਹੀਂ ਕਰ ਸਕਦੀ। ਅਜਿਹੀਆਂ ਭੈਣਾਂ ਤੇ ਰੱਖੜੀ ਵਾਲੇ ਦਿਨ ਕੀ ਬੀਤਦੀ ਹੈ ਇਹ ਉਹ ਹੀ ਜਾਣਦੀਆਂ ਹਨ। ਜਦੋਂ ਉੱਚੇ ਲੰਮੇ ਗੱਭਰੂ ਭਰਾ ਦੀ ਕੜੀ ਵਰਗੀ ਕਲਾਈ ਦੀ ਥਾਂ ਉਸਦੇ ਨਿੱਕੇ ਜਿਹੇ ਪੁੱਤ ਦੀ ਲਗਰ ਵਰਗੀ ਸੋਹਲ ਕਲਾਈ ਤੇ ਰੱਖੜੀ ਬੰਨ੍ਹਣ ਦੀ ਨੌਬਤ ਆਉਂਦੀ ਹੈ ਤਾਂ ਗਲੀਆਂ ਦੇ ਕੱਖ ਵੀ ਰੋਂਦੇ ਹਨ। ਭੈਣਾਂ ਦਾ ਹਰ ਸਾਹ ਹਉਕਾ ਬਣ ਜਾਂਦਾ ਹੈ। ਕਿਸੇ ਤਿਹਾਰ ਵਿਹਾਰ ਤੇ ਜਦੋਂ ਭਰਾ ਦੇ ਥਾਂ ਪੁੱਤਾਂ ਵਾਂਗ ਪਾਲੇ ਭਤੀਜੇ ਨੂੰ ਖੜ੍ਹਾ ਕੇ ਭੈਣਾਂ ਕਹਿੰਦੀਆਂ ਹਨ ਪੁੱਤ ਵੀਰ ਦਾ ਭਤੀਜਾ ਮੇਰਾ ਨਿਉਂ ਜੜ੍ਹ ਮਾਪਿਆਂ ਦੀ ਤਾ ਤੁਰ ਗਿਆ ਭਰਾ ਸਾਮਰੱਥ ਉਨ੍ਹਾ ਦੀਆਂ ਅੱਖਾਂ ਅੱਗੇ ਆ ਖੜ੍ਹਦਾ ਹੈ। ਬੇਸ਼ੱਕ ਅੱਜ ਰਿਸ਼ਤਿਆ ਵਿੱਚ ਪਹਿਲਾਂ ਵਾਲੀ ਨਿੱਘ ਤੇ ਨੇੜਤਾ ਨਹੀਂ ਰਹੀ ਪਰ ਅਜੇ ਵੀ ਕੁਝ ਲੋਕ ਮੋਹ ਭਰੇ ਦਿਲ ਰੱਖਦੇ ਹਨ। ਰੱਖੜੀ ਬਾਰੇ ਇਸ ਲਿਖਤ ਵਿੱਚ ਕੌੜੀਆਂ ਸੱਚਾਈਆਂ ਨੂੰ ਬਿਆਨ ਕੀਤਾ ਗਿਆ ਹੈ। ਉਹ ਸਿਰਫ ਇਸ ਲਈ ਕਿ ਸਾਰੇ ਭੈਣ ਭਰਾ ਇਸ ਰਿਸ਼ਤੇ ਨੂੰ ਮਹਿਜ ਇਕ ਰਸਮੀ ਤਿਉਹਾਰ ਨਾ ਸਮਝਣ। ਇੱਕ ਦੋ ਚਾਰ ਦਿਨ ਬਾਅਦ ਟੁੱਟ ਜਾਣ ਵਾਲੀ ਡੋਰ ਨਾਲੋਂ ਇਸ ਦੀ ਕਦਰ ਕੀਮਤ ਪੈਂਦੀ ਹੈ। ਦਿਖਾਵਿਆਂ ਨੂੰ ਛੱਡ ਕੇ ਸਾਦਗੀ ਤੇ ਪਿਆਰ ਸਤਿਕਾਰ ਨਾਲ ਇਹ ਮੋਹ ਦੀਆਂ ਤੰਦਾ ਮਜ਼ਬੂਤ ਕਰਨੀਆਂ ਭੈਣ ਭਰਾ ਦੇ ਗੂੜ੍ਹੇ ਰ੍ਰਿਤੇ ਲਈ ਵਰਦਾਨ ਬਣ ਜਾਣਗੀਆਂ।

**ਹਿੰਦੂ ਗ੍ਰੰਥਾਂ ਵਿੱਚ ਪ੍ਰਮੁੱਖਤਾ**

ਭਵਿਸ਼ ਪੁਰਾਣ ਅਨੁਸਾਰ ਕ੍ਰਿਸ਼ਨ ਨੇ ਯੁਧਿਸ਼ਠਿਰ ਨੂੰ ਰਾਜ ਪੁਰੋਹਿਤ ਵੱਲੋਂ ਆਪਣੇ ਸੱਜੇ ਗੁੱਟ ਨਾਲ ਇੱਕ ਰਕਸ਼ਾ (ਰੱਖਿਆ) ਬੰਨ੍ਹਣ ਦੀ ਰਸਮ ਦਾ ਵਰਣਨ ਕੀਤਾ ਹੈ।

**ਰਸਮ ਵਿੱਚ ਖੇਤਰੀ ਭਿੰਨਤਾਵਾਂ**

ਨਜ਼ੀਰ ਅਕਬਰਾਬਾਦੀ (1735–1830) ਨੇ ਰੱਖੜੀ ਬਾਰੇ ਉਰਦੂ ਬੋਲੀ ਵਿੱਚ ਨਜ਼ਮਾਂ (ਕਵਿਤਾਵਾਂ) ਲਿਖੀ। ਇਸ ਕਵਿਤਾ ਵਿੱਚ ਉਹ, ਇੱਕ ਮੁਸਲਮਾਨ, ਕਲਪਨਾ ਕਰਦਾ ਹੈ ਕਿ ਤਿਲਕ ਅਤੇ ਪਵਿੱਤਰ ਧਾਗਿਆਂ ਨੂੰ ਲਗਾ ਕੇ ਉਹ ਇੱਕ ਬ੍ਰਾਹਮਣ ਪੁਜਾਰੀ ਦੇ ਰੂਪ ਵਿੱਚ ਵੀ ਆਪਣੇ ਆਲੇ ਦੁਆਲੇ ਦੇ ਸਾਰੇ ਲੋਕਾਂ ਦੇ ਗੁੱਟ 'ਤੇ ਰੱਖੜੀ ਬੰਨ੍ਹ ਸਕੇ।

ਦੱਖਣੀ ਏਸ਼ੀਆ ਦੇ ਵੱਖਰੇ ਭਾਗਾਂ ਵਿੱਚ ਜਦੋਂ ਰਕਸ਼ਾ ਬੰਧਨ੍ਹ ਮਨਾਇਆ ਜਾਂਦਾ ਹੈ, ਵੱਖ-ਵੱਖ ਖੇਤਰ ਵੱਖ-ਵੱਖ ਵਿਧੀਆਂ ਨਾਲ ਇਸ ਦਿਨ ਨੂੰ ਮਨਾਉਂਦੇ ਹਨ। ਪੰਜਾਬ ਵਿੱਚ ਉੱਤਰ ਵਲੋਂ ਹਮੇਸ਼ਾਂ ਹਮਲਾਵਰ ਆਉਂਦੇ ਰਹੇ ਤੇ ਹਰ ਵੈਰੀ ਹਮਲਾਵਰ ਜਾਂਦੀ ਵਾਰੀ ਧੀਆਂ ਭੈਣਾਂ ਨੂੰ ਫੜ ਕੇ ਲੈ ਜਾਂਦਾ ਰਿਹਾ ਤੇ ਗ਼ੁਲਾਮ ਬਣਾ ਲੈਂਦਾ ਰਿਹਾ। ਅਜਿਹੇ ਭੈੜੇ ਵਕਤਾ ਵਿੱਚ ਭੈਣਾਂ ਨੇ ਵੀਰਾਂ ਦੇ ਮਾਣ ਨੂੰ ਵੰਗਾਰਨ ਵਾਸਤੇ ਇਹ ਰਸਮ ਨੂੰ ਅਪਣਾਇਆ। ਭੈਣਾਂ ਹਰ ਸਾਲ ਦੇ ਸਾਲ ਵੀਰਾਂ ਨੂੰ ਰਖਸ਼ਾ ਬੰਧਨ ਬੰਨ੍ਹ ਕੇ ਉਨ੍ਹਾਂ ਦਾ ਧਰਮ ਯਾਦ ਕਰਾਂਦੀਆਂ ਹਨ। ਉਦੋਂ ਤੋਂ ਹੁਣ ਤੱਕ ਇਹ ਰਸਮ ਪ੍ਰਚਲਤ ਹੈ।

ਪੱਛਮੀ ਬੰਗਾਲ ਅਤੇ ਓਡੀਸ਼ਾ ਰਾਜ ਵਿੱਚ, ਇਸ ਦਿਨ ਨੂੰ ਝੂਲਨ ਪੂਰਨੀਮਾ ਵੀ ਕਿਹਾ ਜਾਂਦਾ ਹੈ। ਭਗਵਾਨ ਕ੍ਰਿਸ਼ਨ ਅਤੇ ਰਾਧਾ ਦੀ ਪੂਜਾ ਉੱਥੇ ਕੀਤੀ ਜਾਂਦੀ ਹੈ। ਭੈਣਾਂ ਭਰਾਵਾਂ ਨੂੰ ਰੱਖੜੀ ਬੰਨ੍ਹਦੀਆਂ ਹਨ ਅਤੇ ਅਮਰ ਰਹਿਣ ਦੀ ਇੱਛਾ ਰੱਖਦੀਆਂ ਹਨ।

ਮਹਾਂਰਾਸ਼ਟਰ ਵਿੱਚ, ਕੋਲੀ ਸੰਪ੍ਰਦਾ ਵਿੱਚ, ਰੱਖਿਆ ਬੰਨਣ/ਰੱਖੜੀ ਪੂਰਨਮਾ ਦਾ ਤਿਉਹਾਰ ਨਾਰਲੀ ਪੌਰਨੀਮਾ (ਨਾਰਿਅਲ ਦਿਵਸ ਤਿਉਹਾਰ) ਦੇ ਨਾਲ ਮਨਾਇਆ ਜਾਂਦਾ ਹੈ। ਕੋਲੀਸ ਸਮੁੰਦਰੀ ਕੰਢੇ ਰਾਜ ਦਾ ਮਛੇਰਿਆਂ ਦਾ ਸਮੂਹ ਹੈ। ਮਛੇਰੇ ਸਾਗਰ ਦੇ ਹਿੰਦੂ ਦੇਵਤੇ ਭਗਵਾਨ ਵਰੁਣ ਨੂੰ ਉਨ੍ਹਾਂ ਦੀਆਂ ਅਸੀਸਾਂ ਲੈਣ ਲਈ ਅਰਦਾਸ ਕਰਦੇ ਹਨ। ਰੀਤੀ ਰਿਵਾਜਾਂ ਦੇ ਹਿੱਸੇ ਵੱਜੋਂ, ਨਾਰੀਅਲ ਨੂੰ ਭਗਵਾਨ ਵਰੁਣ ਨੂੰ ਭੇਟ ਵੱਜੋਂ ਸਮੁੰਦਰ ਵਿੱਚ ਸੁੱਟ ਦਿੱਤਾ ਗਿਆ। ਕੁੜੀਆਂ ਅਤੇ ਔਰਤਾਂ ਆਪਣੇ ਭਰਾਵਾਂ ਦੇ ਗੁੱਟ 'ਤੇ ਰੱਖੜੀ ਬੰਨਦੀਆਂ ਹਨ।

ਉੱਤਰੀ ਭਾਰਤ ਦੇ ਖੇਤਰਾਂ ਵਿੱਚ, ਜ਼ਿਆਦਾਤਰ ਜੰਮੂ ਵਿੱਚ, ਜਨਮ ਅਸ਼ਟਮੀ ਅਤੇ ਰਕਸ਼ਾ ਬੰਧਨ ਦੇ ਨੇੜਲੇ ਮੌਕਿਆਂ ਤੇ ਪਤੰਗ ਉਡਾਉਣਾ ਆਮ ਹੈ। ਅਸਮਾਨ ਨੂੰ ਇਨ੍ਹਾਂ ਦੋ ਤਰੀਕਾਂ ਦੇ ਆਸ ਪਾਸ ਅਤੇ ਆਲੇ ਦੁਆਲੇ, ਸਾਰੇ ਅਕਾਰ ਦੀਆਂ ਪਤੰਗਾਂ ਨਾਲ ਵੇਖਣਾ ਸਧਾਰਨ ਹੈ। ਸਥਾਨਕ ਲੋਕ ਕਿਲੋਮੀਟਰ ਦੇ ਮਜ਼ਬੂਤ ਪਤੰਗ ਦੀਆਂ ਤਾਰਾਂ ਖਰੀਦਦੇ ਹਨ, ਜਿਸ ਨੂੰ ਆਮ ਤੌਰ 'ਤੇ ਸਥਾਨਕ ਭਾਸ਼ਾ ਵਿੱਚ 'ਗੱਟੂ ਦਰਵਾਜ਼ਾ' ਕਿਹਾ ਜਾਂਦਾ ਹੈ।

ਹਰਿਆਣੇ ਦੇ ਵਿੱਚ, ਰਕਸ਼ਾ ਬੰਧਨ੍ਹ ਮਨਾਉਣ ਤੋਂ ਇਲਾਵਾ, ਲੋਕ ਸਲੋਨੋ ਦਾ ਤਿਉਹਾਰ ਮਨਾਉਂਦੇ ਹਨ। ਸਲੋਨੋ ਪੁਜਾਰੀਆਂ ਦੁਆਰਾ ਲੋਕਾਂ ਦੀਆਂ ਗੁੱਟਾਂ 'ਤੇ ਬੁਰਾਈਆਂ ਵਿਰੁੱਧ ਤਵੀਤ ਬੰਨ੍ਹਣ ਦਾ ਤਿਉਹਾਰ ਮਨਾਇਆ ਜਾਂਦਾ ਹੈ।

ਨੇਪਾਲ ਵਿੱਚ, ਰਕਸ਼ਾ ਬੰਧਨ ਨੂੰ ਜੈਨਈ ਪੂਰਨੀਮਾ ਜਾਂ ਰਿਸ਼ੀਤਰਪਨੀ ਕਿਹਾ ਜਾਂਦਾ ਹੈ ਅਤੇ ਇਸ ਵਿੱਚ ਇਕ ਪਵਿੱਤਰ ਧਾਗਾ ਸਮਾਰੋਹ ਸ਼ਾਮਲ ਹੁੰਦਾ ਹੈ। ਇਹ ਨੇਪਾਲ ਦੇ ਹਿੰਦੂਆਂ ਅਤੇ ਬੋਧੀਆਂ ਦੋਵਾਂ ਦੁਆਰਾ ਮਨਾਇਆ ਜਾਂਦਾ ਹੈ। ਹਿੰਦੂ ਪੁਰਸ਼ਾਂ ਉਹ ਧਾਗਾ ਬਦਲਦੇ ਹਨ ਜਿਸ ਨੂੰ ਉਹ ਆਪਣੇ ਛਾਤੀ (ਜੈਨਾਈ) ਦੇ ਦੁਆਲੇ ਪਹਿਨਦੇ ਹਨ, ਜਦੋਂ ਕਿ ਨੇਪਾਲ ਦੇ ਕੁਝ ਭਾਗਾਂ ਵਿੱਚ ਲੜਕੀਆਂ ਅਤੇ ਔਰਤਾਂ ਆਪਣੇ ਭਰਾ ਦੇ ਗੁੱਟ 'ਤੇ ਰੱਖੜੀ ਬੰਨ੍ਹਦੀਆਂ ਹਨ। ਤਿਹਾੜ (ਜਾਂ ਦੀਵਾਲੀ) ਦੇ ਤਿਉਹਾਰ ਦੇ ਇੱਕ ਦਿਨ ਦੌਰਾਨ ਨੇਪਾਲ ਦੇ ਦੂਸਰੇ ਹਿੰਦੂਆਂ ਦੁਆਰਾ ਰੱਖਿਆ ਬੰਧਨ ਵਰਗਾ ਭਰਾ ਭੈਣ ਦਾ ਤਿਉਹਾਰ ਮਨਾਇਆ ਜਾਂਦਾ ਹੈ।

ਇਹ ਤਿਉਹਾਰ ਸ਼ੈਵ ਹਿੰਦੂਆਂ ਦੁਆਰਾ ਮਨਾਇਆ ਜਾਂਦਾ ਹੈ ਅਤੇ ਨੇਵਾਰ ਸੰਪ੍ਰਦਾ ਵਿੱਚ ਗੁਨੂੰ ਪੁਨਹੀ ਦੇ ਨਾਮ ਨਾਲ ਪ੍ਰਸਿੱਧ ਹੈ।

ਉੱਲੇਖਯੋਗ ਇਤਿਹਾਸਕ ਘਟਨਾਵਾਂ 1535 ਈ. ਜਦੋਂ ਚਿਤੌੜ ਦੇ ਰਾਜੇ ਦੀ ਵਿਧਵਾ ਮਹਾਰਾਣੀ ਕਰਨਾਵਤੀ ਨੂੰ ਪਤਾ ਲੱਗਾ ਕਿ ਉਹ ਗੁਜਰਾਤ ਦੇ ਸੁਲਤਾਨ ਬਹਾਦਰ ਸ਼ਾਹ ਦੇ ਹਮਲੇ ਦਾ ਬਚਾਅ ਨਹੀਂ ਕਰ ਸਕਦੀ ਤਾਂ ਉਸਨੇ ਮੁਗਲ ਸਮਰਾਟ ਹੁਮਾਯੂੰ ਨੂੰ ਰੱਖੜੀ ਭੇਜੀ। ਸਮਰਾਟ, ਕਹਾਣੀ ਦੇ ਇੱਕ ਸੰਸਕਰਣ ਦੇ ਅਨੁਸਾਰ, ਚਿਤੌੜ ਦੀ ਰੱਖਿਆ ਲਈ ਆਪਣੀਆਂ ਸੈਨਾਵਾਂ ਨਾਲ ਰਵਾਨਾ ਹੋਇਆ। ਉਹ ਬਹੁਤ ਦੇਰ ਨਾਲ ਪਹੁੰਚਿਆ ਅਤੇ ਬਹਾਦਰ ਸ਼ਾਹ ਪਹਿਲਾਂ ਹੀ ਮਹਾਂਰਾਣੀ ਦੇ ਕਿਲ੍ਹੇ 'ਤੇ ਕਬਜਾ ਕਰ ਚੁੱਕਾ ਸੀ। ਮੁਗਲ ਦਰਬਾਰ ਵਿੱਚ ਇਤਿਹਾਸਕਾਰਾਂ ਦੁਆਰਾ ਰੱਖੜੀ ਦੇ ਕਿੱਸੇ ਦਾ ਉੱਲੇਖ ਨਹੀਂ ਕੀਤਾ ਗਿਆ ਹੈ ਅਤੇ ਕੁੱਝ ਇਤਿਹਾਸਕਾਰਾਂ ਨੇ ਇਨ੍ਹਾਂ ਘਟਨਾਵਾਂ ਦੀ ਅਸਲੀਅਤ ਤੇ ਸੰਦੇਹ ਪ੍ਰਗਟ ਕੀਤਾ ਹੈ।


ਆਂਗਣਵਾੜੀ ਵਰਕਰ ਪੰਜਾਬ ਦੇ ਮੁੱਖ ਮੰਤਰੀ ਭਗਵਾਨ ਮਾਨ ਨੂੰ ਰੱਖੜੀ ਬੰਨ੍ਹਦੀ ਹੋਈ।

## ਭਾਰਤ-ਪਾਕਿ ਸਰਹੱਦ ਨੇੜੇ ਔਰਤਾਂ ਨੇ ਸੁਰੱਖਿਆ ਕਰਮਚਾਰੀਆਂ ਨੂੰ ਬੰਨ੍ਹੀਆਂ ਰੱਖੜੀਆਂ



ਜੰਮੂ : ਜੰਮੂ ਦੇ ਅਖਨੂਰ ਸੈਕਟਰ ਵਿੱਚ ਭਾਰਤ-ਪਾਕਿ ਸਰਹੱਦ ਨੇੜੇ ਰਕਸ਼ਾ ਬੰਧਨ ਦੇ ਜਸ਼ਨ ਦੇ ਹਿੱਸੇ ਵਜੋਂ ਔਰਤਾਂ ਨੇ ਸੁਰੱਖਿਆ ਕਰਮਚਾਰੀਆਂ ਨੂੰ ਰੱਖੜੀ ਬੰਨ੍ਹੀ। ਰੱਖੜੀ ਬੰਧਨ ਦਾ ਤਿਉਹਾਰ ਅੱਜ ਰਵਾਇਤੀ ਧੂਮ-ਧਾਮ ਨਾਲ ਮਨਾਇਆ ਗਿਆ, ਜਿਸ ਦਾ ਇਕ ਆਕਰਸ਼ਣ ਸਕੂਲੀ ਵਿਦਿਆਰਥਣਾਂ ਵੱਲੋਂ ਅੰਤਰਰਾਸ਼ਟਰੀ ਸਰਹੱਦ 'ਤੇ ਤਾਇਨਾਤ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਨੂੰ 'ਰੱਖੜੀ' ਬੰਨ੍ਹੀ। ਬੀਐਸਐਫ ਦੇ ਇੱਕ ਅਧਿਕਾਰੀ ਨੇ ਕਿਹਾ, 'ਕਈ ਸਕੂਲੀ ਲੜਕੀਆਂ ਅਤੇ ਹੋਰ ਔਰਤਾਂ ਨੇ ਅੰਤਰਰਾਸ਼ਟਰੀ ਸਰਹੱਦ ਦੇ ਨਾਲ ਕਈ ਸਰਹੱਦੀ ਚੌਕੀਆਂ ਦਾ ਦੌਰਾ ਕੀਤਾ ਅਤੇ ਉੱਥੇ ਸਰਹੱਦ 'ਤੇ ਤਾਇਨਾਤ ਬੀਐਸਐਫ ਜਵਾਨਾਂ ਨੂੰ ਰੱਖੜੀ ਬੰਨ੍ਹੀ।'



ਪਟਨਾ 'ਚ ਮੰਗਲਵਾਰ ਨੂੰ 'ਰੱਖਾ ਬੰਧਨ' ਤਿਉਹਾਰ ਦੀ ਪੂਰਵ ਸੰਧਿਆ 'ਤੇ ਸਕੂਲੀ ਵਿਦਿਆਰਥੀਆਂ ਨੇ ਫੌਜ ਦੇ ਜਵਾਨਾਂ ਨੂੰ ਰੱਖੜੀ ਬੰਨ੍ਹੀ।



ਰਕਸ਼ਾ ਬੰਧਨ ਦੇ ਜਸ਼ਨ ਦੌਰਾਨ ਵਿਦਿਆਰਥੀ ਇੱਕ ਰੁੱਖ ਨਾਲ ਰੱਖੜੀਆਂ ਬੰਨ੍ਹਦੇ ਹਨ



ਲਾਇਨਜ਼ ਕਲੱਬ ਦੀਆਂ ਔਰਤਾਂ ਨੇ ਹਥਿਆਰਬੰਦ ਬਲ ਦੇ ਜਵਾਨਾਂ ਨੂੰ ਰੱਖੜੀ ਬੰਨ੍ਹੀ

## ਜਗਤ ਪਲਾਜ਼ਾ ਮਹਿਲਾ ਮੰਡਲ ਦੀਆਂ ਮਹਿਲਾ ਮੈਂਬਰਾਂ ਨੇ ਇੱਕ ਰੁੱਖ ਨੂੰ ਵਾਤਾਵਰਣ ਪੱਖੀ ਰੱਖੜੀ ਬੰਨ੍ਹੀ




ਨਾਗਪੁਰ : ਜਗਤ ਪਲਾਜ਼ਾ ਮਹਿਲਾ ਮੰਡਲ ਦੀਆਂ ਮਹਿਲਾ ਮੈਂਬਰਾਂ ਨੇ ਚੰਦਰਯਾਨ-3 ਦੀ ਮਹਾਨ ਪ੍ਰਾਪਤੀ ਅਤੇ ਇਸ ਕੰਮ ਦੀ ਅਗਵਾਈ ਕਰਨ ਵਾਲੇ ਅਤੇ ਚੰਦਰਮਾ 'ਤੇ ਭਾਰਤੀ ਝੰਡਾ ਲਹਿਰਾਉਣ ਵਾਲੇ ਭਾਰਤੀ ਵਿਗਿਆਨੀਆਂ ਨੂੰ ਸਮਰਪਿਤ ਕਰਦੇ ਹੋਏ ਇਕ ਰੁੱਖ ਨੂੰ ਵਾਤਾਵਰਣ ਪੱਖੀ ਰੱਖੜੀ ਬੰਨ੍ਹੀ।

### ਰੱਖੜੀ 'ਤੇ ਵਿਸ਼ੇਸ਼

# ਭੈਣਾਂ ਵਰਗਾ ਸਾਕ ਨਾ ਕੋਈ...



ਗਲੋਬਲੀ ਦੌਰ ਵਿਚ ਪੰਜਾਬੀ ਸੱਭਿਆਚਾਰ ਦੇ ਰਸਮਾਂ-ਰਿਵਾਜਾਂ ਦੇ ਨਾਲ-ਨਾਲ ਪੰਜਾਬੀ ਲੋਕਾਂ ਦੇ ਰਿਸ਼ਤਾ-ਨਾਤਾ ਪ੍ਰਬੰਧ ਵਿਚ ਵੀ ਵੱਡੀਆਂ ਤ੍ਰੇੜਾਂ, ਤਿੜਕਣਾਂ ਪੈਦਾ ਹੋ ਰਹੀਆਂ ਹਨ। ਪੰਜਾਬੀਆਂ ਵਿਚ ਮੋਹ, ਪਿਆਰ ਤੇ ਇੱਜ਼ਤ-ਵਿਸ਼ਵਾਸ ਦੇ ਰਿਸ਼ਤੇ ਪਦਾਰਥਵਾਦੀ ਰਿਸ਼ਤਿਆਂ ਵਿਚ ਬਦਲ ਰਹੇ ਹਨ। ਪਰਿਵਾਰਕ ਰਿਸ਼ਤਿਆਂ ਵਿਚ ਪੈਦਾ ਹੋਏ ਸਵਾਰਥਾਂ ਨੇ ਪੰਜਾਬੀ ਸੱਭਿਆਚਾਰ ਦੀ ਰਿਸ਼ਤਾ-ਨਾਤਾ ਪ੍ਰਣਾਲੀ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ। ਪਦਾਰਥਕ ਸੁੱਖਾਂ ਦੀ ਪ੍ਰਾਪਤੀ ਲਈ ਭਰਾ ਭਰਾ ਨੂੰ ਕਤਲ ਕਰ ਰਿਹਾ ਹੈ। ਪੁੱਤ, ਪਿਉ ਨੂੰ ਕਤਲ ਕਰ ਰਿਹਾ ਹੈ। ਧੀਆਂ-ਭੈਣਾਂ ਨਾਲ ਜਬਰ ਜਨਾਹ ਕੀਤੇ ਜਾ ਰਹੇ ਹਨ। ਪੰਜਾਬੀ ਸੱਭਿਆਚਾਰ ਦੀ ਕੇਂਦਰੀ ਕਦਰ ਪ੍ਰਣਾਲੀ 'ਕਿਰਤ ਕਰੋ, ਵੰਡ ਛਕੋ' ਵੀ ਪੰਜਾਬੀ ਜੀਵਨ ਵਿਚੋਂ ਮਨਫ਼ੀ ਹੋ ਗਈ ਹੈ। ਕਿਸੇ ਵੀ ਜਾਇਜ਼/ਨਾਜਾਇਜ਼ ਤਰੀਕੇ ਨਾਲ ਪਦਾਰਥ ਇਕੱਠੇ ਕੀਤੇ ਜਾ ਰਹੇ ਹਨ। ਸਾਂਝੇ ਪਰਿਵਾਰ ਦੀ ਥਾਂ ਇਕਹਿਰੇ ਪਰਿਵਾਰ ਹੋਂਦ ਵਿਚ ਆ ਰਹੇ ਹਨ, ਜਿਨ੍ਹਾਂ ਵਿਚ ਬਜ਼ੁਰਗਾਂ ਦੀ ਹਾਲਤ ਬਹੁਤ ਤਰਸਯੋਗ ਹੋ ਗਈ ਹੈ। ਮਾਪਿਆਂ ਦਾ ਸਨਮਾਨ ਖ਼ਤਮ ਹੋ ਗਿਆ, ਬੱਚੇ ਆਪਹੁਦਰੇ ਹੋਣ ਲੱਗੇ ਹਨ। ਸਾਰੇ ਨਿੱਘ ਤੇ ਮਿਠਾਸ ਵਾਲੇ ਰਿਸ਼ਤਿਆਂ ਦਾ ਬਦਲ 'ਅੰਕਲ ਆਂਟੀ' ਆ ਗਿਆ।

ਰਿਸ਼ਤਾ-ਨਾਤਾ ਪ੍ਰਬੰਧ ਵਿਚ ਭੈਣ ਤੇ ਭਰਾ ਦਾ ਪਿਆਰ ਅਸੀਮਤ ਹੁੰਦਾ ਹੈ। ਇਸ ਪਿਆਰ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਮੁਸ਼ਕਿਲ ਹੀ ਨਹੀਂ ਸਗੋਂ ਅਤਿ ਕਠਿਨ ਵੀ ਹੈ। ਭੈਣ-ਭਰਾ ਦੇ ਰਿਸ਼ਤੇ ਨੂੰ ਦੁਨੀਆ ਦੇ ਹਰੇਕ ਕੋਨੇ ਵਿਚ ਬੜੀ ਮਹੱਤਤਾ ਦਿੱਤੀ ਜਾਂਦੀ ਹੈ। ਭੈਣ-ਭਰਾ ਦੇ ਇਸ ਰਿਸ਼ਤੇ ਦੀ ਮਹੱਤਤਾ ਨੂੰ ਦਰਸਾਉਣ ਲਈ ਇਸ ਨੂੰ ਇਕ ਤਿਉਹਾਰ ਦਾ ਨਾਂਅ ਦਿੱਤਾ ਗਿਆ ਹੈ, ਜਿਸ ਨੂੰ ਪੰਜਾਬੀ ਭਾਸ਼ਾ ਵਿਚ ਰੱਖੜੀ ਦਾ ਤਿਉਹਾਰ ਅਤੇ ਹਿੰਦੀ ਭਾਸ਼ਾ ਵਿਚ ਰਕਸ਼ਾ ਬੰਧਨ ਕਿਹਾ ਜਾਂਦਾ ਹੈ।

ਰੱਖੜੀ ਦਾ ਤਿਉਹਾਰ ਉੱਤਰੀ, ਪੱਛਮੀ ਤੇ ਕੇਂਦਰੀ ਭਾਰਤ ਅਤੇ ਨਿਪਾਲ ਦਾ ਪ੍ਰਮੁੱਖ ਤਿਉਹਾਰ ਹੈ। ਇਹ ਤਿਉਹਾਰ ਸਾਉਣ ਮਹੀਨੇ ਦੇ ਆਖ਼ਰੀ ਦਿਨ ਪੁੰਨਿਆਂ ਜਾਂ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਇਹ ਤਿਉਹਾਰ ਅੰਗਰੇਜ਼ੀ ਕੈਲੰਡਰ ਦੇ ਅਗਸਤ ਮਹੀਨੇ ਵਿਚ ਆਉਂਦਾ ਹੈ। ਰੱਖੜੀ ਸ਼ਬਦ ਦੋ ਸ਼ਬਦਾਂ ਦੇ ਮੇਲ ਨਾਲ ਬਣਦਾ ਹੈ, ਰੱਖ-ੜੀ। ਰੱਖ ਤੋਂ ਭਾਵ ਹੈ-ਸੁਰੱਖਿਆ ਜਾਂ ਮਹਿਫ਼ੂਜ਼ ਅਤੇ ੜੀ ਤੋਂ ਭਾਵ ਹੈ-ਕਰਨ। ਰੱਖਣ ਵਾਲਾ ਜਾਂ ਵਾਲੀ। ਇਸ ਤਰ੍ਹਾਂ ਰੱਖੜੀ ਸ਼ਬਦ ਦਾ ਅਰਥ ਬਣਦਾ ਹੈ ਸੁਰੱਖਿਆ ਕਰਨ ਵਾਲੀ ਜਾਂ ਮਹਿਫ਼ੂਜ਼ ਰੱਖਣ ਵਾਲੀ। ਵੀਰ ਭੈਣਾਂ ਦੀ ਰੱਖਿਆ ਕਰਨ ਜਾਂ ਕਹਿ ਲਓ ਰੱਖੜੀ ਬੰਨ੍ਹਾਂ ਕੇ ਵੀਰ ਭੈਣਾਂ ਦੀ ਕਿਸੇ ਔਕੜ ਸਮੇਂ ਰੱਖਿਆ ਕਰਨ ਜਾਂ ਕੰਮ ਆਉਣ ਲਈ ਬਚਨਬੱਧ ਹੋ ਜਾਂਦੇ ਹਨ। ਇਹ ਵੀ ਧਾਰਨਾ ਹੈ ਕਿ ਭੈਣਾਂ ਇਸ ਮੌਕੇ ਭਰਾਵਾਂ ਦੀ ਸੁੱਖ ਮੰਗਦੀਆਂ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕਰਦੀਆਂ ਨੇ ਤੇ ਭਰਾਵਾਂ ਦੀ ਉਮਰ ਦਰਾਜ ਹੋ ਜਾਂਦੀ ਹੈ। ਭੈਣ ਭਰਾਵਾਂ ਦਾ ਇਕ ਦੂਜੇ ਨੂੰ ਮਿਲਣ ਦਾ ਸਬੱਬ ਬਣ ਜਾਂਦਾ ਹੈ ਇਹ ਤਿਉਹਾਰ।

ਹਰੇਕ ਤਿਉਹਾਰ ਦੇ ਪਿੱਛੇ ਕੋਈ ਨਾ ਕੋਈ ਇਤਿਹਾਸਕ ਘਟਨਾ ਜ਼ਰੂਰ ਹੁੰਦੀ ਹੈ। ਰੱਖੜੀ ਦੇ ਤਿਉਹਾਰ ਨਾਲ ਮੇਵਾੜ ਦੀ ਰਾਣੀ ਕਰਮਵਤੀ ਦੀ ਕਹਾਣੀ ਜੁੜੀ ਹੋਈ ਹੈ। ਕਰਮਵਤੀ ਨੇ ਬਹਾਦਰ ਸ਼ਾਹ ਦੇ ਹਮਲੇ ਤੋਂ ਬਚਣ ਲਈ ਮੁਗ਼ਲ ਬਾਦਸ਼ਾਹ ਹਮਾਯੂੰ ਨੂੰ ਆਪਣੀ ਤੇ ਆਪਣੇ ਰਾਜ ਦੀ ਸੁਰੱਖਿਆ ਲਈ ਰੱਖੜੀ ਭੇਜੀ ਸੀ। ਹਮਾਯੂੰ ਨੇ ਮੁਸਲਮਾਨ ਹੁੰਦਿਆਂ ਹੋਇਆਂ ਵੀ ਉਸ ਰੱਖੜੀ ਦੀ ਲਾਜ ਰੱਖੀ। ਮੁਗ਼ਲ ਬਾਦਸ਼ਾਹ ਹਮਾਯੂੰ ਨੇ ਬਹਾਦਰ ਸ਼ਾਹ ਵਿਰੁੱਧ ਯੁੱਧ ਕਰ ਕੇ ਰਾਣੀ ਕਰਮਵਤੀ ਅਤੇ ਉਸ ਦੇ ਰਾਜ ਦੀ ਰੱਖਿਆ ਕੀਤੀ ਸੀ। ਮਹਾਂਭਾਰਤ ਵਿਚ ਵੀ ਰੱਖੜੀ ਦਾ ਜ਼ਿਕਰ ਆਉਂਦਾ ਹੈ।

ਅੱਜ ਦੇ ਯੁੱਗ ਵਿਚ ਕਹਿ ਲਓ, ਭੈਣ-ਭਰਾ ਦਾ ਪਾਕਿ ਪਵਿੱਤਰ ਰਿਸ਼ਤਾ ਵੀ ਤਿੜਕ ਗਿਆ ਹੈ। ਭੈਣ-ਭਰਾ ਇਕ ਮਾਂ-ਪਿਓ ਦੇ ਜਾਏ ਹੁੰਦੇ ਹਨ। ਇਨ੍ਹਾਂ ਦੀ ਮੁਢਲੀ ਮਾਨਸਿਕਤਾ, ਸਮਾਜਿਕਤਾ, ਆਰਥਿਕਤਾ ਆਦਿ ਦਾ ਆਧਾਰ ਇਕੋ ਹੁੰਦਾ ਹੈ। ਭੈਣ-ਭਰਾ ਦੇ ਪਿਆਰ ਦਾ ਜਨਮ, ਭੈਣ-ਭਰਾ ਦੇ ਜਨਮ ਤੋਂ ਹੀ ਆਰੰਭ ਹੋ ਜਾਂਦਾ ਹੈ। ਭੈਣ ਮਨ ਹੀ ਮਨ ਵਿਚ ਰੱਬ ਪਾਸ ਅਰਜੋਈਆਂ ਕਰਦੀ ਹੋਈ ਆਪਣੀ ਦਿਲੀ ਲੋਚਾ ਦਾ ਪ੍ਰਗਟਾਵਾ ਇਸ ਤਰ੍ਹਾਂ ਕਰਦੀ ਹੈ –

'ਵੀਰਾਂ ਵਾਲੀਆਂ ਦੇ ਨਖ਼ਰੇ ਬਥੇਰੇ,
ਇਕੱਲਿਆਂ ਦੀ ਪੁੱਛ ਕੋਈ ਨਾ।'

ਕਈ ਤਿੱਥਾਂ ਤਿਉਹਾਰਾਂ 'ਤੇ ਭੈਣਾਂ ਆਪਣੇ ਵੀਰ ਪਾਸੋਂ ਮਾਣ-ਤਾਣ ਨਾਲ ਵੀ ਮੋਹ ਦੀਕਸ਼ਾ ਮੰਗ ਲੈਂਦੀਆਂ ਹਨ। ਆਧੁਨਿਕ ਸਮੇਂ ਵਿਚ ਤਬਦੀਲੀਆਂ ਪਦਾਰਥਕ ਰੁਚੀਆਂ ਦੇ ਪ੍ਰਭਾਵ ਅਧੀਨ ਭੈਣ-ਭਰਾ ਦੇ ਆਪਸੀ ਪਿਆਰ ਤੇ ਕੁਝ ਤ੍ਰੇੜਾਂ ਸੌੜੇ ਹਿਤ ਦੀ ਭਾਵਨਾ ਸਦਕਾ ਪਸਰ ਰਹੀਆਂ ਹਨ। ਇਸ ਕਰਕੇ ਲੋਕ ਮਾਨਸਿਕਤਾ ਵਿਚੋਂ ਇਹ ਬੋਲ ਭੈਣ ਦੀ ਤਹਿ ਦਿਲੋਂ ਆਵਾਜ਼ ਬਣ ਕੇ ਨਿਕਲੇ ਹਨ ਕਿ –

ਭੈਣਾਂ ਵਰਗਾ ਸਾਕ ਨਾ ਕੋਈ,
ਟੁੱਟ ਕੇ ਨਾ ਬਹਿ ਜੀਂ ਵੀਰਨਾ।

ਭੈਣ ਨੂੰ ਵੀਰ 'ਤੇ ਮਾਣ ਹੁੰਦਾ ਹੈ ਤਾਂ ਵੀਰ ਵੀ ਭੈਣ ਨੂੰ ਤੱਤੀ ਵਾਅ ਨਹੀਂ ਲੱਗਣ ਦਿੰਦਾ। ਵੀਰ ਹਰ ਤਿਉਹਾਰ 'ਤੇ ਸਹੁਰੇ ਵਸਦੀ ਭੈਣ ਨੂੰ ਸੰਧਾਰਾ ਦੇ ਕੇ ਆਉਂਦਾ ਹੈ। ਉਹ ਵੀਰ ਦੀ ਹਰ ਖ਼ੁਸ਼ੀ 'ਚ ਵਾਰੇ ਵਾਰੇ ਜਾਂਦੀ ਹੈ। ਭੈਣ ਭਰਾ ਦਾ ਰਿਸ਼ਤਾ ਵਧੇਰੇ ਪਾਕਿ ਅਤੇ ਨਜ਼ਦੀਕੀ ਵਾਲਾ ਹੁੰਦਾ ਹੈ। ਇਹ ਤਾਂ ਭੈਣ ਭਰਾ ਦੀ ਸਾਂਝ ਤੇ ਸਨੇਹ ਦਾ ਪਿਆਰਾ ਤਿਉਹਾਰ ਹੈ। ਇਸ ਰੱਖੜੀ ਦੀ ਕਦਰ ਕੀਮਤ ਉਨ੍ਹਾਂ ਭੈਣਾਂ ਨੂੰ ਪੁੱਛ ਕੇ ਵੇਖੋ ਜਿਨ੍ਹਾਂ ਨੂੰ ਰੱਬ ਨੇ ਵੀਰ ਦਿੱਤਾ ਹੀ ਨਾ ਹੋਵੇ ਤੇ ਉਹ ਰੱਬ ਨੂੰ ਵਾਰ ਵਾਰ ਬੇਨਤੀਆਂ ਕਰਦੀਆਂ ਰਹੀਆਂ...

ਇਕ ਵੀਰ ਦੇਈਂ ਵੇ ਰੱਬਾ,
ਸਹੁੰ ਖਾਣ ਨੂੰ ਬੜਾ ਈ ਚਿੱਤ ਕਰਦਾ।

ਪਿਛਲੇ ਸਮੇਂ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ ਪੈਂਦਾ ਸੀ। ਬੇਸ਼ੱਕ ਅੱਜ ਵੀ ਅਜਿਹੇ ਭਰਾ ਹਨ ਜੋ ਭੈਣਾਂ ਨੂੰ ਮਾਪੇ ਯਾਦ ਨਹੀਂ ਆਉਣ ਦੇਂਦੇ ਤੇ ਉਨ੍ਹਾਂ ਦੇ ਸਾਰੀ ਉਮਰ ਦੇ ਮਾਪੇ ਬਣ ਕੇ ਰਹਿੰਦੇ ਨੇ ਤੇ ਅਜਿਹੀਆਂ ਭੈਣਾਂ ਵੀ ਨੇ ਜੋ ਭਰਾਵਾਂ ਨੂੰ ਮਾਪਿਆਂ ਵਾਂਗ ਤੇ ਪੁੱਤਾਂ ਵਾਂਗ ਸਤਿਕਾਰਦੀਆਂ ਤੇ ਪਿਆਰਦੀਆਂ ਨੇ ਪਰ ਅਜਿਹੇ ਜਿਉੜੇ ਹੁਣ ਬਹੁਤ ਘੱਟ ਹਨ। ਪਿਆਰ ਦੀ ਪ੍ਰਤੀਕ ਇਸ ਰੱਖੜੀ ਨੂੰ ਬੰਨ੍ਹਣ ਦਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਦੋਵੇਂ ਧਿਰਾਂ ਇਕ ਦੂਜੇ ਨੂੰ ਪਿਆਰ ਸਤਿਕਾਰ ਦੇਣ ਨਹੀਂ ਤਾਂ ਮਹਿੰਗੀਆਂ ਤੇ ਖ਼ੂਬਸੂਰਤ ਰੱਖੜੀਆਂ ਦਾ ਕੋਈ ਮਹੱਤਵ ਨਹੀਂ। ਬੇਸ਼ੱਕ ਅੱਜ ਰਿਸ਼ਤਿਆਂ ਵਿਚ ਪਹਿਲਾਂ ਵਾਲਾ ਨਿੱਘ ਤੇ ਨੇੜਤਾ ਨਹੀਂ ਰਹੀ ਪਰ ਅਜੇ ਵੀ ਕੁਝ ਲੋਕ ਮੋਹ ਭਰੇ ਦਿਲ ਰੱਖਦੇ ਹਨ।



# ਜਾਤਪਾਤ ਦੇ ਭੇਦਭਾਵ ਨੂੰ ਠੱਲ ਪਾਉਣ ਲਈ ਇਹ ਬਿੱਲ ਹੁਣ ਅਮਰੀਕਨ ਕਾਂਗਰਸ ’ਚ ਵੀ ਪਾਸ ਕਰਾਉਣ ਲਈ ਲਾਮਬੰਦ ਹੋਣਾ ਚਾਹੀਦਾ : ਸ੍ਰ. ਕੇਵਲ ਸਿੰਘ














ਯੂਨੀਅਨ ਸਿਟੀ/ਕੈਲੀਫੋਰਨੀਆ, (ਸਾਡੇ ਲੋਕ) : ਜਾਤਪਾਤ ਦੇ ਭੇਦਭਾਵ ਖਿਲਾਫ ਕੈਲੀਫੋਰਨੀਆ ’ਚ 50 ਦੇ ਮੁਕਾਬਲੇ 3 ਵੋਟਾਂ ਨਾਲ ਪਾਸ ਹੋਏ ਬਿੱਲ ਉਪਰ ਅਸੀਂ ਅਮਰੀਕਾ ਦੀ ਮਾਣਯੋਗ ਅੰਸੈਬਲੀ ਅਤੇ ਇਨਸਾਫ ਦਾ ਧੰਨਵਾਦ ਕਰਦੇ ਹਾਂ। ਇਹ ਬਿੱਲ ਜਾਤਪਾਤ ਨੂੰ ਅਮਰੀਕਾ ਵਿੱਚ ਆਉਣ ਤੋਂ ਰੋਕਦਾ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਮਨੁੱਖਤਾ ਦਾ ਭਲਾ ਹੋਵੇਗਾ। ‘ਸਾਡੇ ਲੋਕ’ ਅਖਬਾਰ ਨਾਲ ਗੱਲਬਾਤ ਕਰਦਿਆਂ ਅਮਰੀਕਾ ਦੇ ਉਘੇ ਸਿੱਖ ਆਗੂ ਕਮਿਉਨਟੀ ਦੇ ਨਿਸ਼ਕਾਮ ਸੇਵਾਦਾਰ ਕੈਲੀਫੋਰਨੀਆ ਰੇਲਵੇ ਬਾਰਟ ਵਿੱਚ ਨਿਗੋਸ਼ੀਏਟਰ ਰਹਿ ਚੁੱਕੇ (Ex.SDO Punjab) ਸਾਬਕਾ ਸਟੇਟ ਡੈਲੀਗੇਟ ਡੈਮੋਕਰੈਟਿਕ ਪਾਰਟੀ (BART NEGOTIATOR, CALIFORNIA ASSY DELEGATE, Chief steward of supervisors, union cope committee member ਅਤੇ ਸ਼੍ਰੀ ਗੁਰੂ ਰਵੀਦਾਸ ਸਭਾ ਬੇ ਏਰੀਆ ਦੇ ਸਾਬਕਾ ਪ੍ਰਧਾਨ ਸ. ਕੇਵਲ ਸਿੰਘ ਨੇ ਕਿਹਾ ਕੀ ਜਿਥੇ ਅਸੀਂ ਅੱਜ ਕੈਲੀਫੋਰਨੀਆ ਅਸੈਂਬਲੀ ਦੁਆਰਾ SB403 ਦੇ ਪਾਸ ਹੋਣ ਦਾ ਜਸ਼ਨ ਮਨਾ ਰਹੇ ਹਾਂ, ਉਥੇ ਇਹ ਇਤਿਹਾਸਕ ਬਿੱਲ ਸੂਬੇ ਭਰ ਵਿੱਚ ਜਾਤ-ਪਾਤੀ ਦੱਬੇ-ਕੁਚਲੇ ਭਾਈਚਾਰਿਆਂ ਲਈ ਕਾਨੂੰਨੀ ਸੁਰੱਖਿਆ ਦੇਵੇਗਾ। ਉਨ੍ਹਾਂ ਕਿਹਾ ਜਾਤਪਾਤ ਦੇ ਭੇਦਭਾਵ ਨੂੰ ਠੱਲ ਪਾਉਣ ਲਈ ਇਹ ਬਿੱਲ ਹੁਣ ਅਮਰੀਕਨ ਕਾਂਗਰਸ ’ਚ ਵੀ ਪਾਸ ਕਰਾਉਣ ਲਈ ਲਾਮਬੰਦ ਹੋਣਾ ਚਾਹੀਦਾ। ਇਸ ਬਿੱਲ ਲਈ ਲੜਨ ਵਾਲੇ ਸਮੂਹ ਸੱਜਣਾਂ ਦਾ ਉਨ੍ਹਾਂ ਤਹਿ ਦਿਲ ਤੋਂ ਧੰਨਵਾਦ ਕੀਤਾ।










# ਜਾਤਪਾਤ ਨੂੰ ਅਮਰੀਕਾ ਵਿੱਚ ਆਉਣ ਤੋਂ ਰੋਕਦਾ ਹੈ ਇਹ ਬਿੱਲ, ਇਸਦੇ ਪਾਸ ਹੋਣ ਨਾਲ ਮਨੁੱਖਤਾ ਦਾ ਭਲਾ : ਸ਼੍ਰੀ ਰਾਮ ਮੂਰਤੀ ਸਰੋਆ









ਸੈਕਰਾਮੈਂਟੋ/ ਕੈਲੀਫੋਰਨੀਆ, (ਸਾਡੇ ਲੋਕ) ਸਦੀਆਂ ਤੋਂ ਜਾਤਪਾਤ ਦੀ ਨਫਰਤ ਖਿਲਾਫ ਕੈਲੀਫੋਰਨੀਆ 'ਚ 50 ਦੇ ਮੁਕਾਬਲੇ 3 ਵੋਟਾਂ ਨਾਲ ਪਾ ਹੋਏ ਬਿੱਲ ਉਪਰ ਅਸੀਂ ਅਮਰੀਕਾ ਦੀ ਮਾਣਯੋਗ ਅੰਸੈਬਲੀ ਅਤੇ ਇਨਸਾਫ ਦਾ ਧੰਨਵਾਦ ਕਰਦੇ ਹਾਂ ਇਹ ਬਿੱਲ ਜਾਤਪਾਤ ਨੂੰ ਅਮਰੀਕਾ ਵਿੱਚ ਆਉਣ ਤੋਂ ਰੋਕਦਾ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਮਨੁੱਖਤਾ ਦਾ ਭਲਾ ਹੋਇਆ ਹੈ

ਅੱਜ, ਅਸੀਂ ਕੈਲੀਫੋਰਨੀਆ ਅਸੈਂਬਲੀ ਦੁਆਰਾ SB403 ਦੇ ਪਾਸ ਹੋਣ ਦਾ ਜਸ਼ਨ ਮਨਾ ਰਹੇ ਹਾਂ। ਇਹ ਇਤਿਹਾਸਕ ਬਿੱਲ ਸੂਬੇ ਭਰ ਵਿੱਚ ਜਾਤ-ਪਾਤੀ ਦੱਬੇ-ਕੁਚਲੇ ਭਾਈਚਾਰਿਆਂ ਲਈ ਕਾਨੂੰਨੀ ਸੁਰੱਖਿਆ ਦੇਵੇਗਾ। ਇਸ ਬਿੱਲ ਲਈ ਲੜਨ ਵਾਲੇ ਸਮੂਹ ਸੱਜਣਾਂ ਦਾ ਧੰਨਵਾਦ :-

## ਸ਼੍ਰੀ ਰਾਮ ਮੂਰਤੀ ਸਰੋਆ

ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ਼੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ.), ਸਾਬਕਾ ਚੇਅਰਮੈਨ ਸ਼੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ



# ਜਾਤਪਾਤ ਦੇ ਭੇਦਭਾਵ ਨੂੰ ਠੱਲ ਪਾਉਣ ਵਾਲੇ ਬਿੱਲ ਦੇ ਪਾਸ ਹੋਣ 'ਤੇ ਲੱਖ ਲੱਖ ਵਧਾਈਆਂ





















ਸੈਕਰਾਮੈਂਟੋ ਸਿਟੀ/ ਕੈਲੀਫੋਰਨੀਆ:– (ਸਾਡੇ ਲੋਕ) ਜਾਤਪਾਤ ਦੇ ਭੇਦਭਾਵ ਖਿਲਾਫ ਕੈਲੀਫੋਰਨੀਆ 'ਚ 50 ਦੇ ਮੁਕਾਬਲੇ 3 ਵੋਟਾਂ ਨਾਲ ਪਾਸ ਹੋਏ ਬਿੱਲ ਉਪਰ ਅਸੀਂ ਅਮਰੀਕਾ ਦੀ ਮਾਣਯੋਗ ਅੰਸੈਬਲੀ ਅਤੇ ਇਨਸਾਫ ਦਾ ਧੰਨਵਾਦ ਕਰਦੇ ਹਾਂ। ਇਹ ਬਿੱਲ ਜਾਤਪਾਤ ਨੂੰ ਅਮਰੀਕਾ ਵਿੱਚ ਆਉਣ ਤੋਂ ਰੋਕਦਾ ਹੈ। ਇਸਦੇ ਪਾਸ ਹੋਣ ਉਪਰ ਇਸ ਬਿੱਲ ਦੀ ਲੜਾਈ 'ਚ ਸ਼ੁਰੂ ਤੋਂ ਜੁੜੇ ਨੌਜਵਾਨ ਆਗੂ ਅਤੇ ਕਮਿਉਨਟੀ ਦੇ ਨਿਸ਼ਕਾਮ ਸੇਵਾਦਾਰ ਸ੍. ਰਾਜ ਸਿੰਘ ਸੂਦ ਵਲੋਂ ਇਸ ਬਿੱਲ ਲਈ ਲੜਨ ਵਾਲੇ ਸਮੂਹ ਸੱਜਣਾਂ ਦਾ ਤਹਿ ਦਿਲ ਤੋਂ ਧੰਨਵਾਦ ਅਤੇ ਸਮੁੱਚੀ ਕਮਿਊਨਟੀ ਨੂੰ ਲੱਖ ਲੱਖ ਵਧਾਈਆਂ।



**ਕਮਿਊਨਟੀ ਦੇ ਨਿਸ਼ਕਾਮ ਸੇਵਾਦਰ ਪੰਜਾਬੀ ਮਾ ਬੋਲੀ,**
**ਪੰਜਾਬੀ ਸਭਿਆਚਾਰ ਨੂੰ ਹਮੇਸ਼ਾ ਪ੍ਰਮੋਟ ਕਰਨ ਵਾਲੇ ਨੌਜਵਾਨ ਆਗੂ**

## ਰਾਜ ਸੂਦ

# ਕੈਲੀਫੋਰਨੀਆ ਅਸੈਂਬਲੀ 'ਚ 'ਜਾਤੀ ਭੇਦਭਾਵ ਵਿਰੋਧੀ' SB 403 ਬਿੱਲ ਪਾਸ ਹੋਣ 'ਤੇ ਪੀੜਤ ਲੋਕਾਂ 'ਚ ਖ਼ੁਸ਼ੀ ਲਹਿਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਕੈਲੀਫੋਰਨੀਆ ਸਟੇਟ ਅਸੈਂਬਲੀ ਨੇ ਜਾਤੀ ਵਿਤਕਰੇ ਵਿਰੋਧੀ ਬਿੱਲ ਨੂੰ ਪਾਸ ਕਰ ਦਿੱਤਾ ਹੈ, ਇਹ ਬਿੱਲ ਜਾਤੀ ਵਿਤਕਰੇ ਦਾ ਮੁਕਾਬਲਾ ਕਰਨ ਅਤੇ ਰਾਜ ਭਰ ਵਿੱਚ ਹਾਸ਼ੀਏ 'ਤੇ ਰਹਿ ਰਹੇ ਭਾਈਚਾਰਿਆਂ ਲਈ ਸੁਰੱਖਿਆ ਨੂੰ ਮਜ਼ਬੂਤ ਕਰੇਗਾ। ਇਹ ਬਿੱਲ ਕੱਲ੍ਹ ਵਿਧਾਨ ਸਭਾ ਵੱਲੋਂ ਪਾਸ ਕੀਤਾ ਗਿਆ ਸੀ। ਇਸ ਬਿੱਲ ਨੂੰ ਜੇਕਰ ਗਵਰਨਰ ਦੁਆਰਾ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਕੈਲੀਫੋਰਨੀਆ ਅਮਰੀਕਾ ਦਾ ਪਹਿਲਾ ਰਾਜ ਬਣ ਜਾਵੇਗਾ ਜਿਸ ਨੇ ਆਪਣੇ, ਭੇਦਭਾਵ ਵਿਰੋਧੀ ਕਾਨੂੰਨਾਂ ਵਿੱਚ ਜਾਤ ਨੂੰ ਸੁਰੱਖਿਅਤ ਸ਼੍ਰੇਣੀ ਵਜੋਂ ਸ਼ਾਮਲ ਕੀਤਾ ਹੈ।

ਕੱਲ੍ਹ ਕੈਲੀਫੋਰਨੀਆ ਅਸੈਂਬਲੀ ਤੋਂ ਇਸ ਬਿੱਲ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਦਸਤਖਤ ਲਈ ਗਵਰਨਰ ਗੇਵਿਨ ਨਿਊਜ਼ੋਮ ਪਾਸ ਪਹੁੰਚੇਗਾ। ਸੈਨੇਟ ਬਿੱਲ 403 ਅਸੈਂਬਲੀ ਨੇ 50-3 ਦੇ ਭਾਰੀ ਫਰਕ ਨਾਲ ਪਾਸ ਕਰ ਦਿੱਤਾ। ਕਮੇਟੀ ਵਿੱਚ ਪਿਛਲੀਆਂ ਤਬਦੀਲੀਆਂ ਨੇ ਬਿੱਲ ਦੀ ਭਾਸ਼ਾ ਵਿੱਚ 'ਜਾਤ' 'ਤੇ ਜ਼ੋਰ ਨਹੀਂ ਦਿੱਤਾ। ਪਰ ਬਹੁਤ ਸਾਰੇ ਆਲੋਚਕਾਂ ਨੇ ਸੰਸਦ ਮੈਂਬਰਾਂ ਨੂੰ ਇਸ ਸ਼ਬਦ ਨੂੰ ਹਟਾਉਣ ਜਾਂ ਬਿਲ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਕਿਹਾ ਸੀ। "ਕੈਲੀਫੋਰਨੀਆ ਅਜੇ ਵੀ ਇੱਕ ਅਜਿਹਾ ਰਾਜ ਹੈ ਜੋ ਨਾਗਰਿਕ ਅਧਿਕਾਰਾਂ ਲਈ ਖੜ੍ਹਾ ਹੈ।

ਸੰਸਦ ਮੈਂਬਰਾਂ ਨੇ ਇਸ ਦਲੀਲ ਨੂੰ ਇੱਕ ਪਾਸੇ ਰੱਖਣ ਦਾ ਫੈਸਲਾ ਕੀਤਾ ਕਿ ਬਿੱਲ ਭਾਰਤ ਅਤੇ ਹਿੰਦੂ ਧਰਮ ਨਾਲ ਜਾਤ ਨੂੰ ਜੋੜਨ ਵਾਲੇ ਰੂੜ੍ਹੀਵਾਦੀ ਵਿਚਾਰਾਂ ਕਾਰਨ ਦੱਖਣੀ ਏਸ਼ੀਆਈ ਅਮਰੀਕੀਆਂ ਨੂੰ ਗਲਤ ਤਰੀਕੇ ਨਾਲ ਨਿਸ਼ਾਨਾ ਬਣਾਏਗਾ। ਇਸ ਦੀ ਬਜਾਏ, ਉਨ੍ਹਾਂ ਨੇ ਪ੍ਰਗਤੀਸ਼ੀਲ ਕਾਨੂੰਨੀ ਵਿਦਵਾਨਾਂ ਅਤੇ ਦਲਿਤ ਨਾਗਰਿਕ ਅਧਿਕਾਰ ਸਮੂਹ, ਸਮਾਨਤਾ ਲੈਬਜ਼ ਦਾ ਸਮਰਥਨ ਕੀਤਾ। ਦਲਿਤ ਸ਼ਬਦ ਉਨ੍ਹਾਂ ਲੋਕਾਂ ਨੂੰ ਦਰਸਾਉਂਦਾ ਹੈ ਜੋ ਹਿੰਸਕ ਤੌਰ 'ਤੇ ਦੱਖਣ ਏਸ਼ੀਆਈ ਜਾਤ ਪ੍ਰਣਾਲੀ ਦੇ ਹੇਠਲੇ ਹਿੱਸੇ ਤੱਕ ਪਹੁੰਚੇ ਹੋਏ ਹਨ, ਜਿਸ ਨੇ ਇਤਿਹਾਸਕ ਤੌਰ 'ਤੇ ਵੱਖ-ਵੱਖ ਧਰਮਾਂ ਦੇ ਲੋਕਾਂ ਦੀਆਂ ਨੌਕਰੀਆਂ ਅਤੇ ਸਿੱਖਿਆ ਨੂੰ ਆਪਣੇ ਕਬਜੇ ਚ ਕੀਤਾ ਹੋਇਆ ਹੈ। ਬਿੱਲ ਦੇ ਸਮਰਥਕਾਂ ਦੀ ਦਲੀਲ ਸੀ ਕਿ ਬੇ ਏਰੀਆ ਆਈ ਟੀ ਵਰਗੇ ਖੇਤਰਾਂ ਵਿੱਚ ਦੱਖਣੀ ਏਸ਼ੀਆਈ ਅਮਰੀਕੀਆਂ ਦੀ ਵੱਧ ਰਹੀ ਗਿਣਤੀ ਨੂੰ ਦੇਖ ਰਿਹਾ ਹੈ ਜਿਨਾਂ ਵਿੱਚ ਮਤਭੇਦਾਂ ਦੀਆਂ ਅਕਸਰ ਖਬਰਾਂ ਆਈਆਂ ਸਨ। ਵਹਾਬ ਨੇ ਵੋਟ ਤੋਂ ਬਾਅਦ ਇੱਕ ਪ੍ਰੈਸ ਬਿਆਨ ਵਿੱਚ ਕਿਹਾ "ਮੈਂ ਹਰ ਵਿਧਾਨ ਸਭਾ ਮੈਂਬਰ ਦੀ ਸ਼ਲਾਘਾ ਕਰਦੀ ਹਾਂ ਜਿਸ ਨੇ ਅੱਜ SB 403 ਦੇ ਸਮਰਥਨ ਵਿੱਚ ਵੋਟ ਪਾਈ। 'ਜਾਤੀ ਵਿਤਕਰੇ ਦੇ ਵਿਰੁੱਧ ਸਾਡੇ ਰਾਜ ਦੇ ਕਾਨੂੰਨਾਂ ਦੀ ਸੁਰੱਖਿਆ ਵਿੱਚ ਸ਼ਾਮਲ ਕਰਨ ਦੀ ਇਸ ਕਾਨੂੰਨੀ ਕਾਰਵਾਈ ਵਿੱਚ ਮੇਰੇ ਨਾਲ ਸ਼ਾਮਲ ਹੋਣ ਲਈ ਮੈਂ ਉਹਨਾਂ ਦੀ ਹਿੰਮਤ ਲਈ ਉਹਨਾਂ ਦਾ ਧੰਨਵਾਦ ਕਰਦੀ ਹਾਂ।

ਦੱਸਣਯੋਗ ਹੈ ਕਿ ਏਸ਼ੀਅਨ ਅਮਰੀਕਨ ਪੈਸੀਫਿਕ ਆਈਲੈਂਡਰ ਕਾਕਸ ਦੇ ਅਸੈਂਬਲੀ ਮੈਂਬਰ ਐਲੇਕਸ ਲੀ ਅਤੇ ਇਵਾਨ ਲੋ ਜਿਸ ਨੇ ਪਹਿਲਾਂ ਬਿੱਲ 'ਤੇ ਅਸੈਂਬਲੀ ਜੁਡੀਸ਼ਰੀ ਕਮੇਟੀ ਨੂੰ ਜਾਤੀ ਨੂੰ ਪਾਸੇ ਕਰਨ ਜਾਂ ਹੋਰ ਅਧਿਐਨ ਲਈ ਬਿੱਲ ਨੂੰ ਰੋਕਣ ਦੀ ਬੇਨਤੀ ਕੀਤੀ। ਬਿੱਲ ਦੇ ਸਮਰਥਕਾਂ ਨੇ ਪਹਿਲਾਂ ਬੇਨਤੀ ਕੀਤੀਆਂ ਤਬਦੀਲੀਆਂ ਦੇ ਵਿਰੁੱਧ ਰੋਸ ਪ੍ਰਗਟ ਕੀਤਾ ਹੈ, ਲੀ ਅਤੇ ਲੋ ਨੂੰ ਸੋਧਾਂ ਤੋਂ ਬਾਅਦ ਬਿੱਲ ਦੇ ਸਮਰਥਨ ਵਿੱਚ ਆਉਣ ਲਈ ਕਿਹਾ ਹੈ। ਲੀ ਨੇ ਸੋਮਵਾਰ ਨੂੰ ਸਮਰਥਨ ਵਿੱਚ ਗੱਲ ਕੀਤੀ, ਪਰ ਲੋ ਨੇ ਪਰਹੇਜ਼ ਕੀਤਾ। ਵਹਾਬ ਨੇ ਕਿਹਾ ਸੀ ਕਿ, ਇਹ ਨਾਗਰਿਕ ਅਧਿਕਾਰਾਂ ਦਾ ਮੁੱਦਾ ਹੈ, ਇਹ ਔਰਤਾਂ ਦੇ ਅਧਿਕਾਰਾਂ ਦਾ ਮੁੱਦਾ ਹੈ। ਬਿੱਲ ਕਈ ਤਰ੍ਹਾਂ ਦੇ ਰਾਜਨੀਤਿਕ ਮੁੱਦਿਆਂ ਲਈ ਇੱਕ ਫਲੈਸ਼ਪੁਆਇੰਟ ਬਣ ਗਿਆ ਹੈ, ਜਿਨ੍ਹਾਂ ਵਿੱਚੋਂ ਭਾਰਤ ਵਿੱਚ ਧਾਰਮਿਕ ਅਤੇ ਜਾਤੀ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਹਿੰਦੂ ਰਾਸ਼ਟਰਵਾਦ ਦਾ ਵੱਧ ਰਿਹਾ ਪ੍ਰਭਾਵ ਚਿੰਤਾ ਦਾ ਵਿਸ਼ਾ ਰਿਹਾ ਹੈ। ਪ੍ਰੈਸ ਰਿਲੀਜ਼ ਵਿੱਚ, ਹਿੰਦੂ ਅਮਰੀਕਨ ਫਾਊਂਡੇਸ਼ਨ ਦੇ ਕਾਰਜਕਾਰੀ ਨਿਰਦੇਸ਼ਕ, ਸੁਹਾਗ ਸ਼ੁਕਲਾ ਨੇ ਇਸ ਫੈਸਲੇ ਦੀ ਨਿੰਦਾ ਕੀਤੀ। ਸ਼ੁਕਲਾ ਨੇ ਕਿਹਾ, "ਕੈਲੀਫੋਰਨੀਆ ਦੇ 50 ਵਿਧਾਇਕਾਂ ਨੇ ਨੈਤਿਕ ਦਲੇਰੀ ਦਿਖਾਉਣ ਅਤੇ ਸੰਵਿਧਾਨ ਨੂੰ ਕਾਇਮ ਰੱਖਣ ਦੀ ਬਜਾਏ ਹਿੰਦੂ ਵਿਰੋਧੀ ਨਫਰਤ ਸਮੂਹਾਂ ਦਾ ਸਾਥ ਦਿੱਤਾ।













## ਜਾਤਪਾਤ ਦੇ ਭੇਦਭਾਵ ਨੂੰ ਠੱਲ ਪਾਉਣ ਲਈ ਇਹ ਬਿੱਲ ਹੁਣ ਅਮਰੀਕਨ ਕਾਂਗਰਸ 'ਚ ਵੀ ਪਾਸ ਕਰਾਉਣ ਲਈ ਲਾਮਬੰਦ ਹੋਣਾ ਚਾਹੀਦਾ : ਸ੍ਰ. ਕੇਵਲ ਸਿੰਘ



ਯੂਨੀਅਨ ਸਿਟੀ/ਕੈਲੀਫੋਰਨੀਆ, (ਸਾਡੇ ਲੋਕ) : ਜਾਤਪਾਤ ਦੇ ਭੇਦਭਾਵ ਖਿਲਾਫ ਕੈਲੀਫੋਰਨੀਆ 'ਚ 50 ਦੇ ਮੁਕਾਬਲੇ 3 ਵੋਟਾਂ ਨਾਲ ਪਾਸ ਹੋਏ ਬਿੱਲ ਉਪਰ ਅਸੀਂ ਅਮਰੀਕਾ ਦੀ ਮਾਣਯੋਗ ਅੰਸੈਬਲੀ ਅਤੇ ਇਨਸਾਫ ਦਾ ਧੰਨਵਾਦ ਕਰਦੇ ਹਾਂ। ਇਹ ਬਿੱਲ ਜਾਤਪਾਤ ਨੂੰ ਅਮਰੀਕਾ ਵਿੱਚ ਆਉਣ ਤੋਂ ਰੋਕਦਾ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਮਨੁੱਖਤਾ ਦਾ ਭਲਾ ਹੋਵੇਗਾ। 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਅਮਰੀਕਾ ਦੇ ਉਘੇ ਸਿੱਖ ਆਗੂ ਕਮਿਉਨਟੀ ਦੇ ਨਿਸ਼ਕਾਮ ਸੇਵਾਦਾਰ ਕੈਲੀਫੋਰਨੀਆ ਰੇਲਵੇ ਬਾਰਟ ਵਿੱਚ ਨਿਗੋਸ਼ੀਏਟਰ ਰਹਿ ਚੁੱਕੇ (Ex.SDO Punjab) ਸਾਬਕਾ ਸਟੇਟ ਡੈਲੀਗੇਟ ਡੈਮੋਕਰੈਟਿਕ ਪਾਰਟੀ (BART NEGOTIATOR, CALIFORNIA ASSY DELEGATE, Chief steward of supervisors, union cope committee member ਅਤੇ ਸ਼੍ਰੀ ਗੁਰੂ ਰਵੀਦਾਸ ਸਭਾ ਬੇ ਏਰੀਆ ਦੇ ਸਾਬਕਾ ਪ੍ਰਧਾਨ ਸ. ਕੇਵਲ ਸਿੰਘ ਨੇ ਕਿਹਾ ਕੀ ਜਿਥੇ ਅਸੀਂ ਅੱਜ ਕੈਲੀਫੋਰਨੀਆ ਅਸੈਂਬਲੀ ਦੁਆਰਾ SB403 ਦੇ ਪਾਸ ਹੋਣ ਦਾ ਜਸ਼ਨ ਮਨਾ ਰਹੇ ਹਾਂ, ਉਥੇ ਇਹ ਇਤਿਹਾਸਕ ਬਿੱਲ ਸੂਬੇ ਭਰ ਵਿੱਚ ਜਾਤ-ਪਾਤੀ ਦੱਬੇ-ਕੁਚਲੇ ਭਾਈਚਾਰਿਆਂ ਲਈ ਕਾਨੂੰਨੀ ਸੁਰੱਖਿਆ ਦੇਵੇਗਾ। ਉਨ੍ਹਾਂ ਕਿਹਾ ਜਾਤਪਾਤ ਦੇ ਭੇਦਭਾਵ ਨੂੰ ਠੱਲ ਪਾਉਣ ਲਈ ਇਹ ਬਿੱਲ ਹੁਣ ਅਮਰੀਕਨ ਕਾਂਗਰਸ 'ਚ ਵੀ ਪਾਸ ਕਰਾਉਣ ਲਈ ਲਾਮਬੰਦ ਹੋਣਾ ਚਾਹੀਦਾ। ਇਸ ਬਿੱਲ ਲਈ ਲੜਨ ਵਾਲੇ ਸਮੂਹ ਸੱਜਣਾਂ ਦਾ ਉਨ੍ਹਾਂ ਤਹਿ ਦਿਲ ਤੋਂ ਧੰਨਵਾਦ ਕੀਤਾ।


## ਜਾਤਪਾਤ ਨੂੰ ਅਮਰੀਕਾ ਵਿੱਚ ਆਉਣ ਤੋਂ ਰੋਕਦਾ ਹੈ ਇਹ ਬਿੱਲ, ਇਸਦੇ ਪਾਸ ਹੋਣ ਨਾਲ ਮਨੁੱਖਤਾ ਦਾ ਭਲਾ : ਸ਼੍ਰੀ ਰਾਮ ਮੂਰਤੀ ਸਰੋਆ



ਸੈਕਰਾਮੈਂਟੋ/ ਕੈਲੀਫੋਰਨੀਆ, (ਸਾਡੇ ਲੋਕ) ਸਦੀਆਂ ਤੋਂ ਜਾਤਪਾਤ ਦੀ ਨਫਰਤ ਖਿਲਾਫ ਕੈਲੀਫੋਰਨੀਆ 'ਚ 50 ਦੇ ਮੁਕਾਬਲੇ 3 ਵੋਟਾਂ ਨਾਲ ਪਾ ਹੋਏ ਬਿੱਲ ਉਪਰ ਅਸੀਂ ਅਮਰੀਕਾ ਦੀ ਮਾਣਯੋਗ ਅੰਸੈਬਲੀ ਅਤੇ ਇਨਸਾਫ ਦਾ ਧੰਨਵਾਦ ਕਰਦੇ ਹਾਂ ਇਹ ਬਿੱਲ ਜਾਤਪਾਤ ਨੂੰ ਅਮਰੀਕਾ ਵਿੱਚ ਆਉਣ ਤੋਂ ਰੋਕਦਾ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਮਨੁੱਖਤਾ ਦਾ ਭਲਾ ਹੋਇਆ ਹੈ

ਅੱਜ, ਅਸੀਂ ਕੈਲੀਫੋਰਨੀਆ ਅਸੈਂਬਲੀ ਦੁਆਰਾ SB403 ਦੇ ਪਾਸ ਹੋਣ ਦਾ ਜਸ਼ਨ ਮਨਾ ਰਹੇ ਹਾਂ। ਇਹ ਇਤਿਹਾਸਕ ਬਿੱਲ ਸੂਬੇ ਭਰ ਵਿੱਚ ਜਾਤ-ਪਾਤੀ ਦੱਬੇ-ਕੁਚਲੇ ਭਾਈਚਾਰਿਆਂ ਲਈ ਕਾਨੂੰਨੀ ਸੁਰੱਖਿਆ ਦੇਵੇਗਾ। ਉਨ੍ਹਾਂ ਇਸ ਬਿੱਲ ਲਈ ਲੜਨ ਵਾਲੇ ਸਮੂਹ ਸੱਜਣਾਂ ਦਾ ਧੰਨਵਾਦ ਕੀਤਾ।

## ਜਾਤਪਾਤ ਦੇ ਭੇਦਭਾਵ ਨੂੰ ਅਮਰੀਕਾ 'ਚ ਰੋਕਣ ਲਈ ਕੈਲੀਫੋਰਨੀਆ ਵਲੋਂ SB 403 ਬਿੱਲ ਪਾਸ ਕਰਨਾ ਸ਼ਲਾਘਾਯੋਗ ਕਦਮ : ਸ੍ਰ. ਮਨਜੀਤ ਸਿੰਘ ਉਪਲ



ਸਟਾਕਟਨ/ਕੈਲੀਫੋਰਨੀਆ : ਕੈਲੀਫੋਰਨੀਆ ਅਸੈਂਬਲੀ ਨੇ SB 403 ਬਿੱਲ 50-03 ਦੇ ਭਾਰੀ ਬਹੁਮਤ ਨਾਲ ਪਾਸ ਕੀਤਾ। ਕੈਲੀਫੋਰਨੀਆ ਅੰਸੈਬਲੀ ਨੇ ਜਿਉਂ ਹੀ ਮੋਹਰ ਲਾਈ ਤਾਂ ਸਦੀਆਂ ਤੋਂ ਪੀੜਤ ਲੋਕ ਨੱਚ ਉਠੇ ਅਤੇ ਹਰ ਪਾਸੇ ਖੁਸ਼ੀ ਦੀ ਲਹਿਰ ਦੌੜ ਗਈ। ਇਸ ਬਾਰੇ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਗ਼ਦਰੀ ਬਾਬਿਆਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਦੇ ਸਾਬਕਾ ਪ੍ਰਧਾਨ ਸ੍ਰ. ਮਨਜੀਤ ਸਿੰਘ ਉੱਪਲ ਨੇ ਜਿਥੇ ਇਸ ਬਿੱਲ ਦੇ ਪਾਸ ਹੋਣ 'ਤੇ ਵਧਾਈ ਦਿੱਤੀ, ਉਥੇ ਉਨ੍ਹਾਂ 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਇਤਿਹਾਸਕ ਬਿੱਲ SB 403 ਦੇ ਪਾਸ ਹੋਣ ਨਾਲ ਸਦੀਆਂ ਤੋਂ ਜਾਤ ਪਾਤ ਦੇ ਨਾਮ 'ਤੇ ਹੁੰਦਾ ਭੇਦ ਭਾਵ ਘੱਟੋ ਘੱਟ ਅਮਰੀਕਾ 'ਚ ਥਮਿਆ ਜਾਵੇਗਾ। ਉਨ੍ਹਾਂ ਇਸ ਬਿੱਲ ਉਪਰ ਕੰਮ ਕਰਨ ਵਾਲੇ ਸਮੂਹ ਸੇਵਾਦਾਰਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।

## ਜਾਤਪਾਤ ਦੇ ਭੇਦਭਾਵ ਨੂੰ ਠੱਲ ਪਾਉਣ ਵਾਲੇ ਬਿੱਲ ਦੇ ਪਾਸ ਹੋਣ 'ਤੇ ਲੱਖ ਲੱਖ ਵਧਾਈਆਂ



ਸੈਕਰਾਮੈਂਟੋ ਸਿਟੀ/ ਕੈਲੀਫੋਰਨੀਆ:- (ਸਾਡੇ ਲੋਕ) ਜਾਤਪਾਤ ਦੇ ਭੇਦਭਾਵ ਖਿਲਾਫ ਕੈਲੀਫੋਰਨੀਆ 'ਚ 50 ਦੇ ਮੁਕਾਬਲੇ 3 ਵੋਟਾਂ ਨਾਲ ਪਾਸ ਹੋਏ ਬਿੱਲ ਉਪਰ ਅਸੀਂ ਅਮਰੀਕਾ ਦੀ ਮਾਣਯੋਗ ਅੰਸੈਬਲੀ ਅਤੇ ਇਨਸਾਫ ਦਾ ਧੰਨਵਾਦ ਕਰਦੇ ਹਾਂ। ਇਹ ਬਿੱਲ ਜਾਤਪਾਤ ਨੂੰ ਅਮਰੀਕਾ ਵਿੱਚ ਆਉਣ ਤੋਂ ਰੋਕਦਾ ਹੈ। ਇਸਦੇ ਪਾਸ ਹੋਣ ਉਪਰ ਇਸ ਬਿੱਲ ਦੀ ਲੜਾਈ 'ਚ ਸ਼ੁਰੂ ਤੋਂ ਜੁੜੇ ਨੌਜਵਾਨ ਆਗੂ ਅਤੇ ਕਮਿਉਨਟੀ ਦੇ ਨਿਸ਼ਕਾਮ ਸੇਵਾਦਾਰ ਸ੍ਰ. ਰਾਜ ਸਿੰਘ ਸੂਦ ਵਲੋਂ ਇਸ ਬਿੱਲ ਲਈ ਲੜਨ ਵਾਲੇ ਸਮੂਹ ਸੱਜਣਾਂ ਦਾ ਤਹਿ ਦਿਲ ਤੋਂ ਧੰਨਵਾਦ ਅਤੇ ਸਮੁੱਚੀ ਕਮਿਊਨਟੀ ਨੂੰ ਲੱਖ ਲੱਖ ਵਧਾਈਆਂ।

# SB-553 ਬਿੱਲ ਵਿੱਚ ਛੋਟੇ ਕਾਰੋਬਾਰਾਂ ਦੀ ਸੁਰੱਖਿਆ ਲਈ ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਐਸੋਸੀਏਸ਼ਨ ਦੀ ਸਖਤ ਮਿਹਨਤ ਤੇ ਏਕੇ ਨਾਲ ਬਿੱਲ 'ਚ ਸੋਧ

ਲਿਵਰਮੋਰ ਕੈਲੀਫੋਰਨੀਆ : ਛੋਟੇ ਕਾਰੋਬਾਰ ਪੈਟਰੋਲ ਪੰਪ , ਲਿਕਰ ਸਟੋਰਾਂ ਉਪਰ ਹਿੰਸਾ ਤੇ ਲੁਟੇਰਿਆ ਅੁਪਰ ਰੋਕ ਲਗਾਉਣ ਲਈ ਅਦਾਲਤਾਂ ਤੋਂ ਪਾਬੰਦੀ ਲਗਾਉਣ ਦੇ (restraining orders) ਹੁਕਮ ਲੈਕੇ ਹਿੰਸਾ ਤੇ ਲੁੱਟ ਤੋ ਬਚਾਉ ਕਰਨਾ ਇਸ ਸੋਧ ਦਾ ਮੁੱਖ ਮਕਸਦ ਸੀ ਜੋ ਕੀ ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਐਸੋਸੀਏਸ਼ਨ ਦੀ ਸੱਖਤ ਮਿਹਨਤ ਤੇ ਏਕੇ ਨਾਲ ਬਿੱਲ SB-553 'ਚ ਸੋਧ ਕਰਨ ਲਈ ਸਮਝੌਤਾ ਹੋ ਗਿਆ ਜਿਸ ਨਾਲ ਵੱਡੀ ਗਿਣਤੀ ਹੋਰਨਾ ਦੇ ਨਾਲ ਨਾਲ ਪੰਜਾਬੀਆ ਨੇ ਸੁੱਖ ਦਾ ਸਾਹ ਲਿਆ ਅਤੇ ਲੀਡਰਸ਼ਿਪ ਦੀ ਅਣਥੱਕ ਮਿਹਨਤ ਤੇ ਠੀਕ ਵਕਾਲਤ ਕਾਰਨ ਵਿਰੋਧੀਆ ਦੀਆ ਚਿੰਤਾਵਾਂ ਨੂੰ ਦੂਰ ਕਰ ਦਿੱਤਾ ਗਿਆ।

ਇਥੇ ਇਹ ਜਿਕਰਯੋਗ ਹੈ ਕੀ ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਐਸੋਸੀਏਸ਼ਨ ਨੇ ਬਹੁਤ ਹੀ ਯੋਗਤਾ ਅਤੇ ਦਲੀਲਾਂ ਨਾਲ ਸੈਨੇਟਰ ਕੋਰਟੀਜ਼ ਅਤੇ ਹੋਰ ਕਾਨੂੰਨਸਾਜ਼ਾਂ ਨਾਲ ਆਪਣੀਆਂ ਇੱਛਾਵਾਂ ਨੂੰ ਜਾਹਰ ਕੀਤਾ ਕਿ Cal-OSHA ਪਹਿਲਾਂ ਹੀ ਇੱਕ ਜਨਰਲ ਇੰਡਸਟਰੀ ਵਰਕਪਲੇਸ ਵਾਇਲੈਂਸ ਰੈਗੂਲੇਸ਼ਨ 'ਤੇ ਕੰਮ ਕਰ ਰਿਹਾ ਸੀ। ਪ੍ਰਸਤਾਵਿਤ ਬਿੱਲ ਨੇ ਸਾਡੇ ਉਦਯੋਗ ਲਈ ਵਾਧੂ ਵਿਵਸਥਾਵਾਂ ਅਤੇ ਬੋਝ ਜੋੜ ਦਿੱਤੇ ਹਨ।

ਬਿੱਲ ਵਿੱਚ ਦੁਕਾਨਦਾਰੀ ਦੇ ਸੰਬੰਧ ਵਿੱਚ ਕੋਈ ਖਾਸ ਭਾਸ਼ਾ ਸ਼ਾਮਲ ਨਹੀਂ ਹੋਣੀ ਚਾਹੀਦੀ ਜੋ Cal-OSHA ਦੁਆਰਾ ਆਮ ਨਿਯਮਾਂ ਵਿੱਚ ਕਵਰ ਕੀਤੀ ਜਾਵੇਗੀ। ਏਪੀਸੀਏ ਨੂੰ ਚਿੰਤਾ ਸੀ ਕਿ ਬਿੱਲ ਦੀ ਭਾਸ਼ਾ ਅਪਰਾਧੀਆਂ ਨੂੰ ਆਸਾਨੀ ਨਾਲ ਇੱਕ ਰੋਡ ਮੈਪ ਦੇ ਸਕਦੀ ਹੈ ਕਿ ਕਿਵੇਂ ਚੋਰੀ ਕਰਨੀ ਹੈ। ਇਹ ਵਿਵਸਥਾ ਸਾਡੇ ਉਦਯੋਗ ਲਈ ਅਤਿ ਘਾਤਿਕ ਸਾਬਿਤ ਹੋਵੇਗੀ। ਰਿਟੇਲਰਾਂ ਨੂੰ ਹਰ ਰੋਜ਼ ਚੋਰੀ ਅਤੇ ਲੁਟੇਰਿਆ ਦਾ ਸਾਹਮਣਾ ਕਰਨਾ ਪੈਂਦਾ ਹੈ।

ਮੌਜੂਦਾ ਬਿੱਲ SB-553 ਵਿੱਚ ਨੁਕਸਾਨ ਦੀ ਰੋਕਥਾਮ ਦਾ ਕੋਈ ਜ਼ਿਕਰ ਨਹੀਂ ਹੈ। ਪ੍ਰਚੂਨ ਵਿਕਰੇਤਾਵਾਂ ਨੂੰ ਆਪਣੀ, ਕਾਰੋਬਾਰਾਂ ਅਤੇ ਕਰਮਚਾਰੀਆਂ ਨੂੰ ਆਪਣੀ ਸਵੇ ਰੱਖਿਆ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।

ਗਵਰਨਰ ਦੇ ਦਫ਼ਤਰ, ਸੈਨੇਟਰ ਕੋਰਟੀਜ਼, ਅਪਰੋਪ੍ਰੀਏਸ਼ਨ ਕਮੇਟੀ ਦੇ ਚੇਅਰ ਕ੍ਰਿਸ ਹੋਲਡਨ ਅਤੇ ਵਪਾਰਕ ਭਾਈਚਾਰੇ ਦੇ ਗੱਠਜੋੜ ਨਾਲ ਅੱਜ ਦੀ ਮੀਟਿੰਗ, APCA ਭਾਸ਼ਾ ਦੇ ਬਦਲਾਅ ਨਾਲ ਸਾਡੇ ਵਿਰੋਧ ਨੂੰ ਦੂਰ ਕਰਨ ਲਈ ਖੁਸ਼ ਹੈ। ਭਾਸ਼ਾ ਹੁਣ Cal-OSHA ਨੂੰ ਦਰਸਾਉਂਦੀ ਹੈ ਜਿਸ ਲਈ ਅਸੀਂ ਜ਼ੋਰ ਦੇ ਰਹੇ ਸੀ। ਬੋਰਡ ਦੇ ਚੇਅਰਮੈਨ ਬੌਬ ਔਜਲਾ ਨੇ ਕਿਹਾ, "ਇਹ ਏਪੀਸੀਏ ਅਤੇ ਸਾਡੇ ਮੈਂਬਰਾਂ ਦੀ ਜਿੱਤ ਹੈ। "ਇਹ ਸੋਧਾਂ ਬਿਲਕੁਲ ਉਹੀ ਹਨ ਜਿਸਦੀ ਅਸੀਂ ਪਹਿਲੇ ਦਿਨ ਤੋਂ ਵਕਾਲਤ ਕਰ ਰਹੇ ਹਾਂ।

ਸੈਨੇਟਰ ਕੋਰਟੀਜ਼, ਵਿਧਾਇਕਾਂ, ਸਾਡੇ ਐਸੋਸੀਏਸ਼ਨ ਭਾਈਵਾਲਾਂ ਅਤੇ ਵਪਾਰਕ ਸਮੂਹਾਂ, APCA ਚੈਪਟਰ ਦੇ ਨੇਤਾਵਾਂ ਨਾਲ ਉਨ੍ਹਾਂ ਦੀ ਜ਼ਮੀਨੀ ਪੱਧਰ 'ਤੇ ਵਕਾਲਤ ਅਤੇ ਹੋਰ ਬਹੁਤ ਕੁਝ ਦੇ ਨਾਲ ਲਗਨ ਨਾਲ ਕੰਮ ਕਰ ਰਿਹਾ ਹੈ। ਸਰਦਾਰ ਔਜਲਾ ਨੇ ਕਿਹਾ, "ਵਿਧਾਨਕ ਪ੍ਰਕਿਰਿਆ ਲਈ ਮਜ਼ਬੂਤ ਲੀਡਰਸ਼ਿਪ, ਪੇਸ਼ੇਵਰ ਪਹੁੰਚ, ਰਣਨੀਤਕ ਵਕਾਲਤ ਅਤੇ ਯੋਜਨਾਬੰਦੀ, ਗੱਠਜੋੜ ਅਤੇ ਹੋਰ ਬਹੁਤ ਕੁਝ ਦੀ ਲੋੜ ਹੁੰਦੀ ਹੈ।"

"ਵਿਧਾਨਕ ਪ੍ਰਕਿਰਿਆ ਇਹ ਯਕੀਨੀ ਬਣਾਉਣ ਲਈ ਮੌਜੂਦ ਹੈ ਕਿ ਅਸੀਂ ਨਵਾਂ ਕਾਨੂੰਨ ਪਾਸ ਕਰਨ ਤੋਂ ਪਹਿਲਾਂ ਸਾਰੇ ਵੱਖ-ਵੱਖ ਦ੍ਰਿਸ਼ਟੀਕੋਣਾਂ 'ਤੇ ਵਿਚਾਰ ਕੀਤਾ ਜਾਵੇ।

ਸੈਨੇਟਰ ਕੋਰਟੀਜ਼ ਅਤੇ ਏਪੀਸੀਏ ਵਰਗੇ ਵਕੀਲਾਂ ਦਾ ਧੰਨਵਾਦੀ ਹਾਂ ਜੋ ਇਹਨਾਂ ਸੋਧਾਂ ਨੂੰ ਲਾਗੂ ਕਰਨ ਲਈ ਇਕੱਠੇ ਹੋਏ ਹਨ। ਇਹ ਸਾਡੇ ਰਾਜ ਅਤੇ ਸਾਡੇ ਦੇਸ਼ ਵਿੱਚ ਸੱਤਾ ਦੇ ਹਾਲਾਂ ਵਿੱਚ ਨਵੀਂ ਅਤੇ ਵਿਭਿੰਨ ਆਵਾਜ਼ਾਂ ਨੂੰ ਚੁਣਨ ਦੇ ਪ੍ਰਭਾਵ ਦਾ ਪ੍ਰਮਾਣ ਹੈ। ਅਸੈਂਬਲੀ ਮੈਂਬਰ ਬੀਬੀ ਜਸਮੀਤ ਕੌਰ ਬੈਂਸ ਨੇ ਕਿਹਾ ਕਿ ਅਸੀਂ ਸਮਝਦੇ ਹਾਂ ਕਿ ਰਾਜ ਭਰ ਵਿੱਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਅਸੀਂ ਤੁਹਾਨੂੰ ਸਾਰਿਆਂ ਨੂੰ APCA ਦਾ ਹਿੱਸਾ ਬਣਨ ਲਈ ਸੱਦਾ ਦਿੰਦੇ ਹਾਂ। ਅਸੀਂ ਇਕੱਠੇ ਹਾ ਤਾਂ ਮਜ਼ਬੂਤ ਹਾਂ ਅਤੇ ਏਕਤਾ ਸਾਡੀ ਤਾਕਤ ਹੈ। ਸਾਡੀ ਸਾਰਿਆ ਦੀ ਏਕਤਾ ਅਤੇ ਸਖਤ ਮਿਹਨਤ ਨਾਲ ਸਾਡੇ ਮਿੱਥੇ ਟੀਚੇ ਪ੍ਰਾਪਤ ਹੋ ਗਏ ਹਨ। ਇਸੇ ਕਾਰਨ ਅਸੀ ਹੁਣ ਇਸ ਬਿੱਲ ਦਾ ਵਿਰੋਧ ਨਹੀਂ ਕਰ ਰਹੇ ਹਾਂ। ਪੂਰੇ ਨੈਸ਼ਨਲ ਬੋਰਡ ਆਫ਼ ਡਾਇਰੈਕਟਰਜ਼ ਨੇ ਵਿਧਾਇਕਾਂ ਤੱਕ ਪਹੁੰਚਣ ਲਈ ਆਪਣੀ ਆਪਣੀ ਥਾਂ ਸੱਖਤ ਮਿਹਨਤ ਕੀਤੀ ਜਿਸਦਾ ਸਾਨੂੰ ਲਾਭ ਪ੍ਰਾਪਤ ਹੋਇਆ। ਅਸੈਂਬਲੀ ਮੈਂਬਰ ਬੀਬੀ ਜਸਮੀਤ ਕੌਰ ਬੈਂਸ ਜਿਨ੍ਹਾਂ ਨੇ APCA ਦੀ ਮੀਟਿੰਗਾਂ ਨੂੰ ਕਰਨ ਵਿੱਚ ਸਹਾਇਤਾ ਕੀਤੀ ਅਤੇ ਬਿੱਲ ਦਾ ਵਿਰੋਧ ਕਰਨ ਵਾਲੇ APCA ਨਾਲ ਮਿਲ ਕੇ ਕੰਮ ਕੀਤਾ।

ਉਨ੍ਹਾਂ ਕਿਹਾ ਕਿ ਅਸੀਂ ਮੇਅਰ ਬੌਬੀ ਸਿੰਘ-ਐਲਨ ਨੂੰ ਧਿਆਨ ਦੇਣ ਅਤੇ ਉਹਨਾਂ ਸਾਰੀਆਂ ਚੁਣੌਤੀਆਂ ਅਤੇ ਰੁਕਾਵਟਾਂ ਨੂੰ ਪਾਰ ਕਰਨ 'ਚ ਮਦਦ ਕਰਨ 'ਚ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਜੋ ਸਾਡੇ ਮੈਂਬਰਾਂ ਅਤੇ ਉਦਯੋਗ ਦੀ ਮਦਦ ਕਰਨ 'ਤੇ ਧਿਆਨ ਕੇਂਦ੍ਰਤ ਕਰਨ ਦੇ ਨਾਲ ਆਈਆਂ ਹਨ। ਅਸੀਂ ਸ਼੍ਰੀ ਕੇਵਲ ਕ੍ਰਿਸ਼ਨ ਦਾ ਸਪੈਸ਼ਲ ਧੰਨਵਾਦ ਕਰਨਾ ਚਾਹੁੰਦੇ ਹਾਂ। APCA ਮੈਂਬਰਾਂ, ਗੈਰ-ਮੈਂਬਰਾਂ ਅਤੇ ਛੋਟੇ ਕਾਰੋਬਾਰੀ ਭਾਈਚਾਰੇ ਦਾ ਵੀ ਬਹੁਤ ਬਹੁਤ ਧੰਨਵਾਦ। ਇਹ ਪੂਰੀ ਟੀਮ ਦੀ ਏਕਤਾ ਤੇ ਯਤਨਾ ਜਿੱਤ ਹੈ। ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਐਸੋਸੀਏਸ਼ਨ ਵਲੋਂ ਹਰ ਇੱਕ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।

**APC1 ਬਾਰੇ ਕੁਝ ਜਾਣਕਾਰੀ**

**APCA ਰਾਜ ਭਰ ਵਿੱਚ ਲਗਭਗ 2,000 ਮੈਂਬਰਾਂ ਦੀ ਨੁਮਾਇੰਦਗੀ ਕਰਦਾ ਹੈ ਜਿਸ ਵਿੱਚ ਅਨੇਕ ਸੁਤੰਤਰ ਮਾਲਕੀ ਵਾਲੇ ਗੈਸ ਸਟੇਸ਼ਨ, ਸੁਵਿਧਾ ਸਟੋਰ ਅਤੇ ਸ਼ਰਾਬ ਦੇ ਸਟੋਰ ਸ਼ਾਮਲ ਹਨ। ਸਾਡੇ ਬਹੁਤੇ ਮੈਂਬਰ ਘੱਟ-ਗਿਣਤੀ ਦੀ ਮਲਕੀਅਤ ਵਾਲੇ ਕਾਰੋਬਾਰ ਹਨ ਜੋ ਸਥਾਨਕ ਅਰਥਚਾਰਿਆਂ ਨੂੰ ਉੱਚਾ ਚੁੱਕਣ ਵਿੱਚ ਮਦਦ ਕਰਨ ਲਈ ਨੌਕਰੀਆਂ ਅਤੇ ਮਜ਼ਬੂਤ ਟੈਕਸ ਅਧਾਰ ਪ੍ਰਦਾਨ ਕਰਦੇ ਹਨ।**

# ਪੁਲਿਸ ਤਸ਼ੱਦਦ ਕਾਰਨ ਦੋ ਭਰਾਵਾਂ ਨੇ ਕੀਤੀ ਖੁਦਕਸ਼ੀ

ਸੁਲਤਾਨਪੁਰ ਲੋਧੀ : ਜਲੰਧਰ ਦੇ ਥਾਣਾ ਡਵੀਜ਼ਨ ਨੰਬਰ 1 ਦੇ ਐੱਸ. ਐੱਚ. ਓ. ਨਵਦੀਪ ਸਿੰਘ ਵੱਲੋਂ ਕਥਿਤ ਤੌਰ 'ਤੇ ਜ਼ਲੀਲ ਕਰਨ 'ਤੇ ਥਾਣਾ ਤਲਵੰਡੀ ਚੌਧਰੀਆਂ ਦੇ ਅਧੀਨ ਪੈਂਦੇ ਗੋਇੰਦਵਾਲ ਨੇੜੇ ਬਿਆਸ ਦਰਿਆ 'ਤੇ ਬਣੇ ਪੁਲ ਤੋਂ 2 ਸਕੇ ਭਰਾਵਾਂ ਨੇ ਪਾਣੀ 'ਚ ਛਾਲ ਮਾਰ ਦਿੱਤੀ। ਫਿਲਹਾਲ ਦੋਹਾਂ ਭਰਾਵਾਂ ਦੀ ਭਾਲ ਨਹੀਂ ਹੋ ਸਕੀ ਹੈ। ਪੁਲਸ ਤੇ ਪਰਿਵਾਰ ਵੱਲੋਂ ਦੋਵਾਂ ਦੀ ਭਾਲ ਲਗਾਤਾਰ ਕੀਤੀ ਜਾ ਰਹੀ ਹੈ। ਥਾਣਾ ਤਲਵੰਡੀ ਚੌਧਰੀਆਂ ਦੀ ਪੁਲਸ ਨੂੰ ਲਿਖਤੀ ਸ਼ਿਕਾਇਤ ਦਿੰਦਿਆਂ ਮਾਨਵਦੀਪ ਸਿੰਘ ਪੁੱਤਰ ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਉਸ ਦੇ ਦੋਸਤ ਮਾਨਵਜੀਤ ਸਿੰਘ ਦੀ ਭੈਣ ਪਰਮਿੰਦਰ ਕੌਰ ਦਾ ਆਪਣੇ ਪਤੀ ਗੁਰਮੀਤ ਸਿੰਘ ਤੇ ਉਸ ਦੇ ਪਰਿਵਾਰ ਨਾਲ ਝਗੜਾ ਚੱਲ ਰਿਹਾ ਸੀ। ਝਗੜੇ ਦੇ ਹੱਲ ਲਈ ਉਹ ਥਾਣਾ ਡਵੀਜ਼ਨ 1 ਜਲੰਧਰ 'ਚ ਆਏ। ਉਸ ਵਕਤ ਉਨ੍ਹਾਂ ਨਾਲ ਮਾਨਵਜੀਤ ਸਿੰਘ ਵਿੱਲੋਂ ਪੁੱਤਰ ਜਤਿੰਦਰ ਸਿੰਘ ਢਿੱਲੋਂ ਹੋਰ ਮੋਹਤਬਰ ਵੀ ਮੌਜੂਦ ਸਨ। ਮਾਨਵਦੀਪ ਸਿੰਘ ਨੇ ਦੱਸਿਆ ਕਿ ਥਾਣੇ 'ਚ ਜਾ ਕੇ ਮਾਨਵਜੀਤ ਸਿੰਘ ਢਿੱਲੋਂ ਦੀ ਐੱਸ. ਐੱਚ. ਓ. ਨਵਦੀਪ ਸਿੰਘ ਨਾਲ ਫੋਨ 'ਤੇ ਗੱਲ ਹੋਈ, ਜਿਨ੍ਹਾਂ ਬੜੇ ਮਾੜੇ ਵਤੀਰੇ ਨਾਲ ਗੱਲਬਾਤ ਕੀਤੀ। ਇਸ ਦੌਰਾਨ ਐੱਸ. ਐੱਚ. ਓ. ਨਵਦੀਪ ਸਿੰਘ ਨੇ ਉਨ੍ਹਾਂ ਨੂੰ 16 ਅਗਸਤ ਨੂੰ ਥਾਣੇ ਬੁਲਾਇਆ। ਮਾਨਵਦੀਪ ਸਿੰਘ ਨੇ ਕਿਹਾ ਕਿ 16 ਅਗਸਤ ਨੂੰ ਉਹ ਕਿਸੇ ਕੰਮ ਲਈ ਬਾਹਰ ਗਿਆ ਹੋਇਆ ਸੀ, ਇਸ ਕਰ ਕੇ ਭਗਵੰਤ ਸਿੰਘ, ਮਾਨਵਜੀਤ ਸਿੰਘ ਢਿੱਲੋਂ, ਉਸ ਦੇ ਦੋਸਤ ਦੀ ਮਾਤਾ ਦਵਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਤੇ ਹੋਰ ਮੋਹਤਬਰ ਤੇ ਰਿਸ਼ਤੇਦਾਰ ਥਾਣੇ ਆ ਗਏ। ਉਧਰ, ਦੂਸਰੀ ਧਿਰ ਵੀ ਮੌਜੂਦ ਸੀ, ਦੋਵਾਂ ਧਿਰਾਂ 'ਚ ਕਾਫੀ ਤੂੰ-ਤੂੰ, ਮੈਂ-ਮੈਂ ਹੋਈ। ਇਸ ਦੌਰਾਨ ਲੜਕੇ ਧਿਰ ਨੇ ਸਾਡੀ ਧੀ ਪਰਮਿੰਦਰ ਕੌਰ ਅਤੇ ਮਾਨਵਜੀਤ ਸਿੰਘ ਢਿੱਲੋਂ ਨਾਲ ਗਾਲੀ-ਗਲੋਚ ਕੀਤਾ ਪਰ ਮੌਕੇ 'ਤੇ ਮੌਜੂਦ ਪੁਲਸ ਮੁਲਾਜ਼ਮਾਂ ਨੇ ਵਿਰੋਧੀ ਧਿਰ ਨੂੰ ਬਾਹਰ ਭੇਜਣ ਦੀ ਬਜਾਏ ਸਾਡੇ ਪਰਿਵਾਰ ਨੂੰ ਹੀ ਥਾਣੇ ਤੋਂ ਬਾਹਰ ਕਰ ਦਿੱਤਾ। ਕੁਝ ਦੇਰ ਬਾਅਦ ਪੁਲਸ ਮੁਲਾਜ਼ਮ ਮਾਨਵਜੀਤ ਸਿੰਘ ਢਿੱਲੋਂ ਨੂੰ ਐੱਸ. ਐੱਚ. ਓ. ਨਵਦੀਪ ਸਿੰਘ ਕੋਲ ਲੈ ਗਏ। ਕੁਝ ਮਿੰਟਾਂ ਬਾਅਦ ਉਨ੍ਹਾਂ ਦੇ ਕਮਰੇ ਦੇ ਅੰਦਰੋਂ ਚੀਕਾਂ ਦੀ ਆਵਾਜ਼ਾਂ ਆਉਣ 'ਤੇ ਪਰਿਵਾਰਕ ਮੈਂਬਰਾਂ ਨੇ ਦੇਖਿਆ ਕਿ ਪੁਲਸ ਮੁਲਾਜ਼ਮਾਂ ਨੇ ਮਾਨਵਜੀਤ ਸਿੰਘ ਢਿੱਲੋਂ ਦੀ ਪੱਗ ਥੱਪੜ ਮਾਰ ਕੇ ਉਤਾਰ ਦਿੱਤੀ ਤੇ ਕਾਫੀ ਕੁੱਟਿਆ।



ਮਾਨਵਦੀਪ ਸਿੰਘ ਨੇ ਕਿਹਾ ਕਿ ਰਾਤ ਕਰੀਬ 8 ਵਜੇ ਮਾਨਵਜੀਤ ਸਿੰਘ ਢਿੱਲੋਂ ਖ਼ਿਲਾਫ਼ ਡੀ. ਡੀ. ਆਰ. ਨੰ. 28 ਅਧੀਨ ਧਾਰਾ 107/51 ਸੀ. ਆਰ. ਪੀ. ਸੀ. ਦਰਜ ਕਰ ਦਿੱਤੀ ਤੇ ਉਸ ਨੂੰ ਹਵਾਲਾਤ ਵਿਚ ਬੰਦ ਕਰ ਦਿੱਤਾ ਗਿਆ। ਇਸ ਦੌਰਾਨ ਜਸ਼ਨਬੀਰ ਸਿੰਘ ਪੁੱਤਰ ਜਤਿੰਦਰ ਪਾਲ ਢਿੱਲੋਂ, ਜੋ ਕਿ ਮਾਨਵਜੀਤ ਸਿੰਘ ਦਾ ਛੋਟਾ ਭਰਾ ਹੈ, ਨੂੰ ਭਰਾ 'ਤੇ ਹੋਏ ਨਾਜਾਇਜ਼ ਤਸ਼ੱਦਦ ਦਾ ਪਤਾ ਲੱਗਾ ਤਾਂ ਉਹ ਗੱਲ ਦਿਲ 'ਤੇ ਲਾ ਗਿਆ। ਅਗਲੇ ਦਿਨ ਮਾਨਵਜੀਤ ਸਿੰਘ ਢਿੱਲੋਂ ਦੀ ਸ਼ਾਮ ਨੂੰ ਜ਼ਮਾਨਤ ਹੋ ਗਈ ਤੇ ਘਰ ਆ ਗਿਆ। ਉਸੇ ਦਿਨ ਸਵੇਰ ਤੋਂ ਹੀ ਜਸ਼ਨਦੀਪ ਸਿੰਘ ਘਰ ਤੋਂ ਬਿਨਾਂ ਦੱਸੇ ਚਲਾ ਗਿਆ। ਮਾਨਵਜੀਤ ਸਿੰਘ ਢਿੱਲੋਂ ਨੇ ਆਪਣੇ ਨੰਬਰ ਤੋਂ ਜਸ਼ਨਬੀਰ ਸਿੰਘ ਨੂੰ ਫੋਨ ਲਾਇਆ ਤਾਂ ਉਸਨੇ ਫੋਨ ਚੱਕ ਲਿਆ। ਜਸ਼ਨਬੀਰ ਸਿੰਘ ਨੇ ਉਸਨੂੰ ਕਿਹਾ ਕਿ ਐੱਸ. ਐੱਚ. ਓ. ਨੇ ਉਨ੍ਹਾਂ ਦਾ ਨਾਜਾਇਜ਼ ਫ਼ਾਇਦਾ ਚੁੱਕਿਆ ਹੈ, ਮੇਰਾ ਜੀਅ ਕਰਦਾ ਹੈ ਕਿ ਮੈਂ ਦਰਿਆ ਵਿਚ ਛਾਲ ਮਾਰ ਕੇ ਮਰ ਜਾਵਾਂ, ਇੰਨੇ ਨੂੰ ਫੋਨ 'ਤੇ ਗੱਲ ਕਰਦਾ ਹੋਇਆ ਮਾਨਵਜੀਤ ਸਿੰਘ ਵੀ ਮੌਕੇ 'ਤੇ ਜਾ ਪਹੁੰਚਿਆ। ਇਸ ਦੌਰਾਨ ਗੋਇੰਦਵਾਲ ਨੇੜੇ ਬਿਆਸ ਦਰਿਆ 'ਤੇ ਬਣੇ ਪੁਲ ਤੋਂ ਜਸ਼ਨਬੀਰ ਸਿੰਘ ਨੇ ਛਾਲ ਮਾਰ ਦਿੱਤੀ। ਜਿਸ ਦੇ ਮਗਰ ਹੀ ਮਾਨਵਜੀਤ ਸਿੰਘ ਢਿੱਲੋਂ ਨੇ ਵੀ ਛਾਲ ਮਾਰ ਦਿੱਤੀ।

ਉਕਤ ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਤਲਵੰਡੀ ਚੌਧਰੀਆਂ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਮਾਨਵਜੀਤ ਸਿੰਘ ਤੇ ਜਸ਼ਨਬੀਰ ਸਿੰਘ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਉਧਰ, ਕੁੜੀ ਦੇ ਪਰਿਵਾਰਕ ਮੈਂਬਰਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਡੀ. ਜੀ. ਪੀ. ਪੰਜਾਬ ਗੌਰਵ ਯਾਦਵ ਤੋਂ ਇਨਸਾਫ਼ ਦੀ ਮੰਗ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਐੱਸ. ਐੱਚ. ਓ. ਸਸਪੈਂਡ ਕਰ ਕੇ ਉਨ੍ਹਾਂ 'ਤੇ ਤਸ਼ੱਦਦ ਕਰਨ ਵਾਲੇ ਪੁਲਸ ਮੁਲਾਜ਼ਮਾਂ ਤੇ ਲੜਕੇ ਵਾਲੇ ਮੁਲਜ਼ਮਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ।

**ਦੋਵਾਂ ਨੌਜਵਾਨਾਂ ਦੀ ਭਾਲ ਜਾਰੀ : ਡੀ. ਐੱਸ. ਪੀ. :** ਇਸ ਸੰਬੰਧੀ ਜਦੋਂ ਡੀ. ਐੱਸ. ਪੀ. ਬਬਨਦੀਪ ਸਿੰਘ ਸੁਲਤਾਨਪੁਰ ਲੋਧੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਾਨੂੰ ਇੱਕ ਲਿਖਤੀ ਸ਼ਿਕਾਇਤ ਮਿਲੀ ਹੈ, ਜਿਸ 'ਤੇ ਉਨ੍ਹਾਂ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਦੋਵਾਂ ਨੌਜਵਾਨਾਂ ਦੀ ਬਿਆਸ ਦਰਿਆ 'ਚ ਭਾਲ ਜਾਰੀ ਹੈ। ਜਾਂਚ ਤੋਂ ਬਾਅਦ ਮੁਲਜ਼ਮਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ।

**ਲਾਏ ਜਾ ਰਹੇ ਦੋਸ਼ ਝੂਠੇ ਤੇ ਬੇਬੁਨਿਆਦ : ਐੱਸ. ਐੱਚ. ਓ. ਨਵਦੀਪ ਸਿੰਘ :** ਇਸ ਸੰਬੰਧੀ ਜਦੋਂ ਜਲੰਧਰ ਦੇ ਥਾਣਾ ਡਿਵੀਜਨ ਨੰਬਰ 1 ਦੇ ਥਾਣੇ ਦੇ ਐੱਸ. ਐੱਚ. ਓ. ਨਵਦੀਪ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮਾਨਵਜੀਤ ਸਿੰਘ ਢਿੱਲੋਂ ਵੱਲੋਂ ਪੁਲਸ ਮੁਲਾਜ਼ਮਾਂ ਨਾਲ ਮਾੜੇ ਬਦਸਲੂਕੀ ਨਾਲ ਬੋਲਿਆ ਗਿਆ, ਜਿਸ 'ਤੇ ਪੁਲਸ ਨੂੰ ਕਾਰਵਾਈ ਕਰਨੀ ਪਈ। ਉਨ੍ਹਾਂ ਕਿਹਾ ਕਿ ਜੋ ਦੋਸ਼ ਉਨ੍ਹਾਂ 'ਤੇ ਲਾਏ ਜਾ ਰਹੇ ਹਨ, ਉਹ ਝੂਠੇ ਤੇ ਬੇਬੁਨਿਆਦ ਹਨ।

# ਮੋਬਾਈਲ ਸਬੰਧੀ ਝਗੜੇ 'ਚ ਦੋ ਭਰਾਵਾਂ ਦੀ ਹੱਤਿਆ

## ਹਮਲੇ ਵਿੱਚ ਮ੍ਰਿਤਕਾਂ ਦਾ ਇੱਕ ਹੋਰ ਭਰਾ ਵਾਲ-ਵਾਲ ਬਚਿਆ





ਫਿਰੋਜ਼ਪੁਰ/ਫਰੀਦਕੋਟ : ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਅਰਾਈਆਂ ਵਾਲਾ ਖੁਰਦ ਵਾਸੀ ਦੋ ਸਕੇ ਭਰਾਵਾਂ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਕਤਲ ਕਾਂਡ ਵਿੱਚ ਮ੍ਰਿਤਕਾਂ ਦਾ ਤੀਜਾ ਭਰਾ ਵਾਲ-ਵਾਲ ਬਚ ਗਿਆ। ਮ੍ਰਿਤਕਾਂ ਦੀ ਪਛਾਣ ਜਗਦੀਸ਼ ਸਿੰਘ ਅਤੇ ਕੁਲਦੀਪ ਸਿੰਘ ਵਾਸੀ ਪਿੰਡ ਅਰਾਈਆਂ ਵਾਲਾ ਖੁਰਦ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਵਾਰਦਾਤ ਨੂੰ ਛੇ ਨੌਜਵਾਨਾਂ ਨੇ ਅੰਜਾਮ ਦਿੱਤਾ। ਥਾਣਾ ਲੱਖੋ ਕੇ ਬਹਿਰਾਮ ਵਿੱਚ ਸਾਰੇ ਮੁਲਜ਼ਮਾਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰ ਲਿਆ ਗਿਆ ਹੈ। ਹਮਲੇ ਦੌਰਾਨ ਵਾਲ-ਵਾਲ ਬਚੇ ਤੀਜੇ ਭਰਾ ਗੁਰਮੀਤ ਸਿੰਘ ਨੇ ਪੁਲੀਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਸ ਦੇ ਪਿੰਡ ਦੇ ਰਹਿਣ ਵਾਲੇ ਬੱਲੀ ਸਿੰਘ ਦਾ ਭਾਵੜਾ ਪਿੰਡ ਦੇ ਰਹਿਣ ਵਾਲੇ ਦੋ ਨੌਜਵਾਨਾਂ ਨਾਲ ਮੋਬਾਈਲ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ। ਇਸ ਝਗੜੇ ਨੂੰ ਉਸ ਦੇ ਭਰਾ ਜਗਦੀਸ਼ ਨੇ ਪੰਚਾਇਤੀ ਤੌਰ 'ਤੇ ਸੁਲਝਾ ਦਿੱਤਾ ਸੀ। ਗੁਰਮੀਤ ਨੇ ਦੱਸਿਆ ਕਿ ਉਹ ਆਪਣੇ ਦੋਵਾਂ ਭਰਾਵਾਂ ਜਗਦੀਸ਼ ਸਿੰਘ ਤੇ ਕੁਲਦੀਪ ਸਿੰਘ ਨਾਲ ਮੋਬਾਇਲ ਫੋਨ ਵਾਪਸ ਲੈਣ ਵਾਸਤੇ ਪਿੰਡ ਭਾਵੜਾ ਆਜਮ ਸ਼ਾਹ ਗਏ ਸਨ। ਉਥੇ ਮੋਬਾਈਲ ਫ਼ੋਨ ਵਾਪਸ ਕਰਨ ਤੋਂ ਉਨ੍ਹਾਂ ਦੀ ਸੰਨੀ ਸਿੰਘ, ਸੁੱਖਾ ਸਿੰਘ, ਹੈਪੀ ਸਿੰਘ, ਪ੍ਰੇਮ ਸਿੰਘ ਅਤੇ ਮਨਦੀਪ ਸਿੰਘ ਨਾਲ ਤਕਰਾਰ ਹੋ ਗਈ ਤੇ ਉਨ੍ਹਾਂ ਨੇ ਮੋਬਾਈਲ ਦੇਣ ਤੋਂ ਮਨ੍ਹਾਂ ਕਰ ਦਿੱਤਾ। ਜਦੋਂ ਉਹ ਤਿੰਨੋਂ ਭਰਾ ਵਾਪਸ ਆ ਰਹੇ ਸਨ ਤਾਂ ਮਹਿਮਾ ਪਿੰਡ ਦੇ ਕੋਲ ਹਥਿਆਰਾਂ ਨਾਲ ਲੈਸ ਤਿੰਨ ਮੋਟਰਸਾਈਕਲਾਂ 'ਤੇ ਸਵਾਰ ਛੇ ਜਣਿਆਂ ਨੇ ਉਨ੍ਹਾਂ ਨੂੰ ਘੇਰ ਲਿਆ। ਇਸ ਦੌਰਾਨ ਮੁਲਜ਼ਮ ਸੁੱਖਾ ਸਿੰਘ ਨੇ ਉਸ ਦੇ ਭਰਾਵਾਂ ਜਗਦੀਸ਼ ਅਤੇ ਕੁਲਦੀਪ ਨੂੰ ਗੋਲੀਆਂ ਮਾਰ ਦਿੱਤੀਆਂ। ਗੁਰਮੀਤ ਸਿੰਘ ਮੌਕੇ ਤੋਂ ਡਰ ਕੇ ਭੱਜ ਗਿਆ। ਬਾਅਦ ਵਿੱਚ ਗੁਰਮੀਤ ਸਿੰਘ ਨੇ ਪਿੰਡ ਵਾਸੀਆਂ ਦੀ ਮਦਦ ਨਾਲ ਆਪਣੇ ਭਰਾਵਾਂ ਨੂੰ ਫ਼ਰੀਦਕੋਟ ਸਥਿਤ ਸਰਕਾਰੀ ਮੈਡੀਕਲ ਕਾਲਜ ਵਿੱਚ ਪਹੁੰਚਾਇਆ ਪਰ ਰਾਹ ਵਿੱਚ ਹੀ ਦੋਵਾਂ ਨੇ ਦਮ ਤੋੜ ਦਿੱਤਾ। ਥਾਣਾ ਮੁਖੀ ਇੰਸਪੈਕਟਰ ਰਵੀ ਕੁਮਾਰ ਨੇ ਦੱਸਿਆ ਕਿ ਗੁਰਮੀਤ ਸਿੰਘ ਦੇ ਬਿਆਨਾਂ 'ਤੇ ਸਾਰੇ ਮੁਲਜ਼ਮਾਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰ ਲਿਆ ਗਿਆ ਹੈ ਤੇ ਉਨ੍ਹਾਂ ਦੀ ਭਾਲ ਜਾਰੀ ਹੈ।

# ਪੰਜਾਬ ਵਿੱਚ 'ਐਸਮਾ' ਲਾਗੂ

## ਮਾਲ ਅਫ਼ਸਰਾਂ ਤੇ ਡੀਸੀ ਦਫ਼ਤਰ ਕਰਮਚਾਰੀਆਂ ਨੂੰ ਅਨੁਸ਼ਾਸਨੀ ਕਾਰਵਾਈ ਦੀ ਚਿਤਾਵਨੀ

## 31 ਅਕਤੂਬਰ ਤੱਕ ਲਾਗੂ ਰਹਿਣਗੇ ਹੁਕਮ

ਚੰਡੀਗੜ੍ਹ : ਮਾਲ ਅਫ਼ਸਰ ਤੇ ਡੀਸੀ ਦਫ਼ਤਰ ਦੇ ਕਰਮਚਾਰੀਆਂ ਵੱਲੋਂ 'ਕਲਮ ਛੋੜ' ਹੜਤਾਲ ਦੇ ਦਿੱਤੇ ਸੱਦੇ ਦਰਮਿਆਨ ਪੰਜਾਬ ਸਰਕਾਰ ਨੇ ਅੱਜ ਸੂਬੇ ਵਿਚ 31 ਅਕਤੂਬਰ ਤੱਕ ਐਸਮਾ (ਈਸਟ ਪੰਜਾਬ ਅਸੈਂਸ਼ੀਅਲ ਸਰਵਿਸਿਜ਼ ਮੈਂਟੇਨੈਂਸ ਐਕਟ) ਲਾਗੂ ਕਰ ਦਿੱਤਾ ਹੈ। ਸਰਕਾਰ ਨੇ ਕਿਹਾ ਕਿ ਐਕਟ ਵਿਚਲੀਆਂ ਵਿਵਸਥਾਵਾਂ ਦੀ ਉਲੰਘਣਾ ਲਈ ਸਖ਼ਤ ਕਾਰਵਾਈ ਕੀਤੀ ਜਾਵੇਗੀ। ਹੁਕਮਾਂ ਤਹਿਤ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਤਾਇਨਾਤ ਪਟਵਾਰੀ, ਕਾਨੂੰਗੋ, ਸਰਕਲ ਮਾਲ ਅਫ਼ਸਰ ਤੇ ਡੀਸੀ ਦਫ਼ਤਰਾਂ ਦੇ ਸਾਰੇ ਮੁਲਾਜ਼ਮਾਂ ਨੂੰ ਸਟੇਸ਼ਨ ਨਾ ਛੱਡਣ ਦੀ ਤਾਕੀਦ ਕੀਤੀ ਗਈ ਹੈ। ਇਸ ਤੋਂ ਪਹਿਲਾਂ ਅੱਜ ਦਿਨ ਵੇਲੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿੱਚ ਮਾਲ ਅਫ਼ਸਰਾਂ ਤੇ ਡੀਸੀ ਦਫ਼ਤਰ ਦੇ ਕਰਮਚਾਰੀਆਂ ਵੱਲੋਂ ਤਜਵੀਜ਼ਤ ਹੜਤਾਲ ਦਾ ਸਖ਼ਤ ਨੋਟਿਸ ਲੈਂਦਿਆਂ ਚਿਤਾਵਨੀ ਦਿੱਤੀ ਸੀ। ਮਾਨ ਨੇ ਕਿਹਾ ਸੀ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਕਿ ਸੂਬੇ ਦੇ ਮਾਲ ਅਫ਼ਸਰ ਤੇ ਡੀਸੀ ਦਫ਼ਤਰ ਦੇ ਕਰਮਚਾਰੀ 'ਕਲਮ ਛੋੜ' ਹੜਤਾਲ 'ਤੇ ਜਾਣ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਰਮਚਾਰੀ ਅਜਿਹੇ ਮੌਕੇ ਹੜਤਾਲ 'ਤੇ ਜਾ ਰਹੇ ਹਨ, ਜਦੋਂ ਸੂਬੇ ਦੇ ਲੋਕਾਂ ਨੂੰ ਹੜ੍ਹਾਂ ਕਰਕੇ ਵੱਡੀ ਮਾਰ ਝੱਲਣੀ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਕਰਮਚਾਰੀਆਂ ਦੇ ਇਸ ਵਰਤਾਰੇ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਹੜਤਾਲ 'ਤੇ ਜਾਣ ਵਾਲੇ ਅਧਿਕਾਰੀਆਂ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

ਰੈਵੇਨਿਊ ਕਾਨੂੰਨਗੋ ਐਸੋਸੀਏਸ਼ਨ ਤੇ ਦਿ ਰੈਵੇਨਿਊ ਪਟਵਾਰ ਯੂਨੀਅਨ ਪੰਜਾਬ ਨੇ ਸੂਬੇ ਵਿੱਚ 1 ਸਤੰਬਰ ਤੋਂ ਅਣਮਿੱਥੇ ਸਮੇਂ ਲਈ 'ਕਲਮ ਛੋੜ' ਹੜਤਾਲ 'ਤੇ ਜਾਣ ਦਾ ਐਲਾਨ ਕੀਤਾ ਸੀ। ਦੋਵਾਂ ਐਸੋਸੀਏਸ਼ਨਾਂ ਦੇ ਮੈਂਬਰਾਂ ਨੇ ਦਾਅਵਾ ਕੀਤਾ ਸੀ ਪਿਛਲੇ ਦਿਨੀਂ ਜ਼ਿਲ੍ਹਾ ਸੰਗਰੂਰ 'ਚ ਪਟਵਾਰੀ, ਕਾਨੂੰਨਗੋ ਤੇ ਤਹਿਸੀਲਦਾਰ ਖਿਲਾਫ਼ ਝੂਠਾ ਕੇਸ ਦਰਜ ਕੀਤਾ ਗਿਆ ਹੈ। ਐਸੋਸੀਏਸ਼ਨਾਂ ਨੇ ਇਸ ਮਾਮਲੇ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ। ਉਧਰ ਡੀਸੀ ਦਫ਼ਤਰ ਕਰਮਚਾਰੀ ਐਸੋਸੀਏਸ਼ਨ ਨੇ 11 ਤੋਂ 13 ਸਤੰਬਰ ਤੱਕ 'ਕਲਮ ਛੋੜ' ਹੜਤਾਲ ਦਾ ਵੱਖਰੇ ਤੌਰ 'ਤੇ ਐਲਾਨ ਕੀਤਾ ਹੋਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮਾਲ ਅਫਸਰਾਂ ਤੇ ਡੀਸੀ ਦਫ਼ਤਰ ਦੇ ਕਰਮਚਾਰੀਆਂ ਦੀਆਂ ਮਨਮਾਨੀਆਂ ਕਾਰਨ ਲੋਕਾਂ ਦੀ ਹੋਣ ਵਾਲੀ ਖੱਜਲ-ਖੁਆਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਾਲ ਅਫ਼ਸਰ ਤੇ ਡੀਸੀ ਦਫ਼ਤਰਾਂ ਦੇ ਅਧਿਕਾਰੀ 'ਕਲਮ ਛੋੜ' ਹੜਤਾਲ 'ਤੇ ਜਾਣ ਲਈ ਆਜ਼ਾਦ ਹਨ, ਪਰ ਫਿਰ ਸੂਬਾ ਸਰਕਾਰ ਫ਼ੈਸਲਾ ਕਰੇਗੀ ਕਿ ਉਨ੍ਹਾਂ ਨੂੰ ਕਲਮ ਵਾਪਸ ਦੇਣੀ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਸੂਬੇ 'ਚ ਵੱਡੀ ਗਿਣਤੀ ਨੌਜਵਾਨ ਬੇਰੁਜ਼ਗਾਰ ਹਨ, ਜੋ ਕਲਮ ਹੱਥ ਵਿੱਚ ਲੈ ਕੇ ਸੂਬੇ ਦੀ ਸੇਵਾ ਕਰਨ ਲਈ ਤਿਆਰ ਹਨ। ਉਨ੍ਹਾਂ ਕਰਮਚਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਸਵਾਰਥਾਂ ਲਈ ਜਾਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰਨ ਵਾਲਿਆਂ ਦੀ ਹਮਾਇਤ ਵਿੱਚ 'ਕਲਮ ਛੋੜ' ਹੜਤਾਲ ਨਾ ਕਰਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚੋਂ ਭ੍ਰਿਸ਼ਟਾਚਾਰ ਦਾ ਸਫ਼ਾਇਆ ਕਰਨ ਲਈ ਵਚਨਬੱਧ ਹੈ। ਇਸੇ ਕਰਕੇ ਸੂਬੇ ਵਿੱਚ ਭ੍ਰਿਸ਼ਟਾਚਾਰੀਆਂ ਖਿਲਾਫ਼ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ।

### ਮੁੱਖ ਮੰਤਰੀ ਦੀਆਂ ਧਮਕੀਆਂ ਤੋਂ ਡਰਾਂਗੇ ਨਹੀਂ: ਢੀਂਡਸਾ

ਦਿ ਰੈਵੇਨਿਊ ਪਟਵਾਰ ਯੂਨੀਅਨ ਪੰਜਾਬ ਦੇ ਪ੍ਰਧਾਨ ਹਰਵੀਰ ਸਿੰਘ ਢੀਂਡਸਾ ਨੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਧਮਕੀਆਂ ਤੋਂ ਡਰਨ ਵਾਲੇ ਨਹੀਂ ਹਨ ਕਿਉਂਕਿ ਉਹ ਪੰਜਾਬ ਦੇ ਪਟਵਾਰੀਆਂ ਤੇ ਨੌਜਵਾਨਾਂ ਦੇ ਹਿੱਤਾਂ ਦੀ ਰਾਖੀ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸੂਬੇ ਵਿੱਚ ਖਾਲੀ ਪਈਆਂ ਤਿੰਨ ਹਜ਼ਾਰ ਪਟਵਾਰੀਆਂ ਦੀਆਂ ਅਸਾਮੀਆਂ ਭਰਨ। ਢੀਂਡਸਾ ਨੇ ਕਿਹਾ ਕਿ ਅੱਜ ਤਿੰਨ ਹਜ਼ਾਰ ਅਸਾਮੀਆਂ ਖਾਲੀ ਹੋਣ ਕਰਕੇ ਪਟਵਾਰੀਆਂ ਨੂੰ ਵਾਧੂ ਕੰਮ ਕਰਨਾ ਪੈ ਰਿਹਾ ਹੈ ਅਤੇ ਪਟਵਾਰੀ ਸਿਰਫ਼ 167 ਰੁਪਏ ਦਿਹਾੜੀ ਤੇ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨੇ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਜੁਲਾਈ 2022 'ਚ ਪਟਵਾਰੀਆਂ ਨੂੰ ਪੂਰੀ ਤਨਖ਼ਾਹ, ਪੁਰਾਣੀ ਪੈਨਸ਼ਨ ਸਕੀਮ ਅਤੇ ਇਕ ਸਾਲ ਦੀ ਸਿਖਲਾਈ ਦੌਰਾਨ ਤਨਖ਼ਾਹ ਦੇਣ ਦਾ ਐਲਾਨ ਕੀਤਾ ਸੀ, ਜੋ ਇੱਕ ਸਾਲ ਬੀਤਣ 'ਤੇ ਵੀ ਪੂਰਾ ਨਹੀਂ ਹੋਇਆ ਹੈ। ਉਨ੍ਹਾਂ ਕਿਹਾ ਕਿ ਯੂਨੀਅਨ ਉਲੀਕੇ ਪ੍ਰੋਗਰਾਮ ਅਨੁਸਾਰ ਇਕ ਸਤੰਬਰ ਤੋਂ ਕਲਮ ਛੋੜ ਹੜਤਾਲ ਸ਼ੁਰੂ ਕਰੇਗੀ।



## ਫਲੋਰੀਡਾ ਵਿੱਚ ਤੂਫਾਨ ਦਾ ਕਹਿਰ ਜਾਰੀ

# ਤੂਫਾਨ ਫਲੋਰੀਡਾ ਦੇ ਨਾਲ ਨਾਲ ਦੂਜੇ ਰਾਜਾ ਲਈ ਵੀ ਵਿਨਾਸ਼ਕਾਰੀ ਬਣ ਰਿਹਾ






ਕੀਟਨ ਬੀਚ, ਫਲੋਰੀਡਾ : ਤੂਫਾਨ ਇਡਾਲੀਆ ਦੇ ਫਲੋਰੀਡਾ ਦੇ ਖਾੜੀ ਤੱਟ ਦੇ ਨਾਲ ਆਪਣੀ ਬੇਮਿਸਾਲ ਲੈਂਡਫਾਲ ਕਰਨ ਤੋਂ ਬਾਅਦ, ਇਡਾਲੀਆ ਨੇ ਜਾਰਜੀਆ ਅਤੇ ਕੈਰੋਲੀਨਾਸ ਵਿੱਚ ਵੀ ਆਪਣਾ ਗਰਮ ਤੂਫਾਨ ਦੇ ਰੂਪ ਵਿੱਚ ਆਪਣਾ ਕਹਿਰ ਜਾਰੀ ਰੱਖਿਆ, ਵਿਨਾਸ਼ਕਾਰੀ ਹਵਾਵਾਂ, ਅਤੇ ਤੂਫਾਨ ਦੇ ਉਛਾਲ ਅਤੇ ਬਿਜਲੀ ਬੰਦ ਹੋਣ ਕਾਰਨ ਹੜ੍ਹ ੦੬੦✡✡ ਤੱਕ ਪਹੁੰਚ ਗਿਆ।

ਸ਼੍ਰੇਣੀ 3 ਦਾ ਤੂਫਾਨ ਸਥਾਨਕ ਸਮੇਂ ਅਨੁਸਾਰ ਸਵੇਰੇ 7:45 ਵਜੇ ਕੀਟਨ ਬੀਚ ਨੇੜੇ ਫਲੋਰੀਡਾ ਦੇ ਬਿਗ ਬੈਂਡ ਦੇ ਤੱਟ ’ਤੇ ਟਕਰਾਇਆ। ਇਸਦੀਆਂ 125 ਮੀਲ ਪ੍ਰਤੀ ਘੰਟਾ ਹਵਾਵਾਂ ਅਤੇ ਮਹੱਤਵਪੂਰਨ ਹੜ੍ਹਾਂ ਦੇ ਨਾਲ, ਇਸਨੇ ਜਾਨਾਂ ਅਤੇ ਜਾਇਦਾਦਾਂ ਲਈ ਤੁਰੰਤ ਖ਼ਤਰਾ ਪੈਦਾ ਕੀਤਾ। ਇਹ ਤੂਫ਼ਾਨ ਹੁਣ ਕਮਜ਼ੋਰ ਹੋ ਕੇ 70 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਵਾਲੀਆਂ ਹਵਾਵਾਂ ਨਾਲ ਗਰਮ ਖੰਡੀ ਤੂਫ਼ਾਨ ਬਣ ਗਿਆ ਹੈ ਕਿਉਂਕਿ ਇਹ ਜਾਰਜੀਆ ਅਤੇ ਕੈਰੋਲੀਨਾਸ ਨਾਲ ਟਕਰਾ ਰਿਹਾ ਹੈ।

ਨੈਸ਼ਨਲ ਹਰੀਕੇਨ ਸੈਂਟਰ (NHC) ਦੀ ਤਾਜ਼ਾ ਸਲਾਹ ਦੇ ਅਨੁਸਾਰ, ਇਡਾਲੀਆ ਦਾ ਕੇਂਦਰ ਚਾਰਲਸਟਨ ਦੇ ਨੇੜੇ ਸੀ ਅਤੇ ਵੀਰਵਾਰ ਨੂੰ ਅਟਲਾਂਟਿਕ ਪਾਣੀਆਂ ਵਿੱਚ ਵਾਪਸ ਜਾਣ ਦੀ ਉਮੀਦ ਸੀ।

ਜਦੋਂ ਕਿ ਗਵਰਨਰ ਰੌਨ ਡੀਸੈਂਟਿਸ ਨੇ ਬੁੱਧਵਾਰ ਦੁਪਹਿਰ ਨੂੰ ਇੱਕ ਨਿਊਜ਼ ਕਾਨਫਰੰਸ ਦੌਰਾਨ ਮੀਡੀਆ ਨੂੰ ਦੱਸਿਆ ਕਿ ਕਿਸੇ ਵੀ ਮੌਤ ਦੀ ਪੁਸ਼ਟੀ ਨਹੀਂ ਹੋਈ, ਫਲੋਰੀਡਾ ਹਾਈਵੇ ਪੈਟਰੋਲ ਨੇ ਕਿਹਾ ਕਿ ਇਡਾਲੀਆ ਦੇ ਕਾਰਨ ਗੇਨੇਸਵਿਲੇ ਅਤੇ ਪਾਸਕੋ ਕਾਉਂਟੀ ਵਿੱਚ ਵੱਖ-ਵੱਖ ਮੀਂਹ ਨਾਲ ਸਬੰਧਤ ਹਾਦਸਿਆਂ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ। ਇੱਕ ਵਿਅਕਤੀ ਦਾ ਪਿੱਕਅੱਪ ਟਰੱਕ ਬੇਕਾਬੂ ਹੋ ਕੇ ਦਰੱਖਤ ਨਾਲ ਜਾ ਟਕਰਾਇਆ, ਜਦੋਂ ਕਿ ਦੂਜਾ ਵਿਅਕਤੀ ਕੰਟਰੋਲ ਗੁਆ ਬੈਠਾ ਅਤੇ ਆਪਣੇ ਟਰੱਕ ਨਾਲ ਦਰੱਖਤ ਵਿੱਚ ਜਾ ਟਕਰਾਇਆ।

ਡ੍ਰੋਨ ਵੀਡੀ? ਨੇ ਕੀਟਨ ਬੀਚ ਨੇੜੇ ਤੂਫਾਨ ਇਡਾਲੀਆ ਲੈਂਡਫਾਲ ਤੋਂ ਨੁਕਸਾਨ, ਹੜ੍ਹ ਦਾ ਖੁਲਾਸਾ ਕੀਤਾ125 ਸਾਲਾਂ ਵਿੱਚ ਬਿਗ ਬੈਂਡ ਖੇਤਰ - ਖਾਸ ਤੌਰ ‘ਤੇ ਸੀਡਰ ਨੂੰ ਮਾਰਨ ਵਾਲਾ ਸਭ ਤੋਂ ਸ਼ਕਤੀਸ਼ਾਲੀ ਤੂਫਾਨ ਸੀ, ਜੋ ਕਿ 1896 ਦੇ ਇੱਕ ਤੂਫਾਨ ਵਾਂਗ ਸੀ।

ਗਵਰਨਰ ਨੇ ਕਿਹਾ ਕਿ ਤੂਫਾਨ ਦੇ ਰਸਤੇ ਦੇ ਕਾਰਨ ਹਰੀਕੇਨ ਇਆਨ ਜ਼ਿਆਦਾ ਘਾਤਕ ਸੀ, ਅਤੇ ਜਦੋਂ ਇਡਾਲੀਆ ਦੇ ਤੂਫਾਨ ਦੇ 10 ਤੋਂ 15 ਫੁੱਟ ਦੇ ਵਿਚਕਾਰ ਹੋਣ ਦੀ ਭਵਿੱਖਬਾਣੀ ਕੀਤੀ ਗਈ ਸੀ ਤਾਂ ਲੋਕਾਂ ਨੂੰ ਬਾਹਰ ਕੱਢਿਆ ਗਿਆ ਸੀ।

ਜਿਵੇਂ ਹੀ ਉਹ ਤੂਫਾਨ ਆਇਆ, ਟਕਰਾਉਣ ਤੋਂ ਇੱਕ ਘੰਟੇ ਦੇ ਅੰਦਰ, ਸਥਾਨਕ ਤੌਰ ‘ਤੇ 911 ਲੋਕਾਂ ਨੂੰ ਉਨ੍ਹਾਂ ਦੇ ਘਰ ਵਿੱਚ ਸ਼ਾਬਦਿਕ ਤੌਰ ‘ਤੇ ਡੁੱਬਣ ਵਾਲੇ ਲੋਕਾਂ ਦੀਆਂ ਕਾਲੀਆਂ ਫੋਨ ਕਾਲਾਂ ਆਈਆਂ, ਬਹੁਤ ਸਾਰੇ ਲੋਕਾਂ ਨੇ ਸੱਚਮੁੱਚ ਉਹਨਾਂ ਚੇਤਾਵਨੀਆਂ ਵੱਲ ਧਿਆਨ ਦਿੱਤਾ ਜੋ ਉਹਨਾਂ ਦੇ ਸਥਾਨਕ ਅਧਿਕਾਰੀਆਂ ਨੇ ਜਾਰੀ ਕੀਤੀਆਂ ਕਿਉਂਕਿ, ਤੁਸੀਂ ਜਾਣਦੇ ਹੋ, ਤੁਸੀਂ ਤੂਫਾਨ ਤੋਂ ਛੁਪ ਨਹੀਂ ਸਕਦੇ ਅਤੇ ਬਚ ਨਹੀ ਸਕਦੇ ਹੋ।

ਰਾਸ਼ਟਰਪਤੀ ਜੋ ਬਿਡੇਨ ਨੇ ਕਿਹਾ ਕਿ ਉਸਨੇ ਬੁੱਧਵਾਰ ਸਵੇਰੇ ਇਡਾਲੀਆ ਦੇ ਰਥ ਦਾ ਸਾਹਮਣਾ ਕਰ ਰਹੇ ਸਾਰੇ ਰਾਜਾਂ ਦੇ ਰਾਜਪਾਲਾਂ ਨਾਲ ਗੱਲ ਕੀਤੀ। ਬਿਡੇਨ ਦੇ ਅਨੁਸਾਰ, ਫੇਮਾ ਦੇ ਨਿਰਦੇਸ਼ਕ ਡੀਨ ਕ੍ਰਿਸਵੈਲ ਫੈਡਰਲ ਆਫ਼ਤ ਪ੍ਰਤੀਕ੍ਰਿਆ ਦਾ ਨਿਰਦੇਸ਼ਨ ਕਰਨ ਲਈ ਫਲੋਰਿਡਾ ਜਾ ਰਹੇ ਹਨ।

ਬਿਡੇਨ ਨੇ ਪੱਤਰਕਾਰਾਂ ਨੂੰ ਕਿਹਾ, “ਮੈਨੂੰ ਨਹੀਂ ਲਗਦਾ ਕਿ ਕੋਈ ਵੀ ਹੁਣ ਜਲਵਾਯੂ ਸੰਕਟ ਦੇ ਪ੍ਰਭਾਵ ਤੋਂ ਇਨਕਾਰ ਕਰ ਸਕਦਾ ਹੈ। ਅਤਿਅੰਤ ਗਰਮੀ, ਮਹੱਤਵਪੂਰਨ ਜੰਗਲੀ ਅੱਗਾਂ ਨੇ ਇੰਨਾ ਵੱਡਾ ਨੁਕਸਾਨ ਕੀਤਾ ਹੈ ਜਿਵੇਂ ਅਸੀਂ ਪਹਿਲਾਂ ਕਦੇ ਨਹੀਂ ਦੇਖਿਆ, ਨਾ ਸਿਰਫ਼ ਪੂਰੇ ਹਵਾਈ ਟਾਪੂਆਂ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ, ਸਗੋਂ ਕੈਨੇਡਾ ਅਤੇ ਦੁਨੀਆ ਦੇ ਹੋਰ ਹਿੱਸਿਆਂ ਵਿੱਚ। ਇੰਨੀ ਅੱਗ ਅਸੀਂ ਕਦੇ ਨਹੀਂ ਦੇਖੀ।” ਫਲੋਰੀਡਾ ਦੇ ਖਾੜੀ ਤੱਟ ਨੂੰ ਤੂਫਾਨ ਅਤੇ ਅਤਿਅੰਤ ਹਵਾਵਾਂ ਵਲੋਨ ਆਮਦ ਦੇਣ ਤੋਂ ਬਾਅਦ, ਇਡਾਲੀਆ ਅੰਦਰ ਵੱਲ ਵਧਿਆ, ਜਿਸ ਨਾਲ ਬਿਗ ਬੈਂਡ ਦੇ ਉੱਤਰ ਵੱਲ ਚਾਰ ਕਾਉਂਟੀਆਂ ਲਈ ਦੁਰਲੱਭ ਅਤਿਅੰਤ ਹਵਾ ਦੀਆਂ ਚੇਤਾਵਨੀਆਂ ਸ਼ੁਰੂ ਹੋ ਗਈਆਂ, ਜਿਸ ਵਿੱਚ ਅੰਤਰਰਾਜੀ 10 ਦਾ ਇੱਕ ਹਿੱਸਾ ਵੀ ਸ਼ਾਮਲ ਹੈ। ਇਸ ਲੋਕਾਂ ਦਾ ਬਹੁਤ ਜਿਆਦਾ ਮਾਲੀ ਨੁਕਸਾਨ ਹੋਇਆ।













(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

# ਕੌਮੀ ਖੇਡ ਦਿਵਸ: ਠਾਕੁਰ ਵੱਲੋਂ ਖਿਡਾਰੀਆਂ ਦੇ ਪ੍ਰਦਰਸ਼ਨ ਦੀ ਸ਼ਲਾਘਾ

ਨਵੀਂ ਦਿੱਲੀ : ਖੇਡ ਮੰਤਰੀ ਅਨੁਰਾਗ ਠਾਕੁਰ ਨੇ ਅੱਜ ਕੌਮੀ ਖੇਡ ਦਿਵਸ ਮੌਕੇ ਹਾਲ ਹੀ 'ਚ ਆਲਮੀ ਪੱਧਰ 'ਤੇ ਕੀਤੇ ਪ੍ਰਦਰਸ਼ਨ ਲਈ ਭਾਰਤੀ ਖਿਡਾਰੀਆਂ ਦੀ ਸ਼ਲਾਘਾ ਕੀਤੀ ਹੈ। ਪ੍ਰਸਿੱਧ ਹਾਕੀ ਖਿਡਾਰੀ ਮੇਜਰ ਧਿਆਨ ਚੰਦ ਦੀ ਜਨਮ ਵਰ੍ਹੇਗੰਢ ਮੌਕੇ ਹਰ ਸਾਲ 29 ਅਗਸਤ ਨੂੰ ਕੌਮੀ ਖੇਡ ਦਿਵਸ ਮਨਾਇਆ ਜਾਂਦਾ। ਉਹ ਓਲੰਪਿਕਸ 'ਚ ਤਿੰਨ ਵਾਰ ਸੋਨ ਤਗ਼ਮਾ ਜਿੱਤਣ ਵਾਲੀ ਭਾਰਤੀ ਟੀਮ ਦੇ ਮੈਂਬਰ ਸਨ। ਇ?ਸ ਮੌਕੇ ਕੰਮਕਾਜ ਨੂੰ ਸੁਖਾਲਾ ਬਣਾਉਣ ਅਤੇ ਬੇਹਤਰ ਸੰਚਾਲਨ ਲਈ ਨੈਸ਼ਨਲ ਸਪੋਰਟਸ ਫੈਡਰੇਸ਼ਨਸ (ਐੱਨਐੱਸਐੱਫ) ਪੋਰਟਲ ਵੀ ਸ਼ੁਰੂ ਕੀਤਾ ਗਿਆ। ਇਹ ਇੱਕ ਏਕੀਕਰਨ ਆਨਲਾਈਨ ਪੋਰਟਲ ਹੈ ਜਿਹੜਾ ਕੌਮੀ ਖੇਡ ਫੈਡਰੇਸ਼ਨਾਂ ਵਿੱਚ



ਸਾਲਾਨਾ ਨਵੀਨੀਕਰਨ ਅਤੇ ਚੋਣ ਪ੍ਰਕਿਰਿਆ ਲਈ ਇੱਕ ਸਥਾਨ (ਸਿੰਗਲ ਵਿੰਡੋ) ਹੋਵੇਗਾ। ਕੌਮੀ ਖੇਡ ਦਿਵਸ ਮੌਕੇ ਜਵਾਹਰਲਾਲ ਨਹਿਰੂ ਸਟੇਡੀਅਮ 'ਚ ਸਮਾਗਮ ਮੌਕੇ ਕਈ ਖਿਡਾਰੀ ਹਾਜ਼ਰ ਸਨ। ਠਾਕੁਰ ਨੇ ਕਿਹਾ, "ਭਾਰਤੀ ਖੇਡਾਂ ਲਈ ਇਹ ਬਹੁਤ ਅਹਿਮ ਗੇੜ ਹੈ। ਪਿਛਲੇ 60 ਸਾਲਾਂ 'ਚ ਵਿਸ਼ਵ ਯੂਨੀਵਰਸਿਟੀ ਖੇਡਾਂ 'ਚ ਸਿਰਫ 18 ਤਗ਼ਮੇ ਮਿਲੇ। ਇਸ ਸਾਲ (ਚੀਨ ਦੇ ਚੇਂਗਦੂ) ਵਿੱਚ ਹੀ ਅਸੀਂ 26 ਤਗ਼ਮੇ ਜਿੱਤੇ।" ਉਨ੍ਹਾਂ ਕਿਹਾ, "ਇੰਨਾ ਹੀ ਨਹੀਂ, ਸਾਰੀਆਂ ਖੇਡਾਂ, ਭਾਵੇਂ ਉਸ ਸ਼ਤਰੰਜ 'ਚ ਆਰ. ਪ੍ਰਗਨਾਨੰਦਾ ਹੋਵੇ ਤੋਂ ਲੈ ਕੇ ਕੁਸ਼ਤੀ 'ਚ ਅੰਤਿਮ ਪੰਘਾਲ ਅਤੇ ਤੀਰਅੰਦਾਜ਼ੀ 'ਚ ਅਦਿਤੀ ਗੋਪੀਚੰਦ ਸਵਾਮੀ ਹੋਵੇ, ਸਾਨੂੰ ਬਹੁਤ ਵਧੀਆ ਨਤੀਜੇ ਮਿਲ ਰਹੇ ਹਨ।" ਸਮਾਗਮ ਮੌਕੇ ਸਟੇਡੀਅਮ 'ਚ ਮਹਿਲਾ ਮੁੱਕੇਬਾਜ਼ ਐੱਮ.ਸੀ. ਮੇਰੀਕੋਮ, ਸਾਬਕਾ ਅਥਲੀਟ ਅੰਜੂ ਬੌਬੀ ਜੌਰਜ ਅਤੇ ਹਾਲੀਆ ਵਿਸ਼ਵ ਚੈਂਪੀਅਨਸ਼ਿਪ 'ਚ ਪੰਜਵੇਂ ਸਥਾਨ 'ਤੇ ਭਾਰਤੀ ਪੁਰਸ਼ 4×400 ਰਿਲੇਅ ਟੀਮ ਦੇ ਮੈਂਬਰ ਹਾਜ਼ਰ ਸਨ।

## 80 ਫ਼ੀਸਦੀ ਭਾਰਤੀਆਂ ਲਈ ਨਰਿੰਦਰ ਮੋਦੀ ਸਭ ਤੋਂ ਵਧੀਆ ਪ੍ਰਧਾਨ ਮੰਤਰੀ

ਵਾਸ਼ਿੰਗਟਨ : ਪੀ. ਯੂ. ਰਿਸਰਚ ਸੈਂਟਰ ਦੇ ਇਕ ਸਰਵੇਖਣ ਅਨੁਸਾਰ ਤਕਰੀਬਨ 80 ਫ਼ੀਸਦੀ ਭਾਰਤੀਆਂ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪ੍ਰਤੀ ਢੁਕਵੀਂ ਰਾਏ ਹੈ।



ਉਨ੍ਹਾਂ ਮੁਤਾਬਕ ਉਹ ਸਭ ਚੋਂ ਵਧੀਆ ਪ੍ਰਧਾਨ ਮੰਤਰੀ ਹਨ। 10 ਵਿਚੋਂ 7 ਭਾਰਤੀਆਂ ਦਾ ਮੰਨਣਾ ਹੈ ਕਿ ਉਨ੍ਹਾਂ ਦਾ ਦੇਸ਼ ਹਾਲ ਦੇ ਸਮੇਂ ਵਿਚ ਜ਼ਿਆਦਾ ਪ੍ਰਭਾਵਸ਼ਾਲੀ ਹੋਇਆ ਹੈ। ਜੀ-20 ਸੰਮੇਲਨ ਤੋਂ ਪਹਿਲਾਂ ਜਾਰੀ ਕੀਤੇ ਗਏ ਸਰਵੇਖਣ 'ਚ ਕਿਹਾ ਗਿਆ ਹੈ ਕਿ ਦੁਨੀਆ 'ਚ ਭਾਰਤ ਪ੍ਰਤੀ ਲੋਕਾਂ ਦੀ ਰਾਏ ਆਮ ਤੌਰ 'ਤੇ ਸਕਾਰਾਤਮਕ ਹੈ ।ਔਸਤ 46 ਫੀਸਦੀ ਲੋਕਾਂ ਨੇ ਦੇਸ਼ ਸਬੰਧੀ ਢੁਕਵੀਂ ਰਾਏ ਪ੍ਰਗਟ ਕੀਤੀ ਹੈ, ਜਦਕਿ 34 ਫੀਸਦੀ ਲੋਕਾਂ ਦੀ ਰਾਏ ਉਲਟ ਹੈ। 16 ਫੀਸਦੀ ਲੋਕਾਂ ਨੇ ਕੋਈ ਰਾਏ ਨਹੀਂ ਦਿੱਤੀ।
ਰਿਪੋਰਟ ਅਨੁਸਾਰ ਇਜ਼ਰਾਈਲ ਦੀ ਭਾਰਤ ਬਾਰੇ ਵਧੇਰੇ ਸਕਾਰਾਤਮਕ ਰਾਏ ਹੈ, ਜਿੱਥੇ 71 ਫੀਸਦੀ ਲੋਕਾਂ ਨੇ ਕਿਹਾ ਕਿ ਉਹ ਭਾਰਤ ਬਾਰੇ ਚੰਗੀ ਰਾਏ ਰੱਖਦੇ ਹਨ। ਤਕਰੀਬਨ ਅੱਧੇ ਭਾਰਤੀਆਂ ਭਾਵ 49 ਫ਼ੀਸਦੀ ਦਾ ਮੰਨਣਾ ਹੈ ਕਿ ਪਿਛਲੇ ਸਾਲਾਂ ਦੌਰਾਨ ਅਮਰੀਕਾ ਦਾ ਪ੍ਰਭਾਵ ਵਧਿਆ ਹੈ ਅਤੇ 41 ਫ਼ੀਸਦੀ ਰੂਸ ਬਾਰੇ ਵੀ ਇਹੀ ਕਹਿੰਦੇ ਹਨ। ਚੀਨ ਦੇ ਪ੍ਰਭਾਵ ਨੂੰ ਲੈ ਕੇ ਭਾਰਤੀਆਂ ਦੀ ਮਿਲੀ-ਜੁਲੀ ਰਾਏ ਹੈ। ਪੀ.ਯੂ. ਨੇ ਕਿਹਾ ਕਿ ਇਹ ਸਰਵੇਖਣ 20 ਫਰਵਰੀ ਤੋਂ 22 ਮਈ ਤੱਕ ਕਰਵਾਇਆ ਗਿਆ ਸੀ । ਇਸ ਵਿੱਚ ਭਾਰਤ ਸਮੇਤ 24 ਦੇਸ਼ਾਂ ਦੇ 30,861 ਬਾਲਗ ਲੋਕ ਸ਼ਾਮਲ ਸਨ। ਇਸ ਵਿੱਚ ਪ੍ਰਧਾਨ ਮੰਤਰੀ ਮੋਦੀ ਬਾਰੇ ਵਿਸ਼ਵ ਪੱਧਰੀ ਰਾਏ ਅਤੇ ਦੂਜੇ ਦੇਸ਼ਾਂ ਬਾਰੇ ਭਾਰਤੀਆਂ ਦੀ ਰਾਏ ਲਈ ਗਈ।

## ਜਨਰਲ ਐਚ ਐਸ ਸਾਹੀ ਨੇ ਰੈੱਡ ਸ਼ੀਲਡ ਡਵੀਜ਼ਨ ਦਾ ਕੀਤਾ ਦੌਰਾ




ਮਨੀਪੁਰ : 3 ਕੋਰ ਦੇ ਜਨਰਲ ਅਫਸਰ ਕਮਾਂਡਿੰਗ ਲੈਫਟੀਨੈਂਟ ਜਨਰਲ ਐਚਐਸ ਸਾਹੀ ਨੇ ਰੈੱਡ ਸ਼ੀਲਡ ਡਿਵੀਜ਼ਨ ਦੇ ਦੌਰੇ ਦੌਰਾਨ ਸੰਚਾਲਨ ਤਿਆਰੀ ਦੀ ਸਮੀਖਿਆ ਕੀਤੀ।

## 'ਇਹ ਹੈ ਭਾਰਤ ਦੇਸ਼ ਹਮਾਰਾ': 'ਬੇਟੀਆਂ, ਭੈਣਾਂ, ਮਾਵਾਂ 'ਤੇ ਹਿੰਸਾ ਅਤੇ ਸੈਕਸ ਸ਼ੋਸ਼ਣ'



ਅੱਜ ਅਸੀਂ ਆਪਣੇ ਉੱਚ ਸੰਸਕਾਰਾਂ, ਮਾਨਤਾਵਾਂ ਅਤੇ ਮਰਿਆਦਾਵਾਂ ਤੋਂ ਦੂਰ ਹੁੰਦੇ ਜਾ ਰਹੇ ਹਾਂ ਅਤੇ ਕੁਝ ਲੋਕ ਆਪਣੀਆਂ ਸ਼ਰਮਨਾਕ ਕਰਤੂਤਾਂ ਨਾਲ ਮਨੁੱਖਤਾ ਨੂੰ ਸ਼ਰਮਸਾਰ ਕਰ ਰਹੇ ਹਨ। ਇਸ ਦੀਆਂ ਸਿਰਫ 16 ਦਿਨਾਂ ਦੀਆਂ ਉਦਾਹਰਣਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ :

- 28 ਅਗਸਤ ਨੂੰ ਬਟਾਲਾ (ਪੰਜਾਬ) ਦੇ ਕਸਬਾ ਡੇਰਾ ਬਾਬਾ ਨਾਨਕ 'ਚ ਮਾਮੂਲੀ ਤਕਰਾਰ ਨੂੰ ਲੈ ਕੇ ਅਰੁਣ ਕੁਮਾਰ ਨਾਂ ਦੇ ਵਿਅਕਤੀ ਨੇ ਆਪਣੀ ਪਤਨੀ ਰਮਾ ਨੂੰ ਤੇਜ਼ਧਾਰ ਹਥਿਆਰ ਨਾਲ ਵਾਰ ਕਰ ਕੇ ਮਾਰ ਦਿੱਤਾ।
- 27 ਅਗਸਤ ਨੂੰ ਖ਼ੂੰਟੀ (ਝਾਰਖੰਡ) 'ਚ ਸ਼ੰਕਰ ਪੁੰਡਾ ਨਾਂ ਦੇ ਨੌਜਵਾਨ ਨੇ ਕਿਸੇ ਗੱਲ 'ਤੇ ਝਗੜਾ ਹੋਣ 'ਤੇ ਆਪਣੀ ਮਾਂ ਕਿਰਪਾ ਦੇਵੀ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ।
- 27 ਅਗਸਤ ਨੂੰ ਹੀ ਨਾਭਾ (ਪੰਜਾਬ) ਦੇ ਕਰਤਾਰਪੁਰਾ ਮੁਹੱਲੇ 'ਚ ਸੰਜੀਵ ਕੁਮਾਰ ਨਾਂ ਦੇ ਨੌਜਵਾਨ ਨੇ ਆਪਣੀ ਭਾਬੀ ਸੁਨੀਤਾ ਰਾਣੀ ਦੇ ਚਰਿੱਤਰ 'ਤੇ ਸ਼ੱਕ ਕਾਰਨ ਉਸ 'ਤੇ ਚਾਕੂਆਂ ਨਾਲ ਵਾਰ ਕਰਨ ਪਿੱਛੋਂ ਗਲਾ ਘੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ।
- 27 ਅਗਸਤ ਨੂੰ ਹੀ ਮੁਜ਼ੱਫਰਨਗਰ (ਉੱਤਰ ਪ੍ਰਦੇਸ਼) 'ਚ 8 ਮਹੀਨੇ ਦੀ ਗਰਭਵਤੀ 19 ਸਾਲਾ ਲੜਕੀ ਦੀ ਉਸ ਦੇ ਮਾਂ-ਬਾਪ ਨੇ ਗਲਾ ਘੁੱਟ ਕੇ ਇਸ ਲਈ ਹੱਤਿਆ ਕਰ ਦਿੱਤੀ ਕਿਉਂਕਿ ਉਸ ਨੇ ਉਨ੍ਹਾਂ ਦੇ ਕਹੇ ਅਨੁਸਾਰ ਗਵਾਹੀ ਦੇਣ ਤੋਂ ਨਾਂਹ ਕਰ ਦਿੱਤੀ ਸੀ।
- 27 ਅਗਸਤ ਨੂੰ ਹੀ ਸਾਂਬਾ (ਜੰਮੂ-ਕਸ਼ਮੀਰ) 'ਚ ਰਾਜੇਸ਼ ਨਾਂ ਦੇ ਵਿਅਕਤੀ ਨੂੰ ਆਪਣੀ 17 ਸਾਲਾ ਬੇਟੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ।
- 26 ਅਗਸਤ ਨੂੰ ਦਿੱਲੀ ਦੇ ਆਦਰਸ਼ ਨਗਰ 'ਚ ਆਪਸੀ ਝਗੜੇ ਪਿੱਛੋਂ ਸੀ.ਆਰ.ਪੀ.ਐੱਫ ਦੀ ਇਕ ਹੈੱਡ ਕਾਂਸਟੇਬਲ ਦਾ ਉਸ ਦੇ ਪਤੀ ਨੇ ਬੇਹੋਸ਼ ਕਰ ਕੇ ਹੱਥ ਕੱਟ ਦਿੱਤਾ।
- 26 ਅਗਸਤ ਨੂੰ ਹੀ ਸਤਨਾ (ਮੱਧ ਪ੍ਰਦੇਸ਼) ਦੇ ਅਮਰਪਾਟਨ 'ਚ ਇਕ ਨੌਜਵਾਨ ਨੇ ਆਪਣੀ ਮਾਂ ਵੱਲੋਂ ਉਸ ਨੂੰ ਪੈਨਸ਼ਨ ਦੇ ਪੈਸੇ ਦੇਣ ਤੋਂ ਨਾਂਹ ਕਰਨ 'ਤੇ ਉਸ ਨਾਲ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਉਸ ਨੂੰ ਜ਼ਮੀਨ 'ਤੇ ਘੜੀਸਿਆ ਜਿਸ ਨਾਲ ਉਸ ਦੀ ਮੌਤ ਹੋ ਗਈ।
- 25 ਅਗਸਤ ਨੂੰ ਜਲੰਧਰ (ਪੰਜਾਬ) ਦੀ ਇਕ ਅਦਾਲਤ ਨੇ ਆਪਣੀ ਵਿਧਵਾ ਮਾਂ ਨਾਲ ਛੇ?ੜਖਾਨੀ ਕਰਨ ਦੇ ਦੋਸ਼ 'ਚ ਬੇਟੇ ਭੁਪਿੰਦਰ ਸਿੰਘ ਉਰਫ ਢਿੱਲੂ ਨੂੰ ਡੇਢ ਸਾਲ ਕੈਦ ਅਤੇ 10,000 ਰੁਪਏ ਜੁਰਮਾਨੇ ਦੀ ਸਜ਼ਾ ਦਾ ਹੁਕਮ ਸੁਣਾਇਆ।
- 25 ਅਗਸਤ ਨੂੰ ਹੀ ਚੁਰੂ (ਰਾਜਸਥਾਨ) 'ਚ ਇਕ ਹੈਵਾਨ ਪਿਤਾ ਵਿਰੁੱਧ ਆਪਣੀ ਨਾਬਾਲਿਗ ਧੀ ਨਾਲ ਜਬਰ-ਜ਼ਨਾਹ ਕਰ ਕੇ ਉਸ ਨੂੰ ਗਰਭਵਤੀ ਕਰਨ ਅਤੇ ਫਿਰ ਗੋਲੀਆਂ ਖੁਆ ਕੇ ਗਰਭਪਾਤ ਕਰਵਾਉਣ ਦੇ ਦੋਸ਼ 'ਚ ਕੇਸ ਦਰਜ ਕੀਤਾ ਗਿਆ।

ਦੋਸ਼ ਹੈ ਕਿ ਕਲਯੁਗੀ ਪਿਤਾ ਨੇ ਆਪਣੀ ਪਤਨੀ ਦੀ ਮੌਤ ਦੇ 15 ਦਿਨ ਬਾਅਦ ਹੀ ਆਪਣੀ ਸਕੀ ਧੀ ਨਾਲ ਕੁੱਟਮਾਰ ਅਤੇ ਜਬਰ-ਜ਼ਨਾਹ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਵਿਰੋਧ ਕਰਨ 'ਤੇ ਜਾਨ ਤੋਂ ਮਾਰਨ ਦੀ ਧਮਕੀ ਦਿੰਦਾ ਸੀ।

- 24 ਅਗਸਤ ਨੂੰ ਰਾਜਾਸਾਂਸੀ (ਪੰਜਾਬ) ਦੇ ਪਿੰਡ ਬੱਲ ਸਚੰਦਰ 'ਚ 8 ਸਾਲਾ ਬੱਚੇ ਨੂੰ ਉਸ ਦੇ ਨਾਨਾ ਨੇ ਘਰੇਲੂ ਝਗੜੇ ਕਾਰਨ ਨਹਿਰ 'ਚ ਧੱਕਾ ਦੇ ਕੇ ਮਾਰ ਦਿੱਤਾ।
- 24 ਅਗਸਤ ਨੂੰ ਹੀ ਫਿਰੋਜ਼ਪੁਰ (ਪੰਜਾਬ) ਦੇ ਪਿੰਡ ਮੱਲਾਂਵਾਲਾ ਰੋਡ 'ਤੇ ਮੜੀਆਂਵਾਲਾ ਖੂਹ ਦੇ ਨੇੜੇ ਖੇਤ 'ਚ ਪਾਣੀ ਆ ਜਾਣ 'ਤੇ ਗੁੱਸੇ 'ਚ ਆਏ ਭਤੀਜੇ ਨੇ ਪਹਿਲਾਂ ਤਾਂ ਆਪਣੇ ਚਾਚਾ ਨਿਰੰਜਣ ਸਿੰਘ ਨਾਲ ਬਦਸਲੂਕੀ ਕੀਤੀ ਅਤੇ ਫਿਰ ਉਸ ਦੇ ਸਿਰ 'ਤੇ ਕੁਹਾੜੀ ਨਾਲ ਵਾਰ ਕਰ ਦਿੱਤਾ ਜਿਸ ਨਾਲ ਉਸ ਦੀ ਮੌਤ ਹੋ ਗਈ।
- 22 ਅਗਸਤ ਨੂੰ ਊਧਮ ਸਿੰਘ ਨਗਰ (ਉੱਤਰਾਖੰਡ) ਦੇ ਬਾਜਪੁਰ ਖੇਤਰ 'ਚ ਇਕ ਵਿਅਕਤੀ ਨੂੰ ਆਪਣੀ 13 ਸਾਲਾ ਨਾਬਾਲਿਗ ਧੀ ਨਾਲ ਜਬਰ-ਜ਼ਨਾਹ ਕਰ ਕੇ ਉਸ ਨੂੰ ਗਰਭਵਤੀ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ।
- 22 ਅਗਸਤ ਨੂੰ ਹੀ ਖੰਨਾ (ਪੰਜਾਬ) ਦੇ ਪਿੰਡ ਜਲਾਜਣ 'ਚ ਇਕ ਵਿਅਕਤੀ ਨੂੰ ਆਪਣੀ ਨੂੰਹ ਨਾਲ ਅਸ਼ਲੀਲ ਹਰਕਤਾਂ ਕਰ ਕੇ ਉਸ ਨਾਲ ਸਰੀਰਕ ਸਬੰਧ ਬਣਾਉਣ ਲਈ ਦਬਾਅ ਪਾਉਣ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ।
- 22 ਅਗਸਤ ਨੂੰ ਹੀ ਹਿਸਾਰ (ਹਰਿਆਣਾ) ਦੀ ਅਦਾਲਤ ਨੇ ਆਪਣੀ ਨਾਬਾਲਿਗ ਧੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ 'ਚ ਇਕ 50 ਸਾਲਾ ਵਿਅਕਤੀ ਨੂੰ 25 ਸਾਲ ਕੈਦ ਤੋਂ ਇਲਾਵਾ 25 ,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ।
- 22 ਅਗਸਤ ਨੂੰ ਹੀ ਪਾਲਘਰ (ਮਹਾਰਾਸ਼ਟਰ) ਜ਼ਿਲੇ ਦੀ ਵਸਈ ਬਸਤੀ ਦੇ ਪੈਰੋਲ ਇਲਾਕੇ 'ਚ ਇਕ ਨਾਬਾਲਿਗ ਨੇ ਆਪਣੀ ਮਾਂ ਨੂੰ ਮੋਬਾਇਲ ਫੋਨ 'ਤੇ ਕਿਸੇ ਨੂੰ ਮੈਸੇਜ ਕਰਦੇ ਦੇਖ ਉਸ ਦੇ ਚਰਿੱਤਰ 'ਤੇ ਸ਼ੱਕ 'ਚ ਕੁਹਾੜੀ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ।
- 12 ਅਗਸਤ ਨੂੰ ਕਾਨਪੁਰ (ਉਤਰ ਪ੍ਰਦੇਸ਼) 'ਚ ਭਰਾ-ਭੈਣ ਦੇ ਰਿਸ਼ਤੇ ਨੂੰ ਤਾਰ-ਤਾਰ ਕਰਨ ਵਾਲੀ ਇਕ ਘਟਨਾ 'ਚ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਇਕ ਲੜਕੀ ਨੇ ਆਪਣੇ ਭਰਾ 'ਤੇ ਉਸ ਨਾਲ ਵਾਰ-ਵਾਰ ਜਬਰ-ਜ਼ਨਾਹ ਕਰਨ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਉਸ ਦੀ ਮਾਂ ਨੂੰ ਇਸ ਦੀ ਜਾਣਕਾਰੀ ਹੋਣ ਦੇ ਬਾਵਜੂਦ ਮਾਂ ਭਰਾ ਨੂੰ ਅਜਿਹਾ ਕਰਨ ਤੋਂ ਨਹੀਂ ਰੋਕਦੀ ਅਤੇ ਉਲਟਾ ਉਸ ਨੂੰ ਹੀ ਚੁੱਪ ਰਹਿਣ ਲਈ ਕਹਿੰਦੀ ਹੈ।

ਉਕਤ ਘਟਨਾਵਾਂ ਸਬੂਤ ਹਨ ਕਿ ਅੱਜ ਅਸੀਂ ਆਪਣੀਆਂ ਉੱਚ ਕੀਮਤਾਂ ਤੋਂ ਕਿਸ ਤਰ੍ਹਾਂ ਹੇਠਾਂ ਡਿੱਗ ਗਏ ਹਾਂ ਅਤੇ ਰਿਸ਼ਤੇ ਕਿਸ ਤਰ੍ਹਾਂ ਤਾਰ-ਤਾਰ ਕੀਤੇ ਜਾ ਰਹੇ ਹਨ? ਇਸ ਲਈ ਬੁਰਾਈ ਨੂੰ ਰੋਕਣ ਲਈ ਅਜਿਹਾ ਕਰਨ ਵਾਲਿਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।




ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ



ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿੱਠੇ ਅਤੇ ਨਿੱਘੇ ਸੁਭਾਅ ਦੇ ਮਾਲਕ ਪੰਜਾਬੀ ਬੋਲੀ, ਪੰਜਾਬੀ ਕਲਚਰ, ਪੰਜਾਬੀ ਸਭਿਆਚਾਰ ਨੂੰ ਸਮਰਪਿਤ ਸਿੱਖ ਕੌਮ ਦੀ ਅਜ਼ਾਦੀ ਵਾਸਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਵਾਲੇ ਗੁਰਦੁਆਰਾ ਸਾਹਿਬ ਯੂਬਾ ਸਿਟੀ ਦੇ ਸਾਬਕਾ ਪ੍ਰਧਾਨ ਅਤੇ ਅਮਰੀਕਾ ਦੇ ਸੀਨੀਅਰ ਸਿੱਖ ਆਗੂ

## ਸ. ਬਲਰਾਜ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਵੀਰ ਸ. ਮਨਦੀਪ ਸਿੰਘ ਢਿੱਲੋਂ


ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਦਸਾਂ ਪਾਤਸ਼ਾਹੀਆਂ ਦੀ ਜਾਗਦੀ
ਜੋਤ ਧੰਨ ਧੰਨ ਸਾਹਿਬ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ
ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
ਕਮਿਊਨਿਟੀ ਦੇ ਨਿਸ਼ਕਾਮ
ਸੇਵਕ ਅਤੇ ਉਘੇ ਸਿੱਖ ਆਗੂ
ਸ੍ਰ. ਜਗਜੀਤ ਸਿੰਘ ਰੱਕੜ

# ਮੋਰੀਗਾਂਵ ਵਿੱਚ ਭਾਰੀ ਮੀਂਹ




ਮੋਰੀਗਾਓਂ : ਪਿੰਡ ਵਾਸੀ ਆਪਣੇ ਪਸ਼ੂਆਂ ਨਾਲ ਇੱਕ ਕਿਸ਼ਤੀ ਵਿੱਚ ਸਫ਼ਰ ਕਰਦੇ ਹੋਏ ਜਦੋਂ ਉਹ ਮੰਗਲਵਾਰ ਨੂੰ ਮੋਰੀਗਾਓਂ ਦੇ ਸਿਲਦੂਬੀ ਪਿੰਡ ਵਿੱਚ ਭਾਰੀ ਬਾਰਿਸ਼ ਤੋਂ ਬਾਅਦ ਹੜ੍ਹਾਂ ਵਾਲੇ ਖੇਤਰ ਵਿੱਚੋਂ ਲੰਘਦੇ ਹੋਏ।

## ਜਨਰਲ ਮਨੋਜ ਪਾਂਡੇ ਨੇ AHRR ਵਿਖੇ ਨਵੇਂ ਐਕਸੀਡੈਂਟ ਅਤੇ ਐਮਰਜੈਂਸੀ ਵਿਭਾਗ ਦਾ ਉਦਘਾਟਨ ਕੀਤਾ





ਨਵੀਂ ਦਿੱਲੀ : ਫੌਜ ਮੁਖੀ ਜਨਰਲ ਮਨੋਜ ਪਾਂਡੇ ਨੇ ਨਵੀਂ ਦਿੱਲੀ ਦੇ ਆਰਮੀ ਹਸਪਤਾਲ, ਰਿਸਰਚ ਐਂਡ ਰੈਫਰਲ ਵਿਖੇ ਨਵੇਂ ਐਕਸੀਡੈਂਟ ਅਤੇ ਐਮਰਜੈਂਸੀ ਵਿਭਾਗ ਦਾ ਉਦਘਾਟਨ ਕੀਤਾ। ਅਤਿ-ਆਧੁਨਿਕ ਸੁਵਿਧਾ ਇੱਕ ਬਿਹਤਰ ਮਾਹੌਲ ਵਿੱਚ ਪੂਰੀ ਤਰ੍ਹਾਂ ਸਵੈਚਲਿਤ ਨਿਗਰਾਨੀ ਸੁਵਿਧਾਵਾਂ ਦੇ ਨਾਲ ਵਧੀ ਹੋਈ ਮਰੀਜ਼ਾਂ ਦੀ ਦੇਖਭਾਲ ਪ੍ਰਦਾਨ ਕਰੇਗੀ।

## ਚਾਰ ਮਹੀਨੇ ਪਹਿਲੇ ਕੈਨੇਡਾ ਆਏ ਇਕ ਪੰਜਾਬੀ ਨੌਜਵਾਨ ਦੀ ਬਰੈਂਪਟਨ ਦੀ ਰੀਸਾਈਕਲਿੰਗ ਦੀ ਫੈਕਟਰੀ ਵਿੱਚ ਕੰਮ ਕਰਦੇ ਸਮੇਂ ਦਰਦਨਾਇਕ ਮੌਤ

ਬਰੈਂਪਟਨ, ਅਗਸਤ (ਰਾਜ ਗੋਗਨਾ )– ਬੀਤੇ ਦਿਨ ਚਾਰ ਕੁ ਮਹੀਨੇ ਪਹਿਲਾਂ



ਕੈਨੇਡਾ ਵਿੱਚ ਆਏ, ਇਕ ਪੰਜਾਬੀ ਨੌਜਵਾਨ ਦੀ ਓਨਟਾਰੀਓ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਖੇਂ ਫੈਕਟਰੀ ਵਿੱਚ ਕੰਮ ਕਰਦੇ ਸਮੇਂ ਦਰਦਨਾਇਕ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਹਿਚਾਣ ਸਾਹਿਲਪ੍ਰੀਤ ਸਿੰਘ ਥਿੰਦ ਦੇ ਵਜੋਂ ਹੋਈ ਹੈ।ਜੋ ਫੈਕਟਰੀ ਵਿੱਚ ਆਮ ਮਜ਼ਦੂਰ ਦੀ ਤਰਾਂ ਕੰਮ ਕਰ ਰਿਹਾ ਸੀ। ਜਦੋਂ ਫੈਕਟਰੀ ਦੀ ਮਸ਼ੀਨ ਤੇ ਉਹ ਕੰਮ ਕਰ ਰਿਹਾ ਸੀ ਕੰਮ ਕਰਦੇ ਸਮੇਂ ਮਸ਼ੀਨ ਦੀ ਕਨਵੇਅਰ ਬੈਲਟ ਲੱਗ ਗਈ ਅਤੇ ਕਿਸ ਤਰ੍ਹਾ ਉਸ ਦਾ ਹੱਥ ਵਿੱਚ ਫਸ ਗਿਆ ਅਤੇ ਮਸ਼ੀਨ ਨੇ ਉਸ ਦਾ ਪੂਰਾ ਸਰੀਰ ਖਿੱਚ ਲਿਆ ਅਤੇ ਉਸ ਦੀ ਮੌਕੇ ਤੇ ਹੀ ਉੱਥੇ ਮੌਤ ਹੋ ਗਈ ਮ੍ਰਿਤਕ ਮਾਪਿਆ ਦਾ ਇਕਲੌਤਾ ਪੁੱਤਰ ਅਤੇ ਇੱਕ ਭੈਣ ਦਾ ਭਰਾ ਸੀ। ਸਾਹਿਲਪ੍ਰੀਤ ਦੀ ਮ੍ਰਿਤਕ ਦੇਂਹ ਨੂੰ ਭਾਰਤ ਲਿਜਾਣ ਅਤੇ ਅੰਤਿਮ ਸੰਸਕਾਰ ਕਰਨ ਲਈ ਸਹਾਇਤਾ ਲਈ ਇਕ ਫੰਡਰੇਜ਼ਰ ਵੀ ਬਣਾਇਆ ਗਿਆ ਹੈ।ਇਹ ਹਾਦਸਾ ਬੀਤੇ ਦਿਨ ਸੋਮਵਾਰ ਨੂੰ 7:30 ਵਜੇ ਸਵੇਰੇ ਓਰੇਂਡਾ ਅਤੇ ਡਿਕਸੀ ਦੇ ਖੇਤਰ ਵਿੱਚ ਸਥਿੱਤ ਫੈਕਟਰੀ ਵਿੱਚ ਵਾਪਰਿਆ।

## ਕਿਥੇ ਹੈ ਯੂਨਾਈਟਡ ਨੇਸ਼ਨ ?


ਕੱਟੜ ਖੂੰਖਾਰ ਬੇਦਰਦ ਔਰਤਾ ਦੇ ਦੁਸ਼ਮਣ ਤਾਲਿਬਾਨਾ ਦੀ ਹਕੂਮਤ ਤੋਂ ਭੱਜਣ ਵਾਲੀ ਮਰੀਅਮ ਸਾਦਤ ਨਾਂ ਦੀ 21 ਸਾਲਾ ਲੜਕੀ, ਜੋ ਕਿ ਇਸਲਾਮਾਬਾਦ, ਪਾਕਿਸਤਾਨ ਵਿਚ ਇਕ ਸਾਲ ਤੋਂ ਨਿਰਾਸ਼ਾ ਦੇ ਆਲਮ ਵਿਚ ਲੁੱਕਕੇ ਰਹਿ ਰਹੀ ਸੀ, ਇਸ ਬਦਨਸੀਬ ਨੌਜਵਾਨ ਕੁੜੀ ਮਰੀਅਮ ਸਾਦਤ ਨੇ ਅੱਜ ਇਸਲਾਮਾਬਾਦ ਦੇ ਬੀ 17 ਖੇਤਰ ਵਿਚ ਇਕ ਇਮਾਰਤ ਦੀ 5ਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਮਰੀਅਮ ਦੇ ਬਜ਼ੁਰਗ ਪਿਤਾ ਦਾ ਕਹਿਣਾ ਹੈ ਕਿ ਅਫਗਾਨਿਸਤਾਨ ਤੋਂ ਭੱਜਣ ਤੋਂ ਬਾਅਦ ਉਹ ਗੰਭੀਰ ਆਰਥਿਕ ਮੁਸ਼ਕਲਾਂ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਨਾਲ ਜੂਝ ਰਹੀ ਸੀ। UNHCR ਦੇ ਅਨੁਸਾਰ, ਤਾਲਿਬਾਨ ਦੇ ਕਾਰਨ ਪਿਛਲੇ ਦੋ ਸਾਲਾਂ ਵਿੱਚ ਲੜਕੀਆਂ ਅਤੇ ਔਰਤਾਂ ਸਮੇਤ ਲਗਭਗ 20 ਲੱਖ ਲੋਕ ਅਫਗਾਨਿਸਤਾਨ ਤੋਂ ਭੱਜ ਗਏ ਹਨ, ਅਤੇ ਇਰਾਨ ਅਤੇ ਪਾਕਿਸਤਾਨ ਵਰਗੇ ਗੁਆਂਢੀ ਦੇਸ਼ਾਂ ਵਿੱਚ ਸ਼ਰਨ




ਲਈ ਹੈ। ਹਾਲਾਂਕਿ, ਇਹਨਾਂ ਦੇਸ਼ਾਂ ਦੇ ਸਖਤ ਨਿਯਮਾਂ ਦੇ ਨਾਲ-ਨਾਲ ਜ਼ਬਰਦਸਤੀ ਦੇਸ਼ ਨਿਕਾਲੇ ਨੇ ਲੱਖਾਂ ਲੋਕਾਂ ਨੂੰ ਅਣਮਨੁੱਖੀ ਤਾਲੀਬਾਨ ਦੇ ਅੱਤਿਆਚਾਰ ਸਹਿਣ ਲਈ ਛੱਡ ਦਿੱਤਾ ਹੈ।

## ਭ੍ਰਿਸ਼ਟਾਚਾਰ ਮਾਮਲਾ: ਕਰਮਚਾਰੀਆਂ ਨੂੰ ਤਾੜਨਾ ਤੇ ਮੰਤਰੀਆਂ ਨੂੰ ਥਾਪੜਾ: ਜਾਖੜ

ਚੰਡੀਗੜ੍ਹ : ਪੰਜਾਬ ਦੀ ਭਾਜਪਾ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ਨੇ ਭ੍ਰਿਸ਼ਟਾਚਾਰ ਦੇ ਮੁੱਦੇ ’ਤੇ ਆਮ ਆਦਮੀ ਪਾਰਟੀ ਸਰਕਾਰ ’ਤੇ ਦੋਹਰੇ ਮਾਪਦੰਡ ਅਪਣਾਉਣ ਦਾ ਦੋਸ਼ ਲਗਾਉਂਦਿਆਂ ਕਿਹਾ ਹੈ ਕਿ ਸਰਕਾਰ ਦਾ ਆਪਣੇ ਕਰਮਚਾਰੀਆਂ ਅਤੇ ਮੰਤਰੀਆਂ ਪ੍ਰਤੀ ਵੱਖੋ-ਵੱਖ ਰਵੱਈਆ ਇਸ ਸਰਕਾਰ ਦੇ ਵਿਹਾਰ ਵਿਚ ਫਰਕ ਦਾ ਪ੍ਰਤਖ ਪ੍ਰਮਾਣ ਹੈ। ਸ੍ਰੀ ਜਾਖੜ ਨੇ ਕਿਹਾ ਕਿ ਜੇਕਰ ਕਿਸੇ ਕਰਮਚਾਰੀ ਨੇ ਗਲਤ ਕੀਤਾ ਹੈ ਤਾਂ ਉਸ ਦੇ ਖ਼ਿਲਾਫ਼ ਬੇਸ਼ੱਕ ਕਾਰਵਾਈ ਹੋਵੇ, ਪਰ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣੀ ਕੈਬਨਿਟ ਵਿਚ ਨਾਲ ਦੀਆਂ ਕੁਰਸੀਆਂ ’ਤੇ ਬੈਠੇ ਉਹ ਮੰਤਰੀ ਵਿਖਾਈ ਨਹੀਂ ਦਿੰਦੇ, ਜਿਨ੍ਹਾਂ ਦੀ ਪੁਸ਼ਤਪਨਾਹੀ ਹੇਠ ਪਠਾਨਕੋਟ ਵਿਚ ਕਰੋੜਾਂ ਦੀ ਜ਼ਮੀਨ



ਦਾ ਕਥਿਤ ਘਪਲਾ ਹੋ ਗਿਆ? ਭਾਜਪਾ ਪ੍ਰਧਾਨ ਨੇ ਸਵਾਲ ਕੀਤਾ ਕਿ ਕੀ ਉੱਚ ਪੱਧਰੀ ਦਿਸ਼ਾ ਨਿਰਦੇਸ਼ਾਂ ਬਿਨਾਂ ਸੰਭਵ ਹੈ ਕਿ ਇਕ ਬੀਡੀਪੀਓ ਨੂੰ ਇਕ ਹਫ਼ਤੇ ਵਿਚ ਹੀ ਏਡੀਸੀ ਬਣਾ ਦਿੱਤਾ ਜਾਵੇ ਅਤੇ ਫਿਰ ਉਹ ਕਰੋੜਾਂ ਦੀ ਜ਼ਮੀਨ ਦਾ ਗਬਨ ਕਰ ਜਾਵੇ!

# ਮੇਜਰ ਧਿਆਨ ਚੰਦ ਦੀ ਜਯੰਤੀ ਸਮਾਰੋਹ ਵਿੱਚ ਯੋਗੀ ਆਦਿਤਿਆਨਾਥ ਹੋਏ ਸ਼ਾਮਲ










ਝਾਂਸੀ : ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਝਾਂਸੀ ਵਿੱਚ 'ਰਾਸ਼ਟਰੀ ਖੇਡ ਦਿਵਸ' ਵਜੋਂ ਮਨਾਏ ਜਾਣ ਵਾਲੇ ਉਨ੍ਹਾਂ ਦੇ ਜਨਮਦਿਨ 'ਤੇ ਹਾਕੀ ਦੇ ਮਹਾਨ ਖਿਡਾਰੀ ਮੇਜਰ ਧਿਆਨ ਚੰਦ ਦੀ ਤਸਵੀਰ ਨਾਲ ਤਸਵੀਰ ਖਿਚਵਾਈ।

ਯੂਪੀ ਦੇ ਮੁੱਖ ਮੰਤਰੀ ਨੇ ਓਲੰਪਿਕ ਹਾਕੀ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਅਤੇ ਇੱਕ ਹਾਕੀ ਮੈਚ ਦਾ ਉਦਘਾਟਨ ਕੀਤਾ ਜਦੋਂ ਉਸਨੇ ਝਾਂਸੀ ਵਿੱਚ 2,009 ਕਰੋੜ ਰੁਪਏ ਦੇ 100 ਤੋਂ ਵੱਧ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਨੇ ਮੇਜਰ ਧਿਆਨ ਚੰਦ ਦੀ ਮੂਰਤੀ ਦਾ ਉਦਘਾਟਨ ਵੀ ਕੀਤਾ ਅਤੇ ਹਾਕੀ ਦੇ ਮਹਾਨ ਹਾਕੀ ਮਿਊਜ਼ੀਅਮ ਦਾ ਉਦਘਾਟਨ ਕੀਤਾ ਅਤੇ ਉਸ ਦਾ ਨਿਰੀਖਣ ਕੀਤਾ।

ਉਨ੍ਹਾਂ ਮੇਜਰ ਧਿਆਨ ਚੰਦ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਸਲਾਮ ਕਰਦੇ ਹੋਏ ਕਿਹਾ ਕਿ 1928, 1932 ਅਤੇ 1936 'ਚ ਤਿੰਨ ਸੋਨ ਤਗਮੇ ਜਿੱਤਣ ਵਾਲਾ ਹਾਕੀ ਦਾ ਇਹ ਮਹਾਨ ਜਾਦੂਗਰ ਨਾ ਸਿਰਫ ਇਕ ਸ਼ਾਨਦਾਰ ਖਿਡਾਰੀ ਸੀ, ਸਗੋਂ ਭਾਰਤ ਮਾਤਾ ਲਈ ਅਥਾਹ ਸਤਿਕਾਰ ਵੀ ਰੱਖਦਾ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦਾ ਸਰਵਉੱਚ ਖੇਡ ਪੁਰਸਕਾਰ ਮੇਜਰ ਧਿਆਨ ਚੰਦ ਜੀ ਨੂੰ ਸਮਰਪਿਤ ਕੀਤਾ ਹੈ। ਉੱਤਰ ਪ੍ਰਦੇਸ਼ ਸਰਕਾਰ ਉਨ੍ਹਾਂ ਦੇ ਨਾਂ 'ਤੇ ਮੇਰਠ ਵਿੱਚ ਰਾਜ ਦੀ ਪਹਿਲੀ ਖੇਡ ਯੂਨੀਵਰਸਿਟੀ ਦੀ ਸਥਾਪਨਾ ਕਰ ਰਹੀ ਹੈ।

ਯੋਗੀ ਨੇ ਕਿਹਾ ਕਿ ਸਰਕਾਰ ਨੇ ਇਸ ਯੋਜਨਾ ਦੇ ਤਹਿਤ 8,000 ਕਰੋੜ ਰੁਪਏ ਦੇ 6,000 ਕਰੋੜ ਰੁਪਏ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਮੇਰਠ ਵਿੱਚ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਤੋਂ ਬਾਅਦ ਪਹਿਲੀ ਖੇਡ ਯੂਨੀਵਰਸਿਟੀ ਦੀ ਸਥਾਪਨਾ ਕਰ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦੀ ਸਰਕਾਰ ਏਕਲਵਯ ਖੇਡ ਫੰਡ ਅਤੇ ਖਿਡਾਰੀਆਂ ਨੂੰ ਦਿੱਤੇ ਜਾਣ ਵਾਲੇ ਵਜ਼ੀਫ਼?ਆਂ ਰਾਹੀਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ।

# ਯੂਪੀ ਜਲਦੀ ਹੀ ਭਾਰਤ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ: ਯੋਗੀ ਆਦਿਤਿਆਨਾਥ








ਲਖਨਊ : ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਕਿਹਾ ਹੈ ਕਿ ਉਨ੍ਹਾਂ ਦਾ ਰਾਜ ਸਾਰੇ ਰਾਜਾਂ ਵਿੱਚੋਂ ਭਾਰਤ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦੀ ਚਾਲ 'ਤੇ ਹੈ।

ਲਖਨਊ ਵਿੱਚ ਉਦਯੋਗਿਕ ਸੰਸਥਾ ਫਿੱਕੀ ਦੀ ਰਾਸ਼ਟਰੀ ਕਾਰਜਕਾਰੀ ਕਮੇਟੀ ਦੀ ਮੀਟਿੰਗ (ਐਨਈਸੀਐਮ) ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਉਦਯੋਗੀਕਰਨ ਵੱਲ ਉੱਤਰ ਪ੍ਰਦੇਸ਼ ਦੀ ਅਭਿਲਾਸ਼ੀ ਯਾਤਰਾ 'ਤੇ ਜ਼ੋਰ ਦਿੱਤਾ। ਉੱਤਰ ਪ੍ਰਦੇਸ਼ ਸਿਰਫ਼ ਤਰੱਕੀ ਹੀ ਨਹੀਂ ਕਰ ਰਿਹਾ; ਫਿੱਕੀ ਦੀ ਇੱਕ ਰੀਲੀਜ਼ ਦੇ ਅਨੁਸਾਰ, ਯੋਗੀ ਆਦਿਤਿਆਨਾਥ ਨੇ ਕਿਹਾ ਕਿ ਇਹ ਮਾਲੀਆ-ਸਰਪਲੱਸ ਰਾਜ ਬਣਨ ਲਈ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਉਸਨੇ ਜ਼ੋਰ ਦੇ ਕੇ ਕਿਹਾ ਕਿ ਯੂਪੀ ਦਾ ਇੱਕ ਵਾਰ ਕਲੰਕਿਤ 'ਬਿਮਾਰੂ' ਚਿੱਤਰ ਬਦਲ ਰਿਹਾ ਹੈ ਕਿਉਂਕਿ ਰਾਜ ਇੱਕ ਆਰਥਿਕ ਪਾਵਰਹਾਊਸ ਵਿੱਚ ਤਬਦੀਲ ਹੋ ਰਿਹਾ ਹੈ।

ਮੁੱਖ ਮੰਤਰੀ ਆਦਿਤਿਆਨਾਥ ਨੇ ਉਜਾਗਰ ਕੀਤਾ ਕਿ ਉੱਤਰ ਪ੍ਰਦੇਸ਼ ਦੀ ਮਹੱਤਵਪੂਰਨ ਕੰਮ ਕਰਨ ਦੀ ਉਮਰ ਦੀ ਆਬਾਦੀ, ਇਸਦੀ ਕੁੱਲ ਜਨਸੰਖਿਆ ਦਾ 56 ਪ੍ਰਤੀਸ਼ਤ ਹੈ, ਇਸਦੀਆਂ ਆਰਥਿਕ ਇੱਛਾਵਾਂ ਨੂੰ ਵਧਾਉਂਦੀ ਹੈ।

ਮਜ਼ਬੂਤ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਵਸਨੀਕਾਂ ਲਈ ਜ਼ਰੂਰੀ ਸਹੂਲਤਾਂ ਦੀ ਵਿਵਸਥਾ ਦੇ ਨਾਲ 'ਇੱਕ ਜ਼ਿਲ੍ਹਾ ਇੱਕ ਉਤਪਾਦ' ਸਕੀਮ ਵਰਗੀਆਂ ਮੁੱਖ ਪਹਿਲਕਦਮੀਆਂ, ਯੂਪੀ ਨੂੰ ਇੱਕ ਵਧ ਰਹੇ ਉਦਯੋਗਿਕ ਕੇਂਦਰ ਵਿੱਚ ਬਦਲ ਰਹੀਆਂ ਹਨ। ਦਫ਼ਤਰ ਵਿੱਚ ਆਪਣੇ ਸ਼ੁਰੂਆਤੀ ਦਿਨਾਂ ਨੂੰ ਯਾਦ ਕਰਦੇ ਹੋਏ, ਆਦਿਤਿਆਨਾਥ ਨੇ ਟਿੱਪਣੀ ਕੀਤੀ ਕਿ 2017 ਵਿੱਚ ਮੁੱਖ ਮੰਤਰੀ ਦੇ ਰੂਪ ਵਿੱਚ ਉਹ ਪਹਿਲੀ ਵਪਾਰਕ ਮੀਟਿੰਗ ਵਿੱਚ ਸ਼ਾਮਲ ਹੋਏ ਸਨ, ਜੋ ਫਿੱਕੀ ਦੁਆਰਾ ਬੁਲਾਈ ਗਈ ਸੀ। ਉਸਨੇ ਉੱਤਰ ਪ੍ਰਦੇਸ਼ ਵਿੱਚ 38 ਸਾਲਾਂ ਦੇ ਵਕਫ਼ੇ ਤੋਂ ਬਾਅਦ ਆਪਣੀ ਰਾਸ਼ਟਰੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਦੀ ਮੇਜ਼ਬਾਨੀ ਕਰਨ ਲਈ ਫਿੱਕੀ ਦਾ ਧੰਨਵਾਦ ਕੀਤਾ, ਜੋ ਰਾਜ ਦੇ ਵਧਦੇ ਕਾਰੋਬਾਰ-ਅਨੁਕੂਲ ਮਾਹੌਲ ਦਾ ਸੰਕੇਤ ਹੈ।

ਫਿੱਕੀ ਦੇ ਪ੍ਰਧਾਨ ਸੁਭਰਕਾਂਤ ਪਾਂਡਾ ਨੇ ਮੁੱਖ ਮੰਤਰੀ ਦੇ ਦ੍ਰਿਸ਼ਟੀਕੋਣ ਦਾ ਸਮਰਥਨ ਕੀਤਾ। ਸ਼੍ਰੀ ਯੋਗੀ ਆਦਿਤਿਆਨਾਥ ਦੀ ਅਗਵਾਈ ਵਿੱਚ ਉੱਤਰ ਪ੍ਰਦੇਸ਼ ਦਾ ਵਿਕਾਸ ਦੂਜੇ ਰਾਜਾਂ ਲਈ ਇੱਕ ਨਮੂਨਾ ਦਾ ਕੰਮ ਕਰਦਾ ਹੈ। ਪਾਂਡਾ ਨੇ ਕਿਹਾ, ਯੂਪੀ ਦੀ ਵਿਲੱਖਣ ਜਨਸੰਖਿਆ ਪ੍ਰੋਫਾਈਲ, ਇੱਕ ਜ਼ਿਲ੍ਹਾ ਇੱਕ ਉਤਪਾਦ ਵਰਗੀਆਂ ਅਗਾਂਹਵਧੂ ਪਹਿਲਕਦਮੀਆਂ ਦੇ ਨਾਲ, ਰਾਜ ਨੂੰ ਇੱਕ ਪ੍ਰਮੁੱਖ ਉਦਯੋਗਿਕ ਸਥਾਨ ਬਣਨ ਲਈ ਇੱਕ ਤੇਜ਼ ਮਾਰਗ 'ਤੇ ਤੈਅ ਕੀਤਾ ਹੈ।

# ਵਿਦਿਆਰਥੀ ਸਕੂਲ ਪਹੁੰਚਣ ਲਈ ਹਰ ਰੋਜ਼ ਥਰਮੋਕੋਲ ਦੀ ਰੇਹੜੀ ਲਗਾ ਕੇ ਕਰਦੇ ਹਨ ਦਰਿਆ ਪਾਰ


ਔਰੰਗਾਬਾਦ : ਔਰੰਗਾਬਾਦ ਦੇ ਭੀਵ ਧਨੌਰਾ ਪਿੰਡ ਦੇ ਸਰਕਾਰੀ ਸਕੂਲ ਦੇ ਵਿਦਿਆਰਥੀ ਸਕੂਲ ਪਹੁੰਚਣ ਲਈ ਹਰ ਰੋਜ਼ ਥਰਮੋਕੋਲ ਦੀ ਰੇਹੜੀ ਲਗਾ ਕੇ ਦਰਿਆ ਪਾਰ ਕਰਦੇ ਹਨ। ਮਹਾਰਾਸ਼ਟਰ ਦੇ ਛਤਰਪਤੀ ਸੰਭਾਜੀ ਨਗਰ ਦੇ ਇੱਕ ਦੂਰ-ਦੁਰਾਡੇ ਪਿੰਡ ਦੇ ਬੱਚਿਆਂ ਨੂੰ ਸਕੂਲ ਜਾਣ ਲਈ ਥਰਮੋਕੋਲ ਦੇ ਇੱਕ ਨਾਜ਼ੁਕ ਬੇੜੇ 'ਤੇ ਇੱਕ ਧੋਖੇਬਾਜ਼ ਨਦੀ ਨੂੰ ਪਾਰ ਕਰਨ ਲਈ ਮਜਬੂਰ ਕੀਤਾ ਗਿਆ ਹੈ। ਦ੍ਰਿੜ ਇਰਾਦੇ ਦੀ ਇੱਕ ਦਿਲ ਕੰਬਾਊ ਪਰ ਪ੍ਰੇਰਨਾਦਾਇਕ ਗਾਥਾ ਵਿੱਚ, ਮਹਾਰਾਸ਼ਟਰ ਦੇ ਛਤਰਪਤੀ ਸੰਭਾਜੀ ਨਗਰ ਜ਼ਿਲੇ ਦੇ ਇੱਕ ਦੂਰ-ਦੁਰਾਡੇ ਪਿੰਡ ਦੇ ਬੱਚਿਆਂ ਨੂੰ ਵਿਕਲਪਾਂ ਦੀ ਘਾਟ ਕਾਰਨ ਸਕੂਲ ਜਾਣ ਲਈ ਇੱਕ ਕਮਜ਼ੋਰ ਥਰਮੋਕੋਲ ਦੇ ਬੇੜੇ 'ਤੇ ਇੱਕ ਧੋਖੇਬਾਜ਼ ਦਰਿਆ ਪਾਰ ਕਰਨ ਲਈ ਮਜਬੂਰ ਕੀਤਾ ਗਿਆ। ਜੈਕਵਾੜੀ ਡੈਮ ਦੇ ਬੈਕਵਾਟਰਾਂ ਦੇ ਪਰਛਾਵੇਂ ਵਿੱਚ ਸਥਿਤ ਭੀਵ ਧਨੌਰਾ ਪਿੰਡ ਦੇ ਵਿਦਿਆਰਥੀ, ਅਸਥਾਈ ਰਾਫਟਾਂ ਅਤੇ ਨਿਰਪੱਖ ਇੱਛਾ ਸ਼ਕਤੀ ਦੀ ਵਰਤੋਂ ਕਰਕੇ ਸਿੱਖਿਆ ਲਈ ਆਪਣਾ ਰਸਤਾ ਕਤਾਰ ਵਿੱਚ ਰੱਖਦੇ ਹਨ। ਇੰਟਰਨੈੱਟ 'ਤੇ ਥਰਮਾਕੋਲ ਦੇ ਰਾਫ਼ੇ 'ਤੇ ਸਕੂਲ ਜਾ ਰਹੇ ਵਿਦਿਆਰਥੀਆਂ ਦੀ ਵੀਡੀਓ ਸਾਹਮਣੇ ਆਈ ਹੈ। ਆਨੰਗਪੁਰ ਦੇ ਉਪ-ਜ਼ਿਲ੍ਹਾ ਜ਼ਿੰਦਾ ਪਿੰਡ ਕੁੰਡਰ ਤੋਂ 15 ਗਾਈਡ ਦੀ ਦੂਰੀ 'ਤੇ 45 ਗੌਡ ਦੀ ਦੂਰੀ 'ਤੇ ਸਥਿਤ, ਗੋਦਾਵਰੀ ਨਦੀ 'ਤੇ ਜੈਕਵਾੜੀ ਦੇ ਨਿਰਮਾਣ ਦੀ ਸਥਿਤੀ ਨਾਲ ਜੂਝ ਰਹੀ ਹੈ। ਉਨ੍ਹਾਂ ਦੇ ਬੈਕਵਾਟਰਾਂ ਦੇ ਪਿੰਡ ਵਿੱਚ ਵਿਘਨ ਪਾ ਦਿੱਤਾ ਗਿਆ ਹੈ, ਇਸ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ।

ਹਰ ਸਕੂਲੀ ਦਿਨ, ਵਿਦਿਆਰਥੀਆਂ ਦਾ ਇੱਕ ਸਮੂਹ, ਗਿਆਨ ਦੀ ਆਪਣੀ ਅਟੁੱਟ ਪਿਆਸ ਨਾਲ ਪ੍ਰੇਰਿਤ, ਗੋਦਾਵਰੀ ਨਦੀ ਦੇ ਕਿਨਾਰੇ ਇਕੱਠੇ ਹੁੰਦੇ ਹਨ। ਉੱਥੇ, ਉਹ ਧਿਆਨ ਨਾਲ ਥਰਮੋਕੋਲ ਤੋਂ ਬਣੇ ਇੱਕ ਨਾਜ਼ੁਕ ਬੇੜੇ 'ਤੇ ਸਵਾਰ ਹੁੰਦੇ ਹਨ। ਇਹ ਅਸਥਾਈ ਜਹਾਜ਼ ਉਨ੍ਹਾਂ ਦੀ ਜੀਵਨ ਰੇਖਾ ਬਣ ਜਾਂਦਾ ਹੈ ਕਿਉਂਕਿ ਉਹ ਡੈਮ ਦੇ ਬੈਕਵਾਟਰਾਂ ਦੇ ਇੱਕ ਖਤਰਨਾਕ ਕਿਲੋਮੀਟਰ-ਲੰਬੇ ਹਿੱਸੇ ਵਿੱਚ ਨੈਵੀਗੇਟ ਕਰਦੇ ਹਨ। ਮੁਸ਼ਕਲ ਸਫ਼ਰ ਲਈ ਉਹਨਾਂ ਨੂੰ ਆਪਣੀ ਹਿੰਮਤ ਨੂੰ ਬੁਲਾਉਣ ਦੀ ਲੋੜ ਹੁੰਦੀ ਹੈ। ਇਹਨਾਂ ਨੌਜਵਾਨ ਵਿਦਵਾਨਾਂ ਦੀ ਕਲਪਨਾ ਨੇ ਦ੍ਰਿੜਤਾ ਨਾਲ ਆਪਣੀ ਗੈਰ-ਰਵਾਇਤੀ ਯਾਤਰਾ 'ਤੇ ਚੱਲ ਰਹੇ ਸੰਘਰਸ਼ਾਂ ਅਤੇ ਸਿੱਖਿਆ ਦੁਆਰਾ ਆਪਣੇ ਜੀਵਨ ਨੂੰ ਬਿਹਤਰ ਬਣਾਉਣ ਲਈ



ਉਹਨਾਂ ਦੇ ਦ੍ਰਿੜ ਇਰਾਦੇ ਦੋਵਾਂ ਨੂੰ ਕੈਪਚਰ ਕੀਤਾ ਹੈ। ਹਾਲਾਂਕਿ ਡਰ ਬਿਨਾਂ ਸ਼ੱਕ ਉਹਨਾਂ ਦੇ ਸਫ਼ਰ ਵਿੱਚ ਉਹਨਾਂ ਦੇ ਨਾਲ ਹੁੰਦਾ ਹੈ, ਇਹ ਉਹਨਾਂ ਮੌਕਿਆਂ ਤੱਕ ਪਹੁੰਚਣ ਦੇ ਉਹਨਾਂ ਦੇ ਦ੍ਰਿੜ ਸੰਕਲਪ ਦੁਆਰਾ ਛਾਇਆ ਹੋਇਆ ਹੈ ਜੋ ਸਿੱਖਿਆ ਲਿਆ ਸਕਦੇ ਹਨ।


ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈ
ਜਥੇਦਾਰ ਪਾਖਰ ਸਿੰਘ ਅਕਾਲੀ
Manhamir Singh Nijjar
ਜਥੇਦਾਰ ਸੌਦਾਗਰ ਸਿੰਘ ਅਕਾਲੀ
ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ
Varinder Singh Nijjar
Jagbir Singh Nijjar
ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ
ਟਕਸਾਲੀ ਅਕਾਲੀ ਆਗੂ, ਪਿੰਡ ਭਾਗ ਸਿੰਘਪੁਰਾ, ਫਿਲੌਰ, (ਜਲੰਧਰ)
ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ
ਨਿੱਝਰ ਬ੍ਰਦਰਜ਼ ਤੇ ਪਰਿਵਾਰ
ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577




# ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੇ ਪਾਵਨ ਸੰਪੂਰਨਤਾ ਦਿਵਸ ਤੇ
ਪਹਿਲੇ ਪ੍ਰਕਾਸ਼ ਦਿਵਸ ਦੀਆਂ
ਸਮੂਹ ਸੰਗਤਾਂ ਨੂੰ



Kuldeep Singh Kang

## ਲੱਖ-ਲੱਖ ਵਧਾਈਆਂ



Sewa Singh Bhinder

# CAPITAL

## Accounting & Tax Services

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

**PH : 530-669-5780 Fax : 530-669-5775**

**Cell : 530-908-9386 Cell : 530-405-6020**

# ਰਾਜਪਾਲ ਵੱਲੋਂ ਪੰਜਾਬ ’ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਚਿਤਾਵਨੀ

## • ਸੰਵਿਧਾਨਕ ਪ੍ਰਬੰਧ ‘ਫੇਲ੍ਹ’ ਹੋਣ ਬਾਰੇ ਰਾਸ਼ਟਰਪਤੀ ਨੂੰ ਭੇਜ ਸਕਦੇ ਨੇ ਰਿਪੋਰਟ

ਚੰਡੀਗੜ੍ਹ : ਪੰਜਾਬ ਦੇ ਰਾਜਪਾਲ ਬਨਵਾਰੀਲਾਲ ਪੁਰੋਹਿਤ ਤੇ ਮੁੱਖ ਮੰਤਰੀ ਭਗਵੰਤ ਮਾਨ ਵਿਚਾਲੇ ‘ਖ਼ਤੋ ਖਿਤਾਬਤ’ ਨੂੰ ਲੈ ਕੇ ਚੱਲ ਰਹੀ ਤਲਖੀ ਦਰਮਿਆਨ ਰਾਜਪਾਲ ਨੇ ਅੱਜ ਚਿਤਾਵਨੀ ਦਿੱਤੀ ਕਿ ਉਹ ਸੰਵਿਧਾਨ ਦੀ ਧਾਰਾ 356 ਤਹਿਤ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਕਰ ਸਕਦੇ ਹਨ। ਪੁਰੋਹਿਤ ਨੇ ਕਿਹਾ ਕਿ ਜੇ ਮੁੱਖ ਮੰਤਰੀ ਨੇ ਉਨ੍ਹਾਂ ਦੀਆਂ ਚਿੱਠੀਆਂ ਦਾ ਜਵਾਬ ਨਾ ਦਿੱਤਾ ਤਾਂ ਉਹ ਆਈਪੀਸੀ ਦੀ ਧਾਰਾ 124 ਤਹਿਤ ਕਾਨੂੰਨੀ ਕਾਰਵਾਈ ਕਰਨਗੇ। ਮੁੱਖ ਮੰਤਰੀ ਨੂੰ ਲਿਖੇ ਸੱਜਰੇ ਪੱਤਰ ਵਿੱਚ ਰਾਜਪਾਲ ਨੇ ਇਸ਼ਾਰਾ ਕੀਤਾ ਕਿ ਉਹ ਪਿਛਲੀਆਂ ਚਿੱਠੀਆਂ ਦਾ ਕੋਈ ਜਵਾਬ ਨਾ ਮਿਲਣ ਤੋਂ ਨਾਰਾਜ਼ ਹਨ। ਪੁਰੋਹਿਤ ਨੇ ਚਿਤਾਵਨੀ ਦਿੱਤੀ ਕਿ ਉਹ ਰਾਸ਼ਟਰਪਤੀ ਨੂੰ ਸੂਬੇ ਵਿਚ ‘ਸੰਵਿਧਾਨਕ ਪ੍ਰਬੰਧ ਫੇਲ੍ਹ’ ਹੋਣ ਸਬੰਧੀ ਰਿਪੋਰਟ ਭੇਜ ਸਕਦੇ ਹਨ। ਰਾਜਪਾਲ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਇਸ ਤੋਂ ਪਹਿਲਾਂ ਕਿ ਰਾਜ ਭਵਨ ਸੰਵਿਧਾਨ ਦੀ ਧਾਰਾ 356 ਤੇ ਆਈਪੀਸੀ ਦੀ ਧਾਰਾ 124 ਤਹਿਤ ਕੋਈ ‘ਅੰਤਿਮ ਫੈਸਲਾ’ ਲਏ, ਭਗਵੰਤ ਮਾਨ ਲੋੜੀਂਦੀ ਕਾਰਵਾਈ ਕਰਨ। ਕਾਬਿਲੇਗੌਰ ਹੈ ਕਿ ਸੰਵਿਧਾਨ ਦੀ ਧਾਰਾ 356 ਤਹਿਤ ਆਮ ਕਰਕੇ ਰਾਜਪਾਲ ਦੀ ਰਿਪੋਰਟ ’ਤੇ ਕਿਸੇ ਵੀ ਸੂਬੇ ਨੂੰ ਸਿੱਧੇ ਕੇਂਦਰ ਦੇ ਰਾਜ ਹੇਠ ਲਿਆਂਦਾ ਜਾ ਸਕਦਾ ਹੈ ਜਦੋਂਕਿ ਆਈਪੀਸੀ ਦੀ ਧਾਰਾ 124 ਰਾਸ਼ਟਰਪਤੀ ਜਾਂ ਰਾਜਪਾਲ ਨੂੰ ਉਨ੍ਹਾਂ ਦੀਆਂ ਕਾਨੂੰਨੀ ਤਾਕਤਾਂ ਦੇ ਇਸਤੇਮਾਲ ਤੋਂ ਰੋਕਣ ਨਾਲ ਸਬੰਧਤ ਹੈ। ਰਾਜਪਾਲ ਵੱਲੋਂ ਲਿਖੇ ਸੱਜਰੇ ਪੱਤਰ ਦਾ ਲਹਿਜਾ ਬੜਾ ਸਖ਼ਤ ਦਿਖਾਈ ਦੇ ਰਿਹਾ ਹੈ। ਸ੍ਰੀ ਪੁਰੋਹਿਤ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 167 ਤਹਿਤ ਮੁੱਖ ਮੰਤਰੀ ਲਈ ਰਾਜਪਾਲ ਵੱਲੋਂ ਮੰਗੀ ਗਈ ਜਾਣਕਾਰੀ ਮੁਹੱਈਆ ਕਰਾਉਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਸੰਦਰਭ ਵਿੱਚ ਸੁਪਰੀਮ ਕੋਰਟ ਵੱਲੋਂ 28 ਫਰਵਰੀ ਨੂੰ ਦਿੱਤੇ ਫੈਸਲੇ ਨੂੰ ਵੀ ਦੇਖਿਆ ਜਾ ਸਕਦਾ ਹੈ। ਇਸ ਫੈਸਲੇ ਵਿੱਚ ਸਿਖਰਲੀ ਅਦਾਲਤ ਨੇ ਮੁੱਖ ਮੰਤਰੀ ਅਤੇ ਰਾਜਪਾਲ ਦੋਵਾਂ ਨੂੰ ਸੰਵਿਧਾਨਕ ਜ਼ਿੰਮੇਵਾਰੀ ਵਾਲੀਆਂ ਸ਼ਖ਼ਸੀਅਤਾਂ ਕਰਾਰ ਦਿੰਦਿਆਂ ਸਪੱਸ਼ਟ ਕੀਤਾ ਸੀ ਕਿ ਰਾਜਪਾਲ ਨੂੰ ਰਾਜ ਸਰਕਾਰ ਤੋਂ ਸੂਚਨਾ ਮੰਗਣ ਦਾ ਅਧਿਕਾਰ ਹੈ ਤੇ ਰਾਜ ਸਰਕਾਰ ਨੂੰ ਮੰਗੀ ਗਈ ਸੂਚਨਾ ਦੇਣੀ ਚਾਹੀਦੀ ਹੈ। ਸ੍ਰੀ ਪੁਰੋਹਿਤ ਨੇ ਕਿਹਾ ਕਿ ਮੁੱਖ ਮੰਤਰੀ ਨੇ ਰਾਜ ਭਵਨ ਵੱਲੋਂ ਮੰਗੀ ਗਈ ਜਾਣਕਾਰੀ ਤਾਂ ਨਹੀਂ ਮੁਹੱਈਆ ਕਰਵਾਈ, ਪਰ ਗੈਰਜ਼ਰੂਰੀ, ਅਣਉਚਿਤ ਅਤੇ ਭੱਦੀਆਂ ਟਿੱਪਣੀਆਂ ਕਰਕੇ ਰਾਜਪਾਲ ਅਤੇ ਰਾਜ ਭਵਨ ਪ੍ਰਤੀ ਦੁਰਭਾਵਨਾ ਦਾ ਮੁਜ਼ਾਹਰਾ ਕੀਤਾ। ਰਾਜਪਾਲ ਨੇ ਮੁੱਖ ਮੰਤਰੀ ਵੱਲੋਂ 20 ਜੂਨ ਨੂੰ ਪੰਜਾਬ ਵਿਧਾਨ ਸਭਾ ਵਿੱਚ ਦਿੱਤੇ ਭਾਸ਼ਨ ਵਿਚ ਕਹੀਆਂ ਗਈਆਂ ਗੱਲਾਂ ਦਾ ਹੂਬਹੂ ਹਵਾਲਾ ਦਿੱਤਾ। ਉਨ੍ਹਾਂ ਮੁੱਖ ਮੰਤਰੀ ਨੂੰ ਮੁਖਾਤਿਬ ਇਸ ਪੱਤਰ ਰਾਹੀਂ ਕਿਹਾ ਕਿ ਅਪਮਾਨਜਨਕ ਟਿੱਪਣੀਆਂ ਰਾਹੀਂ ਧਾਰਾ 167 ਤਹਿਤ ਰਾਜਪਾਲ ਵੱਲੋਂ ਵਰਤੀਆਂ ਜਾਣ ਵਾਲੀਆਂ ਸ਼ਕਤੀਆਂ ਨੂੰ ਰੋਕਣ ਦਾ ਯਤਨ ਕੀਤਾ ਗਿਆ ਹੈ। ਰਾਜਪਾਲ ਨੇ ਸਖ਼ਤ ਲਹਿਜੇ ਵਿੱਚ ਕਿਹਾ ਕਿ ਇਸ ਤਰ੍ਹਾਂ ਦੀ ਗਤੀਵਿਧੀ ਆਈਪੀਸੀ ਦੀ ਧਾਰਾ 124 ਤਹਿਤ ਕਾਰਵਾਈ ਕਰਨ ਦਾ ਅਧਾਰ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਰਾਜ ਭਵਨ ਵੱਲੋਂ ਮੰਗੀ ਗਈ ਜਾਣਕਾਰੀ ਨਾ ਦੇਣਾ ਦਰਸਾਉਂਦਾ ਹੈ ਕਿ ਮੁੱਖ ਮੰਤਰੀ ਨੇ ਨਾ ਸਿਰਫ਼ ਸੰਵਿਧਾਨ ਦੀਆਂ ਧਾਰਾਵਾਂ ਦੀ ਉਲੰਘਣਾ ਕੀਤੀ ਹੈ ਸਗੋਂ ਸਿਖਰਲੀ ਅਦਾਲਤ ਵੱਲੋਂ ਕੀਤੀਆਂ ਟਿੱਪਣੀਆਂ ਦਾ ਵੀ ਨਿਰਾਦਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸੰਵਿਧਾਨਕ ਮਸ਼ੀਨਰੀ ਫੇਲ੍ਹ ਹੋਈ ਦਿਖਾਈ ਦੇ ਰਹੀ ਹੈ।



### ਰਾਸ਼ਟਰਪਤੀ ਰਾਜ ਪਹਿਲਾਂ ਮਨੀਪੁਰ ਤੇ ਹਰਿਆਣਾ ’ਚ ਲਾਗੂ ਕੀਤਾ ਜਾਵੇ: ‘ਆਪ’

ਚੰਡੀਗੜ੍ਹ: ਆਮ ਆਦਮੀ ਪਾਰਟੀ ਨੇ ਕਿਹਾ ਕਿ ਰਾਜਪਾਲ ਬਨਵਾਰੀਲਾਲ ਪੁਰੋਹਿਤ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਧਮਕੀ ਦੇਣ ਦੀ ਥਾਂ ਮਰਿਆਦਾ ਦੀ ਪਾਲਣਾ ਕਰਨ। ‘ਆਪ’ ਨੇ ਕਿਹਾ ਕਿ ਜੇ ਰਾਸ਼ਟਰਪਤੀ ਰਾਜ ਲਾਉਣਾ ਹੀ ਹੈ ਤਾਂ ਪਹਿਲਾਂ ਨਸਲੀ ਤੇ ਫਿਰਕੂ ਹਿੰਸਾ ਦੇ ਝੰਬੇ ਮਨੀਪੁਰ ਤੇ ਹਰਿਆਣਾ ਵਿਚ ਲਾਗੂ ਕੀਤਾ ਜਾਵੇ, ਜਿੱਥੇ ਭਾਜਪਾ ਦੀਆਂ ਸਰਕਾਰਾਂ ਹਨ। ਪੰਜਾਬ ‘ਆਪ’ ਦੇ ਮੁੱਖ ਤਰਜਮਾਨ ਮਲਵਿੰਦਰ ਸਿੰਘ ਕੰਗ ਨੇ ਜ਼ੋਰ ਦੇ ਕੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸੰਵਿਧਾਨਕ ਚੌਖਟੇ ਦੇ ਘੇਰੇ ਵਿਚ ਰਹਿ ਕੇ ਕੰਮ ਕਰ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ, ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਵਾਲੇ ਰਾਜਾਂ ਦੇ ਕੰਮਕਾਜ ਵਿਚ ਬੇਲੋੜਾ ਦਖ਼ਲ ਦੇਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਕੰਗ ਨੇ ਕਿਹਾ, “ਰਾਜਪਾਲ ਨੂੰ ਧਾਰਾ 356 ਦੀ ਧਮਕੀ ਦੇਣ ਦੀ ਥਾਂ ਮਰਿਆਦਾ ਦੀ ਪਾਲਣਾ ਕਰਨੀ ਚਾਹੀਦੀ ਹੈ। ਜੇ ਉਹ ਰਾਸ਼ਟਰਪਤੀ ਰਾਜ ਲਾਗੂ ਕਰਨਾ ਚਾਹੁੰਦੇ ਹਨ ਤਾਂ ਪਹਿਲਾਂ ਮਨੀਪੁਰ ਤੇ ਹਰਿਆਣਾ ਵਿਚ ਲਾਗੂ ਕੀਤਾ ਜਾਵੇ।” ਮਨੀਪੁਰ ਤੇ ਹਰਿਆਣਾ ਵਿੱਚ ਭਾਜਪਾ ਦੀ ਅਗਵਾਈ ਵਾਲੀਆਂ ਸਰਕਾਰਾਂ ਹਨ ਤੇ ਦੋਵੇਂ ਥਾਈਂ ਪਿਛਲੇ ਦਿਨੀਂ ਸੂਬੇ ਨਸਲੀ ਤੇ ਫਿਰਕੂ ਹਿੰਸਾ ਵੇਖਣ ਨੂੰ ਮਿਲੀ ਸੀ।

## ਮੁੱਖ ਮੰਤਰੀ ਨੇ ਅੰਕੜਿਆਂ ਨਾਲ ਦਿੱਤਾ ਰਾਜਪਾਲ ਦੀ ਚਿੱਠੀਆਂ ਦਾ ਮੋੜਵਾਂ ਜਵਾਬ

• ਰਿਪੋਰਟ ਮੁਤਾਬਕ ਬਿਹਤਰ ਕਾਨੂੰਨ ਵਿਵਸਥਾ ਵਾਲੇ ਸੂਬਿਆਂ ’ਚ ਪੰਜਾਬ ਦੂਜੇ ਨੰਬਰ ’ਤੇ

• ਅਸੀਂ ਲੋਕਾਂ ਲਈ ਕੰਮ ਕਰ ਰਹੇ ਹਾਂ ਤੇ ਗਵਰਨਰ ਆਪਣੇ ਆਕਾਵਾਂ ਲਈ : ਭਗਵੰਤ ਮਾਨ

ਚੰਡੀਗੜ੍ਹ : ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਸੂਬੇ ’ਚ ਰਾਸ਼ਟਰਪਤੀ ਸ਼ਾਸਨ ਲਗਾਉਣ ਸਬੰਧੀ ਦਿੱਤੀ ਚਿਤਾਵਨੀ ਦਾ ਅੱਜ ਮੁੱਖ ਮੰਤਰੀ ਭਗਵੰਤ ਮਾਨ ਨੇ ਮੋੜਵਾਂ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰਾਜਪਾਲ ਅਜਿਹੀਆਂ ਧਮਕੀਆਂ ਨਾਲ ਪੰਜਾਬ ਦੇ ਅਮਨ ਪਸੰਦ ਤੇ ਮਿਹਨਤਕਸ਼ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ, ਪਰ ਉਹ ਰਾਜਪਾਲ ਦੀਆਂ ਧਮਕੀਆਂ ਅੱਗੇ ਝੁਕਣ ਵਾਲੇ ਨਹੀਂ ਹਨ। ਸ੍ਰੀ ਮਾਨ ਨੇ ਕਿਹਾ ਕਿ ‘ਆਪ’ ਨੂੰ ਸੂਬੇ ਦੇ ਸਾਢੇ ਤਿੰਨ ਕਰੋੜ ਲੋਕਾਂ ਨੇ ਚੁਣ ਕੇ ਭੇਜਿਆ ਹੈ ਅਤੇ ਉਹ ਪੰਜਾਬ ਤੇ ਪੰਜਾਬੀਆਂ ਦੇ ਹੱਕਾਂ ਦੀ ਰਾਖੀ ਨਾਲ ਕੋਈ ਸਮਝੌਤਾ ਨਹੀਂ ਕਰਨਗੇ। ਮੁੱਖ ਮੰਤਰੀ ਨੇ ਅੱਜ ਪੰਜਾਬ ਭਵਨ ’ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਪਾਲ ਵੱਲੋਂ ਲਗਾਏ ਗਏ ਦੋਸ਼ਾਂ ਨੂੰ ਰੱਦ ਕੀਤਾ। ਉਨ੍ਹਾਂ ਕਿਹਾ ਕਿ ਰਾਜਪਾਲ ਕਹਿ ਰਹੇ ਹਨ ਕਿ ਸੂਬਾ ਸਰਕਾਰ ਨੇ ਉਨ੍ਹਾਂ ਦੀਆਂ ਚਿੱਠੀਆਂ ਦਾ ਕੋਈ ਜਵਾਬ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਰਾਜਪਾਲ ਨੇ ਸੂਬਾ ਸਰਕਾਰ ਨੂੰ 15 ਚਿੱਠੀਆਂ ਲਿਖੀਆਂ ਸਨ, ਜਿਨ੍ਹਾਂ ’ਚੋਂ 9 ਚਿੱਠੀਆਂ ਦਾ ਜਵਾਬ ਪੰਜਾਬ ਸਰਕਾਰ ਨੇ ਦੇ ਦਿੱਤਾ ਹੈ ਅਤੇ ਬਾਕੀ 6 ਚਿੱਠੀਆਂ ਦੇ ਜਵਾਬ ਤਿਆਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਨੇ ਡੇਢ ਸਾਲ ’ਚ ਛੇ ਬਿੱਲ ਵਿਧਾਨ ਸਭਾ ’ਚ ਪਾਸ ਕੀਤੇ ਹਨ ਪਰ ਰਾਜਪਾਲ



ਨੇ ਅਜੇ ਤੱਕ ਇਨ੍ਹਾਂ ਬਿੱਲਾਂ ਨੂੰ ਪਾਸ ਕਰਨ ਦੀ ਥਾਂ ਠੰਢੇ ਬਸਤੇ ’ਚ ਪਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਰਾਜਪਾਲ ਜਾਣ ਬੁਝ ਕੇ ਸੂਬਾ ਸਰਕਾਰ ਨੂੰ ਪ੍ਰੇਸ਼ਾਨ ਕਰ ਰਹੇ ਹਨ। ਰਾਜਪਾਲ ਨੂੰ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਗੱਦੀ ਤੋਂ ਲਾਹੁਣ ਦੀਆਂ ਧਮਕੀਆਂ ਦੇਣ ਦਾ ਕੋਈ ਹੱਕ ਨਹੀਂ ਹੈ। ਉਹ ਇਹ ਸਭ ਕੁਝ ਕੇਂਦਰ ਵਿੱਚ ਬੈਠੇ ਆਕਾਵਾਂ ਨੂੰ ਖੁਸ਼ ਕਰਨ ਲਈ ਕਰ ਰਹੇ ਹਨ। ਇਸੇ ਤਰ੍ਹਾਂ ਦੇਸ਼ ਦੇ ਗੈਰ-ਭਾਜਪਾ ਸਰਕਾਰਾਂ ਵਾਲੇ ਸੂਬਿਆਂ ਦਿੱਲੀ, ਪੱਛਮੀ ਬੰਗਾਲ, ਕੇਰਲਾ, ਤਾਮਿਲਨਾਡੂ ਆਦਿ ਵਿੱਚ ਵੀ ਰਾਜਪਾਲ ਸੂਬਾ ਸਰਕਾਰਾਂ ਦੇ ਕੰਮਾਂ ਵਿੱਚ ਦਖਲ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਮਨੀਪੁਰ ਅਤੇ ਹਰਿਆਣਾ ਦੇ ਨੂਹ ਤੇ ਮੇਵਾਤ ’ਚ ਹਿੰਸਕ ਘਟਨਾਵਾਂ ਹੋਣ ਦੇ ਬਾਵਜੂਦ ਉੱਥੇ ਦੇ ਰਾਜਪਾਲਾਂ ਨੇ ਚੁੱਪ ਧਾਰ ਰੱਖੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਰਾਜਪਾਲ ਦਾ ਕੰਮ ਸੂਬਾ ਤੇ ਕੇਂਦਰ ਸਰਕਾਰ ਵਿਚਕਾਰ ਪੁਲ ਦਾ ਹੁੰਦਾ ਹੈ ਪਰ ਉਹ ਕਦੇ ਵੀ ਪੰਜਾਬ ਦੇ ਹੱਕਾਂ ਲਈ ਪੁਲ ਨਹੀਂ ਬਣੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਕੇਂਦਰ ਤੋਂ ਆਰਡੀਐੱਫ, ਜੀਐੱਸਟੀ ਅਤੇ ਹੋਰ ਫੰਡਾਂ ਬਾਰੇ ਲਗਾਤਾਰ ਸੰਪਰਕ ਕੀਤਾ ਜਾ ਰਿਹਾ ਹੈ ਪਰ ਰਾਜਪਾਲ ਨੇ ਕਦੇ ਵੀ ਪੰਜਾਬ ਦੇ ਹੱਕਾਂ ਲਈ ਕੇਂਦਰ ਕੋਲ ਆਵਾਜ਼ ਨਹੀਂ ਚੁੱਕੀ, ਸਗੋਂ ਰਾਜਪਾਲ ਤਾਂ ਪੰਜਾਬ ਯੂਨੀਵਰਸਿਟੀ ਦੇ ਮੁੱਦੇ ’ਤੇ ਵੀ ਹਰਿਆਣਾ ਦਾ ਪੱਖ ਪੂਰ ਰਹੇ ਹਨ। ਇਸੇ ਤਰ੍ਹਾਂ ਚੰਡੀਗੜ੍ਹ ਦੇ ਪ੍ਰਸ਼ਾਸਕ ਵਜੋਂ ਰਾਜਪਾਲ ਨੇ ਚੰਡੀਗੜ੍ਹ ’ਚ ਤਾਇਨਾਤ ਪੰਜਾਬ ਕਾਡਰ ਦੇ ਐੱਸਐੱਸਪੀ ਨੂੰ ਰਾਤੋ-ਰਾਤ ਅਹੁਦੇ ਤੋਂ ਲਾਹ ਦਿੱਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕੋਲ ਸੂਬਾਈ ਆਫਤ ਰਾਹਤ ਫੰਡ ’ਚ 9600 ਕਰੋੜ ਰੁਪਏ ਪਏ ਹਨ, ਪਰ ਨਿਯਮ ਸਖਤ ਹੋਣ ਕਰਕੇ ਪੈਸੇ ਦੀ ਵਰਤੋਂ ਨਹੀਂ ਕੀਤੀ ਜਾ ਰਹੀ। ਇਸ ਲਈ ਸੂਬਾ ਸਰਕਾਰ ਵੱਲੋਂ ਕੇਂਦਰ ਸਰਕਾਰ ਤੋਂ ਨਿਯਮਾਂ ’ਚ ਢਿੱਲ ਦੇਣ ਦੀ ਮੰਗ ਕਰ ਰਹੀ ਹੈ। ਉਸ ਵਿੱਚ ਵੀ ਰਾਜਪਾਲ ਸੂਬਾ ਸਰਕਾਰ ਦਾ ਕੋਈ ਸਹਿਯੋਗ ਨਹੀਂ ਕਰ ਰਹੇ।

### ‘ਰਾਜਪਾਲ ਸੱਤਾ ਦੀ ਲਾਲਸਾ ਕਾਰਨ ਹਰ ਫੈਸਲੇ ’ਚ ਦਖ਼ਲ ਦੇ ਰਹੇ ਨੇ’

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਰਾਜਪਾਲ ਦੀਆਂ ਚਿੱਠੀਆਂ ਤੋਂ ਲਗਦਾ ਹੈ ਕਿ ਉਹ ਸਭ ਕੁਝ ਸੱਤਾ ਹਥਿਆਉਣ ਦੀ ਲਾਲਸਾ ਕਾਰਨ ਕਰ ਰਹੇ ਹਨ। ਇਸੇ ਕਰ ਕੇ ਉਹ ਸਰਕਾਰ ਦੇ ਹਰ ਫ਼ੈਸਲੇ ’ਚ ਦਖਲ ਦੇਣ ਲੱਗੇ ਹਨ। ਉਨ੍ਹਾਂ ਕਿਹਾ ਕਿ ਜੇਕਰ ਰਾਜਪਾਲ ਸੱਤਾ ਹਾਸਲ ਕਰਨਾ ਚਾਹੁੰਦੇ ਹਨ ਤਾਂ ਉਹ ਰਾਜਸਥਾਨ ਨਾਲ ਸਬੰਧਤ ਹਨ ਤੇ ਉੱਥੋਂ ਚੋਣ ਲੜ ਕੇ ਸੱਤਾ ਹਾਸਲ ਕਰ ਸਕਦੇ ਹਨ।

### ਸੂਬੇ ’ਚ ਹੁਣ ਤੱਕ 23,518 ਨਸ਼ਾ ਤਸਕਰ ਗ੍ਰਿਫ਼ਤਾਰ

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਅਮਨ-ਕਾਨੂੰਨ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਵੱਡੇ ਪੱਧਰ ’ਤੇ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਦਿਆਂ 17,623 ਕੇਸ ਦਰਜ ਕਰਕੇ 23,518 ਨਸ਼ਾ ਤਸਕਰ ਗ੍ਰਿਫ਼ਤਾਰ ਕੀਤੇ ਹਨ ਤੇ 1,627 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ ਨਸ਼ਾ ਤਸਕਰਾਂ ਤੋਂ 13.29 ਕਰੋੜ ਰੁਪਏ ਬਰਾਮਦ ਕਰਕੇ 66 ਦੀ ਜਾਇਦਾਦ ਜ਼ਬਤ ਕੀਤੀ ਜਾ ਚੁੱਕੀ ਹੈ। ਪੁਲੀਸ ਨੇ ਹੁਣ ਤੱਕ 753 ਖਤਰਨਾਕ ਗੈਂਗਸਟਰ ਵੀ ਗ੍ਰਿਫ਼ਤਾਰ ਕੀਤੇ ਹਨ।

## ਰਾਜਪਾਲ ਦਾ ਦਖ਼ਲ ਠੀਕ ਨਹੀਂ ਪਰ ਮੁੱਖ ਮੰਤਰੀ ਜਵਾਬਦੇਹ: ਸੁਖਬੀਰ ਬਾਦਲ

### ਚੰਡੀਗੜ੍ਹ ’ਚ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਹੋਈ; ਹਰਿਆਣਾ ਦੀਆਂ ਗੁਰਦੁਆਰਾ ਚੋਣਾਂ ’ਚ ਸਰਗਰਮੀ ਨਾਲ ਹਿੱਸਾ ਲੈਣ ਦਾ ਐਲਾਨ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਰਾਜਪਾਲ ਅਤੇ ਮੁੱਖ ਮੰਤਰੀ ਦਰਮਿਆਨ ਚੱਲ ਰਹੇ ਟਕਰਾਅ ਸਬੰਧੀ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਕਿਸੇ ਵੀ ਚੁਣੀ ਹੋਈ ਸਰਕਾਰ ਵਿੱਚ ਕੇਂਦਰ ਸਰਕਾਰ ਜਾਂ ਰਾਜਪਾਲ ਦੇ ਦਖ਼ਲ ਦੇ ਖ਼ਿਲਾਫ਼ ਹੈ ਪਰ ਇਸ ਦੇ ਨਾਲ ਹੀ ਮੁੱਖ ਮੰਤਰੀ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਰਾਜਪਾਲ ਵੱਲੋਂ ਮੰਗੀ ਗਈ ਜਾਣਕਾਰੀ ਮੁਹੱਈਆ ਕਰਵਾਈ ਜਾਵੇ ਅਤੇ ਪੁੱਛੇ ਗਏ ਸਵਾਲਾਂ ਦਾ ਜਵਾਬ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਰਾਜਪਾਲ ਵੱਲੋਂ ਜੋ ਸਵਾਲ ਪੁੱਛੇ ਗਏ ਹਨ, ਉਹ ਪੂਰੀ ਤਰ੍ਹਾਂ ਤਰਕਸੰਗਤ ਹਨ। ਉਨ੍ਹਾਂ ਇਹ ਵੀ ਕਿਹਾ ਕਿ ਅਕਾਲੀ ਦਲ ਆਨੰਦਪੁਰ ਸਾਹਿਬ ਦੇ ਮਤੇ ਦਾ ਹਮਾਇਤੀ ਹੈ ਤੇ ਰਹੇਗਾ। ਸ਼੍ਰੋਮਣੀ ਅਕਾਲੀ ਦਲ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਚਐੱਸਜੀਪੀਸੀ) ਦੀਆਂ ਚੋਣਾਂ ’ਚ ਸਰਗਰਮੀ ਨਾਲ ਹਿੱਸਾ ਲੈਣ ਦਾ ਐਲਾਨ ਕੀਤਾ ਹੈ। ਸ੍ਰੀ ਬਾਦਲ ਨੇ ਕਿਹਾ ਕਿ ਐੱਚਐੱਸਜੀਪੀਸੀ ਦੀਆਂ ਚੋਣਾਂ ’ਚ ਪਾਰਟੀ ਵੱਲੋਂ ਉਮੀਦਵਾਰ ਖੜ੍ਹੇ ਕੀਤੇ ਜਾਣਗੇ ਅਤੇ ਪਾਰਟੀ ਦੇ ਹਰਿਆਣਾ ਵਿਚਲੇ ਕਾਡਰ ਨੂੰ ਵੋਟਾਂ ਬਣਾਉਣ ਅਤੇ ਹੋਰਨਾਂ ਤਿਆਰੀਆਂ ਲਈ ਸਰਗਰਮੀਆਂ ਵਿੱਢਣ



ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਕਾਂਗਰਸ ਨੇ ਹਰਿਆਣਾ ’ਚ ਵੱਖਰੀ ਕਮੇਟੀ ਦਾ ਐਕਟ ਬਣਾ ਕੇ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨ ਦਾ ਮੁੱਢ ਬੰਨ੍ਹਿਆ ਤੇ ਭਾਜਪਾ ਸਰਕਾਰ ਨੇ ਕਾਂਗਰਸ ਦੇ ਨਕਸ਼ੇ ਕਦਮਾਂ ’ਤੇ ਚਲਦਿਆਂ ਇਸ ਨੂੰ ਲਾਗੂ ਕੀਤਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ’ਚ ਸਿੱਖ ਗੁਰਦੁਆਰਿਆਂ ਦੀ ਸੰਭਾਲ ਲਈ ਸਰਕਾਰ ਵੱਲੋਂ ਗਠਿਤ ਕੀਤੀ ਕਮੇਟੀ ਦੇ ਮੈਂਬਰਾਂ ਵੱਲੋਂ ਮੀਟਿੰਗ ਵਿੱਚ ਕੀਤੀ ਗਾਲੀ-ਗਲੋਚ ਨੇ ਸਾਰੀ ਖੇਡ ਤੋਂ ਪਰਦਾ ਚੁੱਕ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਹਰਿਆਣਾ ਸਰਕਾਰ ਨੇ ਗੁਰਦੁਆਰਿਆਂ ਦੀ ਸੰਭਾਲ ਦਾ ਕੰਮ ਗਲਤ ਬੰਦਿਆਂ ਦੇ ਹੱਥਾਂ ’ਚ ਦਿੱਤਾ ਹੈ। ਇਸ ਲਈ ਸ਼੍ਰੋਮਣੀ ਅਕਾਲੀ ਦਲ ਐੱਚਐੱਸਜੀਪੀਸੀ ਚੋਣਾਂ ’ਚ ਸਰਗਰਮੀ ਨਾਲ ਹਿੱਸਾ ਲੈ ਕੇ ਭਾਜਪਾ ਸਰਕਾਰ ਵੱਲੋਂ ਥਾਪੇ ਗਏ ਮਹੰਤਾਂ ਤੋਂ ਗੁਰਦੁਆਰਿਆਂ ਦਾ ਕਬਜ਼ਾ ਛੁਡਵਾਏਗਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਹਰਿਆਣਾ ਦੇ ਸਿੱਖਾਂ ਨਾਲ ਇਸ ਸਬੰਧੀ ਅੱਜ ਇੱਥੇ ਮੀਟਿੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਕੋਰ ਕਮੇਟੀ ਨੇ ਫਸਲ ਤਬਾਹ ਹੋਣ ਵਾਲੇ ਕਿਸਾਨਾਂ ਨੂੰ 50,000 ਰੁਪਏ ਪ੍ਰਤੀ ਏਕੜ, ਮਕਾਨਾਂ ਦੇ ਨੁਕਸਾਨ ਲਈ 10 ਲੱਖ ਰੁਪਏ, ਜਾਨਾਂ ਗੁਆਉਣ ਵਾਲੇ ਕਿਸਾਨਾਂ ਨੂੰ 25 ਲੱਖ ਰੁਪਏ, ਸਾਰੇ ਖੇਤ ਮਜ਼ਦੂਰਾਂ ਨੂੰ 20,000 ਰੁਪਏ, ਇੱਕ-ਇੱਕ ਰੁਪਏ ਮੁਆਵਜ਼ੇ ਦੀ ਮੰਗ ਕੀਤੀ ਹੈ। ਸ੍ਰੀ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਮੌਨਸੂਨ ਦੀ ਸ਼ੁਰੂਆਤ ਤੋਂ ਪਹਿਲਾਂ ਹੜ੍ਹ ਰੋਕੂ ਪ੍ਰਬੰਧ ਕਰਨ ਵਿੱਚ ਅਸਫ਼ਲ ਰਹੇ ਹਨ। ਅਕਾਲੀ ਦਲ ਦੇ ਪ੍ਰਧਾਨ ਨੇ ਦੋਸ਼ ਲਾਇਆ ਕਿ ‘ਆਪ’ ਨੇ ਗਿਰਦਾਵਰੀ ਕਰਵਾਉਣ ਤੋਂ ਪਹਿਲਾਂ ਫਸਲਾਂ ਦੇ ਨੁਕਸਾਨ ਲਈ ਅੰਤਰਿਮ ਰਾਹਤ ਦੇਣ ਦਾ ਵਾਅਦਾ ਕੀਤਾ ਸੀ ਪਰ ਪਹਿਲਾਂ ਹੀ ਖਰਾਬ ਹੋਈਆਂ ਤਿੰਨ ਫਸਲਾਂ ਲਈ ਅਜਿਹਾ ਕਰਨ ਵਿੱਚ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ 15 ਅਗਸਤ ਤੱਕ ਮੁਆਵਜ਼ਾ ਜਾਰੀ ਕਰਨ ਦਾ ਵਾਅਦਾ ਕੀਤਾ ਸੀ ਪਰ ਕਿਸਾਨਾਂ ਦੇ ਪੱਲੇ ਕੱਖ ਵੀ ਨਹੀਂ ਪਿਆ।

# ਚੰਦ 'ਤੇ ਚੰਦਰਯਾਨ ਭੇਜਣ ਤੇ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਭਾਰਤ ਦੇ ਪ੍ਰਧਾਨ ਮੰਤਰੀ ਤੇ ਇਸਰੋ ਵਿਗਿਆਨੀਆਂ ਨੂੰ ਵਧਾਈ ਦਿੱਤੀ

ਸ੍ਰੀ ਮੁਕਤਸਰ ਸਾਹਿਬ : ਭਾਰਤ ਨੇ ਇਕ ਨਵਾਂ ਇਤਿਹਾਸ ਰਚਿਆ ਇਸਰੋ ਦੇ ਵਿਗਿਆਨੀਆਂ ਅਤੇ ਪ੍ਰਧਾਨ ਮੰਤਰੀ ਨੂੰ ਚੰਦਰਮਾ ਤੇ ਖੋਜ ਯੰਤਰ ਭੇਜਣ ਤੇ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਵਧਾਈ ਦਿਤੀ ਹੈ ਅਤੇ ਕਿਹਾ ਕਿ ਭਾਰਤੀ ਵਿਗਿਆਨੀਆਂ ਵੱਲੋਂ ਚੰਦਰਯਾਨ-3 ਦੁਆਰਾ ਲਿਜਾਇਆ ਗਿਆ ਵਿਕਰਮ ਲੈਂਡਰ ਸਫਲਤਾ ਪੂਰਵਕ ਚੰਦ ਦੇ ਦੱਖਣੀ ਧਰੁਵ 'ਤੇ ਉਤਾਰਿਆ ਗਿਆ ਹੈ। ਭਾਰਤ ਚੰਦਰਮਾ ਦੇ ਇਸ ਹਿੱਸੇ 'ਤੇ ਖੋਜ-ਯੰਤਰ ਭੇਜਣ ਵਾਲਾ ਦੁਨੀਆ ਦਾ ਪਹਿਲਾ ਦੇਸ਼ ਬਣ ਗਿਆ ਹੈ। ਇਸ ਤੋਂ ਪਹਿਲਾਂ ਸਿਰਫ਼ ਰੂਸ, ਅਮਰੀਕਾ ਅਤੇ ਚੀਨ ਹੀ ਚੰਦ 'ਤੇ ਆਪਣੇ ਖੋਜ-ਯੰਤਰ ਭੇਜ ਸਕੇ ਹਨ।



ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇਕ ਲਿਖਤੀ ਬਿਆਨ ਵਿੱਚ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਚੰਦ ਦੇ ਤਲ 'ਤੇ ਸਫਲਤਾਪੂਰਵਕ ਖੋਜ-ਯੰਤਰ ਉਤਾਰਨਾ ਨਵੀਂ ਸ਼ੁਰੂਆਤ ਹੈ। ਇਸ ਤੋਂ ਮਹੱਤਵਪੂਰਨ ਡਾਟਾ ਸਾਹਮਣੇ ਆਵੇਗਾ ਜਿਸ ਤੋਂ ਬ੍ਰਹਿਮੰਡ ਦੇ ਬਣਨ ਅਤੇ ਬਾਅਦ ਵਿਚ ਹੋਏ ਵਿਕਾਸ ਬਾਰੇ ਅੰਤਰ-ਦ੍ਰਿਸ਼ਟੀਆਂ ਸਾਹਮਣੇ ਆਉਣਗੀਆਂ। ਇਸ ਨਾਲ ਭੌਤਿਕ ਵਿਗਿਆਨ, ਹਿਸਾਬ, ਤਾਰਾ ਵਿਗਿਆਨ, ਪੁਲਾੜ ਵਿਗਿਆਨ ਅਤੇ ਵਿਗਿਆਨ ਦੇ ਹੋਰ ਖੇਤਰਾਂ ਵਿਚ ਤਰੱਕੀ ਹੋਵੇਗੀ ਅਤੇ ਖੋਜ ਦੇ ਨਵੇਂ ਦਿਸਹੱਦੇ ਉਭਰਨਗੇ।

ਉਨ੍ਹਾਂ ਕਿਹਾ ਇਹ ਸਫਲਤਾ ਵੱਡੇ ਪਸਾਰਾਂ ਵਾਲੀ ਹੈ ਅਤੇ ਭਾਰਤ ਤੇ ਪੂਰੀ ਮਾਨਵਤਾ ਦੇ ਵਿਗਿਆਨ ਦੇ ਇਤਿਹਾਸ ਵਿਚ ਮੀਲ ਪੱਥਰ ਹੈ। ਇਹ ਸਾਰੇ ਦੇਸ਼ ਲਈ ਗੌਰਵ ਤੇ ਮਾਣ-ਸਨਮਾਨ ਦੀ ਘੜੀ ਹੈ; ਇਹ ਮਾਣ-ਸਨਮਾਨ ਦੇਸ਼ ਦੇ ਵਿਗਿਆਨੀਆਂ ਦੀ ਮਿਹਨਤ ਤੇ ਸਿਰੜ ਦਾ ਨਤੀਜਾ ਹੈ। ਉਨ੍ਹਾਂ ਕਿਹਾ ਭਾਰਤੀ ਪੁਲਾੜ ਖੋਜ ਸੰਸਥਾ ਇਸਰੋ ਦੇ ਸਾਰੇ ਵਿਗਿਆਨੀਆਂ ਨੇ ਇਸ ਵਿਚ ਮਹੱਤਵਪੂਰਨ ਹਿੱਸਾ ਪਾਇਆ ਹੈ ਅਤੇ ਉਹ ਸਾਰੇ ਵਿਗਿਆਨੀ ਵਧਾਈ ਅਤੇ ਸਾਰੇ ਦੇਸ਼ ਵੱਲੋਂ ਵੱਡੇ ਮਾਣ- ਸਨਮਾਨ ਦੇ ਹੱਕਦਾਰ ਹਨ। ਅੱਜ ਭਾਰਤ ਚੰਦਰਮਾ ਤੇ ਖੋਜ-ਯੰਤਰ ਉਤਾਰਨ ਵਾਲਾ ਪਹਿਲਾ ਵਿਕਾਸਸ਼ੀਲ ਦੇਸ਼ ਹੈ। ਉਨ੍ਹਾਂ ਕਿਹਾ ਇਹ ਘੜੀ ਸਾਰੇ ਦੇਸ਼ ਲਈ ਖੁਸ਼ੀ ਵਾਲੀ ਹੈ।

# ਗੁਰੂ ਦੇ ਨਿਹੰਗ ਸਿੰਘ ਕਿਸੇ ਦਾ ਬੁਰਾ ਨਹੀਂ ਚਿਤਵਦੇ ਅਨਿਆਏ ਵਿਰੁੱਧ ਤੇ ਇਨਸਾਫ ਲਈ ਡੱਟਣ ਵਾਲੇ ਸੂਰਮੇ ਸਿੰਘ ਹਨ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ



ਅੰਮ੍ਰਿਤਸਰ : ਗੁਰੂ ਤੇਗ਼ ਬਹਾਦਰ ਗੁਰਦੁਆਰਾ ਅਤੇ ਗੁਰੂ ਨਾਨਕ ਗੁਰਦੁਆਰਾ ਲੈਸਟਰ ਵਿਖੇ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਛੇਵੇਂ ਮੁਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ ਸਿੰਘ ਸਾਹਿਬ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਦੀ ਦੂਸਰੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਦੋਹਾਂ ਅਸਥਾਨਾਂ ਤੇ ਧਾਰਮਿਕ ਸਮਾਗਮ ਹੋਏ। ਜਿਸ ਵਿੱਚ ਨਿਹੰਗ ਸਿੰਘਾਂ ਦੀ ਮੁੱਖ ਜਥੇਬੰਦੀ ਬੁੱਢਾ ਦਲ ਦੇ 14 ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਤੋਂ ਇਲਾਵਾ ਹੋਰ ਧਾਰਮਿਕ ਸਖ਼ਸ਼ੀਅਤਾਂ ਨੇ ਵੱਡੇ ਪੱਧਰ ਤੇ ਸਮੂਲੀਅਤ ਕੀਤੀ।

ਗੁਰੂ ਤੇਗ਼ ਬਹਾਦਰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਰਾਜਮਨਿੰਦਰ ਸਿੰਘ ਕੰਗ, ਜਨਰਲ ਸਕੱਤਰ ਸ. ਹਰਮਿੰਦਰ ਸਿੰਘ, ਗੁਰੂ ਨਾਨਕ ਗੁਰਦੁਆਰਾ ਲੈਸਟਰ ਦੇ ਪ੍ਰਧਾਨ ਸ. ਅਜਮੇਰ ਸਿੰਘ ਬਸਰਾ, ਜਨਰਲ ਸਕੱਤਰ ਸ. ਗੁਰਦੀਪ ਸਿੰਘ ਪਾਬਲਾ, ਉਪ ਪ੍ਰਧਾਨ ਸ. ਜੋਗਿੰਦਰ ਸਿੰਘ ਤੇ ਮੈਂਬਰ ਸ. ਸਰਵਣ ਸਿੰਘ ਚੱਠਾ, ਸ. ਅਜਾਇਬ ਸਿੰਘ, ਗਿਆਨੀ ਗੁਰਦਿਆਲ ਸਿੰਘ, ਸ. ਗੁਰਦੇਵ ਸਿੰਘ ਵੱਲੋਂ ਹੋਏ ਗੁਰਮਤਿ ਸਮਾਗਮਾਂ ਲਈ ਬਹੁਤ ਸੁੰਦਰ ਸਫਲਤਾ ਪੂਰਵਕ ਪ੍ਰਬੰਧ ਕੀਤੇ ਗਏ ਸਨ।

ਨਿਹੰਗ ਸਿੰਘਾਂ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੈਸਟਰ ਦੇ ਗੁਰੂਘਰਾਂ ਦੇ ਪ੍ਰਬੰਧਕਾਂ ਵੱਲੋਂ ਬਹੁਤ ਹੀ ਸੁੰਦਰ ਤੇ ਪ੍ਰਸ਼ੰਸਾ ਜਨਕ ਪ੍ਰਬੰਧ ਕੀਤੇ ਗਏ ਹਨ ਜਿਸ ਤੋਂ ਮੈਂ ਪੂਰਨ ਤੌਰ ਤੇ ਪ੍ਰਭਾਵਤ ਹੋਇਆ ਹਾਂ। ਉਨ੍ਹਾਂ ਕਿਹਾ ਕਿ ਅਸਲ ਵਿੱਚ ਗੁਰੂ ਦੇ ਸੱਚੇ ਸੁੱਚੇ ਨਿਹੰਗ ਸਿੰਘ ਕਿਸੇ ਵਿਅਕਤੀ ਦਾ ਬੁਰਾ ਨਹੀਂ ਚਿਤਵਦੇ, ਇਹ ਰੱਬੀ ਬਾਣੀ ਤੇ ਬਾਣੇ ਦੇ ਧਾਰਨੀ ਹਨ। ਇਹ ਸ਼ਸਤਰ ਤੇ ਸ਼ਾਸਤਰ ਦੇ ਪੁਜਾਰੀ ਹਨ। ਅਨਿਆਏ ਵਿਰੁੱਧ ਡੱਟਣ ਤੇ ਇਨਸਾਫ ਤੇ ਪਹਿਰਾ ਦੇਣ ਵਾਲੇ ਸਿੰਘ ਸੂਰਮੇ ਹਨ। ਉਨ੍ਹਾਂ ਕਿਹਾ ਕਿ ਏਥੋਂ ਦੇ ਨੌਜਵਾਨ ਵਰਗ ਵਿੱਚ ਗੁਰਮਤਿ ਸਿਧਾਂਤ ਵਿੱਚ ਰਹਿ ਕੇ ਸ਼ਸਤਰਾਂ ਦਾ ਅਭਿਆਸ ਤੇ ਸ਼ਾਸਤਰ ਦਾ ਗਿਆਨ ਪ੍ਰਾਪਤ ਕਰਨ ਵਾਲੀ ਰੁੱਚੀ ਚੰਗੀ ਲਗੀ ਹੈ। ਭੁਜੰਗੀਆਂ ਨੂੰ ਦਸਤਾਰ, ਬਾਣੀ-ਬਾਣੇ ਦੀ ਸਿਖਲਾਈ ਪ੍ਰਸ਼ੰਸਾਜਨਕ ਹੈ ਉਨ੍ਹਾਂ ਗੁਰੂਘਰ ਦੇ ਪ੍ਰਬੰਧਕਾਂ ਨੂੰ ਹੋਲੇ ਮਹੱਲੇ ਸਮੇਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਉਣ ਦਾ ਸੱਦਾ ਦਿੱਤਾ। ਇਸ ਸਮੇਂ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਦਾ ਗੁਰੂ ਘਰਾਂ ਦੇ ਪ੍ਰਬੰਧਕਾਂ ਵੱਲੋਂ ਪੁਰਜ਼ੋਰ ਸੁਆਗਤ ਤੇ ਮਾਣ ਸਨਮਾਨ ਕੀਤਾ ਗਿਆ। ਇਸ ਤੋਂ ਪਹਿਲਾਂ ਜੁਝਾਰੂ ਸਿੱਖ ਆਗੂ ਸ. ਸੁਖਵਿੰਦਰ ਸਿੰਘ ਗਿੱਲ, ਸ. ਕੁਲਵਿੰਦਰ ਸਿੰਘ ਜੌਹਲ ਅਤੇ ਸ. ਅਜਮੇਰ ਸਿੰਘ ਬਸਰਾ ਦੇ ਸੱਦੇ ਤੇ ਉਨ੍ਹਾਂ ਦੇ ਗ੍ਰਹਿ ਵਿਖੇ ਗਏ ਜਿਥੇ ਉਨ੍ਹਾਂ ਦਾ ਫੁੱਲਾਂ ਦੇ ਹਾਰਾਂ ਅਤੇ ਖਾਲਸਾਈ ਜੈਕਾਰਿਆਂ ਨਾਲ ਦਾ ਸਵਾਗਤ ਕੀਤਾ ਗਿਆ।

ਨਿਹੰਗ ਸਿੰਘ ਜਥੇਬੰਦੀਆਂ ਦੇ ਤਾਲਮੇਲ ਸਕੱਤਰ ਤੇ ਮੁਖ ਗ੍ਰੰਥੀ ਬਾਬਾ ਰਣ ਸਿੰਘ ਨੇ ਬਾਬਾ ਬਲਬੀਰ ਸਿੰਘ ਨੂੰ ਜੀ ਆਇਆ ਕਿਹਾ। ਪੰਥ ਪ੍ਰਸਿੱਧ ਢਾਡੀ ਗਿਆਨੀ ਤਰਸੇਮ ਸਿੰਘ ਮੋਰਾਂਵਾਲੀ ਤੇ ਪੰਥਕ ਵਿਦਵਾਨ ਗਿਆਨੀ ਭਗਵਾਨ ਸਿੰਘ ਜੌਹਲ ਨੇ ਵੀ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ। ਇਸ ਸਮੇਂ ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਖੰਡਾ ਖੜਕੇਗਾ ਦੇ ਰਾਗੀ ਜਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਬਾਬਾ ਜਸਵਿੰਦਰ ਸਿੰਘ ਜੱਸੀ ਇੰਚਾਰਜ਼ ਬੁੱਢਾ ਦਲ ਅਮਰੀਕਾ ਤੇ ਹੋਰ ਸਥਾਨਕ ਨਿਹੰਗ ਸਿੰਘ ਵੱਡੀ ਗਿਣਤੀ ਵਿੱਚ ਬਾਬਾ ਜੀ ਦੇ ਨਾਲ ਸਨ।

# ਬੁੱਢਾ ਦਲ ਵੱਲੋਂ ਯੂ.ਕੇ ਦੇ ਗੁਰਦੁਆਰਾ ਗੁਰੂ ਕਲਗੀਧਰ ਵਿਖੇ ਮਹਾਨ ਗੁਰਮਤਿ ਸਮਾਗਮ ਹੋਏ

## ਬੁੱਢਾ ਦਲ ਪਾਸ ਇਤਿਹਾਸਕ ਸ਼ਸਤਰਾਂ ਦੇ ਸੰਗਤਾਂ ਨੇ ਦਰਸ਼ਨ ਕੀਤੇ



ਗੁਰਦੁਆਰਾ ਗੁਰੂ ਕਲਗੀਧਰ ਵਿਖੇ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਅਤੇ ਸੰਗਤਾਂ ਨਾਲ।

ਅੰਮ੍ਰਿਤਸਰ : ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਛੇਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਦੂਸਰੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇੰਗਲੈਂਡ ਦੀਆਂ ਸਿੱਖ ਸੰਗਤਾਂ ਦੀ ਜ਼ੋਰਦਾਰ ਮੰਗ ਨੂੰ ਮੁੱਖ ਰਖਦਿਆਂ ਵੱਖ-ਵੱਖ ਗੁਰੂ ਅਸਥਾਨਾਂ ਦੇ ਗੁਰਮਤਿ ਸਮਾਗਮ ਨਿਰੰਤਰ ਜਾਰੀ ਹਨ। ਇਨ੍ਹਾਂ ਸਮਾਗਮਾਂ ਦੌਰਾਨ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵਿਸ਼ੇਸ਼ ਤੌਰ ਬੁੱਢਾ ਦਲ ਦੇ ਪਾਸ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਸੰਗਤਾਂ ਨੂੰ ਕਰਵਾ ਰਹੇ ਹਨ। ਪਹਿਲਾਂ ਅਮਰੀਕਾ ਅਤੇ ਕਨੇਡਾ ਵਿੱਚ ਵੀ ਵਿਸ਼ੇਸ਼ ਗੁਰਮਤਿ ਸਮਾਗਮ ਹੋਏ ਹਨ।

ਇਸੇ ਲੜੀ ਤਹਿਤ ਗੁਰਦੁਆਰਾ ਗੁਰੂ ਕਲਗੀਧਰ ਵਿਖੇ ਮਹਾਨ ਗੁਰਮਤਿ ਸਮਾਗਮ ਹੋਏ। ਜਿਸ ਵਿੱਚ ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਖੰਡਾ ਖੜਕੇਗਾ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਅਤੇ ਢਾਡੀ ਨਿਸ਼ਾਨ ਸਿੰਘ ਦੇ ਜਥੇ ਨੇ ਬੀਰਰਸ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸੰਗਤੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੁੱਢਾ ਦਲ ਦਾ ਇਤਿਹਾਸ ਬਹੁਤ ਹੀ ਸੰਘਰਸ਼ਮਈ ਹੈਰਾਨਕੁੰਨ ਦਲੇਰੀ ਵਾਲੇ ਕਾਰਨਾਮਿਆਂ ਵਾਲਾ ਹੈ ਜਿਸ ਤੇ ਸਮੁੱਚਾ ਖਾਲਸਾ ਪੰਥ ਨਾਜ਼ ਕਰਦਾ ਹੈ। ਉਨ੍ਹਾਂ ਕਿਹਾ ਬੁੱਢਾ ਦਲ ਨੇ ਭਾਰਤ ਤੇ ਪੰਜਾਬ ਤੇ ਹਮਲਾ ਕਰਨ ਵਾਲਿਆਂ ਦੇ ਆਪਣੇ ਬਹੁਬਲ ਨਾਲ ਮੂੰਹ ਹੀ ਨਹੀਂ ਮੋੜੇ ਸਗੋਂ ਸਦਾ ਲਈ ਉਨ੍ਹਾਂ ਦਾ ਏਧਰ ਆਉਣਾ ਬੰਦ ਕੀਤਾ। ਘੱਲੂਘਾਰਿਆਂ ਸਮੇਂ ਸਿੱਖ ਜਰਨੈਲਾਂ ਨੇ ਜੋ ਸ਼ਸਤਰ ਵਰਤੇ ਅਤੇ ਸਿੱਖ ਗੁਰੂ ਸਾਹਿਬਾਨ ਸਮੇਂ ਬੁੱਢਾ ਦਲ ਮੁਖੀਆਂ ਨੂੰ ਜੋ ਬਖਸ਼ਿਸ਼ ਕੀਤੇ ਅਸਲ ਵਿੱਚ ਇਹ ਹੀ ਸਿੱਖ ਵਿਰਾਸਤ ਹੈ। ਜਿਸ ਦੇ ਸੰਗਤਾਂ ਦਰਸ਼ਨ ਕਰ ਰਹੀਆਂ ਹਨ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੇ ਅਰਥ ਤੇ ਇਤਿਹਾਸ ਸੰਗਤਾਂ ਨਾਲ ਸਾਂਝਾ ਕੀਤਾ ਅਤੇ ਗੁਰਦੁਆਰਾ ਪ੍ਰਬੰਧਕਾਂ ਤੇ ਵਿਸ਼ੇਸ਼ ਤੌਰ ਤੇ ਪੁਜੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬਾਬਾ ਬਲਬੀਰ ਸਿੰਘ ਅਕਾਲੀ ਨੂੰ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ ਵੀ ਦਿੱਤਾ ਗਿਆ। ਇਸ ਸਮੇਂ ਪੰਥਕ ਬੁਲਾਰੇ ਗਿਆਨੀ ਭਗਵਾਨ ਸਿੰਘ ਜੌਹਲ, ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਖੰਡਾ ਖੜਕੇਗਾ, ਬਾਬਾ ਜਸਵਿੰਦਰ ਸਿੰਘ ਜੱਸੀ ਅਮਰੀਕਾ ਤੇ ਹੋਰ ਸਥਾਨਕ ਨਿਹੰਗ ਸਿੰਘ ਵੱਡੀ ਗਿਣਤੀ ਵਿੱਚ ਬਾਬਾ ਜੀ ਦੇ ਨਾਲ ਸਨ।

# ਤਪ ਅਸਥਾਨ ਬਾਬੇ ਕੇ ਫਾਰਮ ਲਮਿੰਗਟਨ ਸਪਾ ਵਿਖੇ ਹੋਏ ਗੁਰਮਤਿ ਸਮਾਗਮ ਸਮੇਂ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਤੇ ਸੰਤ ਸੀਚੇਵਾਲ ਉਚੇਚੇ ਤੌਰ ਤੇ ਪੁਜੇ





ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ।

ਅੰਮ੍ਰਿਤਸਰ : ਪੰਜਾਬ ਦੇ ਮਾਲਵੇ ਖੇਤਰ ਵਿੱਚ ਵਿਦਿਅਕ ਤੇ ਸੇਹਤ ਸੰਸਥਾਵਾਂ ਦੇ ਸੰਸਥਾਪਕ ਬਾਬਾ ਨਾਹਰ ਸਿੰਘ ਸਨ੍ਹੇਰਾਂ ਵਾਲਿਆਂ ਅਤੇ ਸੰਤ ਬਾਬਾ ਨੰਦ ਸਿੰਘ ਦੀ ਸਲਾਨਾ ਯਾਦ ਵਿੱਚ ਗੁਰਦੁਆਰਾ ਤੱਪ ਅਸਥਾਨ ਬਾਬੇ ਕੇ ਫਾਰਮ ਸਟਾਰਟਫੋਰਡ ਲਮਿੰਗਟਨ ਸਪਾ ਵਿਖੇ ਬਰਸੀ ਸਬੰਧੀ ਗੁਰਮਤਿ ਸਮਾਗਮ ਅਯੋਜਿਤ ਕੀਤੇ ਗਏ। ਪ੍ਰਬੰਧਕ ਬਾਬਾ ਜਸਵਿੰਦਰ ਸਿੰਘ ਕਾਲਾ, ਸ. ਮਨਜੀਤ ਸਿੰਘ ਐਡਵੋਕੇਟ ਨੇ ਸਾਰੇ ਪ੍ਰਬੰਧ ਬਾਖੂਬੀ ਸਫਲਤਾ ਪੂਰਨ ਕੀਤੇ ਹੋਏ ਸਨ। ਇਨ੍ਹਾਂ ਧਾਰਮਿਕ ਸਮਾਗਮਾਂ ਵਿੱਚ ਪੰਜਾਬ ਤੋਂ ਪ੍ਰਮੁੱਖ ਧਾਰਮਿਕ ਸਖਸ਼ੀਅਤਾਂ ਵਿਸ਼ੇਸ਼ ਤੌਰ ਤੇ ਸ਼ਾਮਲ ਹੋਈਆਂ।

ਇਸ ਸਮਾਗਮ ਵਿੱਚ ਨਿਹੰਗ ਸਿੰਘਾਂ ਦੀ ਮੁੱਖ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਅਤੇ ਸੁਲਤਾਨਪੁਰ ਲੋਧੀ ਤੋਂ ਭਾਰਤ ਸਰਕਾਰ ਦੇ ਰਾਜਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ, ਸੰਤ ਜਗਜੀਤ ਸਿੰਘ ਲੋਪੋਂ ਵਿਸ਼ੇਸ਼ ਤੌਰ ਤੇ ਪੁਜੇ। ਨਿਹੰਗ ਸਿੰਘਾਂ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੁੱਢਾ ਦਲ ਤੇ ਨਾਨਕਸਰ ਸੰਪ੍ਰਦਾਇ ਦੀ ਪੁਰਾਤਨ ਸਮੇਂ ਤੋਂ ਪਿਆਰ ਭਰੀ ਸਾਂਝ ਹੈ। ਉਨ੍ਹਾਂ ਇਤਿਹਾਸਕ ਪਲ ਸਾਂਝੇ ਕਰਦਿਆਂ ਕਿਹਾ ਕਿ ਇਸ ਸੰਪਰਦਾ ਦੇ ਮੁਖੀ ਸੰਤ ਬਾਬਾ ਨੰਦ ਸਿੰਘ ਤੇ ਬਾਬਾ ਈਸ਼ਰ ਸਿੰਘ ਦੋਹਾਂ ਮਹਾਪੁਰਸ਼ਾਂ ਨੇ ਅੰਮ੍ਰਿਤ ਦੀ ਦਾਤ ਬੁੱਢਾ ਦਲ ਤੋਂ ਪ੍ਰਾਪਤ ਕੀਤੀ ਸੀ ਅੱਜ ਵੀ ਇਨ੍ਹਾਂ ਜਥੇਬੰਦੀਆਂ ਦੀ ਇਕ ਦੂਜੇ ਦੇ ਸਮਾਗਮਾਂ ਅਤੇ ਦੁਖ ਸੁਖ ਸਮੇਂ ਪੀਢੀ ਸਾਂਝ ਹੈ। ਉਨ੍ਹਾਂ ਬੁੱਢਾ ਦਲ ਦੇ ਮੁੱਢਲੇ ਮੁਖੀਆਂ ਨੂੰ ਗੁਰੂ ਘਰੋਂ ਮਿਲੀਆਂ ਬਖਸ਼ਿਸ਼ਾਂ ਬਾਰੇ ਸੰਗਤਾਂ ਨਾਲ ਸਾਂਝ ਕੀਤੀ।

ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸੰਤ ਬਾਬਾ ਨੰਦ ਸਿੰਘ, ਬਾਬਾ ਨਾਹਰ ਸਿੰਘ ਸਨੇਹਰਾਂ ਵਾਲਿਆਂ ਨੂੰ ਸ਼ਰਧਾ ਸਤਿਕਾਰ ਭੇਂਟ ਕਰਦਿਆਂ ਕਿਹਾ ਕਿ ਬਾਬੇ ਕੇ ਸੰਪਰਦਾ ਵੱਲੋਂ ਬਹੁਤ ਵੱਡੀਆਂ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ ਬਹੁਤ ਸਾਰੀਆਂ ਵਿਦਿਅਕ ਤੇ ਸੇਹਤ ਸੇਵਾਵਾਂ ਵਾਲੀਆਂ ਕਾਬਲੇ ਗੌਰ ਸੰਸਥਾਵਾਂ ਚਲਾਈਆ ਜਾ ਰਹੀਆਂ ਹਨ। ਉਨ੍ਹਾਂ ਪੰਜਾਬ ਅੰਦਰ ਆਏ ਹੜ੍ਹਾਂ ਨਾਲ ਹੋਈ ਬਰਬਾਦੀ ਦਾ ਵੀ ਜ਼ਿਕਰ ਕੀਤਾ। ਏਸੇ ਤਰ੍ਹਾਂ ਸੰਤ ਜਗਜੀਤ ਸਿੰਘ ਲੋਪੋਂ ਨੇ ਸੰਤ ਬਾਬਾ ਨੰਦ ਸਿੰਘ ਨੂੰ ਸਰਧਾਂਜਲੀ ਭੇਟ ਕੀਤੀ। ਨਾਨਕਸਰ ਸੰਪਰਦਾ ਦੇ ਬਹੁਤ ਸਾਰੇ ਸੰਤ ਪੁਰਸ਼ ਹਾਜ਼ਰ ਸਨ। ਇਸ ਸਮੇਂ ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਖੰਡਾ ਖੜਕੇਗਾ ਨੇ ਕੀਰਤਨ ਰਾਹੀਂ ਹਾਜ਼ਰੀ ਭਰੀ। ਇਸ ਸਮੇਂ ਬਾਬਾ ਜਸਵਿੰਦਰ ਸਿੰਘ ਜੱਸੀ ਅਮਰੀਕਾ ਤੇ ਹੋਰ ਸਥਾਨਕ ਨਿਹੰਗ ਸਿੰਘ ਵੱਡੀ ਗਿਣਤੀ ਵਿੱਚ ਬਾਬਾ ਜੀ ਦੇ ਨਾਲ ਸਨ।


੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
ਸ੍ਰ. ਗੁਰਮੇਜ ਸਿੰਘ ਗਿੱਲ, ਡਾ. ਬਲਜੀਤ ਸਿੰਘ ਗਿੱਲ,
ਸ੍ਰ. ਗੁਰਜੰਟ ਸਿੰਘ ਗਿੱਲ, ਸ੍ਰ. ਸੁਖਵੰਤ ਸਿੰਘ ਗਿੱਲ (ਸ਼ਾਨ ਗਿੱਲ)
ਗਿੱਲ ਬ੍ਰਦਰਜ਼



ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
ਸ੍ਰ. ਕੇਹਰ ਸਿੰਘ ਘੋਤੜਾ ਮਿਆਣੀ, ਸ੍ਰ. ਜੋਗਾ ਸਿੰਘ ਘੋਤੜਾ ਮਿਆਣੀ
ਅਤੇ ਸ. ਰਘਵਿੰਦਰ ਸਿੰਘ ਘੋਤੜਾ ਮਿਆਣੀ
Binghamton New York

# ਜਾਗਤ ਜੋਤ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ





ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਧਰਤੀ 'ਤੇ ਅਵਤਾਰ ਧਾਰਿਆ, ਉਦੋਂ ਦੁਨੀਆ ਦੀ ਹਾਲਤ ਬਹੁਤ ਤਰਸਮਈ ਸੀ। ਰਾਜੇ ਕਸਾਈਆਂ ਵਾਂਗ ਵਿਵਹਾਰ ਕਰਦੇ ਸਨ ਅਤੇ ਧਰਮ ਕਰਮ ਦੁਨੀਆ ਤੋਂ ਕਿਧਰੇ ਦੂਰ ਚਲਾ ਗਿਆ ਜਾਪਦਾ ਸੀ। ਇਸ ਸਮੇਂ ਦੇ ਹਾਲਾਤ ਨੂੰ ਖੁਦ ਸ੍ਰੀ ਗੁਰੂ ਨਾਨਕ ਦੇਵ ਜੀ ਰਾਗ ਮਾਝ ਦੀ ਵਾਰ 'ਚ, ਮਲ੍ਹਾਰ ਦੀ ਵਾਰ 'ਚ ਅਤੇ ਸਾਰੰਗ ਦੀ ਵਾਰ 'ਚ ਪੇਸ਼ ਕਰਦੇ ਹੋਏ ਦੱਸਦੇ ਹਨ :

**"ਕਲਿਕਾਤੀ ਰਾਜੇ ਕਾਸਾਈ**
**ਧਰਮੁ ਪੰਖੁ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦਰਮਾ**
**ਦੀਸੈ ਨਾ ਹੀ ਕਹ ਚੜਿਆ॥**
**ਹਉ ਭਾਲਿ ਵਿਕੁਨੀ ਹੋਈ**
**ਆਧੇਰੇ ਰਾਹੁ ਨ ਕੋਈ॥**
**ਵਿਚਿ ਹਉਮੈ ਕਰਿ ਦੁਖੁ ਰੋਈ॥**
**ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥"**
**(ਵਾਰ ਮਾਝ, ਅੰਗ 145)**

**"ਰਾਜੇ ਸੀਹ ਮੁਕਦਮ ਕੁਤੇ॥**
**ਜਾਇ ਜਗਾਇਨ ਬੈਠੇ ਸੁਤੇ॥**
**ਚਾਕਰ ਨਹਦਾ ਪਾਇਨਿਹ ਘਾਉ॥**
**ਰਤੁ ਪਿਤੁ ਕੁਤਿਹੋ ਚਟਿ ਜਾਹੁ॥**
**ਜਿਥੇ ਜੀਆਂ ਹੋਸੀ ਸਾਰ॥**
**ਨਕੀਂ ਵਢੀਂ ਲਾਇਤਬਾਰ॥"**
**(ਮਲ੍ਹਾਰ ਦੀ ਵਾਰ, ਅੰਗ 1288)**

**"ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥ ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ॥" (ਸਾਰੰਗ ਕੀ ਵਾਰ, ਅੰਗ 1242)**

ਅਜਿਹੇ ਸਮੇਂ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਨਿਰਮਲ ਪੰਥ ਚਲਾਇਆ ਅਤੇ ਗ੍ਰਹਿਸਤ 'ਚ ਰਹਿੰਦਿਆਂ ਸਮਾਜ ਦੀ ਸੇਵਾ ਕਰਦਿਆਂ ਹੱਕ ਸੱਚ ਦੀ ਕਮਾਈ ਕਰਦੇ ਹੋਏ ਦੂਜਿਆਂ ਨਾਲ ਵੰਡ ਕੇ ਛਕਦਿਆਂ ਸੰਸਾਰ ਸਾਗਰ ਤੋਂ ਪਾਰ ਹੋਣ ਦਾ ਸੌਖਾ ਰਸਤਾ ਦੱਸਿਆ। ਵੱਡਾ ਇਨਕਲਾਬੀ ਕਦਮ ਇਹ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਵਾਗਡੋਰ ਆਪਣੇ ਖਾਨਦਾਨ ਨੂੰ ਨਹੀਂ ਦਿੱਤੀ ਤੇ ਨਾ ਹੀ ਆਪਣੇ ਰਿਸ਼ਤੇਦਾਰਾਂ ਨੂੰ। ਉਨ੍ਹਾਂ ਨੇ ਸੱਚੀ ਸੁੱਚੀ ਨਿਰਸੁਆਰਥ ਸੇਵਾ ਕਰਨ ਵਾਲੇ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਬਣਾਕੇ ਆਪਣੇ ਮਿਸ਼ਨ ਦੇ ਪ੍ਰਚਾਰ ਦੀ ਵੱਡੀ ਜ਼ਿੰਮੇਵਾਰੀ ਸੌਂਪੀ। ਇਤਿਹਾਸ ਦੱਸਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਵੀ ਦੇਸ਼ ਵਿਦੇਸ਼ ਜਾਂਦੇ ਤਾਂ ਜੋ ਬਾਣੀ ਅਕਾਲ ਪੁਰਖ ਤੋਂ ਉਨ੍ਹਾਂ ਦੀ ਰਸਨਾ ਰਾਹੀਂ ਉਚਾਰੀ ਜਾਂਦੀ, ਬਾਅਦ 'ਚ ਉਸਨੂੰ ਇਕ ਪੋਥੀ 'ਤੇ ਲਿਖ ਲੈਂਦੇ। ਭਾਈ ਗੁਰਦਾਸ ਜੀ ਵੀ ਆਪਣੀਆਂ ਵਾਰਾਂ 'ਚ ਇਸ ਗੱਲ ਦੀ ਪੁਸ਼ਟੀ ਕਰਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਮਗਰੋਂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਦੀ ਰਚਨਾ ਕੀਤੀ ਅਤੇ ਇਸ ਨੂੰ ਸਾਂਭਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਦੇਸ਼ ਭਰ 'ਚ ਘੁੰਮ ਕੇ ਜਿਥੇ ਪਾਪੀ ਰੂਹਾਂ ਨੂੰ ਤਾਰਿਆ ਅਤੇ ਹੱਕ ਸੱਚ ਦਾ ਹੋਕਾ ਦਿੱਤਾ, ਉਥੇ ਉਨ੍ਹਾਂ ਦੇਸ਼ ਭਰ ਦੇ ਮਹਾਨ ਸੰਤਾਂ ਮਹਾਪੁਰਸ਼ਾਂ ਦੀ ਬਾਣੀ ਇਕੱਤਰ ਕਰਨ ਦਾ ਵੱਡਾ ਕਾਰਜ ਵੀ ਕੀਤਾ। ਇਹੋ ਬਾਣੀ ਅੱਗੇ ਤੋਂ ਅੱਗੇ ਅਗਲੇ ਗੁਰੂ ਸਾਹਿਬਾਨ ਨੂੰ ਵਿਰਾਸਤ 'ਚ ਮਿਲਦੀ ਗਈ। ਸ੍ਰੀ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਪ੍ਰਿਥੀ ਚੰਦ ਵਲੋਂ ਜਦੋਂ ਇਹ ਦਾਅਵਾ ਜਤਾਇਆ ਗਿਆ ਕਿ ਗੁਰੂਗੱਦੀ 'ਤੇ ਉਸਦਾ ਜੱਦੀ ਹੱਕ ਹੈ ਤਾਂ ਗੁਰੂ ਜੀ ਨੇ ਉਸਨੂੰ ਭਾਵੇਂ ਇਹ ਗੱਲ ਚੰਗੀ ਤਰ੍ਹਾਂ ਸਮਝਾ ਦਿੱਤੀ ਸੀ ਕਿ ਗੁਰੂਗੱਦੀ ਪਰਿਵਾਰਾਂ ਨੂੰ ਵਿਰਾਸਤ 'ਚ ਨਹੀਂ ਮਿਲ ਸਕਦੀ ਪਰ ਇਸਦੇ ਬਾਵਜੂਦ ਪ੍ਰਿਥੀ ਚੰਦ ਨੇ ਵਿਰੋਧ ਦਾ ਰਸਤਾ ਨਹੀਂ ਛੱਡਿਆ। ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਨਕਲੀ ਬਾਣੀ ਵੀ ਰਚੀ ਜਾਣ ਲੱਗ ਪਈ ਸੀ। ਸ਼ਬਦ ਦੇ ਅਖੀਰ 'ਚ ਨਾਂ ਅਸਲ ਬਾਣੀ ਦੀ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਲਿਖਿਆ ਜਾਂਦਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਮੁੱਚੀ ਬਾਣੀ ਨੂੰ ਸ਼ੁੱਧ ਰੂਪ 'ਚ ਰੱਖਣ ਲਈ ਅਤੇ ਜਨਤਾ ਦੇ ਪਰਉਪਕਾਰ ਲਈ ਇਕ ਬਹੁਤ ਵੱਡਾ ਫੈਸਲਾ ਲਿਆ। ਉਹ ਫੈਸਲਾ ਸੀ ਸਮੁੱਚੀ ਬਾਣੀ ਨੂੰ ਇਕ ਗ੍ਰੰਥ ਸਾਹਿਬ ਜੀ 'ਚ ਇਕੱਤਰ ਕਰਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਸ ਵੇਲੇ ਪੋਥੀ ਸਾਹਿਬ ਕਿਹਾ ਜਾਂਦਾ ਸੀ। ਇਹ ਮਹਾਨ ਕਾਰਜ ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਲਗਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰਾਮਸਰ ਦੇ ਕਿਨਾਰੇ ਪੋਥੀ ਸਾਹਿਬ ਲਿਖਣ ਦਾ ਕਾਰਜ ਆਰੰਭਿਆ। ਸ੍ਰੀ ਗੁਰੂ ਅਰਜਨ ਦੇਵ ਜੀ ਅੱਗੇ ਇਹ ਇਕ ਬਹੁਤ ਵੱਡਾ ਕਾਰਜ ਸੀ, ਜਿਸ 'ਚ ਸਾਰੀ ਬਾਣੀ ਦਾ ਨਿਖੇੜਾ ਕਰਕੇ ਸ਼ੁੱਧ ਬਾਣੀ ਦੀ ਚੋਣ ਕਰਨਾ ਅਤੇ ਸੰਤਾਂ ਮਹਾਪੁਰਸ਼ਾਂ ਦੀ ਬਾਣੀ ਸ਼ੁੱਧ ਰੂਪ 'ਚ ਸੰਗ੍ਰਹਿ ਕਰਨਾ ਸੀ। ਅਖੀਰ ਕਈ ਮਹੀਨਿਆਂ ਦੀ ਮਿਹਨਤ ਸਦਕਾ 1604 ਈਂ 'ਚ ਪੋਥੀ ਸਾਹਿਬ ਦਾ ਸੰਪਾਦਨ ਮੁਕੰਮਲ ਹੋ ਗਿਆ। ਇਕ ਗੱਲ ਪਾਠਕਾਂ ਨਾਲ ਹੋਰ ਸਾਂਝੀ ਕਰਨਾ ਚਾਹੁੰਦੇ ਹਾਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਜਦੋਂ ਗੋਇੰਦਵਾਲ ਸਾਹਿਬ ਵਿਖੇ ਆਪਣੀ ਗੋਦ 'ਚ ਲੈ ਕੇ ਇਹ ਪਵਿੱਤਰ ਬਚਨ ਕੀਤੇ ਸਨ, "ਦੋਹਿਤਾ ਬਾਣੀ ਕਾ ਬੋਹਿਥਾ" ਤਾਂ ਜਾਣੀ ਜਾਣ ਸਤਿਗੁਰੂ ਨੂੰ ਇਹ ਗੱਲ ਭਲੀ ਭਾਂਤ ਪਤਾ ਸੀ ਕਿ ਉਨ੍ਹਾਂ ਦਾ ਦੋਹਤਰਾ ਬਾਣੀ ਦੀ ਬਹੁਤ ਰਚਨਾ ਕਰੇਗਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਨਾਨਾ ਗੁਰੂ ਜੀ ਦੇ ਵਚਨਾਂ ਨੂੰ ਪੂਰਾ ਕਰਦਿਆਂ ਬਹੁਤ ਸਾਰੀ ਬਾਣੀ ਰਚੀ। ਆਪ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਵਾਂਗ 30 ਰਾਗਾਂ 'ਚ ਬਾਣੀ ਦੀ ਰਚਨਾ ਕੀਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਰਚੇ 1345 ਸ਼ਬਦ, 62 ਅਸ਼ਟਪਦੀਆਂ, 62 ਛੰਤ, 6 ਵਾਰਾਂ (ਵਾਰਾਂ ਦੀਆਂ 110 ਪਉੜੀਆਂ ਹਨ ਅਤੇ 7 ਹੋਰ ਪੌੜੀਆਂ ਗਉੜੀ, ਸਾਰੰਗ ਤੇ ਮਲ੍ਹਾਰ ਦੀ ਵਾਰ

ਗੁਰਪ੍ਰੀਤ ਸਿੰਘ ਨਿਆਮੀਆਂ

ਵਿਚ ਰਚੀਆਂ), 277 ਸਲੋਕ (13 ਹੋਰ ਸਲੋਕ ਆਪ ਜੀ ਨੇ ਰਚੇ, 8 ਬਾਬਾ ਫਰੀਦ ਜੀ ਦੇ ਸਲੋਕਾਂ ਵਿਚ ਅਤੇ 5 ਭਗਤ ਕਬੀਰ ਜੀ ਦੇ ਸਲੋਕ) ਰਚੇ। ਇਸ ਤੋਂ ਇਲਾਵਾ ਪਹਿਰੇ, ਬਾਰਹਮਾਹਾ, ਦਿਨ ਰੈਣਿ, ਬਾਵਨ ਅੱਖਰੀ, ਸੁਖਮਨੀ ਸਾਹਿਬ, ਥੀਤੀ, ਬਿਰਹੜੇ, ਗੁਣਵੰਤੀ, ਰਾਗ ਮਾਰੂ 'ਚ ਅੰਜਲੀਆਂ ਤੇ ਸੋਹਲੇ, ਰਾਗਾਂ ਦੀ ਸਮਾਪਤੀ 'ਤੇ 67 ਸਹਸਕ੍ਰਿਤੀ ਸਲੋਕ, 24 ਸਲੋਕ ਗਾਥਾ, ਫੁਨਹੇ ਦੇ 24, ਚਉਬੋਲੇ ਦੇ 11 ਸ਼ਬਦ ਅਤੇ 20 ਸਵੱਈਆ ਆਦਿ ਦੀ ਰਚਨਾ ਵੀ ਕੀਤੀ। ਇੰਝ ਆਪ ਜੀ ਦੇ ਰਚੇ ਹੋਏ ਕੁੱਲ 2218 ਸ਼ਬਦ ਤੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ (974 ਸ਼ਬਦ ਤੇ ਸਲੋਕ), ਸ੍ਰੀ ਗੁਰੂ ਅੰਗਦ ਦੇਵ ਜੀ (62 ਸਲੋਕ), ਸ੍ਰੀ ਗੁਰੂ ਅਮਰਦਾਸ ਜੀ (907 ਪਦ ਤੇ ਸਲੋਕ), ਸ੍ਰੀ ਗੁਰੂ ਰਾਮ ਦਾਸ ਜੀ (679 ਪਦ ਤੇ ਸਲੋਕ), ਸ੍ਰੀ ਗੁਰੂ ਅਰਜਨ ਦੇਵ ਜੀ (2218 ਪਦ ਤੇ ਸਲੋਕ), ਸ੍ਰੀ ਗੁਰੂ ਤੇਗ ਬਹਾਦਰ ਜੀ (115 ਪਦ ਤੇ ਸਲੋਕ) ਦੀ ਬਾਣੀ ਸ਼ਾਮਲ ਹੈ। ਕੁੱਝ ਇਤਿਹਾਸਕਾਰ ਮੰਨਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ 'ਚ ਇਕ ਦੋਹਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਹੋਇਆ ਹੈ ਪਰ ਬਹੁਤ ਇਤਿਹਾਸਕਾਰ ਇਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਲਿਖਿਆ ਹੀ ਮੰਨਦੇ ਹਨ।

ਇਸ ਤੋਂ ਇਲਾਵਾ ਭਗਤ ਜੈਦੇਵ (2 ਸ਼ਬਦ), ਸ਼ੇਖ ਫਰੀਦ (130 ਸਲੋਕ, 4 ਸ਼ਬਦ), ਭਗਤ ਤਿਰਲੋਚਨ ਜੀ (4 ਸ਼ਬਦ), ਭਗਤ ਨਾਮਦੇਵ ਜੀ (60 ਸ਼ਬਦ), ਭਗਤ ਰਾਮਾਨੰਦ ਜੀ (1 ਸ਼ਬਦ), ਭਗਤ ਸਧਨਾ ਜੀ (1 ਸ਼ਬਦ), ਭਗਤ ਬੇਣੀ ਜੀ (1 ਸ਼ਬਦ), ਭਗਤ ਰਵਿਦਾਸ ਜੀ (41 ਸ਼ਬਦ), ਭਗਤ ਕਬੀਰ ਜੀ (292 ਸ਼ਬਦ, 249 ਸਲੋਕ), ਭਗਤ ਧੰਨਾ ਜੀ (4 ਸ਼ਬਦ), ਭਗਤ ਪੀਪਾ ਜੀ (1 ਸ਼ਬਦ), ਭਗਤ ਸੈਨ ਜੀ (1 ਸ਼ਬਦ), ਭਗਤ ਪਰਮਾਨੰਦ (1 ਸ਼ਬਦ), ਭਗਤ ਸੂਰਦਾਸ (1 ਸ਼ਬਦ), ਭਗਤ ਭੀਖਨ ਜੀ (2 ਸ਼ਬਦ), ਭਾਈ ਮਰਦਾਨਾ ਜੀ (3 ਸਲੋਕ), ਬਾਬਾ ਸੁੰਦਰ ਜੀ (6 ਪਉੜੀਆਂ), ਡੂਮ ਸੱਤਾ ਤੇ ਰਾਏ ਬਲਵੰਡ (8 ਪਦੇ, ਭਾਵ ਇਕ ਵਾਰ) ਦੀ ਬਾਣੀ ਨੂੰ ਵੀ ਗੁਰੂ ਸਾਹਿਬਾਨ ਦੀ ਬਾਣੀ ਦੇ ਬਰਾਬਰ ਸਨਮਾਨ ਤੇ ਸਤਿਕਾਰ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਕੀਤਾ ਗਿਆ। ਇਸ ਤੋਂ ਇਲਾਵਾ 11 ਭੱਟਾਂ ਕਲਸਹਾਰ, ਜਾਲਪ, ਕੀਰਤ, ਸੱਲ, ਭੱਲ, ਨੱਲ, ਮਥੁਰਾ, ਗਯੰਦ, ਭੀਖਾ, ਬੱਲ ਅਤੇ ਹਰਬੰਸ ਜੀ ਦੇ 123 ਸਵੱਈਏ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੇ ਗਏ ਹਨ।

ਭਗਤ ਜੈਦੇਵ ਜੀ ਬੰਗਾਲ ਦੇ ਬੀਰਭੂਮ ਜ਼ਿਲੇ ਦੇ ਪਿੰਡ ਕੰਦੂਲੀ, ਸ਼ੇਖ ਫਰੀਦ ਜੀ ਜ਼ਿਲਾ ਮੁਲਤਾਨ, ਭਗਤ ਤਿਰਲੋਚਨ ਜੀ ਸ਼ੋਲਾਪੁਰ ਜ਼ਿਲੇ ਦੇ ਪਿੰਡ ਬਾਰਸੀ, ਭਗਤ ਨਾਮਦੇਵ ਜੀ ਜ਼ਿਲਾ ਸਿਤਾਰਾ ਦੇ ਪਿੰਡ ਨਰਸੀ ਬਾਮਣੀ (ਮਹਾਰਾਸ਼ਟਰ), ਭਗਤ ਰਾਮਾਨੰਦ ਜੀ ਉੱਤਰ ਪ੍ਰਦੇਸ਼, ਭਗਤ ਸਧਨਾ ਜੀ ਸਿੰਧ, ਭਗਤ ਰਵਿਦਾਸ ਜੀ ਬਨਾਰਸ, ਭਗਤ ਕਬੀਰ ਜੀ ਬਨਾਰਸ, ਭਗਤ ਧੰਨਾ ਜੀ ਪਿੰਡ ਧੁਆਨ (ਰਾਜਸਥਾਨ), ਭਗਤ ਪੀਪਾ ਜੀ ਗੁਜਰਾਤ (ਰਿਆਸਤ ਗਗਰੌਨਗੜ੍ਹ ਦੇ ਰਾਜਾ), ਭਗਤ ਸੇਨ ਜੀ ਰਿਆਸਤ ਰੀਵਾਂ, ਭਗਤ ਪਰਮਾਨੰਦ ਮਹਾਰਾਸ਼ਟਰ ਦੇ ਜ਼ਿਲਾ ਸ਼ੋਲਾਪੁਰ ਦੇ ਪਿੰਡ ਬਾਰਸੀ, ਭਗਤ ਸੂਰਦਾਸ ਜੀ ਪਿੰਡ ਸੀਹੀ (ਦਿੱਲੀ), ਭਗਤ ਭੀਖਨ ਜੀ ਪਿੰਡ ਕਾਕੋਰੀ (ਲਖਨਊ), ਭਾਈ ਮਰਦਾਨਾ ਜੀ ਨਨਕਾਣਾ ਸਾਹਿਬ (ਸ੍ਰੀ ਗੁਰੂ ਨਾਨਕ ਦੇਵ ਜੀ ਦੇ ਖਾਨਦਾਨ ਦੇ ਮਰਾਸੀ), ਬਾਬਾ ਸੁੰਦਰ ਜੀ (ਸ੍ਰੀ ਗੁਰੂ ਅਮਰਦਾਸ ਜੀ ਦੇ ਪੜਪੋਤਰੇ), ਸੱਤਾ ਡੂਮ ਤੇ ਰਾਏ ਬਲਵੰਡ (ਗੁਰੂ ਘਰ ਦੇ ਕੀਰਤਨੀਏ)





ਆਦਿ ਦੇਸ਼ ਦੇ ਵੱਖੋ ਵੱਖ ਹਿੱਸਿਆਂ ਨਾਲ ਸਬੰਧਤ ਭਗਤ ਤੇ ਸੰਤ ਹੋਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਰਦੇ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਰਚਨਾ 'ਜਪੁ ਜੀ ਸਾਹਿਬ' ਨੂੰ ਸਥਾਨ ਦਿੱਤਾ। ਸਾਰੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਵੱਖੋ ਵੱਖ ਗੁਰੂ ਸਾਹਿਬਾਨ ਵਲੋਂ ਰਚੀ ਬਾਣੀ ਦਰਸਾਉਣ ਲਈ ਉਸ 'ਤੇ ਸਿਰਲੇਖ ਮਹਲਾ ਪਹਿਲਾ, ਦੂਜਾ, ਤੀਜਾ ਆਦਿ ਦਿੱਤਾ। ਜਿਸ ਦਾ ਭਾਵ ਸੀ ਜਿਸ ਗੁਰੂ ਦੀ ਬਾਣੀ ਉਹ ਮਹਲੇ ਦਾ ਨਾਂ। ਬਾਣੀ ਨੂੰ ਵੱਖੋ ਵੱਖ ਰਾਗਾਂ ਵਿਚ ਬਹੁਤ ਹੀ ਵਿਲੱਖਣ ਤਰੀਕੇ ਨਾਲ ਵੰਡ ਕੇ ਦਰਜ ਕੀਤਾ ਗਿਆ ਹੈ। ਹਰੇਕ ਰਾਗ ਵਿਚ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਰਜ ਕੀਤੀ ਗਈ ਤੇ ਉਸ ਤੋਂ ਬਾਅਦ ਬਾਕੀ ਗੁਰੂ ਸਾਹਿਬਾਨ ਦੀ। ਜਿਸ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਹੀਂ ਰਚੀ ਗਈ, ਉਸ ਵਿਚ ਉਨ੍ਹਾਂ ਤੋਂ ਤਰਤੀਬ ਵਾਰ ਬਾਅਦ ਦੇ ਗੁਰੂ ਸਾਹਿਬਾਨ ਦੀ ਬਾਣੀ ਪਹਿਲੇ ਸਥਾਨ 'ਤੇ ਰੱਖੀ ਗਈ ਹੈ। ਹਰੇਕ ਰਾਗ ਵਿਚ ਜਿਸ ਥਾਂ 'ਤੇ ਗੁਰੂ ਸਾਹਿਬਾਨ ਦੀ ਬਾਣੀ ਸਮਾਪਤ ਹੁੰਦੀ ਹੈ। ਉਸ ਤੋਂ ਬਾਅਦ ਜੇਕਰ ਗੁਰੂ ਸਾਹਿਬਾਨ ਵਲੋਂ ਰਚੀ ਗਈ ਕੋਈ ਵਾਰ ਹੈ ਤਾਂ ਉਹ ਦਰਜ ਕੀਤੀ ਗਈ ਤੇ ਉਸ ਤੋਂ ਬਾਅਦ ਬਾਕੀ ਭਗਤਾਂ ਦੀ ਬਾਣੀ ਲਿਆਂਦੀ ਗਈ। ਭਗਤਾਂ ਦੀ ਬਾਣੀ ਦਾ ਆਮ ਤੌਰ 'ਤੇ ਆਰੰਭ ਭਗਤ ਕਬੀਰ ਜੀ ਦੀ ਬਾਣੀ ਨਾਲ ਹੁੰਦਾ ਹੈ। ਹਰੇਕ ਰਾਗ ਵਿਚ ਪਹਿਲਾਂ ਦੁਪਦੇ, ਤ੍ਰਿਪਦੇ, ਚਉਪਦੇ, ਪੰਚਪਦੇ, ਛੇਪਦੇ, ਅਸ਼ਟਪਦੀਆਂ ਆਦਿ ਲਿਆਂਦੀਆਂ ਗਈਆਂ ਅਤੇ ਇਨ੍ਹਾਂ ਤੋਂ ਬਾਅਦ ਸੋਹਲੇ, ਕੋਈ ਹੋਰ ਵਿਸ਼ੇਸ਼ ਪਦ, ਛੰਤ ਜਾਂ ਵਾਰ ਲਿਖੀ ਗਈ।

ਹਰੇਕ ਸ਼ਬਦ ਤੋਂ ਬਾਅਦ ਪਿਛਲੇ ਕੁੱਲ ਸ਼ਬਦਾਂ ਦਾ ਜੋੜ ਵੀ ਨਾਲ ਦੀ ਨਾਲ ਸੰਪਾਦਨ ਕਰਨ ਸਮੇਂ ਲਿਖਿਆ ਗਿਆ, ਜਿਸ ਤੋਂ ਅਖੀਰ ਵਿਚ ਪਤਾ ਚਲ ਜਾਂਦਾ ਹੈ ਕਿ ਕਿਸ ਰਾਗ ਵਿਚ ਕਿਸ ਗੁਰੂ ਸਾਹਿਬ ਜੀ ਜਾਂ ਭਗਤ ਦੇ ਕਿੰਨੇ ਸ਼ਬਦ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਵਿਚ ਪਹਿਲੇ 8 ਅੰਗਾਂ ਤੱਕ ਜਪੁ ਜੀ ਸਾਹਿਬ, 8 ਤੋਂ 12 ਅੰਗਾਂ ਤੱਕ ਸੋਦਰ, ਸੋਪੁਰਖ (ਰਹਿਰਾਸ ਸਾਹਿਬ) ਅਤੇ 12 ਤੋਂ 13 ਅੰਗ ਤੱਕ ਸੋਹਿਲਾ ਨਾਂਅ ਦੀ ਬਾਣੀ ਦਰਜ ਕੀਤੀ ਗਈ ਹੈ। ਇਹ ਸਿੱਖਾਂ ਦਾ ਨਿੱਤਨੇਮ ਹੈ। ਪਹਿਲਾ ਰਾਗ ਕੀਰਤਨ ਸੋਹਿਲੇ ਤੋਂ ਬਾਅਦ ਸ਼ੁਰੂ ਹੁੰਦਾ ਹੈ ਤੇ ਇਹ ਸਿਰੀ ਰਾਗ ਹੈ। ਅੰਗ 14 ਤੋਂ ਲੈ ਕੇ ਅੰਗ 1353 ਤੱਕ ਵੱਖੋ ਵੱਖ ਰਾਗਾਂ ਵਿਚ ਬਾਣੀ ਦੀ ਰਚਨਾ ਹੈ। ਇਨ੍ਹਾਂ ਰਾਗਾਂ ਦੀ ਗਿਣਤੀ 31 ਹੈ। ਇਨ੍ਹਾਂ ਦੀ ਤਰਤੀਬ ਇੰਝ ਹੈ:- ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ-ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਨੜਾ, ਕਲਯਾਣ, ਪਰਭਾਤੀ ਅਤੇ ਜੈਜਾਵੰਤੀ। ਰਾਗ ਜੈਜਾਵੰਤੀ ਵੀ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹੀ ਬਾਣੀ ਹੈ। ਇਨ੍ਹਾਂ ਰਾਗਾਂ ਤੋਂ ਬਿਨਾਂ ਕਈ ਥਾਂ ਦੋ ਦੋ ਰਲਵੇਂ-ਮਿਲਵੇ ਰਾਗਾਂ ਵਿਚ ਵੀ ਬਾਣੀ ਰਚੀ ਹੋਈ ਮਿਲਦੀ ਹੈ, ਜਿਵੇਂ ਗਉੜੀ-ਮਾਝ, ਗਉੜੀ-ਦੀਪਕੀ, ਆਸਾ-ਕਾਫੀ, ਤਿਲੰਗ-ਕਾਫੀ, ਪ੍ਰਭਾਤੀ-ਵਿਭਾਸ, ਕਲਯਾਣ-ਭੋਪਾਲੀ, ਬਸੰਤ-ਹਿੰਡੋਲ ਆਦਿ।

ਅੰਗ 1353 ਤੋਂ ਰਾਗ ਮੁਕਤ ਬਾਣੀ ਦਰਜ ਕੀਤੀ ਗਈ ਹੈ। ਸਲੋਕ ਸਹਸਕ੍ਰਿਤੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 4 ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ 67 ਸਲੋਕ ਹਨ, ਜੋ ਅੰਗ 1360 ਤੱਕ ਦਰਜ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਰਚਿਤ ਗਾਥਾ ਦੇ 24 ਬੰਦ, ਫੁਨਹੇ ਦੇ 23 ਤੇ ਚਉਬੋਲੇ ਦੇ 11 ਬੰਦ ਅੰਗ 1364 ਤੱਕ ਦਰਜ ਕੀਤੇ ਗਏ ਹਨ। ਭਗਤ ਕਬੀਰ ਜੀ ਦੇ ਸਲੋਕ 1364 ਤੋਂ 1377 ਅੰਗ ਤੱਕ, ਬਾਬਾ ਫਰੀਦ ਜੀ ਦੇ ਸਲੋਕ 1377 ਤੋਂ 1384 ਅੰਗ ਤੱਕ, ਸਵੱਈਏ ਸ੍ਰੀ ਮੁੱਖ ਵਾਕ 1385 ਤੋਂ 1389 ਅੰਗ ਤੱਕ, ਭੱਟਾਂ ਦੇ ਸਵੱਈਏ 1389 ਤੋਂ 1409 ਅੰਗ ਤੱਕ ਦਰਜ ਕੀਤੇ ਗਏ ਹਨ। ਜੋ ਸ਼ਬਦ ਵੱਖੋ ਵੱਖ ਵਾਰਾਂ ਦੀਆਂ ਪਉੜੀਆਂ ਨਾਲ ਦਰਜ ਨਹੀਂ ਹੋ ਸਕੇ, ਉਹ ਸਾਰੇ ਹੀ ਸ਼ਬਦ 'ਸਲੋਕ ਵਾਰਾਂ ਤੇ ਵਧੀਕ' ਨਾਂਅ ਦੇ ਸਿਰਲੇਖ ਹੇਠ ਅੰਗ 1426 ਤੱਕ ਦਰਜ ਕੀਤੇ ਗਏ ਹਨ। ਇਸ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕ ਅੰਗ 1426 ਤੋਂ 1429 ਤੱਕ ਹਨ। ਅਖੀਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁੰਦਾਵਣੀ ਲਿਖਕੇ ਬਾਣੀ ਦੀ ਸਮਾਪਤੀ ਦੀ ਮੋਹਰ ਲਗਾ ਦਿੱਤੀ ਹੈ, ਜੋ ਕਿ ਅੰਗ 1429 'ਤੇ ਦਰਜ ਹੈ। ਸਭ ਤੋਂ ਅਖੀਰ ਵਿਚ ਰਾਗ ਮਾਲਾ ਅੰਗ 1429 ਤੋਂ 1430 ਤੱਕ ਦਰਜ ਕੀਤੀ ਗਈ ਹੈ।

ਸਮੁੱਚੀ ਬਾਣੀ ਵਿਚ ਸੱਚੇ ਸੁੱਚੇ ਕਰਮ ਕਰਦੇ ਹੋਏ ਅਕਾਲ ਪੁਰਖ ਦਾ ਨਾਮ ਸਦਾ ਹੀ ਸਿਮਰਦੇ ਰਹਿਣ ਦੀ ਤਾਕੀਦ ਕੀਤੀ ਗਈ ਹੈ। ਪ੍ਰਭੂ ਦਾ ਭਜਨ ਜੀਵਨ ਦਾ ਆਧਾਰ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਬਾਣੀ ਵਿਚ ਅਧਿਆਤਮਕਵਾਦ ਦੇ ਨਾਲ ਨਾਲ ਸੰਸਾਰਿਕ ਕਦਰਾਂ-ਕੀਮਤਾਂ ਅਤੇ ਪੌਰਾਣਿਕ ਹਵਾਲੇ ਵੀ ਦਿੱਤੇ ਗਏ। ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੱਚ ਦਾ ਹੀ ਪ੍ਰਕਾਸ਼ ਹੈ ਤੇ ਇਕੋ ਇਕ ਅਕਾਲ ਪੁਰਖ ਦਾ ਨਾਮ ਸਿਮਰਨ ਕਰਨ ਤੇ ਉਸਨੂੰ ਯਾਦ ਰੱਖਣ ਦਾ ਆਦੇਸ਼ ਹੈ। ਇਸ ਨਾਮ 'ਤੇ ਕਿਵੇਂ ਚੱਲਣਾ ਹੈ ਤੇ ਨਾਮ ਨੂੰ ਮਨ 'ਚ ਕਿਸ ਤਰ੍ਹਾਂ ਵਸਾਉਣਾ ਹੈ, ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਖੁੱਲ੍ਹ ਕੇ ਦੱਸਿਆ ਗਿਆ ਹੈ। ਭਾਦਰੋਂ ਸੁਦੀ 1 ਸੰਮਤ 1661 ਮੁਤਾਬਕ ਸਤੰਬਰ 1604 ਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ ਸੀ। ਬਾਬਾ ਬੁੱਢਾ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਮੁੱਖ ਗ੍ਰੰਥੀ ਨਿਯੁਕਤ ਕੀਤਾ ਗਿਆ ਸੀ।

# ਸਮੁੱਚੀ ਮਾਨਵਤਾ ਲਈ ਸਰਬ ਸਾਂਝੀਵਾਲਤਾ ਦੇ ਉਪਦੇਸ਼ ਦੇ ਦਾਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'

ਸਮਸੇਰ ਸਿੰਘ ਜੇਠੂਵਾਲ



ਸ਼ਬਦ ਅਵਤਾਰ ਚਵਰ ਛੱਤਰ ਤਖ਼ਤ ਦੇ ਮਾਲਕ, ਸਮੁੱਚੀ ਮਾਨਵਤਾ ਲਈ ਸਰਬ ਸਾਂਝੀਵਾਲਤਾ ਦੇ ਉਪਦੇਸ਼ ਦੇ ਦਾਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਸਿੱਖ ਪੰਥ ਵਲੋਂ ਚਾਰ ਸੌ ਸੋਲ੍ਹਵਾਂ ਪਹਿਲਾ ਪ੍ਰਕਾਸ਼ ਗੁਰਪੁਰਬ ਮਨਾਇਆ ਜਾ ਰਿਹਾ ਹੈ। ਜਦੋਂ ਗੁਰੂਘਰ ਦਾ ਦੋਖ਼ੀ ਮੀਣਾ ਪ੍ਰਿਥੀ ਚੰਦ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਤੋਂ ਗੁਰਤਾਗੱਦੀ ਨਾ ਖੋਹ ਸਕਿਆ ਤਾਂ ਉਸਨੇ ਗੁਰੂ ਸਾਹਿਬ ਜੀ ਦੇ ਨਾਮ 'ਤੇ ਕੱਚੀ ਬਾਣੀ ਰਚਕੇ ਸਿੱਖਾਂ ਨੂੰ ਆਪਣੇ ਪਿੱਛੇ ਲਾਉਣਾ ਸ਼ੁਰੂ ਕਰ ਦਿੱਤਾ ।

**ਮਿਹਰਵਾਨ ਪੁਤ ਪ੍ਰਿਥੀਏ ਕਾ ਕਬੀਸ਼ਰੀ ਕਰੇ।**
**ਪਾਰਸੀ, ਹਿੰਦਵੀ, ਸੰਸਕ੍ਰਿਤ ਨਾਲੇ ਗੁਰਮੁਖੀ ਪੜ੍ਹੇ।**
**ਤਿਨ ਭੀ ਬਾਣੀ ਬਹੁਤ ਬਣਾਈ,**
**ਭੋਗ ਗੁਰੂ ਨਾਨਕ ਜੀ ਦਾ ਹੀ ਪਾਈ।**
**ਭੂਮ ਲਗੇ ਸ਼ਬਦ ਮੀਣਿਆਂ ਦੇ ਗਾਵਨਿ।**
**ਦੂਆ ਦਰਬਾਰਿ ਗੁਰਿਆਈ ਦਾ ਵੱਡਾ ਲਗੇ ਬਣਾਵਨਿ।**
**ਇਥੇ ਕਿਸੇ ਸਿੱਖ ਸ਼ਬਦ ਮਿਹਰਵਾਨ ਦਾ ਕੀਰਤਨ ਵਿਚ ਪੜ੍ਹਿਆ।**
**ਸੋ ਸਰਵਣੀ ਗੁਰੂ ਅਰਜਨ ਦੇਵ ਜੀ ਦੀ ਪਰਿਆ।**
ਬਚਨ ਕੀਤਾ:
**ਭਾਈ ਗੁਰਦਾਸ ! ਗੁਰੂ ਦੀ ਬਾਣੀਂ ਜੁਦਾ ਕਰੀਏ।**
**ਮੀਣੇਂ ਪਾਂਦੇ ਨੇ ਰਲਾ ਸੇ ਵਿਚਿ ਰਲਾ ਨਾ ਧਰੀਏ**
**(ਕੇਸਰ ਸਿੰਘ ਛਿੱਬਰ-ਬੰਸਾਵਲੀਨਾਮਾ)**

ਪੰਚਮ ਪਾਤਸ਼ਾਹ ਜੀ ਨੇ ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਤੋਂ ਗੋਇੰਦਵਾਲ ਸਾਹਿਬ ਤੋਂ ਗੁਰਬਾਣੀ ਦੀਆਂ ਪੁਰਾਤਨ ਪੋਥੀਆਂ ਲਿਆਂਦੀਆਂ ਜੋ ਭਾਈ ਸਹੰਸ ਰਾਮ ਜੀ ਨੇ ਤਿਆਰ ਕੀਤੀਆਂ ਸਨ।

ਸੰਮਤ 1657 ਸੰਨ੍ਹ 1600 ਈ: ਵਿਚ ਗੁਰਦੁਆਰਾ ਰਾਮਸਰ ਸਾਹਿਬ ਜੀ ਦੇ ਪਾਵਨ ਅਸਥਾਨ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਉਨ੍ਹਾਂ ਦੇ ਪਿਆਰੇ ਸਿੱਖ ਭਾਈ ਗੁਰਦਾਸ ਜੀ ਨੇ ਬੀੜ ਸੰਪਾਦਨਾ ਦੀ ਸੇਵਾ ਆਰੰਭੀ। ਪੰਜ ਗੁਰੂ ਸਾਹਿਬ ਜੀ, ਪੰਦਰਾਂ ਭਗਤ, ਗਿਆਰਾਂ ਭੱਟ ਅਤੇ ਗੁਰੂ ਕੇ ਸਿੱਖਾਂ ਦੀ ਬਾਣੀ ਦਰਜ ਕੀਤੀ ਬਿਕ੍ਰਮੀ ਸੰਮਤ 1661 ਸੰਨ੍ਹ 1604 ਈ: ਵਿਚ ਸੰਪੂਰਨਤਾ ਹੋਈ। ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਪਹਿਲਾ ਪ੍ਰਕਾਸ਼ ਕੀਤਾ ਗਿਆ। ਇਸ ਮੌਕੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪਿਆ ਗਿਆ।

ਉਸ ਤੋਂ ਬਾਅਦ ਕਲਗੀਧਰ ਪਾਤਸ਼ਾਹ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਕੋਲੋਂ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਦਰਜ ਕਰਵਾਈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ 1430 ਅੰਗਾਂ ਵਿਚ ਸੰਪੂਰਨ ਕੀਤਾ। ਗੁਰੂ ਸਾਹਿਬ ਜੀ ਦੀ ਬਾਣੀ ਨੂੰ ਦਰਸਾਉਣ ਲਈ ਮਹਲਾ ਸ਼ਬਦ ਵਰਤਿਆ। ਪਾਵਨ ਬਾਣੀ ਨੂੰ 31 ਮੁੱਖ ਰਾਗਾਂ ਵਿਚ ਅਤੇ 34 ਉੱਪ ਰਾਗਾਂ ਦੀ ਲੜੀ ਵਿਚ ਪਰੋਇਆ ਗਿਆ। ਗੁਰੂ ਸਾਹਿਬ ਜੀ ਅਤੇ ਸੰਤਾਂ ਭਗਤਾਂ ਦੀ ਇਹ ਬਾਣੀ ਭਾਸ਼ਾਵਾਂ ਦਾ ਸਗ੍ਰਹਿ ਹੈ। ਸਿੱਖ ਪ੍ਰੰਪਰਾ ਅਨੁਸਾਰ ਗੁਰੂ ਸ਼ਬਦ ਸਿਰਫ਼ ਦਸ ਪਾਤਸ਼ਾਹੀਆਂ ਲਈ ਹੀ ਵਰਤਿਆ ਗਿਆ ਹੈ ਪਰ ਜਦੋਂ ਦਸਮ ਪਾਤਸ਼ਾਹ ਦੱਖਣ ਦੇਸ਼ ਨਾਦੇੜ ਪਹੁੰਚੇ ਤਾਂ ਉਨ੍ਹਾਂ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦਾ ਹੁਕਮ ਕੀਤਾ...

**ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ।**
**ਸਭ ਸਿਖਨ ਕੋ ਹੁਕਮੁ ਹੈ, ਗੁਰੂ ਮਾਨਿਓ ਗ੍ਰੰਥ।**
**ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ।**
**ਜੋ ਪ੍ਰਭ ਕੋ ਮਿਲ ਬਹੁ ਚਹੈ ਖੋਜ ਸ਼ਬਦ ਮੇ ਲੇਹਿ।**

ਅਤੇ ਮਹਾਰਾਜ ਜੀ ਨੇ ਆਪ ਧੁਰ ਕੀ ਬਾਣੀ ਨੂੰ ਪੰਜ ਪੈਸੇ ਨਾਰੀਅਲ ਰੱਖ ਕੇ ਨਮਸ਼ਕਾਰ ਕੀਤੀ ਸਿੱਖਾਂ ਨੂੰ ਸਦਾ ਲਈ ਸ਼ਬਦ ਗੁਰੂ ਦੇ ਲੜ੍ਹ ਲਾਇਆ।

ਸਿੱਖ ਪੰਥ ਦੇ ਸਦੀਆਂ ਦੇ ਇਤਿਹਾਸ ਵਿਚ ਸਿੱਖਾਂ ਲਈ ਚਾਹੇ 17ਵੀਂ ਸਦੀ ਦਾ ਜੰਗਾਂ ਯੁੱਧਾਂ ਦਾ ਕਠਿਨ ਸਮਾਂ ਸੀ। ਚਾਹੇ ਵਿਸ਼ਵ ਯੁੱਧ ਵਰਗੇ ਘਾਤਕ ਹਾਲਾਤ ਜਾਂ ਅਜੋਕਾ ਮਨੁੱਖੀ ਕਦਰਾਂ ਕੀਮਤਾਂ ਤੋਂ ਸੱਖਣਾ ਯੁੱਗ ਪਰ ਏਨਾ ਸਭ ਹਾਲਾਤਾਂ ਵਿਚ ਗੁਰੂ ਕੇ ਸਿੱਖਾਂ ਲਈ ਸਭ ਤੋਂ ਸਰਵੋਤਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ ।

**ਵਾਹੁ ਵਾਹੁ ਬਾਣੀ ਨਿੰਰਕਾਰ ਹੈ।**
**ਤਿਸੁ ਜੇਵਡੁ ਅਵਰ ਨਾ ਕੋਇ ।**

ਜਿੰਨੇ ਵੱਖ-ਵੱਖ ਰਚਨਹਾਰੇ ਹਨ, ਉਨ੍ਹੀਆਂ ਹੀ ਹਨ। ਇਸ ਵਿੱਚ ਰਾਗ ਤੇ ਰਾਗਨੀਆਂ। ਸਾਰੇ ਮਜਮੂਨਾਂ ਨੂੰ ਵੱਖ-ਵੱਖ ਤਰ੍ਹਾਂ ਦੇ ਕਾਵਿ-ਰੂਪਾਂ ਵਿੱਚ ਪ੍ਰਗਟਾਇਆ ਹੈ। 31 ਰਾਗ ਵਰਤੇ ਗਏ ਹਨ। ਉਨ੍ਹਾਂ ਨੂੰ ਪਦਿਆਂ, ਅਸਟਪਦੀਆਂ ਤੇ 4 ਲਾਇਨਾਂ ਵਾਲੇ ਸਲੋਕਾਂ ਵਿੱਚ ਕਲਮਬੰਦ ਕੀਤਾ ਹੈ। ਲੰਬੀਆਂ ਰਚਨਾਵਾਂ ਵਾਰਾਂ ਦੇ ਰੂਪ ਵਿੱਚ ਹਨ। ਇਨ੍ਹਾਂ ਸਭ ਰਚਨਾਵਾਂ ਨੂੰ ਰਾਗਾਂ ਦੇ ਅਧਿਆਇਆਂ ਵਿੱਚ ਕਰਤੇ ਦੇ ਕ੍ਰਮ ਅਨੁਸਾਰ ਰਖਿਆ ਗਿਆ ਹੈ। 1430 ਅੰਗਾਂ ਵਾਲੀ ਬੀੜ, ਜਿਸ ਨੂੰ ਸਿਖਾਂ ਦੀ ਪ੍ਰਤਿਨਿਧ ਸਭਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਰੂਪ ਵਿੱਚ ਛਾਪਣ ਦੀ ਮਾਨਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ (ਗੁਰਤਾ ਗੱਦੀ) ਬਾਰੇ ਭੱਟ ਵਹੀ (ਤਾਲੁਦਾ ਜੀਂਦ ਪਰਗਨੇ ਦਾ) ਵਿੱਚ ਇਉਂ ਦਰਜ ਹੈ:-

"ਸ੍ਰੀ ਗੁਰੂ ਗੋਬਿੰਦ ਸਿੰਘ ਮਹਿਲ ਦਸਮਾਂ ਬੇਟਾ ਗੁਰੂ ਤੇਗ ਬਹਾਦੁਰ ਕਾ ਪੋਤਾ ਸ੍ਰੀ ਹਰਿਗੋਬਿੰਦ ਜੀ ਕਾ ਪੜਪੋਤਾ ਸ੍ਰੀ ਗੁਰੂ ਅਰਜਨ ਕਾ ਵਾਰਿਸ ਸ੍ਰੀ ਗੁਰੂ ਰਾਮਦਾਸ ਜੀ ਕੀ ਸੂਰਜਬੰਸਿ ਗੋਸਾਲ ਗੋਤਰ ਸੋਢੀ ਖਤਰੀ ਵਾਸੀ ਆਨੰਦਪੁਰ ਪਰਗਨਾ ਕਹਿਲੂਰ ਮੁਕਾਮ ਨੰਦੇੜ ਤਟ ਗੁਦਾਵਰੀ ਦਖਣ ਦੇਸ ਸੰਮਤ ਸਤਾਰਾ ਸੌ ਪੈਂਸਠ ਕਾਤਿਕ ਮਾਸ ਕੀ ਚੌਥ ਸੁਕਲ ਪਖੇ ਬੁਦਵਾਰ ਕੇ ਦਿਹੁਰੀ ਭਾਈ ਦਇਆ ਸਿੰਘ ਸੇ ਬਚਨ ਹੋਇਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲੈ ਆਓ। ਬਚਨ ਪਾਇ ਦਇਆ ਸਿੰਘ ਸ੍ਰੀ ਗਰੰਥ ਸਾਹਿਬ ਜੀ ਲੈ ਤਾਏ। ਗੁਰੂ ਜੀ ਨੇ ਪੰਜ ਪੈਸੇ ਨਰੇਲ ਅਗੇ ਭੇਟਾ ਰਖਾ ਮਥਾ ਟੇਕਾ ਸਰਬਤ ਸੰਗਤ ਸੇ ਕਹਾ ਮੇਰਾ ਹੁਕਮ ਹੈ ਮੇਰਿ ਜਗ੍ਹਾ ਸ੍ਰੀ ਗ੍ਰੰਥ ਜਿ ਕੋ ਜਾਨਣਾ। ਜੋ ਸਿਖ ਜਾਣੇਗਾ ਓਸ ਕੀ ਘਾਲ ਥਾਏ ਪਵੇਗੀ ਗੁਰੂ ਤਿਸ ਕੀ ਬਹੁੜੀ ਕਰੇਗਾ।"

# ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

## ਲੱਖ-ਲੱਖ ਵਧਾਈਆਂ

# ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਐਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ,ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ,ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ।
ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

*Get more BENEFITS at No Cost $0 Premium*



## Rakhra Tax & Immigration

3073 W Ashlan Ave <> Fresno, CA 93722

**Ph. (559) 243-9200**

**Fax (559) 549-6211**

or visit

www.rakhrataxservice.com

or avtar06@gmail.com




# ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ

ਪੁਸ਼ਤਾਂ ਤੋਂ ਖਾਲਸਾ ਪੰਥ ਦੀ ਸੇਵਾ ਕਰਦੇ ਆ ਰਹੇ ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਉਘੇ ਬਿਜ਼ਨਸਮੈਨ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ 'ਤੇ ਕਰਨ ਵਾਲੇ ਗੁਰੂ ਅਤੇ ਪੰਥ ਦੇ ਸੇਵਾਦਾਰ




**ਸ੍ਰ. ਜੋਗਾ ਸਿੰਘ ਹੀਰਾ**
925-719-4359


**ਸ੍ਰ. ਜੀਤ ਸਿੰਘ**
510-750-2810

# ਚੰਦਰਯਾਨ-3 ਉਤਰਨ ਵਾਲੀ ਥਾਂ ਦਾ ਨਾਮ 'ਸ਼ਿਵ ਸ਼ਕਤੀ ਕੇਂਦਰ' ਹੋਵੇਗਾ: ਮੋਦੀ

## ਇਸਰੋ ਦੇ ਵਿਗਿਆਨੀਆਂ ਨੂੰ ਸਲਾਮ ਕਰਦਿਆਂ ਭਾਵੁਕ ਹੋਏ ਪ੍ਰਧਾਨ ਮੰਤਰੀ
















ਬੰਗਲੂਰੂ/ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਾਨ ਕੀਤਾ ਹੈ ਕਿ ਚੰਦਰਯਾਨ-3 ਦਾ ਲੈਂਡਰ ਚੰਦ ਦੀ ਸਤਹਿ 'ਤੇ ਜਿਸ ਥਾਂ ਉਪਰ ਉਤਰਿਆ ਹੈ, ਉਸ ਦਾ ਨਾਮ 'ਸ਼ਿਵ ਸ਼ਕਤੀ ਕੇਂਦਰ' ਹੋਵੇਗਾ ਜੋ ਕਲਿਆਣ ਅਤੇ ਤਾਕਤ ਦਾ ਸੁਮੇਲ ਹੈ। ਚੰਦਰਯਾਨ-3 ਮਿਸ਼ਨ ਦੀ ਸਫ਼ਲਤਾ ਮਗਰੋਂ ਮੋਦੀ ਭਾਰਤੀ ਪੁਲਾੜ ਖੋਜ ਸੰਗਠਨ (ਈਸਰੋ) ਦੇ ਵਿਗਿਆਨੀਆਂ ਨਾਲ ਮਿਲਣ ਲਈ ਯੂਨਾਨ ਦੀ ਰਾਜਧਾਨੀ ਏਥਨਜ਼ ਤੋਂ ਸ਼ਨਿਚਰਵਾਰ ਸਿੱਧੇ ਬੰਗਲੂਰੂ ਪੁੱਜੇ ਅਤੇ ਉਨ੍ਹਾਂ ਐਲਾਨ ਕੀਤਾ ਕਿ ਜਿਸ ਥਾਂ 'ਤੇ ਲੈਂਡਰ 'ਵਿਕਰਮ' ਉਤਰਿਆ ਸੀ, ਉਸ ਦਾ ਨਾਮ ਸ਼ਿਵ ਸ਼ਕਤੀ ਪੁਆਇੰਟ ਰੱਖਿਆ ਜਾਵੇਗਾ। ਪ੍ਰਧਾਨ ਮੰਤਰੀ ਮੋਦੀ ਨੇ ਚੰਦਰਯਾਨ-3 ਮਿਸ਼ਨ ਦੀ ਸਫ਼ਲਤਾ ਨੂੰ ਭਾਰਤ ਦੇ ਪੁਲਾੜ ਪ੍ਰੋਗਰਾਮ ਦੇ ਇਤਿਹਾਸ ਦਾ ਬੇਮਿਸਾਲ ਪਲ ਕਰਾਰ ਦਿੱਤਾ। ਮੋਦੀ ਇਥੇ ਸਥਿਤ ਇਸਰੋ ਟੈਲੀਮੀਟਰੀ ਟਰੈਕਿੰਗ ਐਂਡ ਕਮਾਂਡ ਨੈੱਟਵਰਕ 'ਚ ਵਿਗਿਆਨੀਆਂ ਨੂੰ ਸੰਬੋਧਨ ਕਰਦਿਆਂ ਭਾਵੁਕ ਹੋ ਗਏ। ਉਨ੍ਹਾਂ ਕਿਹਾ ਕਿ ਚੰਦ ਦੀ ਸਤਹਿ 'ਤੇ ਜਿਸ ਸਥਾਨ ਉਪਰ ਚੰਦਰਯਾਨ-2 ਨੇ 2019 'ਚ ਆਪਣੀ ਪੈੜ ਛੱਡੀ ਸੀ, ਉਸ ਨੂੰ 'ਤਿਰੰਗਾ ਪੁਆਇੰਟ' ਦੇ ਨਾਮ ਨਾਲ ਜਾਣਿਆ ਜਾਵੇਗਾ। ਪ੍ਰਧਾਨ ਮੰਤਰੀ ਨੇ ਕਿਹਾ, "ਸਤਹਿ 'ਤੇ ਉਤਰਨ ਦੀ ਥਾਂ ਦਾ ਨਾਮਕਰਣ ਕਰਨ ਦੀ ਵਿਗਿਆਨਕ ਰਵਾਇਤ ਰਹੀ ਹੈ। ਸ਼ਿਵ 'ਚ ਮਨੁੱਖਤਾ ਦੀ ਭਲਾਈ ਦਾ ਪ੍ਰਣ ਜੁੜਿਆ ਹੋਇਆ ਅਤੇ ਸ਼ਕਤੀ ਤੋਂ ਸਾਨੂੰ ਪ੍ਰਣ ਪੂਰਾ ਕਰਨ ਦੀ ਤਾਕਤ ਮਿਲਦੀ ਹੈ। ਚੰਦ ਦਾ ਸ਼ਿਵਸ਼ਕਤੀ ਪੁਆਇੰਟ ਹਿਮਾਲਿਆ ਦੇ ਕੰਨਿਆਕੁਮਾਰੀ ਨਾਲ ਜੁੜੇ ਹੋਣ ਦਾ ਅਹਿਸਾਸ ਕਰਾਉਂਦਾ ਹੈ।" ਚੰਦਰਯਾਨ-3 ਦੀ ਸਫ਼ਲਤਾ 'ਚ ਮਹਿਲਾ ਵਿਗਿਆਨੀਆਂ ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਦੀ ਨਾਰੀ ਸ਼ਕਤੀ ਨੇ ਵੱਡੀ ਭੂਮਿਕਾ ਨਿਭਾਈ ਹੈ। ਪ੍ਰਧਾਨ ਮੰਤਰੀ ਨੇ 23 ਅਗਸਤ ਨੂੰ 'ਕੌਮੀ ਪੁਲਾੜ ਦਿਵਸ' ਵੀ ਐਲਾਨਿਆ ਅਤੇ ਕਿਹਾ ਕਿ ਇਹ ਹਰ ਸਾਲ 23 ਅਗਸਤ ਨੂੰ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਵਿਗਿਆਨਕ ਢੰਗ ਨਾਲ ਅਧਿਐਨ ਲਈ ਅੱਗੇ ਆਉਣਾ ਚਾਹੀਦਾ ਹੈ। ਇਸਰੋ ਦੇ ਵਿਗਿਆਨੀਆਂ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ, "ਮੈਂ ਤੁਹਾਨੂੰ ਮਿਲਣ ਅਤੇ ਤੁਹਾਡੀ ਮਿਹਨਤ, ਸਮਰਪਣ, ਹੌਸਲੇ, ਲਗਨ ਅਤੇ ਜਜ਼ਬੇ ਨੂੰ ਸਲਾਮ ਕਰਨ ਲਈ ਬੇਚੈਨ ਸੀ।" ਪ੍ਰਧਾਨ ਮੰਤਰੀ ਦੇ ਸਵਾਗਤ ਲਈ ਐੱਚਏਐੱਲ ਹਵਾਈ ਅੱਡੇ ਦੇ ਬਾਹਰ ਵੱਡੀ ਗਿਣਤੀ 'ਚ ਲੋਕ ਇਕੱਠੇ ਸਨ। ਇਨ੍ਹਾਂ 'ਚੋਂ ਕਈਆਂ ਨੇ ਹੱਥਾਂ 'ਚ ਤਿਰੰਗਾ ਫੜਿਆ ਹੋਇਆ ਸੀ। ਮੋਦੀ ਨੇ ਕੁਝ ਦੂਰੀ ਤੱਕ ਰੋਡ ਸ਼ੋਅ ਵੀ ਕੀਤਾ ਅਤੇ ਇਸ ਦੌਰਾਨ ਸੜਕਾਂ ਦੇ ਦੋਵੇਂ ਪਾਸੇ ਖੜ੍ਹੇ ਲੋਕਾਂ ਨੇ ਨਾਅਰੇ ਲਾਏ। ਆਈਐੱਸਟੀਆਰਸੀ 'ਚ ਇਸਰੋ ਚੇਅਰਮੈਨ ਐੱਸ ਸੋਮਨਾਥ ਨੇ ਮੋਦੀ ਨੂੰ ਚੰਦਰਯਾਨ-3 ਮਿਸ਼ਨ ਬਾਰੇ ਜਾਣਕਾਰੀ ਦਿੱਤੀ। ਦਿੱਲੀ ਹਵਾਈ ਅੱਡੇ 'ਤੇ ਭਾਜਪਾ ਵੱਲੋਂ ਕਰਾਏ ਗਏ ਸਮਾਗਮ 'ਚ ਮੋਦੀ ਨੇ ਕਿਹਾ ਕਿ ਨੌਜਵਾਨਾਂ ਦੀ ਵਿਗਿਆਨਕ ਜਿਗਿਆਸਾ ਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਇਸਰੋ ਨੂੰ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਵੱਖ ਵੱਖ ਵਿਭਾਗਾਂ ਦੇ ਸਹਿਯੋਗ ਨਾਲ 'ਸ਼ਾਸਨ 'ਚ ਪੁਲਾੜ ਤਕਨਾਲੋਜੀ' ਬਾਰੇ ਕੌਮੀ ਹੈਕਾਥੌਨ ਦਾ ਪ੍ਰਬੰਧ ਕਰਨ ਲਈ ਕਿਹਾ। ਉਨ੍ਹਾਂ ਦੇਸ਼ ਭਰ ਦੇ ਵਿਦਿਆਰਥੀਆਂ ਨੂੰ ਪਹਿਲੀ ਸਤੰਬਰ ਤੋਂ ਭਾਰਤ ਸਰਕਾਰ ਦੇ ਪੋਰਟਲ 'ਮਾਈਜੀਓਵੀ' ਵੱਲੋਂ ਚੰਦਰਯਾਨ ਮਿਸ਼ਨ ਬਾਰੇ ਕਰਵਾਏ ਜਾ ਰਹੇ ਪ੍ਰਸ਼ਨੋਤਰੀ (ਕੁਇਜ਼) ਮੁਕਾਬਲੇ 'ਚ ਹਿੱਸਾ ਲੈਣ ਦਾ ਸੱਦਾ ਦਿੱਤਾ। ਪ੍ਰਧਾਨ ਮੰਤਰੀ ਨੇ ਕਿਹਾ,"ਅਸੀਂ ਉਥੇ ਪਹੁੰਚੇ ਹਾਂ ਜਿਥੇ ਕੋਈ ਨਹੀਂ ਪੁੱਜਿਆ ਹੈ। ਅਸੀਂ ਉਹ ਕੀਤਾ ਜੋ ਪਹਿਲਾਂ ਕਦੇ ਕਿਸੇ ਨੇ ਨਹੀਂ ਕੀਤਾ ਸੀ। ਇਹ ਅੱਜ ਦਾ ਭਾਰਤ ਹੈ, ਨਿਰਭਯ ਭਾਰਤ, ਜੁਝਾਰੂ ਭਾਰਤ।" ਮੋਦੀ ਨੇ ਕਿਹਾ ਕਿ ਅੱਜ ਵਪਾਰ ਤੋਂ ਲੈ ਕੇ ਤਕਨਾਲੋਜੀ ਤੱਕ ਭਾਰਤ ਦੀ ਗਿਣਤੀ ਪਹਿਲੀ ਕਤਾਰ 'ਚ ਖੜ੍ਹੇ ਮੁਲਕਾਂ 'ਚ ਹੋ ਰਹੀ ਹੈ। 'ਤੀਜੀ ਕਤਾਰ ਤੋਂ ਪਹਿਲੀ ਕਤਾਰ' ਤੱਕ ਪਹੁੰਚਣ ਦੇ ਸਫ਼ਰ 'ਚ ਸਾਡੀਆਂ ਇਸਰੋ ਵਰਗੀਆਂ ਸੰਸਥਾਵਾਂ ਨੇ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਇਸਰੋ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਉਹ 'ਮੇਕ ਇਨ ਇੰਡੀਆ' ਨੂੰ ਚੰਦਰਮਾ ਤੱਕ ਲੈ ਗਿਆ ਹੈ।

## ਸੂਰਜ ਮਿਸ਼ਨ ਲਈ ਇਸਰੋ 2 ਸਤੰਬਰ ਨੂੰ ਲਾਂਚ ਕਰ ਸਕਦੈ 'ਆਦਿੱਤਿਆ-ਐੱਲ1'

ਬੰਗਲੂਰੂ: ਚੰਦਰਯਾਨ-3 ਦੀ ਸਫ਼ਲਤਾ ਮਗਰੋਂ ਇਸਰੋ ਨੇ ਸੂਰਜ ਦੇ ਅਧਿਐਨ ਦੀ ਤਿਆਰੀ ਖਿੱਚ ਲਈ ਹੈ। ਇਸਰੋ ਵੱਲੋਂ 2 ਸਤੰਬਰ ਨੂੰ 'ਆਦਿੱਤਿਆ-ਐੱਲ1' ਪੁਲਾੜ ਵਾਹਨ ਸੂਰਜ ਦੀਆਂ ਸਭ ਤੋਂ ਬਾਹਰੀ ਪਰਤਾਂ ਅਤੇ ਐੱਲ1 (ਸੂਰਜ-ਧਰਤੀ ਲੈਗਰੈਂਜਿਅਨ ਬਿੰਦੂ) 'ਤੇ ਸੂਰਜੀ ਹਵਾ ਦੀ ਸਥਿਤੀ ਦੇ ਨਿਰੀਖਣ ਲਈ ਤਿਆਰ ਕੀਤਾ ਗਿਆ ਹੈ। ਐੱਲ1 ਧਰਤੀ ਤੋਂ 15 ਲੱਖ ਕਿਲੋਮੀਟਰ ਦੂਰ ਹੈ। ਇਹ ਸੂਰਜ ਦੇ ਨਿਰੀਖਣ ਲਈ ਪਹਿਲਾ ਸਮਰਪਿਤ ਭਾਰਤੀ ਪੁਲਾੜ ਮਿਸ਼ਨ ਹੋਵੇਗਾ ਜੋ ਬੰਗਲੂਰੂ ਸਥਿਤ ਪੁਲਾੜ ਏਜੰਸੀ ਦੇ ਮੁੱਖ ਦਫ਼ਤਰ ਤੋਂ ਲਾਂਚ ਕੀਤਾ ਜਾਵੇਗਾ। ਆਦਿੱਤਿਆ-ਐੱਲ1 ਮਿਸ਼ਨ ਦਾ ਉਦੇਸ਼ ਐੱਲ1 ਦੇ ਦੁਆਲੇ ਪੰਧ ਤੋਂ ਸੂਰਜ ਦਾ ਅਧਿਐਨ ਕਰਨਾ ਹੈ ਜੋ ਵੱਖ-ਵੱਖ ਵੇਵਬੈਂਡਾਂ ਵਿੱਚ ਫੋਟੋਸਫੀਅਰ, ਕ੍ਰੋਮੋਸਫੀਅਰ ਅਤੇ ਸੂਰਜ ਦੀਆਂ ਸਭ ਤੋਂ ਬਾਹਰੀ ਪਰਤਾਂ, ਕੋਰੋਨਾ ਨੂੰ ਦੇਖਣ ਲਈ ਸੱਤ ਪੇਲੋਡਾਂ ਨੂੰ ਲੈ ਕੇ ਜਾਵੇਗਾ। ਇਸਰੋ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਆਦਿੱਤਿਆ-ਐੱਲ1 ਕੌਮੀ ਅਦਾਰਿਆਂ ਦੀ ਭਾਈਵਾਲੀ ਨਾਲ ਪੂਰੀ ਤਰ੍ਹਾਂ ਸਵਦੇਸ਼ੀ ਕੋਸ਼ਿਸ਼ ਹੈ। ਬੰਗਲੂਰੂ ਆਧਾਰਿਤ ਇੰਡੀਅਨ ਇੰਸਟੀਚਿਊਟ ਆਫ਼ ਐਸਟ੍ਰੋਫਿਜ਼ਿਕਸ (ਆਈਆਈਏ) ਵਿਜ਼ੀਬਲ ਐਮਿਸ਼ਨ ਲਾਈਨ ਕੋਰੋਨਾਗ੍ਰਾਫ਼ ਪੇਲੋਡ ਦੇ ਵਿਕਾਸ ਲਈ ਪ੍ਰਮੁੱਖ ਸੰਸਥਾ ਹੈ। ਇਸੇ ਤਰ੍ਹਾਂ ਇੰਟਰ-ਯੂਨੀਵਰਸਿਟੀ ਸੈਂਟਰ ਫਾਰ ਐਸਟ੍ਰੋਨੋਮੀ ਐਂਡ ਐਸਟ੍ਰੋਫਿਜ਼ਿਕਸ, ਪੁਣੇ ਨੇ ਮਿਸ਼ਨ ਲਈ ਸੋਲਰ ਅਲਟਰਾਵਾਇਲਟ ਇਮੇਜਰ ਪੇਲੋਡ ਤਿਆਰ ਕੀਤਾ ਹੈ। ਆਦਿੱਤਿਆ-ਐੱਲ1 ਯੂਵੀ ਪੇਲੋਡ ਦੀ ਵਰਤੋਂ ਕਰਦੇ ਹੋਏ ਕੋਰੋਨਾ ਅਤੇ ਸੂਰਜੀ ਕ੍ਰੋਮੋਸਫੀਅਰ ਅਤੇ ਐਕਸ-ਰੇਅ ਪੇਲੋਡ ਦੀ ਵਰਤੋਂ ਕਰਦਿਆਂ ਫਲੇਅਰਾਂ ਬਾਰੇ ਨਿਰੀਖਣ ਕਰ ਸਕਦਾ ਹੈ।

ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਵਿਸ਼ੇਸ਼

# ਗੁਰੂ ਗ੍ਰੰਥ ਸਾਹਿਬ ਜੀ : ਸ਼ਬਦ ਗੁਰ ਪੀਰਾ



ਅਗਿਆਨ ਅਤੇ ਵਹਿਮਾਂ ਭਰਮਾਂ ਵਿਚ ਭਟਕਦੀ ਮਨੁੱਖਤਾ ਨੂੰ ਰਾਹ ਵਿਖਾਉਣ ਲਈ ਅਵਤਾਰੀ ਪੁਰਸ਼ ਸੰਸਾਰ ਵਿਚ ਆਉਂਦੇ ਹਨ। ਅੱਠਵੀਂ ਸਦੀ ਮੱਧਕਾਲ ਵਿਚ ਭਗਤੀ ਲਹਿਰ ਦਾ ਅੰਰਭ ਦੱਖਣੀ ਭਾਰਤ ਬਨਾਰਸ ਵਿਚ ਹੋਇਆ। ਇਹ ਇਕ ਧਾਰਮਿਕ ਜਾਗ੍ਰਿਤੀ ਦੀ ਲਹਿਰ ਸੀ। ਇਸ ਲਹਿਰ ਦੇ ਬਾਨੀ ਸਮਾਜ ਸੁਧਾਰਕਾਂ ਨੇ ਆਪਣੀ ਬਾਣੀ ਰਾਹੀਂ ਸਮਾਜਿਕ ਨਾਬਰਾਬਰੀ ਅਤੇ ਨਫ਼ਰਤ ਨੂੰ ਖਤਮ ਕਰਕੇ ਸਾਂਝੀਵਾਲਤਾ ਨਾਲ ਜੋੜਿਆ। ਸੂਫ਼ੀਆਂ ਵਾਂਗ ਆਪਣੀ ਰਚਨਾ ਨੂੰ ਰਾਗਾਂ ਵਿਚ ਗਾਇਆ। ਸਿੱਖ ਧਰਮ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਦੇਵ ਸਾਹਿਬ ਜੀ ਨੇ ਇਸ ਅਧਿਆਤਮਕ ਕਾਰਜ ਨੂੰ ਬੜੀ ਸ਼ਿੱਦਤ ਨਾਲ ਕ੍ਰਾਂਤੀਕਾਰੀ ਢੰਗ ਨਾਲ ਪਸਾਰਿਆ। ਬਾਕੀ ਗੁਰੂਆਂ ਨੇ ਵੀ ਰੱਬੀ ਬਾਣੀ ਦਾ ਪ੍ਰਚਾਰ ਕਰਦਿਆਂ ਇਸ ਕਾਰਜ ਨੂੰ ਵਧਾਇਆ।

ਸਿੱਖ ਧਰਮ ਦੀ ਉਨਤੀ ਵਿਚ ਹਰਿਮੰਦਰ ਸਾਹਿਬ ਦੀ ਉਸਾਰੀ ਉਪਰੰਤ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਅਨੁਭਵ ਕੀਤਾ ਕਿ ਇਕ ਅਜਿਹੇ ਧਰਮ ਗ੍ਰੰਥ ਦੀ ਲੋੜ ਹੈ, ਜਿਸ ਵਿਚ ਜਾਤ-ਪਾਤ ਦੇ ਵਿਤਕਰਿਆਂ ਤੋਂ ਉਪਰ ਉੱਠ ਕੇ ਗੁਰਬਾਣੀ ਦਰਜ ਕੀਤੀ ਜਾਵੇ, ਜਿਸ ਦੇ ਗਿਆਨ ਅਤੇ ਅਮਲ ਨਾਲ ਸਮੁੱਚੀ ਮਾਨਵਤਾ ਦਾ ਕਲਿਆਣ ਹੋ ਸਕੇ। ਜਿਵੇਂ ਪ੍ਰਮਾਤਮਾ ਸਰਬ-ਵਿਆਪੀ ਹੈ। ਉਸਦਾ ਉਪਦੇਸ਼ ਵੀ ਸਰਬ ਵਿਆਪਕ ਹੈ।

ਗੁਰੂ ਗ੍ਰੰਥ ਸਾਹਿਬ ਜੀ ਸ਼ਬਦ ਰੂਪੀ ਸਦੀਵੀ ਗੁਰੂ ਹਨ। ਅਜਿਹੇ ਗ੍ਰੰਥ ਜਿਸਨੂੰ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ। ਜਿਸ ਦੀ ਸਿੱਖਿਆ, ਭਾਵਨਾ, ਚਿੰਤਨ ਦ੍ਰਿਸ਼ਟੀਕੋਣ ਜਨ ਕਲਿਆਣ ਵਾਸਤੇ ਹੈ। ਸਿੱਖ ਗੁਰੂਆਂ ਨੇ ਦੇਹਧਾਰੀ ਗੁਰੂਆਂ ਤੋਂ ਹਟਾ ਕੇ ਸ਼ਬਦ ਗੁਰੂ ਦੇ ਲੜ ਲਾਇਆ ਹੈ। ਗੁਰਬਾਣੀ ਦੇ ਉਪਦੇਸ਼ ਤੋਂ ਨਿਰੰਕਾਰ ਨਾਲ ਜੁੜਨ ਦੀ ਸੋਝੀ ਆਉਂਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਸੁੱਖ ਆਸਣ ਬੜੀ ਸ਼ਰਧਾ ਭਾਵਨਾ ਨਾਲ ਹਰ ਗੁਰਦੁਆਰਾ ਸਾਹਿਬ ਵਿਖੇ ਹੁੰਦਾ ਹੈ। ਇਹ ਸਿੱਖ ਧਰਮ ਦੀ ਸ਼ਰਧਾ ਅਤੇ ਸ਼ਕਤੀ ਦਾ ਕੇਂਦਰੀ ਧੁਰਾ ਹੈ। ਸ਼ਬਦ ਗੁਰੂ ਦਾ ਸਤਿਕਾਰ ਪ੍ਰਮਾਤਮਾ ਦਾ ਸਤਿਕਾਰ ਹੈ। 'ਸਬਦ ਗੁਰ ਪੀਰਾ'।

ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਲੈ ਕੇ ਪਹਿਲੇ ਪੰਜ ਗੁਰੂਆਂ ਦੀ ਬਾਣੀ ਅਤੇ ਭਗਤਾਂ, ਭੱਟਾਂ, ਸੰਤਾਂ, ਸਿੱਖ ਬਾਣੀਕਾਰਾਂ ਦੀ ਬੜੀ ਪਵਿੱਤਰ ਰਚਨਾ ਨੂੰ ਸੰਭਾਲਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰੱਬੀ ਬਾਣੀ ਹੈ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਰੱਬੀ ਬਾਣੀ ਦਾ ਸੰਪਾਦਨ ਕੀਤਾ ਤਾਂ ਆਪ ਜੀ ਨੇ ਭਗਤੀ ਦੇ ਜੋਗ ਨੂੰ ਜਿੱਤ ਲਿਆ ਹੈ। ਭਾਵ ਆਪ ਨੇ ਭਗਤੀ ਦਾ ਮਿਲਾਪ ਪਾ ਲਿਆ ਹੈ। ਹਰੀ ਨੇ ਆਪਨੂੰ 'ਜਨਕ' ਪੈਦਾ ਕੀਤਾ ਹੈ। ਆਪ ਨੇ ਗੁਰੂ ਸ਼ਬਦ ਨੂੰ ਪ੍ਰਗਟ ਕੀਤਾ ਹੈ। ਹਰੀ ਆਪਨੇ ਜੀਭ ਤੇ ਵਸਾਇਆ ਹੈ। ਅੰਗ 1407.



ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ ਯੂ.ਐਸ.ਏ.)
(510) 415-9377

ਰੱਬੀ ਬਾਣੀ ਜੋ ਪ੍ਰਚਲਤ ਆਰੀਆ ਭਾਸ਼ਾ ਦਾ ਮਿਸ਼ਰਣ ਹੈ। ਜਿਵੇਂ : ਲੋਕ-ਭਾਸ਼ਾ, ਸੰਤ ਭਾਸ਼ਾ ਜਿਸ ਦਾ ਕਾਵਿ-ਰੂਪ ਪੰਜਾਲੀ ਸਾਹਿਤ ਦੀ ਬੇਸ਼ਕੀਮਤੀ ਵਿਧਾ ਹੈ। ਪ੍ਰਮਾਤਮਾ ਦੀ ਉਸਤਤ ਨੂੰ ਜਦੋਂ ਰਾਗਾਂ ਵਿਚ ਗਾਇਆ ਜਾਂਦਾ ਹੈ, ਤਦ ਕਾਵਿਕ ਸੰਗੀਤ ਦਾ ਰਹੱਸਮਈ ਪ੍ਰਵਾਹ ਚਲਦਾ ਹੈ। ਜੋ ਆਤਮਿਕ ਸ਼ਾਂਤੀ ਪ੍ਰਦਾਨ ਕਰਦਾ ਹੈ।

ਗੁਰੂ ਨਾਨਕ ਦੇਵ ਸਾਹਿਬ ਜੀ ਦੀ ਬਾਣੀ ਪੋਥੀ ਰੂਪ ਵਿਚ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸੌਂਪੀ ਗਈ। ਫਿਰ ਅਮਰਦਾਸ ਸਾਹਿਬ ਜੀ ਅਤੇ ਗੁਰੂ ਰਾਮਦਾਸ ਸਾਹਿਬ ਜੀ ਤੋਂ ਇਕੱਤਰ ਹੁੰਦੀ ਗਈ। ਜਿਸ ਦਾ ਸੰਕਲਪ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਤੋਂ ਲਿਖਵਾਇਆ। ਬਾਣੀ ਦੀ ਘੋਖ ਅਤੇ ਵਾਚਨਾ ਰਾਮ ਸਰੋਵਰ ਦੇ ਰਮਣੀਕ ਕੰਢੇ ਨਿਭਾਈ ਗਈ। ਗੁਰਬਾਣੀ ਦੇ ਸੰਪਾਦਨ ਦਾ ਕਾਰਜ 1601-1604 ਈ. ਤੱਕ ਸੰਪੂਰਨ ਹੋਇਆ। ਸਮੁੱਚੀ ਬਾਣੀ ਨੂੰ 31 ਰਾਗਾਂ ਵਿਚ ਤਰਤੀਬ ਦੇ ਕੇ 30 ਅਗਸਤ 1504 ਨੂੰ ਆਦਿ ਗ੍ਰੰਥ ਸੰਪੰਨ ਹੋਇਆ। ਉਪਰੰਤ 1 ਸਤੰਬਰ 1604 ਨੂੰ ਆਦਿ ਗ੍ਰੰਥ ਇਕ ਨਗਰ ਕੀਰਤਨ ਦੇ ਰੂਪ ਵਿਚ ਬੜੀ ਸ਼ਾਨ ਨਾਲ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਹੋਏ। ਭਾਈ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਸਾਹਿਬ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਅਰਜਨ ਦੇਵ ਸਾਹਿਬ ਜੀ ਦੇ ਨਾਲ ਸੰਗਤਾਂ ਵੀ ਆਦਿ ਗ੍ਰੰਥ ਦੀ ਹਜ਼ੂਰੀ ਵਿਚ ਬੈਠੀਆਂ। ਪਹਿਲੇ ਪ੍ਰਕਾਸ਼ ਸਮੇਂ ਹੁਕਮਨਾਮਾ ਪ੍ਰਾਪਤ ਹੋਇਆ : ਸੂਹੀ ਮਹੱਲਾ ਪੰਜਵਾਂ ਸੰਤਾ ਕੇ ਕਾਰਜਿ ਆਪਿ ਖਲੋਇਆ ਹਰ ਕੰਮ ਕਰਾਵਣਿ ਆਇਆ ਰਾਮ॥ ਅੰਗ 783.

ਆਦਿ ਗ੍ਰੰਥ ਸਾਹਿਬ ਜੀ ਨੂੰ ਹੋਰ ਵਿਸ਼ਾਲ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਇਕੱਤਰ ਕਰਦਿਆਂ, ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਦਰਜ ਕਰਵਾ ਕੇ 1705 ਵਿਚ ਸੰਪੂਰਨਤਾ ਬਖਸ਼ੀ। ਅਕਤੂਬਰ 20, 1708 ਈ. ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੋਤੀ ਜਤਿ ਸਮਾਉਣ ਤੋਂ ਇਕ ਦਿਨ ਪਹਿਲਾਂ ਨੰਦੇੜ ਸਾਹਿਬ ਵਿਖੇ ਗੁਰਆਈ 'ਆਦਿ ਗੁਰੂ ਗ੍ਰੰਥ' ਸਾਹਿਬ ਜੀ ਨੂੰ ਸੌਂਪੀ ਗਈ ਤੇ ਨਾਮ 'ਗੁਰੂ ਗ੍ਰੰਥ ਸਾਹਿਬ' ਹੋ ਗਿਆ। ਗੁਰੂ ਸੰਸਥਾ ਦੇ ਸਰੂਪ ਨੂੰ ਸੰਪੂਰਨ ਕੀਤਾ। ਉਨ੍ਹਾਂ ਸਾਰੇ ਸਿੱਖ ਪੰਥ ਨੂੰ 'ਗੁਰੂ ਗ੍ਰੰਥ' ਸਾਹਿਬ ਜੀ ਦੀ ਸਿੱਖਿਆ ਤੇ ਚੱਲਣ ਦਾ ਆਦੇਸ਼ ਦਿੱਤਾ। ਉਨ੍ਹਾਂ ਦੇ ਹੁਕਮ ਅਨੁਸਾਰ 'ਗ੍ਰੰਥ ਗ੍ਰੰਥ' ਸਾਹਿਬ ਜੀ ਹੀ ਹਰ ਸਿੱਖ ਦੇ ਗੁਰੂ ਹਨ। ਰੋਜ਼ਾਨਾ ਅਰਦਾਸ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ 'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ' ਨੂੰ ਦੁਹਰਾਇਆ ਜਾਂਦਾਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖੀ ਦਾ ਧੁਰਾ ਹੈ। ਸਿੱਖ ਪੰਥ ਲਈ ਸ਼ਰਧਾ ਤੇ ਪ੍ਰੇਰਨਾ ਦਾ ਸ੍ਰੋਤ ਹੈ। ਇਸ ਦੀ ਅਗਵਾਈ ਹੇਠ ਹੀ ਸਿੱਖ ਕੌਮ ਦਾ ਗੌਰਵਮਈ ਵਿਰਸਾ ਤੇ ਇਤਿਹਾਸ ਹੈ।

ਗੁਰਬਾਣੀ ਜੀਵਨ ਦੇ ਹਰ ਪਹਿਲੂ ਜਿਵੇਂ : ਅਧਿਆਤਮਕ, ਸਮਾਜਿਕ, ਰਾਜਸੀ ਅਤੇ ਆਰਥਿਕ ਉਨਤੀ ਲਈ ਅਗਵਾਈ ਕਰਦੀ ਹੈ। ਸਿੱਖ ਧਰਮ ਵਿਚ ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਸਤਿਕਾਰਯੋਗ ਅਤੇ ਸਰਬ ਉਚ ਦਰਜਾ ਪ੍ਰਾਪਤ ਹੈ। ਸ਼ਬਦ ਗੁਰੂ ਨੇ ਸਿੱਖ ਪੰਥ ਦੀ ਹਮੇਸ਼ਾ ਅਗਵਾਈ ਕੀਤੀ ਹੈ। ਧੁਰ ਕੀ ਬਾਣੀ ਜੁਗੋ ਜੁਗ ਅਟਲ ਹੈ। ਕੇਵਲ ਬਾਣੀ ਹੀ ਪ੍ਰਮਾਣੀਕ ਗੁਰੂ ਹੈ। ਗੁਰੂ ਦੇ ਸ਼ਬਦ ਨੂੰ ਹੀ ਵਿਚਾਰੋ : ਇਹੀ ਸਦਾ ਥਿਰ ਰਹਿਣ ਵਾਲਾ ਸੌਦਾ ਹੈ। ਇਹੀ ਸੱਚਾ ਹੱਟ ਹੈ। ਜਿਸ ਵਿਚ ਰਤਨਾ ਦੇ ਭੰਡਾਰ ਭਰੇ ਪਏ ਹਨ। ਜੇ ਦੇਣ ਵਾਲਾ ਹਰੀ ਦੇਵੇ ਤਾਂ ਇਹ ਖਜ਼ਾਨੇ ਸਤਿਗੁਰ ਦੀ ਕ੍ਰਿਪਾ ਨਾਲ ਮਿਲਦੇ ਹਨ। ਅੰਗ 646.

ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਸੰਗਤਾਂ ਵਿਚ ਵੰਡੇ। ਹੁਣ 1430 ਅੰਗਾਂ ਵਾਲੀ ਬੀੜ ਦੀ ਛਪਾਈ ਦੀ ਮਾਨਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਕੋਲ ਰਾਖਵੀ ਹੈ। ਗੁਰੂ ਗ੍ਰੰਥ ਸਾਹਿਬ ਜੀ ਮਨੁੱਖਤਾ ਦੇ ਜੀਵਨ ਜਾਚ ਦੀ ਅਗਵਾਈ ਕਰਦੇ ਹਨ। ਸੰਗਤਾਂ ਦੇ ਅਥਾਹ ਵਿਸ਼ਵਾਸ ਨਾਲ ਆਸਾਂ ਪੂਰੀਆਂ ਹੁੰਦੀਆਂ ਹਨ। ਰੱਬ ਦੇ ਭਾਣੇ ਵਿਚ ਰਹਿ ਕੇ ਚੜ੍ਹਦੀ ਕਲਾ ਦਾ ਵਿਸ਼ਵਾਸ ਮਿਲਦਾ ਹੈ। ਜੀਵਨ ਵਿਚ ਉਤਸ਼ਾਹ ਅਤੇ ਖੇੜਾ ਆਉਂਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਰਧਾ ਕਰਕੇ ਹੀ ਮਹਾਰਾਜਾ ਰਣਜੀਤ ਸਿੰਘ ਜੀ ਨੇ ਸੁਤੰਤਰ ਖਾਲਸਾ ਸਾਮਰਾਜ ਦੀ ਨੀਂਹ ਰੱਖੀ। ਸਭਨਾ ਦਾ ਸਾਂਝਾ ਸਿੱਖ ਰਾਜ ਸਥਾਪਤ ਕੀਤਾ। ਮਹਾਰਾਜਾ ਦਾ ਜੀਵਨ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਹੀ ਕੇਂਦਰਤ ਰਿਹਾ ਹੈ। ਮਹਾਰਾਜਾ ਪੰਥ ਦੇ ਸਮਾਗਮਾਂ ਵੇਲੇ ਹਰਿਮੰਦਰ ਸਾਹਿਬ ਜਾ ਕੇ ਮੱਥਾ ਟੇਕਦੇ ਅਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ। ਸਿੱਖਾਂ ਵਾਸਤੇ ਸ਼ਰਧਾ ਦਾ ਇਕੋ ਇਕ ਸਮੁੱਚਾ ਗ੍ਰੰਥ ਹੈ। ਇਸ ਤੋਂ ਇਲਾਵਾ ਕਿਸੇ ਦੇਹਧਾਰੀ ਜਾਂ ਮੂਰਤੀ ਨੂੰ ਨਹੀਂ ਮੰਨਿਆ ਜਾਂਦਾ। ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੋਂ ਬਾਅਦ ਇਸ ਧਾਰਮਿਕ ਗ੍ਰੰਥ ਨੂੰ ਹੀ ਗੁਰੂ ਦਾ ਦਰਜਾ ਪ੍ਰਾਪਤ ਹੈ। ਜੋ ਗੁਰੂ ਮੰਨਿਆ ਜਾਂਦਾ ਹੈ।

ਅੰਤਿਕਾ : ਹੇ ਨਾਨਕ! ਜੋ ਮਨੁੱਖ ਸਦਾ ਉਚੇ ਆਤਮਿਕ ਮੰਡਲ ਵਿਚ ਵੱਸਦਾ ਹੈ, ਉਸਦੇ ਅੰਦਰ ਆਤਮਿਕ ਭਾਵ ਪੈਦਾ ਹੁੰਦੇ ਹਨ। ਆਤਮਿਕ ਗੁਣਾਂ ਨਾਲ ਉਹ ਡੂੰਘੀ ਸਾਂਝ ਪਾਈ ਰੱਖਦਾ ਹੈ। ਆਤਮਿਕ ਗੁਣਾਂ ਨਾਲ ਉਸਦੀ ਸੁਰਤਿ ਜੁੜੀ ਰਹਿੰਦੀ ਹੈ। ਉਸਦੇ ਮਨ ਨੂੰ ਪ੍ਰਮਾਤਮਾ ਦਾ ਨਾਮ ਪਿਆਰਾ ਲੱਗਦਾ ਹੈ। ਉਹ ਸਿਰਮਦਾ ਹੈ, ਪ੍ਰੇਰਦਾ ਹੈ। ਉਹ ਸਦਾ ਜਗਤ-ਮੂਲ ਪ੍ਰਭੂ ਦੀ ਸਿਫਤਿ ਸਾਲਾਹ ਕਰਦਾ ਹੈ। ਗੁਰੂ ਪੀਰ ਦੇ ਸ਼ਬਦ ਨੂੰ ਹਿਰਦੇ ਵਿਚ ਟਿਕਾ ਕੇ ਉਹ ਡੂੰਘੇ ਜਿਗਰੇ ਵਾਲਾ ਬਣ ਜਾਂਦਾ ਹੈ। ਪਰ ਗੁਰ-ਸ਼ਬਦ ਤੋਂ ਖੁੰਝ ਕੇ ਜਗਤ ਮਾਇਆ ਮੋਹ ਦੇ ਵਿਚ ਕਮਲਾ ਹੋਇਆ ਫਿਰਦਾ ਹੈ ਉਹ ਪੂਰਨ ਤਿਆਗੀ ਮਨੁੱਖ ਅਡੋਲ ਆਤਮਿਕ ਅਵਸਥਾ ਵਿਚ ਟਿਕ ਕੇ ਚੰਗੇ ਭਾਗਾਂ ਵਾਲਾ ਬਣ ਜਾਂਦਾ ਹੈ। ਉਸਦਾ ਮਨ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਯਾਦ ਨੂੰ ਹੀ ਆਪਣਾ ਜੀਵਨ ਨਿਸ਼ਾਨਾ ਮੰਨਦਾ ਹੈ। ਅੰਗ 634-35

# ਤੁਧੁ ਜੇਵਡੁ ਅਵਰੁ ਨ ਕੋਈ॥

**ਕਾਹੂੰ ਕੋ ਭਰੋਸੇ ਹੈ ਜ਼ਮੀਨ ਕੋ ਜ਼ਮਾਨੇ ਬੀਚ,**
**ਕਾਹਨੂੰ ਕੋ ਭਰੋਸੋ ਜ਼ੋਰ ਚਾਕਰੀ ਜਹਾਜ ਪੈ।**
**ਕਾਹਨੂੰ ਕੋ ਭਰੋਸੋ ਭਾਰੀ ਸ਼ਾਹ ਪਾਤਸ਼ਾਹ ਮੀਤ,**
**ਕਾਹੂੰ ਕੋ ਭਰੋਸੋ ਹੈ ਟੂੰਬੀ ਕਰੈ ਕਾਜ ਪੈ॥**
**ਕਾਹੂੰ ਕੋ ਭਰੋਸੋ ਦੇਵ ਬਾਨੀ ਅਰ ਪਾਰਸੀ ਕੋ,**
**ਕਾਹੂੰ ਕੋ ਭਰੋਸੋ ਸੰਤ ਗੀਰੀ ਕੀ ਮਿਜਾਜ ਪੈ।**
**ਕਾਹੂੰ ਕੋ ਭਰੋਸੋ ਚਾਰ ਚਾਤੁਰੀ ਚਲਾਕੀ ਚੋਖ,**
**ਮੋ ਕੋ ਤੋ ਭਰੋਸੋ ਏਕ "ਗ੍ਰੰਥ" ਮਹਾਰਾਜ ਪੈ॥**
**(ਕਵੀ ਨਿਹਾਲ ਸਿੰਘ)**

ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਇਸਦੇ ਪਹਿਲੇ ਪ੍ਰਕਾਸ਼ ਦਿਵਸ ਦੀ ਲੱਖ ਲੱਖ ਵਧਾਈ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਜਾਗਤ ਜੋਤਿ ਗੁਰੂ ਦੇ ਰੂਪ ਵਿਚ ਸਥਾਪਨਾ ਕਰਤਾ ਪੁਰਖ ਦੀ ਵਡਮੁੱਲੀ ਦਾਤ ਅਤੇ ਮਾਨਵਤਾ ਦੇ ਇਤਿਹਾਸ ਅਤੇ ਵਿਕਾਸ ਦਾ ਵਚਿਤ੍ਰਤਮ ਅਧਿਆਇ ਜਾਂ ਮੀਲ ਪੱਥਰ ਕਿਹਾ ਜਾ ਸਕਦਾ ਹੈ।

ਸੰਸਾਰ ਦੇ ਹਰ ਧਰਮ ਦੀਆਂ ਆਪਣੀਆਂ ਪਾਵਨ ਧਰਮ ਪੁਸਤਕਾਂ ਅਤੇ ਗ੍ਰੰਥ ਹਨ। ਜਿਵੇਂ ਬਾਈਬਲ ਦਾ ਅੱਖਰੀ ਅਰਥ ਹੀ ਕਿਤਾਬ ਹੁੰਦਾ ਹੈ। ਕਈ ਹੋਰ ਧਰਮ ਹਨ ਜੋ ਅਹਿਲੇ ਕਿਤਾਬ ਜਾਂ ਧਰਮ ਪੁਸਤਕਾਂ 'ਤੇ ਇਤਕਾਦ, ਸਿਦਕ ਅਤੇ ਭਰੋਸਾ ਰੱਖਣ ਵਾਲੇ ਹਨ। ਇਹ ਸਾਰੇ ਗ੍ਰੰਥ, ਪੁਸਤਕਾਂ ਅਤੇ ਲਿਖਤਾਂ ਮੁਬਾਰਕ ਹਨ ਜੋ ਸਦੀਆਂ ਤੋਂ ਆਪਣੇ ਪੈਰੋਕਾਰਾਂ ਅਤੇ ਮੰਨਣ ਵਾਲਿਆਂ ਨੂੰ ਜੀਵਨ-ਜਾਚ, ਸੇਧ ਅਤੇ ਅਗਵਾਈ ਕਰ ਰਹੇ ਹਨ। ਧਰਮ ਦਾ ਤਾਂ ਮਕਸਦ ਹੀ ਪਾਪ ਅਤੇ ਪਾਪ ਕਰਮ ਤੋਂ ਹੋੜਨਾ ਹੈ।

ਜਿਵੇਂ ਅਫ਼ਰੀਕਾ ਦੇ ਜੰਗਲ ਦੀ ਇਕ ਵਾਰਤਾ ਹੈ ਕਿ ਇਕ ਗੋਰਾ ਸ਼ਿਕਾਰੀ ਜੰਗਲ ਵਿਚ ਸ਼ਿਕਾਰ ਖੇਡਣ ਲਈ ਗਿਆ। ਉਸਦੇ ਨਾਲ ਉਸਦਾ ਇਕ ਸਥਾਨਕ ਹਬਸ਼ੀ ਗਾਈਡ ਸੀ। ਦੁਪਹਿਰ ਵੇਲੇ ਅੰਗਰੇਜ਼ ਸ਼ਿਕਾਰੀ ਨੇ ਬੀਅਰ ਦੀ ਬੋਤਲ ਅਤੇ ਆਪਣਾ ਲੰਚ ਬਾਕਸ ਕੱਢਿਆ ਅਤੇ ਖਾਣਾ ਖਾਣ ਲੱਗ ਪਿਆ। ਅਫ਼ਰੀਕੀ ਗਾਈਡ ਨੇ ਆਪਣੇ ਝੋਲੇ 'ਚੋਂ ਬਾਈਬਲ ਕੱਢੀ ਅਤੇ ਅਦਬ ਨਾਲ ਉਸਦਾ ਪਾਠ ਕਰਨ ਲੱਗ ਪਿਆ। ਇਸ 'ਤੇ ਗੋਰੇ ਨੇ ਹਬਸ਼ੀ ਨੂੰ ਵਿਅੰਗ ਭਰੇ ਅੰਦਾਜ਼ ਵਿਚ ਕਿਹਾ ਕਿ ਇਹ ਜਿਹੜੀ ਕਿਤਾਬ ਤੇਰੇ ਹੱਥ ਵਿਚ ਹੈ ਇਹ ਤਾਂ ਹੁਣ ਇੰਗਲੈਂਡ ਵਿਚ ਵੀ ਨਹੀਂ ਪੜ੍ਹੀ ਜਾਂਦੀ। ਇਸ 'ਤੇ ਹਬਸ਼ੀ ਨੇ ਮੋੜਵਾਂ ਜਵਾਬ ਦਿੱਤਾ ਕਿ ਸਾਹਿਬ! ਜੇ ਇਹ ਕਿਤਾਬ ਇਸ ਵੇਲੇ ਮੇਰੇ ਹੱਥ ਵਿਚ ਨਾ ਹੁੰਦੀ ਤਾਂ ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਜੰਗਲ ਵਿਚ ਸ਼ੇਰ ਤੈਨੂੰ ਖਾਂਦਾ ਕਿ ਨਾਂਹ, ਪਰ ਇਹ ਯਕੀਨ ਜਾਣ ਕਿ ਮੈਂ ਤੈਨੂੰ ਖਾ ਜਾਣਾ ਸੀ। ਤੂੰ ਬਚਿਆ ਹੀ ਇਸੇ ਕਿਤਾਬ ਦੀ ਵਜ੍ਹਾ ਕਰਕੇ ਹੈਂ। ਇਨਸਾਨ ਨੂੰ ਇਨਸਾਨੀਅਤ ਦੇ ਘੇਰੇ ਵਿਚ ਬਣਾਈ ਰੱਖਣ ਲਈ ਧਰਮ ਗ੍ਰੰਥਾਂ ਦੀ ਅਹਿਮ ਅਹਿਮੀਅਤ ਹੈ।

ਭਾਈ ਮਨੀ ਸਿੰਘ ਜੀ ਦੁਆਰਾ ਲਿਖੀ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਲਿਖਵਾਈ 'ਸਿੱਖਾਂ ਦੀ ਭਗਤ ਮਾਲਾ' ਵਿਚ ਅੰਕਤ ਹੈ ਕਿ ਇਕ ਵੇਰ ਕਿਸੇ ਸਿੱਖ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਕਿਰਪਾ ਕਰੋ ਕਿ ਤੁਹਾਡੇ ਤੋਂ ਵਿਛੜੀਏ ਨਾਂਹ। ਹਜ਼ੂਰ ਨੇ ਬਚਨ ਕੀਤਾ ਕਿ ਸਰੀਰ ਨਾਲ ਜੁੜੋਗੇ, ਵਿਛੜ ਜਾਉਗੇ। ਸ਼ਬਦ ਨਾਲ ਜੁੜੋਗੇ, ਹਮੇਸ਼ਾ ਜੁੜੇ ਰਹੋਗੇ। ਸੋ ਇਹ ਬਾਣੀ ਦਾ ਜਹਾਜ਼, ਬਾਣੀ ਦਾ ਬੋਹਿਥ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੇਂ ਅਤੇ ਸੀਮਾ ਦੀ ਹੱਦਬੰਦੀ ਤੋਂ ਬਾਹਰ ਹੋ ਗਿਆ। ਗੁਰੂ ਮੇਰੇ ਸੰਗਿ ਸਦਾ ਹੈ ਨਾਲੇ॥ ਦੇ ਮਹਾਂਵਾਕ ਅਨੁਸਾਰ ਹਰ ਸਮੇਂ ਹਰ ਥਾਂ ਗੁਰੂ ਪ੍ਰਤੱਖ ਰੂਪ ਵਿਚ ਸਿੱਖ ਦੇ ਅੰਗ-ਸੰਗ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਕੁਝ ਵਿਲੱਖਣ ਵਿਸ਼ੇਸ਼ਤਾਵਾਂ ਅੰਕਿਤ ਕੀਤੀਆਂ ਜਾ ਸਕਦੀਆਂ ਹਨ।

- ਇਹ ਕੇਵਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ ਜਿਨ੍ਹਾਂ ਦਾ ਪ੍ਰਕਾਸ਼ ਦਿਹਾੜਾ ਅਤੇ ਗੁਰਤਾਗੱਦੀ ਦਾ ਦਿਨ ਬਾਕਾਇਦਾ ਨਿਸਚਿਤ ਅਤੇ ਅੰਕਤ ਹੈ। ਇਸ ਸੰਪਾਦਨਾ, ਪ੍ਰਕਾਸ਼ ਅਤੇ ਗੁਰਤਾਗੱਦੀ ਦੇ ਦਿਨ ਮਿਥਿਹਾਸਕ ਜਾਂ ਕਿਆਸ ਆਰਾਈ, ਕੋਰੇ ਅੰਦਾਜ਼ੇ ਨਾਲ ਨਹੀਂ ਬਲਕਿ ਇਤਿਹਾਸਕ ਤੌਰ 'ਤੇ ਸਹੀ ਅੰਕਤ ਹਨ।
- ਇਹ ਕੇਵਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ ਜਿਸ ਦਾ ਸੰਪਾਦਨਾ ਅਤੇ ਪ੍ਰਕਾਸ਼ ਗੁਰੂ ਸਾਹਿਬਾਨ ਨੇ ਖ਼ੁਦ ਕਰ ਕੇ ਇਸ ਨੂੰ ਗੁਰਤਾਗੱਦੀ ਪ੍ਰਦਾਨ ਕੀਤੀ।
- ਕੇਵਲ ਇਹੀ ਧਰਮ ਗ੍ਰੰਥ ਹੈ ਜਿਸ ਨੂੰ ਭਾਰਤ ਦੀ ਸਰਵੁੱਚ ਅਦਾਲਤ ਸੁਪਰੀਮ ਕੋਰਟ ਨੇ ਵੀ 'ਜਾਗਤ ਜੋਤਿ' (Living Guru) ਮੰਨਿਆ ਹੈ।
- ਸਿੱਖ ਦਾ ਹਰ ਧਾਰਮਿਕ ਸੰਸਕਾਰ ਜਿਵੇਂ ਆਨੰਦ ਕਾਰਜ, ਅੰਮ੍ਰਿਤ ਸੰਸਕਾਰ, ਮ੍ਰਿਤਕ ਸੰਸਕਾਰ ਆਦਿ ਆਪਣੇ ਇਸ ਜ਼ਾਹਿਰਾ ਜ਼ਹੂਰ ਸਤਿਗੁਰੂ ਦੀ ਹਾਜ਼ਰੀ ਅਤੇ ਹਜ਼ੂਰੀ ਵਿਚ ਹੀ ਸੰਪੂਰਨ ਹੁੰਦਾ ਹੈ।



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

- ਇਸ ਪਾਵਨ ਗ੍ਰੰਥ ਨੂੰ ਹੋਰ ਧਾਰਮਿਕ ਪੁਸਤਕਾਂ ਵਾਂਗ ਆਮ ਕਿਤਾਬਾਂ ਅਤੇ ਲਾਇਬ੍ਰੇਰੀਆਂ ਵਿਚ ਨਾ ਰੱਖ ਕੇ ਬਾਕਾਇਦਾ ਮੰਜੀ ਸਾਹਿਬ 'ਤੇ ਸੁਸ਼ੋਭਿਤ ਕਰ ਕੇ ਚੌਰ ਕਰਦਿਆਂ ਹੋਇਆਂ ਇਸ ਦੀ ਹਾਜ਼ਰੀ ਅਤੇ ਹਜ਼ੂਰੀ ਵਿਚ ਸੰਗਤ ਦਾ ਜੁੜਨਾ ਇਕ ਵਿਲੱਖਣਤਾ ਹੈ। ਗੁਰੂ ਗ੍ਰੰਥ ਸਾਹਿਬ ਚਵਰ ਅਤੇ ਤਖਤ ਦੇ ਮਾਲਕ ਹਨ। ਕਿਸੇ ਹੋਰ ਧਰਮ ਗ੍ਰੰਥ ਨੂੰ ਇਸ ਤਰ੍ਹਾਂ ਮੱਥਾ ਨਹੀਂ ਟੇਕਿਆ ਜਾਂਦਾ।
- ਹੋਰ ਧਰਮਾਂ ਦੇ ਗ੍ਰੰਥ ਪਵਿੱਤਰ ਹਨ ਅਤੇ ਉਨ੍ਹਾਂ ਦੇ ਰਚਨਹਾਰੇ ਦੀ ਇਕ ਰਚਨਾ ਅਤੇ ਕਿਰਤ ਹਨ। ਹੋਰ ਕੋਈ ਵੀ ਧਾਰਮਿਕ ਗ੍ਰੰਥ ਉਸ ਧਰਮ ਜਾਂ ਮਜ਼ਬ ਦੇ ਅਵਤਾਰ ਜਾਂ ਪੈਗੰਬਰ ਦਾ ਬਦਲ ਨਹੀਂ ਹੋ ਸਕਦਾ। ਪਰ ਗੁਰੂ ਸਾਹਿਬ ਨੇ ਆਪਣੇ ਮੁਖਾਰਬਿੰਦ ਤੋਂ ਉਚਾਰ ਕੇ ਅਤੇ ਸੰਪਾਦਨਾ ਕਰ ਕੇ ਇਸ ਗ੍ਰੰਥ ਨੂੰ ਖ਼ੁਦ ਨਮਸਕਾਰ ਕਰ ਕੇ ਇਸ ਨੂੰ ਪ੍ਰਤੱਖ 'ਗੁਰੂ' ਹੀ ਬਣਾ ਦਿੱਤਾ। ਇਹ ਕਰਤੇ ਦੀ ਰਚਨਾ ਨਹੀਂ ਬਲਕਿ ਖ਼ੁਦ ਹੀ ਕਰਤਾ ਹੋ ਨਿਬੜਿਆ ਹੈ।
- ਇਹ ਕੇਵਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੀ ਵਡਿਆਈ ਹੈ ਕਿ ਜਿਵੇਂ ਕਿਸੇ ਆਜ਼ਾਦ ਅਤੇ ਖੁਦਮੁਖਤਿਆਰ ਦੇਸ਼ ਦੇ ਝੰਡੇ ਨੂੰ ਨੇਮ ਨਾਲ ਸਵੇਰੇ ਸ਼ਾਮ ਚੜ੍ਹਾਇਆ ਅਤੇ ਉਤਾਰਿਆ ਜਾਂਦਾ ਹੈ, ਇਸੇ ਤਰ੍ਹਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵੀ ਬਕਾਇਦਾ ਸੇਵਾ ਸੰਭਾਲ ਕਰਦਿਆਂ ਸਵੇਰੇ ਇਸ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਅਤੇ ਸ਼ਾਮ ਨੂੰ ਸੰਤੋਖਿਆ ਜਾਂਦਾ ਹੈ।
- ਇਹ ਪਾਵਨ ਗ੍ਰੰਥ ਸਾਇਰੀ ਤੇ ਸੰਗੀਤਬੱਧ ਹੋਣ ਕਰਕੇ ਹੀ ਅਦੁੱਤੀ ਹੈ।
- ਇਹ ਪਾਵਨ ਗ੍ਰੰਥ ਕੇਵਲ ਇਕ ਅਕਾਲ ਪੁਰਖ ਦੀ ਅਰਾਧਨਾ ਅਤੇ ਪੂਜਾ ਨੂੰ ਸਮਰਪਿਤ ਹੈ, ਨਾ ਕਿ ਕਿਸੇ ਵੀ ਇਤਿਹਾਸਕ ਜਾਂ ਮਿਥਿਹਾਸਕ ਦੇਵੀ, ਦੇਵਤੇ, ਪੀਰ ਪੈਗੰਬਰ ਜਾਂ ਕਰਤੇ ਦੀ ਪੂਜਾ ਨੂੰ। ਹੋ ਚੁੱਕੇ ਅਵਤਾਰੀ ਪੁਰਸ਼ਾਂ ਦੀ ਉਸਤਤਿ ਜਾਂ ਵਡਿਆਈ ਤਾਂ ਅੰਕਤ ਕੀਤੀ ਗਈ ਹੈ ਪਰ ਸਤੁਤੀ, ਅਰਾਧਨਾ ਜਾਂ ਪੂਜਾ ਕੇਵਲ ਅਤੇ ਕੇਵਲ ਇਕ ਅਕਾਲ ਪੁਰਖ ਦੀ ਹੀ ਹੈ।
- ਗਰਭ ਵਾਸ ਮਹਿ ਕੁਲੁ ਨਹੀ ਜਾਤੀ॥ ਬ੍ਰਹਮੁ ਬਿੰਦੁ ਤੇ ਸਭ ਉਤਪਾਤੀ॥ ਦੇ ਪਾਵਨ ਗੁਰਵਾਕ ਅਨੁਸਾਰ ਇਸ ਪਾਵਨ ਗ੍ਰੰਥ ਵਿਚ ਛੇ ਗੁਰੂ ਸਾਹਿਬਾਨ, ਪੰਦਰਾਂ ਰੱਬੀ ਭਗਤਾਂ ਜਨਾਂ, ਗਿਆਰਾਂ ਭੱਟਾਂ ਅਤੇ ਚਾਰ ਸਿੱਖਾਂ ਵਲੋਂ ਉਚਰੀ ਬਾਣੀ ਨੂੰ ਸ਼ਾਮਲ ਕਰ ੧ੴ ਤੋਂ ਲੈ ਕੇ ਅਠਾਰਹ ਦਸ ਬੀਸ॥ ਤਕ ਨਾਲ ਹੀ ਇਹ ਗ੍ਰੰਥ ਸੰਪੂਰਨ ਹੁੰਦਾ ਹੋਇਆ ਗੁਰਿਆਈ ਦੇ ਸਿੰਘਾਸਨ ਦਾ ਮਾਲਕ ਹੈ। ਬਾਬਾ ਰਾਮ ਰਾਇ ਦੀ ਵਾਰਤਾ ਸਪਸ਼ਟ ਕਰਦੀ ਹੈ ਕਿ ਇਸ ਵਿਚ ਕਿਸੇ ਇਕ ਅੱਖਰ ਦੀ ਵੀ ਤਬਦੀਲੀ ਜਾਂ ਵਾਧ ਘਾਟ ਨਹੀਂ ਕੀਤੀ ਜਾ ਸਕਦੀ।
- ਦੇਵ ਭਾਸ਼ਾ ਅਤੇ ਮਲੇਛ ਭਾਸ਼ਾ ਦੀ ਵੰਡ ਕਰਕੇ ਕਿਸੇ ਇਸਲਾਮੀ ਧਰਮ ਗ੍ਰੰਥ ਵਿਚ ਸੰਸਕ੍ਰਿਤ ਅਤੇ ਕਿਸੇ ਵੀ ਹਿੰਦੂ ਗ੍ਰੰਥ ਵਿਚ ਅਰਬੀ ਫ਼ਾਰਸੀ ਦੀ ਵਰਤੋਂ ਨਹੀਂ ਹੋਈ। ਪਰ ਕਹੁ ਨਾਨਕ ਗੁਰਿ ਖੋਏ ਭਰਮ॥ ਏਕੋ ਅਲਹੁ ਪਾਰਬ੍ਰਹਮ॥ ਦੇ ਗੁਰਵਾਕ ਅਨੁਸਾਰ ਤਾਂ ਇਹ ਸਮੁੱਚੀ ਮਾਨਵਤਾ ਨੂੰ ਪੈਗਾਮ ਦੇ ਰਿਹਾ ਹੈ :

**ਮਿਹਰਵਾਨ ਮਉਲਾ ਤੂਹੀ ਏਕ॥ ਪੀਰ ਪੈਕਾਂਬਰ ਸੇਖ॥**
**ਦਿਲਾਕਾ ਮਾਲਕੁ ਕਰੇ ਹਾਕੁ॥ ਕੁਰਾਨ ਕਤੇਬ ਤੇ ਪਾਕੁ॥**
**ਨਰਾਇਣ ਨਰਹਰ ਦਇਆਲ॥**
**ਰਮਤ ਰਾਮ ਘਟ ਘਟ ਆਧਾਰ॥**
**ਬਾਸੁਦੇਵ ਬਸਤ ਸਭ ਠਾਇ॥**
**ਲੀਲਾ ਕਿਛੁ ਲਖੀ ਨ ਜਾਇ॥**
**ਮਿਹਰ ਦਇਆ ਕਰਿ ਕਰਨੈਹਾਰ॥**
**ਭਗਤਿ ਬੰਦਗੀ ਦੇਹਿ ਸਿਰਜਣਹਾਰ॥**
**ਕਹੁ ਨਾਨਕ ਗੁਰਿ ਖੋਏ ਭਰਮ॥ ਏਕੋ ਅਲਹੁ ਪਾਰਬ੍ਰਹਮ॥**
**(ਅੰਗ ੮੯੭)**

**ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥ ੫॥**

ਪ੍ਰਤੱਖ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਬਾਰੇ ਭੱਟ ਵਹੀ ਤਾਲੰਦਾ ਜੀਂਦ ਪਰਗਨਾ ਦੀ ਗਵਾਹੀ ਅਹਿਮ ਦਸਤਾਵੇਜ਼ ਹੈ ਅਤੇ ਗੁਰੂ ਡੰਮ ਦਾ ਸਿੱਧਾ ਜਵਾਬ ਹੈ : "ਗੁਰੂ ਗੋਬਿੰਦ ਸਿੰਘ ਮਹਿਲ ਦਸਮਾਂ ਬੇਟ ਗੁਰੂ ਤੇਗ ਬਹਾਦੁਰ ਕਾ ਪੋਤਾ ਹਰਿਗੋਬਿੰਦ ਜੀ ਦਾ ਪੜਪੋਤਾ ਗੁਰੂ ਅਰਜਨ ਕਾ ਵਾਰਿਸ ਗੁਰੂ ਰਾਮਦਾਸ ਜੀ ਕੀ ਸੂਰਜ ਬੰਸਿ ਕੋਸਾਲ ਗੋਤਰ ਸੋਢੀ ਖਤਰੀ ਵਾਸੀ ਆਨੰਦਪੁਰ ਪਰਗਨਾ ਕਹਿਲੂਰ ਮੁਕਾਮ ਨੰਦੇੜ ਤਟ ਗੁਰਦਾਵਰੀ ਦਖਣ ਦੇਸ ਸੰਮਤ ਸਤਾਰਾ ਸੌ ਪੈਂਸਠ ਕਾਰਤਿਕ ਮਾਸ ਕੀ ਚੌਥ ਸ਼ੁਕਲ ਪਖੇ ਬੁੱਦਵਾਰ ਕੋ ਦਿਹੁਰੀ ਭਾਈ ਦਇਆ ਸਿੰਘ ਸੇ ਬਚਨ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਆਓ। ਬਚਨ ਪਾਇ ਦਇਆ ਸਿੰਘ ਸ੍ਰੀਗੁਰੂ ਗ੍ਰੰਥ ਲੈ ਆਏ। ਗੁਰੂ ਜੀ ਨੇ ਪੰਜ ਪੈਸੇ ਨਰੇਲ ਅੱਗੇ ਭੇਟਾ ਰਖਾ ਮਥਾ ਟੇਕਾ ਸਰਬਤ ਸੰਗਤ ਸੇ ਕਹੈ ਮੇਰਾ ਹੁਕਮ ਹੈ ਮੇਰੀ ਜਗ੍ਹਾ ਸ੍ਰੀ ਗ੍ਰੰਥ ਜੀ ਕੋ ਜਾਨਣਾ। ਜੋ ਸਿੱਖ ਜਾਣੇਗਾ ਉਸ ਦੀ ਘਾਲ ਥਾਏ ਪਵੇਗੀ ਗੁਰੂ ਤਿਸ ਕੀ ਬਹੁੜੀ ਕਰੇਗਾ।"



੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈ
LTA BROS.
LIVINGSTON CALIFORNIA
ਸ. ਹੈਰੀ ਸਿੰਘ ਭੰਗੂ
L T A Bros
11145 E Clausen Road
Turlock, CA 95380
ਸ. ਰਾਜਾ ਧਾਮੀ



ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਭਾਰੀ ਬਹੁਮਤ ਨਾਲ ਜਿੱਤਣ 'ਤੇ ਲੱਖ-ਲੱਖ ਵਧਾਈ ਹੋਵੇ।
ਸ. ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਵੈਸਟ ਕੋਸਟ ਅਮਰੀਕਾ, ਉਨ੍ਹਾਂ ਦੇ ਪਿਤਾ ਸਰਪੰਚ ਬਲਜੀਤ ਸਿੰਘ ਖਹਿਰ ਤੇ ਉਨ੍ਹਾਂ ਦੇ ਛੋਟੇ ਵੀਰ ਸ. ਸੁਖਵੰਤ ਸਿੰਘ ਖਹਿਰਾ

# ਲੋਕ ਚੇਤਿਆਂ ਵਿੱਚ ਵੱਸਦੀਆਂ ਤੀਆਂ

## ਚੰਡੀਗੜ੍ਹ ਵਿੱਚ ਦੋ ਦਿਨਾਂ ਕਾਨਫਰੰਸ ਦਾ ਕੀਤਾ ਉਦਘਾਟਨ; ਨਸ਼ਿਆਂ ਦੇ ਖਾਤਮੇ ਲਈ ਕੇਂਦਰ ਤੇ ਸੂਬਿਆਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ 'ਤੇ ਦਿੱਤਾ ਜ਼ੋਰ





ਮੇਲੇ, ਤਿਉਹਾਰ ਤੇ ਉਤਸਵ ਜ਼ਿੰਦਗੀ ਵਿੱਚ ਰੰਗ ਭਰਦੇ ਆਏ ਹਨ, ਜ਼ਿੰਦਗੀ ਨੂੰ ਸ਼ਿੰਗਾਰਦੇ ਆਏ ਹਨ, ਜ਼ਿੰਦਗੀ ਜਿਉਣ ਦਾ ਉਤਸ਼ਾਹ ਵਧਾਉਂਦੇ ਆਏ ਹਨ ਤੇ ਜੀਵਨ ਨੂੰ ਜਿਉਣ ਜੋਗਾ ਬਣਾਉਂਦੇ ਆਏ ਹਨ। ਭਾਰਤ ਵਿੱਚ ਵਿਭਿੰਨ ਵੰਨਗੀਆਂ ਅਤੇ ਸੁਭਾਅ ਦੇ ਤਿਉਹਾਰ ਮਨਾਏ ਜਾਂਦੇ ਹਨ, ਜਿਹੜੇ ਸਿੱਧੇ-ਅਸਿੱਧੇ ਰੂਪ ਵਿੱਚ ਮਨੁੱਖ ਦੇ ਸਮੂਹਿਕ ਮਨੋਰੰਜਨ, ਵਿਸ਼ਵਾਸ ਅਤੇ ਵਿਕਾਸ ਦੀ ਭਾਵਨਾ ਨਾਲ ਜਾ ਜੁੜਦੇ ਹਨ। ਇਹ ਤਿਉਹਾਰ ਮਨੁੱਖੀ ਜ਼ਿੰਦਗੀ ਵਿੱਚ ਨਵੀਂ ਸਿਰਜਣਾ, ਉਤਸ਼ਾਹ, ਸ਼ਕਤੀ, ਉੱਦਮ ਅਤੇ ਨਵਾਂ ਉਮਾਹ ਪੈਦਾ ਕਰਨ ਵਿੱਚ ਸਹਾਈ ਹੁੰਦੇ ਹਨ। ਪੰਜਾਬ ਤਿਉਹਾਰਾਂ, ਨਾਚਾਂ, ਗੀਤਾਂ ਆਦਿ ਦੀਆਂ ਖ਼ੁਸ਼ੀਆਂ ਨੂੰ ਮਾਨਣ ਵਾਲਾ ਅਜਿਹਾ ਭੂ-ਭਾਗ ਹੈ, ਜਿੱਥੇ ਆਏ ਦਿਨ ਵਿਭਿੰਨ ਰੰਗ ਬਿਖੇਰਨ ਤੇ ਮਹਿਕਾਂ ਵੰਡਣ ਵਾਲਾ ਕੋਈ ਨਾ ਕੋਈ ਤਿਉਹਾਰ ਮਨਾਇਆ ਜਾਂਦਾ ਰਹਿੰਦਾ ਹੈ। ਇਸ ਰਾਂਗਲੀ ਧਰਤੀ ਉੱਤੇ ਵੱਖ-ਵੱਖ ਮੌਕਿਆਂ ਨਾਲ ਜੁੜੇ ਜਾਂ ਬਦਲ ਰਹੀ ਰੁੱਤ ਦੇ ਸਵਾਗਤ ਜਾਂ ਮੌਸਮ ਨੂੰ ਵਿਦਾ ਕਹਿਣ ਲਈ ਵੀ ਗਿੱਧੇ-ਭੰਗੜੇ ਪਾਏ ਜਾਂਦੇ ਹਨ ਤੇ ਗੀਤ ਗਾਏ ਜਾਂਦੇ ਹਨ। ਸਾਉਣ ਦਾ ਮਹੀਨਾ ਪੰਜਾਬੀ ਲੋਕ ਜੀਵਨ ਵਿੱਚ ਖ਼ੁਸ਼ੀਆਂ-ਖੇੜੇ ਲੈ ਕੇ ਆਉਂਦਾ ਹੈ। ਜੇਠ-ਹਾੜ੍ਹ ਦੀ ਕੜਾਕੇ ਦੀ ਗਰਮੀ ਪਿੱਛੋਂ ਇਸ ਮਹੀਨੇ ਦੌਰਾਨ ਪੈਣ ਵਾਲਾ ਮੀਂਹ ਖ਼ੁਸ਼ੀਆਂ ਦੀ ਫੁਹਾਰ ਤੇ ਬਹਾਰ ਵੀ ਲੈ ਕੇ ਆਉਂਦਾ ਹੈ। ਸਾਉਣ ਮਹੀਨੇ ਵਿੱਚ ਮਨਾਇਆ ਜਾਂਦਾ ਤੀਆਂ ਦਾ ਤਿਉਹਾਰ ਇੱਕ ਪ੍ਰਸਿੱਧ ਮੌਸਮੀ ਤਿਉਹਾਰ ਹੈ, ਜਿਸ ਨੂੰ ਮੁਟਿਆਰਾਂ ਰਲ-ਮਿਲ ਮਨਾਉਂਦੀਆਂ ਹਨ। ਇਹ ਤਿਉਹਾਰ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ (ਚਾਂਦਨੀ ਤੀਜ) ਤੋਂ ਸ਼ੁਰੂ ਹੁੰਦਾ ਹੈ ਤੇ ਪੰਦਰਾਂ ਦਿਨ ਚੱਲਦਾ ਰਹਿੰਦਾ ਹੈ। ਇਸੇ ਲਈ ਇਸ ਨੂੰ ਤੀਜਾਂ ਜਾਂ ਤੀਆਂ ਕਹਿ ਲਿਆ ਜਾਂਦਾ ਹੈ।

ਤੀਆਂ ਮਾਝੇ, ਮਾਲਵੇ ਤੇ ਦੋਆਬੇ ਵਿੱਚ ਮਨਾਇਆ ਜਾਣ ਵਾਲਾ ਹਰਮਨ-ਪਿਆਰਾ ਤਿਉਹਾਰ ਹੈ। ਪਿੰਡਾਂ ਵਿੱਚ ਕਿਸੇ ਨਿਵੇਕਲੀ ਅਤੇ ਖੁੱਲ੍ਹੀ ਥਾਂ 'ਤੇ ਪਿੱਪਲਾਂ, ਬੋਹੜਾਂ ਦੀਆਂ ਸੰਘਣੀਆਂ ਛਾਵਾਂ ਹੇਠ ਜਾਂ ਕਿਸੇ ਨਹਿਰ, ਢਾਬ, ਸੂਏ ਦੇ ਕੰਢੇ 'ਤੇ ਛਾਂ-ਦਾਰ ਰੁੱਖਾਂ ਹੇਠ ਇਕੱਠੀਆਂ ਹੋ ਕੇ ਜੁੜੀਆਂ ਮੁਟਿਆਰਾਂ ਗਿੱਧੇ ਦੇ ਪਿੜ ਵਿੱਚ ਨੱਚ ਨੱਚ ਕੇ ਦੂਹਰੀਆਂ ਹੋ ਜਾਂਦੀਆਂ ਹਨ:

**ਰਲ ਆਓ ਸਈਓ ਨੀਂ**
**ਸੱਭੇ ਤੀਆਂ ਖੇਡਣ ਜਾਈਏ**
**ਹੁਣ ਆ ਗਿਆ ਸਾਵਣ ਨੀਂ**
**ਪੀਂਘਾਂ ਪਿੱਪਲੀਂ ਜਾ ਕੇ ਪਾਈਏ**
**ਲੈ ਪੈਲਾਂ ਪਾਂਦੇ ਨੀਂ,**
**ਬਾਗ਼ੀਂ ਮੋਰਾਂ ਸ਼ੋਰ ਮਚਾਇਆ**
**ਖਿੜ ਖਿੜ ਫੁੱਲਾਂ ਨੇ ਸਾਨੂੰ,**
**ਮਾਹੀਆ ਯਾਦ ਕਰਾਇਆ।**
**ਮੈਂ ਅੱਥਰੂ ਡੋਲ੍ਹਾਂ ਨੀਂ, ਕੋਈ ਸਾਰ ਨਾ ਲੈਂਦਾ ਮੇਰੀ।**
**ਮੈਂ ਰੋ-ਰੋ ਮਰ ਗਈ ਨੀਂ,**
**ਜਿੰਦੜੀ ਆਣ ਗ਼ਮਾਂ ਨੇ ਘੇਰੀ।**
**ਰਲ ਆਓ ਸਈਓ ਨੀਂ।**

ਤੀਆਂ ਨੂੰ 'ਸਾਂਵੇ' ਜਾਂ 'ਸਾਵੇ' ਵੀ ਕਹਿ ਲਿਆ ਜਾਂਦਾ ਹੈ। ਸਾਵੇ ਤੋਂ ਭਾਵ ਹਰੇ-ਭਰੇ। ਸਾਂਵੇ ਤੋਂ ਭਾਵ ਨਾਪ-ਤੋਲ ਵਿੱਚ ਬਰਾਬਰ/ਸਮਤੋਲ ਕਰਨ ਤੋਂ ਲਿਆ ਜਾਂਦਾ ਹੈ। ਸਾਵੇ ਜਾਂ ਸਾਂਵੇ ਸ਼ਬਦ ਬੋਲ-ਚਾਲ ਵਿੱਚ ਸਹਿਜ ਤੇ ਸਰਲ ਹੈ। ਇਹ ਸ਼ਬਦ ਤੀਆਂ ਸ਼ਬਦ ਨਾਲੋਂ ਸੁਖਾਲਾ ਬੋਲਿਆ ਜਾ ਸਕਦਾ ਹੈ ਤੇ ਪਿਆਰਾ ਵੀ ਹੈ। ਹੋ ਸਕਦਾ ਹੈ ਕੁਝ ਹਾਲਤਾਂ ਵਿੱਚ ਲੋਕਾਂ ਨੇ ਇਸ ਸ਼ਬਦ ਨੂੰ ਇਸ ਦੇ ਇਨ੍ਹਾਂ ਗੁਣਾਂ ਕਾਰਨ ਹੀ ਅਪਣਾ ਲਿਆ ਹੋਵੇ। ਤੀਆਂ ਸ਼ਬਦ ਦਾ ਨਿਕਾਸ 'ਧੀਆਂ' ਤੋਂ ਹੋਇਆ ਮੰਨਿਆ ਜਾਂਦਾ ਹੈ। ਤੀਆਂ ਵਿੱਚ ਕੁੜੀਆਂ, ਨੂੰਹਾਂ, ਧੀਆਂ ਪਹਿਨ ਪੱਚਰ ਕੇ, ਹਾਰ-ਸ਼ਿੰਗਾਰ ਕਰ ਕੇ, ਬੜੇ ਚਾਵਾਂ ਨਾਲ ਇੱਕ ਦੂਜੀ ਨੂੰ ਤੀਆਂ ਦੇ ਪਿੜ ਵਿੱਚ ਪਹੁੰਚਣ ਲਈ ਹਾਕਾਂ ਮਾਰਦੀਆਂ ਹਨ। ਦਿਨ ਢਲੇ ਤੀਆਂ ਦੇ ਪਿੜ ਵਿੱਚ ਕੁੜੀਆਂ ਜੁੜਦੀਆਂ ਹਨ ਤੇ ਖ਼ੁਸ਼ੀਆਂ ਦਾ ਹੜ੍ਹ ਠਾਠਾਂ ਮਾਰਨ ਲੱਗ ਪੈਂਦਾ ਹੈ। ਮਹਿੰਦੀ ਰੰਗੇ ਹੱਥ ਗਿੱਧਾ ਪਾ-ਪਾ ਕੇ, ਨੱਚ-ਨੱਚ ਕੇ ਥੱਕਦੇ ਨਹੀਂ। ਨੱਚਣ ਵਾਲੀਆਂ ਦੀ ਜ਼ਮੀਨ 'ਤੇ ਅੱਡੀ ਨਹੀਂ ਟਿਕਦੀ ਤੇ ਗਾਉਣ ਵਾਲੀਆਂ ਕੋਲ ਗੀਤਾਂ ਦੇ ਭਰਪੂਰ ਤੇ ਅਮੁੱਕ ਭੰਡਾਰ ਹੁੰਦੇ ਹਨ। ਬੋਲੀਆਂ, ਲੋਕ ਗੀਤ, ਮਾਹੀਏ, ਟੱਪੇ, ਢੋਲੇ ਆਦਿ ਗਾਉਂਦੀਆਂ ਕੁੜੀਆਂ ਦੇ ਬੁੱਲ੍ਹ ਨਹੀਂ ਸੁੱਕਦੇ। ਇਨ੍ਹੀਂ ਦਿਨੀਂ ਸਹੁਰੇ ਗਈਆਂ, ਖਾਸ ਕਰ ਕੇ ਨਵ-ਵਿਆਹੀਆਂ ਕੁੜੀਆਂ ਨੂੰ ਪੇਕੇ ਘਰ ਲਿਆਇਆ ਜਾਂਦਾ ਹੈ, ਜਿੱਥੇ ਉਹ ਆਪਣੀਆਂ ਵਿੱਛੜੀਆਂ ਸਹੇਲੀਆਂ, ਭੈਣਾਂ, ਭਰਜਾਈਆਂ, ਚਾਚੀਆਂ, ਤਾਈਆਂ ਨੂੰ ਮਿਲਦੀਆਂ ਹਨ ਤੇ ਉਨ੍ਹਾਂ ਸਭ ਵਿੱਚ ਸ਼ਾਮਲ ਹੋ ਕੇ ਪਿੰਡ ਦੀਆਂ ਤੀਆਂ ਦਾ ਸ਼ਿੰਗਾਰ ਬਣਦੀਆਂ ਹਨ। ਉਹ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰਦੀਆਂ ਹਨ:



-ਡਾ. ਪ੍ਰਿਤਪਾਲ ਸਿੰਘ ਮਹਿਰੋਕ
98885-10185

ਸਾਉਣ ਦਾ ਮਹੀਨਾ, ਤੀਜ ਦੀਆਂ ਤੀਆਂ ਜੀ
ਸਹੁਰਿਆਂ ਤੋਂ ਪੇਕਿਆਂ ਨੂੰ, ਆਈਆਂ ਧੀਆਂ ਜੀ
**ਵਿਆਹੀਆਂ ਵਿਆਹੀਆਂ ਇੱਕ ਪਾਸੇ,**
**ਹੋ ਕੇ ਬਹਿ ਗਈਆਂ**
**ਕੁਆਰੀਆਂ ਕੁਆਰੀਆਂ ਨੱਚਣ, ਡਹਿ ਗਈਆਂ**
**ਮੁੱਦਤਾਂ ਦੇ ਬਾਅਦ ਉਹ ਅੱਜ ਜੁੜੀਆਂ,**
**ਦੁੱਖ ਆਪੋ-ਆਪਣੇ ਸੁਣਾਉਣ ਕੁੜੀਆਂ।**

ਇੱਕ ਲੋਕ ਵਿਸ਼ਵਾਸ ਅਨੁਸਾਰ ਸੱਜ ਵਿਆਹੀ ਕੁੜੀ ਦਾ ਆਪਣੇ ਵਿਆਹ ਤੋਂ ਪਿੱਛੋਂ ਆਉਣ ਵਾਲੇ ਪਹਿਲੇ ਸਾਉਣ ਦੇ ਮਹੀਨੇ ਵਿੱਚ ਆਪਣੀ ਸੱਸ ਦੇ ਮੱਥੇ ਲੱਗਣਾ ਚੰਗਾ ਨਹੀਂ ਹੁੰਦਾ। ਇਸ ਲਈ ਸੱਜ ਵਿਆਹੀ ਕੁੜੀ ਨੂੰ ਤੀਆਂ ਵਿੱਚ ਸ਼ਾਮਲ ਹੋ ਸਕਣ ਦਾ ਮੌਕਾ ਪ੍ਰਦਾਨ ਕਰਨ ਲਈ, ਸਾਉਣ ਮਹੀਨਾ ਚੜ੍ਹਨ ਤੋਂ ਕੁਝ ਦਿਨ ਪਹਿਲਾਂ ਹੀ ਸਹੁਰੇ ਘਰ ਤੋਂ ਪੇਕੇ ਘਰ ਲਿਆਇਆ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਵਿਆਹ ਵਧੇਰੇ ਕਰਕੇ ਜੇਠ-ਹਾੜ੍ਹ ਦੇ ਮਹੀਨਿਆਂ ਵਿੱਚ ਹੁੰਦੇ ਸਨ। ਹਾੜ੍ਹ ਤੋਂ ਅਗਲਾ ਮਹੀਨਾ ਸਾਉਣ ਹੁੰਦਾ ਹੈ। ਸਹੁਰਿਆਂ ਦੇ ਘਰ ਪਰਿਵਾਰ ਬਾਰੇ ਦੱਸਣ ਦੀ ਉਤਸੁਕਤਾ ਨਵ-ਵਿਆਹੀ ਦੇ ਮਨ ਵਿੱਚ ਵੀ ਹੁੰਦੀ ਸੀ। ਨਿਸ਼ਚੇ ਹੀ ਪੇਕੇ ਘਰ ਛੇਤੀ ਜਾਣ ਦੀ ਉਸ ਦੀ ਤਾਂਘ ਪ੍ਰਬਲ ਹੋ ਜਾਂਦੀ ਹੋਵੇਗੀ। ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸੱਜ ਵਿਆਹੀਆਂ ਕੁੜੀਆਂ ਜੇ ਆਪਣੀਆਂ ਸੱਸਾਂ ਦੇ ਸੁਭਾਅ, ਉਨ੍ਹਾਂ ਦੇ ਵਿਵਹਾਰ ਤੇ ਉਨ੍ਹਾਂ ਦੀਆਂ ਵਧੀਕੀਆਂ ਤੋਂ ਤੰਗ ਆ ਜਾਂਦੀਆਂ ਸਨ ਤਾਂ ਉਹ ਆਪਣੇ ਪੇਕਿਆਂ ਤੇ ਸਖੀਆਂ ਨੂੰ ਉਸ ਬਾਰੇ ਦੱਸਣ ਲਈ ਕਾਹਲੀਆਂ ਹੁੰਦੀਆਂ ਰਹੀਆਂ ਹੋਣਗੀਆਂ। ਪੇਕੇ ਆ ਕੇ ਕੁਝ ਕਹਿਣ-ਸੁਣਨ ਲਈ, ਆਪਣੇ ਮਨ ਦਾ ਬੋਝ ਹਲਕਾ ਕਰਨ ਲਈ ਉਤਾਵਲੀਆਂ ਹੋਈਆਂ ਉਹ ਪੇਕੇ ਘਰ ਆਉਣ ਦੀ ਇੱਛਾ ਰੱਖਦੀਆਂ ਸਨ। ਉਨ੍ਹਾਂ ਸਮਿਆਂ ਵਿੱਚ ਕਿਉਂਕਿ ਆਵਾਜਾਈ ਦੇ ਸਾਧਨ ਵੀ ਬਹੁਤੇ ਉਪਲੱਬਧ ਨਹੀਂ ਸਨ ਹੁੰਦੇ, ਇੰਜ ਉਹ ਪੂਰਾ ਮਹੀਨਾ ਪੇਕੇ ਘਰ ਗੁਜ਼ਾਰਦੀਆਂ ਸਨ। ਤੀਆਂ ਵਿੱਚ ਆਪਣੀਆਂ ਸਹੇਲੀਆਂ ਨੂੰ ਮਿਲ ਕੇ, ਇਕੱਠੀਆਂ ਹੋ ਕੇ ਉਨ੍ਹਾਂ ਕੋਲੋਂ ਆਪਣੇ ਮਨ ਦੀ ਖ਼ੁਸ਼ੀ ਸਾਂਭੀ ਨਹੀਂ ਸੀ ਜਾਂਦੀ। ਇੰਜ, ਉਹ ਆਪਣਾ ਮਾਨਸਿਕ ਸੰਤੁਲਨ ਵੀ ਕਾਇਮ ਕਰ ਲੈਂਦੀਆਂ ਸਨ ਤੇ ਇੱਕ ਤਰ੍ਹਾਂ ਨਾਲ ਉਨ੍ਹਾਂ ਦਾ ਮਨ ਤਬਦੀਲੀ ਦੇ ਅਹਿਸਾਸ ਨਾਲ ਵੀ ਭਰ ਜਾਂਦਾ ਸੀ। ਸਾਉਣ ਦਾ ਮਹੀਨਾ ਤੀਆਂ ਨੂੰ ਖ਼ੁਸ਼ਆਮਦੀਦ ਕਹਿੰਦਿਆਂ ਸਭ ਨੂੰ ਤੀਆਂ ਦੇ ਆਉਣ ਦਾ ਸੰਦੇਸ਼ ਦਿੰਦਾ ਹੈ। ਅਜਿਹਾ ਸੰਦੇਸ਼ ਪਾ ਕੇ ਕੋਈ ਨਵ-ਵਿਆਹੀ ਆਪਣੇ ਪਤੀ ਨੂੰ ਕਹਿੰਦੀ ਹੈ:









**ਵੇ ਤੀਆਂ ਦਾ ਮਹੀਨਾ ਢੋਲਣਾ**
**ਪੇਕੀਂ ਘੱਲ ਦੇ ਸਵੇਰ ਵਾਲੀ ਲਾਰੀ**
**ਵੇ ਤੀਆਂ ਦਾ ਮਹੀਨਾ ਢੋਲਣਾ**

ਤੀਆਂ ਆਰੰਭ ਹੋਣ ਤੋਂ ਪਹਿਲੇ ਦਿਨ, ਦੂਜ ਵਾਲੇ ਦਿਨ ਨੂੰ 'ਮਹਿੰਦੀ ਵਾਲਾ ਦਿਨ' ਆਖਿਆ ਜਾਂਦਾ ਹੈ। ਇਸ ਦਿਨ ਰਾਤ ਸਮੇਂ ਸਾਉਣ ਤੋਂ ਪਹਿਲਾਂ ਮੁਟਿਆਰਾਂ ਆਪਣੇ ਹੱਥਾਂ 'ਤੇ ਬੜੀਆਂ ਰੀਝਾਂ ਨਾਲ ਮਹਿੰਦੀ ਲਾਉਂਦੀਆਂ ਹਨ। ਸ਼ਗਨ ਵਜੋਂ ਲਾਈ ਜਾਣ ਵਾਲੀ ਇਸ ਮਹਿੰਦੀ ਦੀ ਫੱਬਤ ਵਿੱਚ ਉਹ ਆਪਣੀ ਕਲਾਤਮਿਕ ਪ੍ਰਤਿਭਾ ਦਾ ਪ੍ਰਮਾਣ ਪੇਸ਼ ਕਰਦੀਆਂ ਹਨ। ਕਿਸੇ ਬਾਰੀਕ ਤੀਲੀ ਨਾਲ, ਕੋਣ ਨਾਲ ਜਾਂ ਕਿਸੇ ਹੋਰ ਜੁਗਤ ਰਾਹੀਂ ਉਹ ਲਾਈ ਜਾਣ ਵਾਲੀ ਮਹਿੰਦੀ ਨਾਲ ਵੰਨ-ਸੁਵੰਨੇ ਡਿਜ਼ਾਈਨ ਬਣਾਉਂਦੀਆਂ ਹਨ ਤੇ ਵਿੱਚ ਫੁੱਲ-ਪੱਤੀਆਂ ਦੇ ਆਕਾਰ ਬਣਾਉਂਦੀਆਂ ਹਨ। ਅਗਲੀ ਸਵੇਰ ਹਥੇਲੀਆਂ ਤੇ ਬਾਹਵਾਂ 'ਤੇ ਖਿੜੇ ਮਹਿੰਦੀ ਰੰਗੇ ਫੁੱਲ ਪੱਤਿਆਂ ਨੂੰ ਵੇਖ ਕੇ ਉਹ ਫੁੱਲੀਆਂ ਨਹੀਂ ਸਮਾਉਂਦੀਆਂ।

ਮਹਿੰਦੀ ਲਾਉਣ ਵਾਂਗ ਨਵੇਂ ਕੱਪੜੇ ਪਹਿਨਣਾ ਤੇ ਰੰਗ-ਬਿਰੰਗੀਆਂ ਚੂੜੀਆਂ ਚੜ੍ਹਾਉਣੀਆਂ ਵੀ ਤੀਆਂ ਦੇ ਤਿਉਹਾਰ ਦੀ ਮਹੱਤਵਪੂਰਨ ਰਸਮ ਹੈ। ਚੂੜੀਆਂ ਵੇਚਣ ਵਾਲਾ ਜਦੋਂ ਵੰਗਾਂ ਚੜ੍ਹਾਉਣ ਦਾ ਹੋਕਾ ਦਿੰਦਾ ਹੈ ਤਾਂ ਮੁਟਿਆਰਾਂ ਝੱਟ-ਪਟ ਉਸ ਨੂੰ ਬੁਲਾ ਲੈਂਦੀਆਂ ਹਨ। ਵੰਗਾਂ ਚੜ੍ਹਾਉਣ ਦੀ ਇਸ ਰੀਝ ਨੂੰ ਕੁੜੀਆਂ ਲੋਕ ਗੀਤਾਂ ਰਾਹੀਂ ਪ੍ਰਗਟ ਕਰਦੀਆਂ ਹਨ:

**ਆ ਵਣਜਾਰਿਆ ਬਹਿ ਵਣਜਾਰਿਆ,**
**ਵੰਗਾਂ ਦੇਈਂ ਚੜ੍ਹਾ**
**ਲਾਲ ਸੁਹਾਗ ਮੇਰੇ ਦੀਆਂ ਵੰਗਾਂ,**
**ਹਰੀਆਂ ਨਾਲ ਮਿਲਾ**
**ਗਿੱਧੇ ਵਿੱਚ ਮੈਂ ਨੱਚਦੀ,**
**ਮੈਨੂੰ ਸੋਹਣੀਆਂ ਵੰਗਾਂ ਦਾ ਚਾਅ।**
**ਗਿੱਧੇ ਵਿੱਚ ਮੈਂ ਨੱਚਦੀ।**

ਤੀਆਂ ਵਾਲੇ ਦਿਨ ਬਾਅਦ ਦੁਪਹਿਰ ਸੱਜੀਆਂ ਸੰਵਰੀਆਂ ਕੁੜੀਆਂ, ਹਾਰ-ਸ਼ਿੰਗਾਰ ਕਰ ਕੇ, ਨਵੇਂ ਨਕੋਰ ਕੱਪੜੇ ਪਹਿਨ ਕੇ ਪੀਂਘਾਂ ਪਾਉਣ ਲਈ ਰੱਸੇ-ਲੱਜਾਂ ਚੁੱਕ, ਖਾਣ-ਪੀਣ ਲਈ ਕੁਝ ਸਮੱਗਰੀ ਲੈ ਕੇ ਤੀਆਂ ਦੇ ਪਿੜ ਵੱਲ ਵਹੀਰਾਂ ਘੱਤਦੀਆਂ ਹਨ। ਖੀਰਾਂ-ਪੂੜੇ ਆਦਿ ਆਪਣੇ ਨਾਲ ਲੈ ਕੇ ਹਰ ਉਮਰ ਦੀਆਂ ਔਰਤਾਂ ਪਿੰਡੋਂ ਬਾਹਰ ਉੱਚੇ, ਲੰਮੇ, ਸੰਘਣੇ ਦਰੱਖਤਾਂ ਥੱਲੇ ਇਕੱਠੀਆਂ ਹੋ ਜਾਂਦੀਆਂ ਹਨ। ਹੱਸਦੀਆਂ-ਖੇਡਦੀਆਂ ਉਹ ਮੇਲੇ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ। ਪੀਂਘਾਂ ਝੂਟਦੀਆਂ ਹਨ ਤਾਂ ਅਸਮਾਨ ਨਾਲ ਗੱਲਾਂ ਕਰਦੀਆਂ ਜਾਪਦੀਆਂ ਹਨ। ਪੀਂਘਾਂ ਝੂਟਦੀਆਂ ਕੁੜੀਆਂ ਜਦੋਂ ਰੁੱਖ ਦੀ ਟੀਸੀ ਦੀ ਟਹਿਣੀ ਦਾ ਸਿਖਰਲਾ ਪੱਤਾ ਆਪਣੇ ਦੰਦਾਂ ਨਾਲ ਤੋੜ ਲਿਆਉਂਦੀਆਂ ਹਨ ਤਾਂ ਇਹ ਮਨਮੋਹਕ ਤੇ ਰਮਣੀਕ ਦ੍ਰਿਸ਼ ਹਰ ਵੇਖਣ ਵਾਲੇ ਦਾ ਧਿਆਨ ਆਪਣੇ ਵੱਲ ਖਿੱਚ ਲੈਂਦਾ ਹੈ।

ਤੀਆਂ ਵਾਲੇ ਸਥਾਨ ਤੋਂ ਕੁਝ ਹੀ ਦੂਰੀ 'ਤੇ ਪਿੰਡਾਂ ਦੇ ਗੱਭਰੂ ਕਬੱਡੀ ਖੇਡਣ, ਕੁਸ਼ਤੀਆਂ ਲੜਨ (ਘੋਲ ਘੁਲਣ) ਤੇ ਹੋਰ ਖੇਡਾਂ ਖੇਡਣ ਲਈ ਇਕੱਠੇ ਹੋ ਜਾਂਦੇ ਸਨ। ਦਰਸ਼ਕਾਂ ਦੀ ਵੀ ਭੀੜ ਜੁੜ ਜਾਂਦੀ ਸੀ। ਸ਼ੁਗਲ-ਮੇਲਾ ਵੀ ਚੱਲਦਾ ਰਹਿੰਦਾ ਸੀ। ਰੌਣਕਾਂ ਲੱਗਦੀਆਂ ਰਹਿੰਦੀਆਂ ਸਨ। ਗੱਭਰੂਆਂ ਦੇ ਇਕੱਠਿਆਂ ਹੋ ਕੇ ਖੇਡਣ-ਮੱਲਣ ਪਿੱਛੇ ਇੱਕ ਹੋਰ ਮਨੋਰਥ ਵੀ ਹੁੰਦਾ ਸੀ। ਕਹਿੰਦੇ ਹਨ ਕੁਝ ਥਾਈਂ ਜ਼ੋਰਾਵਰ ਲੋਕਾਂ ਵੱਲੋਂ ਤੀਆਂ ਵਿੱਚੋਂ ਧੀਆਂ-ਭੈਣਾਂ ਨੂੰ ਉਧਾਲ ਲਏ ਜਾਣ ਦੀਆਂ ਘਟਨਾਵਾਂ ਵਾਪਰਨ ਪਿੱਛੋਂ ਪਿੰਡਾਂ ਦੇ ਨੌਜਵਾਨ ਚੌਕਸ ਹੋ ਗਏ ਸਨ ਤੇ ਤੀਆਂ ਵਿੱਚ ਸ਼ਾਮਲ ਧੀਆਂ-ਭੈਣਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਉਹ ਆਪਣੇ ਸਿਰ ਲੈ ਲੈਂਦੇ ਸਨ, ਇਸੇ ਲਈ ਉਹ ਤੀਆਂ ਵਾਲੇ ਸਥਾਨ ਦੇ ਕੋਲ ਇਕੱਠੇ ਹੋ ਕੇ ਖੇਡਦੇ-ਕੁੱਦਦੇ ਰਹਿੰਦੇ ਸਨ। ਮੁੱਖ ਮਕਸਦ ਉਨ੍ਹਾਂ ਦਾ ਧੀਆਂ-ਭੈਣਾਂ ਨੂੰ ਸੁਰੱਖਿਆ ਪ੍ਰਦਾਨ ਕਰਨੀ ਹੁੰਦਾ ਸੀ।

ਖ਼ੂਬ ਭਖੇ ਹੋਏ ਗਿੱਧੇ ਦੀਆਂ ਬੋਲੀਆਂ ਦੀ ਆਵਾਜ਼, ਅੱਡੀਆਂ ਦੀ ਧਮਕ, ਵੰਗਾਂ ਦੀ ਛਣ-ਛਣ ਤੇ ਗਿੱਧੇ ਦੀ ਥਪ-ਥਪ ਕੋਹਾਂ ਤੀਕਰ ਸੁਣਾਈ ਦਿੰਦੀ ਹੁੰਦੀ ਸੀ। ਬੋਲੀਆਂ ਵਿੱਚ ਵੀਰ ਪਿਆਰ ਤੋਂ ਲੈ ਕੇ, ਮਾਂ-ਬਾਪ, ਮਾਹੀ, ਸੱਸ, ਸਹੁਰੇ, ਸੰਯੋਗ, ਵਿਯੋਗ, ਨਨਾਣ, ਭਰਜਾਈ, ਦਿਉਰ, ਜੇਠ, ਦਰਾਣੀ, ਜਠਾਣੀ ਅਤੇ ਛੜਿਆਂ ਦਾ ਜ਼ਿਕਰ ਹੁੰਦਾ ਸੀ। ਆਮ ਹਾਲਾਤ ਵਿੱਚ ਪੁਰਸ਼ਾਂ ਨੂੰ ਇਸ ਸਮਾਰੋਹ ਵਿੱਚ ਸ਼ਾਮਲ ਨਹੀਂ ਸੀ ਕੀਤਾ ਜਾਂਦਾ, ਪਰ ਚੋਰੀ-ਛੁਪੇ ਝਾਤ ਮਾਰਨ ਨੂੰ ਪੁਰਸ਼ਾਂ ਦਾ ਮਨ ਕਰ ਹੀ ਆਉਂਦਾ ਸੀ। ਇਸੇ ਕਰ ਕੇ ਕੋਈ ਮੁਟਿਆਰ ਆਪਣੇ ਸ਼ਰਮਾਕਲ ਪਤੀ ਬਾਰੇ ਕਹਿੰਦੀ ਸੁਣੀ ਜਾਂਦੀ ਸੀ:

**ਹੋਰਨਾਂ ਦੇ ਮਾਹੀਏ ਤੀਆਂ ਵੇਖਣ,**
**ਮੇਰਾ ਚੁਗੇ ਕਪਾਹ**
**ਤੂੰ ਕੀ ਰਾਹ ਨੀਂ ਜਾਣਦਾ,**
**ਤੀਆਂ ਵੇਖਣ ਆ।**
**ਤੂੰ ਕੀ**

ਗਿੱਧੇ ਦੇ ਪਿੜ ਤੋਂ ਹਟਵੀਆਂ ਢੁੱਕਵੀਆਂ ਥਾਵਾਂ 'ਤੇ ਚੂੜੀਆਂ, ਪਰਾਂਦੀਆਂ, ਮਹਿੰਦੀ, ਗੁਬਾਰਿਆਂ, ਪਕੌੜੇ, ਜਲੇਬੀਆਂ ਤੇ ਹੋਰ ਮਠਿਆਈਆਂ, ਖਿਡਾਉਣਿਆਂ ਤੇ ਹਾਰ-ਸ਼ਿੰਗਾਰ ਦੇ ਸਾਜੋ-ਸਾਮਾਨ ਵੇਚਣ ਵਾਲੇ ਵੀ ਪਹੁੰਚੇ ਹੁੰਦੇ ਹਨ। ਤੀਆਂ ਦੇ ਦਿਨੀਂ ਕੁੜੀਆਂ ਸਹੁਰੇ-ਪੇਕੇ ਘਰ ਦੇ ਨਿੱਕੇ-ਵੱਡੇ ਬੰਧਨਾਂ ਤੇ ਜ਼ਿੰਮੇਵਾਰੀਆਂ ਤੋਂ ਆਜ਼ਾਦ ਮਹਿਸੂਸ ਕਰਦੀਆਂ ਹਨ। ਨਾ ਸੱਸ ਦੀ ਡਾਂਟ-ਡਪਟ ਦਾ ਡਰ, ਨਾ ਸਹੁਰੇ ਕੋਲੋਂ ਘੁੰਡ ਕੱਢਣ ਦੀ ਚਿੰਤਾ। ਨਾ ਕਿਸੇ ਦੀ ਚੰਗੀ ਮਾੜੀ ਸੁਣਨ ਦਾ ਡਰ। ਕੁੜੀਆਂ ਚਾਹੁੰਦੀਆਂ ਹਨ ਕਿ ਤੀਆਂ ਦੇ ਦਿਨ ਮੁੱਕਣ ਹੀ ਨਾ, ਪਰ ਤੀਆਂ ਦੇ ਦਿਨ ਝੱਟ ਲੰਘ ਜਾਂਦੇ ਹਨ। ਉਹ ਤੀਆਂ ਲਾਉਣ ਵਾਲੇ ਤੋਂ ਸਦਕੇ ਜਾਣਾ ਚਾਹੁੰਦੀਆਂ ਹਨ:

**ਤੇਰਾ ਹੋਏ ਸੁਰਗਾਂ ਵਿੱਚ ਵਾਸਾ,**
**ਵੇ ਤੀਆਂ ਨੂੰ ਲਵਾਉਣ ਵਾਲਿਆ**

ਦੁੱਖ-ਸੁੱਖ, ਖ਼ੁਸ਼ੀ-ਗ਼ਮੀ ਜ਼ਿੰਦਗੀ ਦੀ ਤਸਵੀਰ ਦੇ ਦੋ ਪਾਸੇ ਹਨ। ਇੱਕ ਉਦਾਸ ਚਿੱਤ ਕੁੜੀ ਨੂੰ ਤੀਆਂ ਦੇ ਇਹ ਰੰਗ-ਤਮਾਸ਼ੇ ਇਸ ਕਰ ਕੇ ਚੰਗੇ ਨਹੀਂ ਲੱਗਦੇ ਕਿਉਂਕਿ ਉਹ ਆਪਣੇ ਸਹੁਰੇ ਘਰ ਵਿੱਚ ਬਿਮਾਰ ਪਏ ਪਤੀ ਨੂੰ ਛੱਡ ਕੇ ਆਈ ਹੈ:

**ਯਾਰ ਬਿਮਾਰ ਪਿਆ**
**ਮੇਰਾ ਚਿੱਤ ਨਾ ਤੀਆਂ ਦੇ ਵਿੱਚ ਲੱਗਦਾ।**
**ਕਿਹੜੇ ਹੌਂਸਲੇ ਗਿੱਧੇ ਦੇ ਵਿੱਚ ਜਾਵਾਂ**
**ਯਾਰ ਬਿਮਾਰ ਪਿਆ।**

ਅਜਿਹੀ ਕੁੜੀ ਨੂੰ ਸਾਉਣ ਮਹੀਨੇ ਦੀਆਂ ਬਦਲੋਟੀਆਂ ਵੀ ਕੋਈ ਉਦਾਸ ਗੀਤ ਗਾਉਂਦੀਆਂ ਪ੍ਰਤੀਤ ਹੁੰਦੀਆਂ ਹਨ। ਤੀਆਂ ਵਾਲੀ ਸ਼ਾਮ ਜਿਉਂ-ਜਿਉਂ ਹਨੇਰੇ ਵਿੱਚ ਬਦਲਣ ਲੱਗਦੀ ਹੈ, ਮੇਲਾ ਖਿੰਡਣ ਲੱਗਦਾ ਹੈ। ਨੱਚਦੀਆਂ-ਗਾਉਂਦੀਆਂ ਕੁੜੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ:

**ਸੱਚ ਦੇ ਬਚਨ ਵਿੱਚ ਧਾਈਆਂ,**
**ਮਾਪਿਓ ਥੋਡੇ ਰਾਜ ਅੰਦਰ**
**ਤੀਆਂ ਖੇਡ ਕੇ ਘਰਾਂ ਨੂੰ ਆਈਆਂ।**

ਇੰਜ, ਤੀਆਂ ਦੇ ਇਹ ਪੰਦਰਾਂ ਦਿਨ ਹੱਸਦਿਆਂ, ਖੇਡਦਿਆਂ, ਨੱਚਦਿਆਂ ਖ਼ੁਸ਼ੀ ਮਨਾਉਂਦਿਆਂ, ਪੀਂਘਾਂ ਝੂਟਦਿਆਂ ਤੇ ਗੀਤ ਗਾਉਂਦਿਆਂ ਬੜੀ ਛੇਤੀ ਬੀਤ ਜਾਂਦੇ ਹਨ। ਕੁੜੀਆਂ ਲਈ ਇਹ ਦਿਨ ਕਈ ਹੁਸੀਨ ਯਾਦਾਂ ਛੱਡ ਜਾਂਦੇ ਹਨ। ਉਹ ਭਾਦੋਂ ਨੂੰ ਕੋਸਦੀਆਂ ਹਨ, ਕਿਉਂ ਜੋ ਭਾਦੋਂ ਵਿੱਚ ਉਨ੍ਹਾਂ ਨੂੰ ਮੁੜ ਸਹੁਰੀਂ ਜਾਣਾ ਪੈਂਦਾ ਹੈ:

**ਤੀਆਂ ਸਾਉਣ ਦੀਆਂ, ਭਾਦੋਂ ਦੇ ਮੁਕਲਾਵੇ।**

ਤੀਆਂ ਦੇ ਆਖਰੀ ਦਿਨ ਪਾਣੀ ਨਾਲ ਭਰੀ ਇੱਕ ਗੜਵੀ ਵਿੱਚ ਦੁੱਬ ਪਾ ਕੇ ਕੁੜੀਆਂ ਗੀਤ ਗਾਉਂਦੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ, ਇਸ ਪਾਣੀ ਤੇ ਦੁੱਬ ਦਾ ਛਿੱਟਾ ਉਹ ਘਰਾਂ ਦੀ ਦਹਿਲੀਜ਼ 'ਤੇ ਦਿੰਦੀਆਂ ਹਨ। ਇੰਜ, ਤੀਆਂ ਦਾ ਇਹ ਤਿਉਹਾਰ ਅਗਲੇ ਸਾਲ ਤੱਕ ਲਈ ਵਿੱਛੜ ਜਾਂਦਾ ਹੈ:

**ਤੀਆਂ ਤੀਜ ਦੀਆਂ, ਵਰ੍ਹੇ ਦਿਨਾਂ ਨੂੰ ਫੇਰ**

ਤੀਆਂ ਦਾ ਇਹ ਤਿਉਹਾਰ ਸਰਬ ਸਾਂਝਾ ਅਤੇ ਧਰਮ ਨਿਰਪੱਖ ਸਾਦ ਮੁਰਾਦਾ ਪੇਂਡੂ ਤਿਉਹਾਰ ਹੈ, ਜੋ ਪੰਜਾਬੀ ਲੋਕ ਸੱਭਿਆਚਾਰ ਦਾ ਮਹੱਤਵਪੂਰਨ ਅੰਗ ਹੈ। ਅਜੋਕੇ ਕਾਹਲ ਭਰੇ, ਰੁਝੇਵਿਆਂ ਵਾਲੇ ਤੇ ਬਦਲ ਗਈ ਜੀਵਨ ਸ਼ੈਲੀ ਵਾਲੇ ਵਿਕਾਸਸ਼ੀਲ ਸਮਾਜ ਵਿੱਚ ਪੁਰਾਣੇ ਸੱਭਿਆਚਾਰ ਦੇ ਅਜਿਹੇ ਰੰਗ ਫਿੱਕੇ ਪੈਂਦੇ ਜਾ ਰਹੇ ਹਨ। ਹੋਰ ਮੇਲਿਆਂ-ਤਿਉਹਾਰਾਂ ਵਾਂਗ ਤੀਆਂ ਦੀ ਪਹਿਲਾਂ ਵਾਲੀ ਰੌਣਕ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈ ਹੈ। ਹੁਣ ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਵਿੱਚ ਸ਼ਾਮਲ ਕੀਤੀ ਜਾਂਦੀ ਪੰਜਾਬੀ ਲੋਕ ਨਾਚ ਗਿੱਧੇ ਜਾਂ ਕਿਸੇ ਹੋਰ ਲੋਕ ਨਾਚ ਦੀ ਆਈਟਮ ਵਿੱਚ ਕਦੇ ਕਦੇ ਤੀਆਂ ਦੇ ਨਾਚ ਦੀ ਇੱਕ-ਅੱਧ ਝਲਕੀ ਵਿਖਾਈ ਜਾ ਰਹੀ ਹੋ ਸਕਦੀ ਹੈ। ਸਕੂਲਾਂ, ਕਾਲਜਾਂ ਵੱਲੋਂ ਵੀ ਤੀਆਂ ਦੇ ਮੇਲੇ ਦਾ ਪ੍ਰਬੰਧ ਕਰ ਲਿਆ ਜਾਂਦਾ ਹੈ, ਜਿਨ੍ਹਾਂ ਵਿੱਚ ਕਈ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਤੇ ਜੇਤੂਆਂ ਨੂੰ ਇਨਾਮ ਵੀ ਦਿੱਤੇ ਜਾਂਦੇ ਹਨ। ਕਿੱਧਰੇ-ਕਿੱਧਰੇ ਕਾਰਜਸ਼ੀਲ ਸੱਭਿਆਚਾਰਕ ਕਲੱਬਾਂ ਵੱਲੋਂ, ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਂ ਉੱਦਮੀ ਤੇ ਸਵੈ-ਸੇਵੀ ਇਸਤਰੀ-ਸੰਗਠਨਾਂ ਵੱਲੋਂ ਵੀ ਸਾਉਣ ਮਹੀਨੇ ਵਿੱਚ ਕਦੇ/ਕਿੱਧਰੇ ਤੀਆਂ ਦਾ ਮੇਲਾ ਲਾ ਲਿਆ ਜਾਂਦਾ ਹੈ। ਵਧੇਰੇ ਸਥਿਤੀਆਂ ਵਿੱਚ ਅਜਿਹਾ ਕੁਝ ਵੀ ਸਭ ਰਸਮੀ ਹੋ ਕੇ ਰਹਿ ਜਾਂਦਾ ਹੈ। ਇਸ ਪਰਿਵਰਤਨਸ਼ੀਲ ਵਰਤਾਰੇ ਵਿੱਚ ਅਜਿਹਾ ਵਾਪਰਨਾ ਹੀ ਹੁੰਦਾ ਹੈ। ਵਿਰਸੇ ਤੋਂ ਟੁੱਟਣਾ, ਦੂਰ ਹੁੰਦੇ ਚਲੇ ਜਾਣਾ ਤੇ ਵਿਰਸੇ ਨੂੰ ਵਿਸਾਰ ਦੇਣਾ ਦੁਖਦਾਈ ਜ਼ਰੂਰ ਹੁੰਦਾ ਹੈ। ਸੱਭਿਆਚਾਰਕ ਵਰਤਾਰਿਆਂ ਨੂੰ ਤੇ ਉਨ੍ਹਾਂ ਦੇ ਨਮੂਨਿਆਂ ਨੂੰ ਸਾਂਭ ਕੇ ਰੱਖਣਾ ਮਨੁੱਖ ਦਾ ਫ਼ਰਜ਼ ਬਣਦਾ ਹੈ। ਇਸ ਦਿਸ਼ਾ ਵੱਲ ਕੇਵਲ ਨਿੱਜੀ ਹੀ ਨਹੀਂ, ਸਮੂਹਿਕ ਪੱਧਰ 'ਤੇ ਵੀ ਸੁਹਿਰਦ ਯਤਨ ਕੀਤੇ ਜਾਣੇ ਚਾਹੀਦੇ ਹਨ। ਅਜਿਹੇ ਯਤਨਾਂ ਨੂੰ ਪੰਜਾਬੀ ਦੇ ਵਿਸਰ ਰਹੇ ਵਰਤਾਰਿਆਂ ਦੀ ਸਾਂਭ-ਸੰਭਾਲ ਕਰਨ ਲਈ ਪੁੱਟੇ ਗਏ ਇੱਕ ਕਦਮ ਵਜੋਂ ਲਿਆ ਜਾ ਸਕੇਗਾ।

# ਗ਼ਰੀਬੀ ਦਰ 'ਚ ਗਿਰਾਵਟ ਸਦਕਾ ਮਿਲ ਰਹੇ ਚੰਗੇ ਦਿਨਾਂ ਦੇ ਸੰਕੇਤ

ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਹੈ ਕਿ ਦੇਸ਼ ਵਿਚ ਗ਼ਰੀਬੀ ਖ਼ਤਮ ਹੋ ਰਹੀ ਹੈ। ਇਸ ਤੱਥ ਦੀ ਪੁਸ਼ਟੀ ਨੀਤੀ ਆਯੋਗ ਦੇ ਨਾਲ-ਨਾਲ ਹੋਰ ਅਨੇਕ ਸੰਸਥਾਵਾਂ ਨੇ ਵੀ ਕੀਤੀ ਹੈ। ਇਨ੍ਹਾਂ 'ਚ ਇਕ ਸੰਸਥਾ ਵਿਸ਼ਵ ਬੈਂਕ ਵੀ ਹੈ। ਉਸ ਦੇ ਇਕ ਖੋਜ ਪੱਤਰ ਮੁਤਾਬਕ ਭਾਰਤ ਵਿਚ 2011 ਤੋਂ 2019 ਦੌਰਾਨ ਗ਼ਰੀਬਾਂ ਦੀ ਗਿਣਤੀ ਵਿਚ ਚੰਗੀ-ਖ਼ਾਸੀ ਗਿਰਾਵਟ ਦਰਜ ਕੀਤੀ ਗਈ ਹੈ। ਇਹ ਖੋਜ ਪੱਤਰ ਇਹ ਵੀ ਦੱਸਦਾ ਹੈ ਕਿ ਸੰਨ 2015 ਤੋਂ 2019 ਦੌਰਾਨ ਗ਼ਰੀਬਾਂ ਦੀ ਗਿਣਤੀ ਤੇਜ਼ੀ ਨਾਲ ਘਟੀ ਸੀ। ਸਪਸ਼ਟ ਹੈ ਕਿ ਜੇ ਕੋਵਿਡ ਮਹਾਮਾਰੀ ਦਾ ਪ੍ਰਕੋਪ ਨਾ ਹੁੰਦਾ ਤਾਂ ਹੋਰ ਜ਼ਿਆਦਾ ਲੋਕ ਗ਼ਰੀਬੀ ਦੇ ਜੰਜਾਲ ਤੋਂ ਮੁਕਤ ਹੋ ਜਾਂਦੇ। ਇਸ ਦੀ ਅਣਦੇਖੀ ਨਹੀਂ ਕੀਤੀ ਜਾਣੀ ਚਾਹੀਦੀ ਕਿ ਇਸ ਮਹਾਮਾਰੀ ਨੇ ਦੁਨੀਆ ਦੇ ਹੋਰ ਦੇਸ਼ਾਂ ਦੇ ਨਾਲ-ਨਾਲ ਭਾਰਤ ਦੇ ਲੋਕਾਂ ਨੂੰ ਵੀ ਗ਼ਰੀਬੀ ਰੇਖਾ ਤੋਂ ਹੇਠਾਂ ਧੱਕਣ ਦਾ ਕੰਮ ਕੀਤਾ।

ਕੋਰੋਨਾ ਕਾਲ ਵਿਚ ਵੱਖ-ਵੱਖ ਦੇਸ਼ਾਂ ਨੇ ਗ਼ਰੀਬਾਂ ਨੂੰ ਰਾਹਤ ਦੇਣ ਲਈ ਆਪਣੇ ਪੱਧਰ 'ਤੇ ਹਰ ਸੰਭਵ ਕੋਸ਼ਿਸ਼ ਕੀਤੀ ਸੀ। ਭਾਰਤ ਦੀ ਗੱਲ ਕਰੀਏ ਤਾਂ ਕੇਂਦਰ ਸਰਕਾਰ ਨੇ ਕਰੋੜਾਂ ਲੋਕਾਂ ਨੂੰ ਮੁਫ਼ਤ ਰਾਸ਼ਨ ਦੇਣ ਦਾ ਜੋ ਫ਼ੈਸਲਾ ਕੀਤਾ ਜਿਸ ਨਾਲ ਗ਼ਰੀਬਾਂ ਨੂੰ ਵੱਡੀ ਰਾਹਤ ਮਿਲੀ। ਕੋਰੋਨਾ ਕਾਲ ਵਿਚ ਹੋਈ ਤਾਲਾਬੰਦੀ ਨੇ ਗ਼ਰੀਬੀ ਵਿਚ ਇਸ ਕਾਰਨ ਵੀ ਵਾਧਾ ਕੀਤਾ ਸੀ ਕਿਉਂਕਿ ਸਭ ਕੰਮਕਾਰ ਅਚਾਨਕ ਬੰਦ ਕਰਨੇ ਪਏ ਸਨ। ਇਸ ਕਾਰਨ ਰੋਜ਼ ਕਮਾਉਣ ਤੇ ਖਾਣ ਵਾਲਾ ਤਬਕਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਬੰਦੋਬਸਤ ਨਾਕਾਫ਼ੀ ਸਿੱਧ ਹੋਣ ਸਦਕਾ ਹਾਲਾਤ ਬਦ ਤੋਂ ਬਦਤਰ ਬਣਦੇ ਗਏ। ਤਾਲਾਬੰਦੀ ਸਮਾਪਤ ਹੋਣ ਤੋਂ ਬਾਅਦ ਭਾਵੇਂ ਹਾਲਾਤ ਸੁਧਰਨ ਲੱਗੇ ਪਰ



ਉਸ ਦੌਰ ਦੇ ਮਾੜੇ ਅਸਰ ਹਾਲੇ ਤਕ ਦਿਖਾਈ ਦੇ ਰਹੇ ਹਨ। ਭਾਰਤ ਹੀ ਨਹੀਂ ਸਗੋਂ ਵਿਸ਼ਵ ਦੇ ਤਮਾਮ ਦੇਸ਼ਾਂ ਦੀ ਆਰਥਿਕਤਾ ਮਹਾਮਾਰੀ ਕਾਰਨ ਪਟੜੀ ਤੋਂ ਲਹਿ ਗਈ ਸੀ। ਹੁਣ ਕਿਤੇ ਜਾ ਕੇ ਸਰਕਾਰਾਂ, ਰੁਜ਼ਗਾਰਦਾਤਿਆਂ ਤੇ ਲੋਕਾਂ ਦੀ ਪਤਲੀ ਹੋਈ ਵਿੱਤੀ ਹਾਲਤ ਹੌਲੀ-ਹੌਲੀ ਲੀਹ 'ਤੇ ਪੈਣ ਲੱਗੀ ਹੈ। ਅੱਜ ਜੇ ਵੱਖ-ਵੱਖ ਯੋਜਨਾਵਾਂ ਦਾ ਪੈਸਾ ਸਿੱਧਾ ਗ਼ਰੀਬਾਂ ਦੇ ਖਾਤਿਆਂ ਵਿਚ ਪੁੱਜ ਰਿਹਾ ਹੈ ਤਾਂ ਇਸ ਦਾ ਇਕ ਵੱਡਾ ਕਾਰਨ ਭ੍ਰਿਸ਼ਟਾਚਾਰ 'ਤੇ ਲਗਾਮ ਲਗਾਉਣ ਦੀ ਕੇਂਦਰ ਸਰਕਾਰ ਦੀ ਵਚਨਬੱਧਤਾ ਅਤੇ ਜਨ-ਕਲਿਆਣਕਾਰੀ ਯੋਜਨਾਵਾਂ ਨੂੰ ਪ੍ਰਤੱਖ ਨਕਦੀ ਤਬਾਦਲੇ ਯਾਨੀ ਡੀਬੀਟੀ ਨਾਲ ਜੋੜਨਾ ਹੈ। ਡੀਬੀਟੀ ਨੂੰ ਕਿਉਂਕਿ ਆਧਾਰ ਕਾਰਡ ਨਾਲ ਜੋੜਿਆ ਗਿਆ ਹੈ, ਇਸ ਲਈ ਯੋਗ ਲੋਕਾਂ ਨੂੰ ਹੀ ਸਰਕਾਰੀ ਯੋਜਨਾਵਾਂ ਦਾ ਲਾਹਾ ਦੇਣਾ ਯਕੀਨੀ ਬਣ ਸਕਿਆ ਹੈ। ਭਾਰਤ ਕਿਉਂਕਿ ਇਕ ਵੱਡੀ ਆਬਾਦੀ ਵਾਲਾ ਮੁਲਕ ਹੈ ਅਤੇ ਇਸ ਆਬਾਦੀ ਦਾ ਇਕ ਵੱਡਾ ਹਿੱਸਾ ਹਾਲੇ ਵੀ ਗ਼ਰੀਬੀ ਦੀ ਲਪੇਟ ਵਿਚ ਹੈ, ਇਸ ਲਈ ਫ਼ਿਲਹਾਲ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਗ਼ਰੀਬੀ ਹਟਾਊ ਮੁਹਿੰਮ ਨੂੰ ਨਾ ਸਿਰਫ਼ ਜਾਰੀ ਰੱਖਣਾ ਹੋਵੇਗਾ ਬਲਕਿ ਉਸ ਨੂੰ ਇਸ ਤਰ੍ਹਾਂ ਸੰਚਾਲਿਤ ਕਰਨਾ ਹੋਵੇਗਾ ਕਿ ਗ਼ਰੀਬ ਤਬਕੇ ਆਰਥਿਕ ਤੌਰ 'ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਵਿਚ ਸਮਰੱਥ ਬਣਨ। ਜੋ ਵੀ ਲੋਕ ਭਲਾਈ ਵਾਲੀਆਂ ਯੋਜਨਾਵਾਂ ਚੱਲ ਰਹੀਆਂ ਹਨ, ਉਨ੍ਹਾਂ ਦਾ ਮਕਸਦ ਲੋਕਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਤੇ ਆਤਮ-ਨਿਰਭਰ ਬਣਾਉਣਾ ਹੋਣਾ ਚਾਹੀਦਾ ਹੈ। ਧਿਆਨ ਰਹੇ ਕਿ ਪਿਛਲੇ ਸਮੇਂ ਵਿਚ ਗ਼ਰੀਬੀ ਹਟਾਊ ਕਈ ਯੋਜਨਾਵਾਂ ਅਜਿਹੀਆਂ ਵੀ ਸਨ ਜੋ ਗ਼ਰੀਬਾਂ ਨੂੰ ਆਤਮ-ਨਿਰਭਰ ਹੋਣ ਲਈ ਪ੍ਰੇਰਿਤ ਨਹੀਂ ਕਰਦੀਆਂ ਸਨ। ਇਹ ਠੀਕ ਨਹੀਂ ਕਿ ਅਜੇ ਵੀ ਕਈ ਸੂਬਾ ਸਰਕਾਰਾਂ ਲੋਕ ਭਲਾਈ ਦੇ ਨਾਂ 'ਤੇ ਮੁਫ਼ਤਖੋਰੀ ਦੀ ਸੰਸਕ੍ਰਿਤੀ ਨੂੰ ਹੁਲਾਰਾ ਦੇਣ ਦਾ ਕੰਮ ਕਰ ਰਹੀਆਂ ਹਨ। ਇਸ ਨਾਲ ਰਾਜਨੀਤਕ ਹਿੱਤ ਭਾਵੇਂ ਸੇਧ ਲਏ ਜਾਂਦੇ ਹੋਣ ਪਰ ਲੋਕਾਂ ਦਾ ਹਕੀਕੀ ਆਰਥਿਕ ਉੱਥਾਨ ਨਹੀਂ ਹੋ ਪਾਉਂਦਾ।

# ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ



ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ







ਗੁਰੂ ਤੇ ਪੰਥ ਦੇ ਦਾਸ

# ਸਮੂਹ ਸਾਧ ਸੰਗਤ ਮਨਟੀਕਾ, ਕੈਲੀਫੋਰਨੀਆ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

## ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ



ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ
ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ



# ਲੱਖ-ਲੱਖ ਵਧਾਈਆਂ

ਕਮਿਊਨਿਟੀ ਦੇ ਨਿਸ਼ਕਾਮ ਸੇਵਕ ਕੈਲੀਫੋਰਨੀਆਂ ਦੇ ਨੌਜਵਾਨ ਸਿੱਖ ਆਗੂ ਦਹਾਕਿਆਂ ਤੋਂ ਪੰਥ ਦੀ ਸੇਵਾ ਕਰਦੇ ਆ ਰਹੇ ਸੰਗਤਾਂ ਦੇ ਸੇਵਾਦਾਰ ਅਤੇ ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ ਦੇ ਖਜ਼ਾਨਚੀ

# CHARKHA'S

ਦੀ ਚੇਨ ਦੇ ਮਾਲਕ



## Pabla Beverages inc &
## Pauls Liquors & Markets

**Www.bevstore.com 408-515-5330,**
**San Jose Morgan Hill Gilroy California**



## Surinder Singh Pabla

ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸਮਾਜ ਸੇਵਕ ਪੰਜਾਬੀ ਬੋਲੀ ਅਤੇ ਖੇਡਾਂ ਨੂੰ ਪ੍ਰਮੋਟ ਕਰਨ ਵਾਲੇ ਉਘੇ ਨੌਜਵਾਨ ਆਗੂ

ਸ. ਜਰਨੈਲ ਸਿੰਘ ਮੌਂਜੀ, ਸ. ਬਲਵੀਰ ਸਿੰਘ ਪਾਬਲਾ, ਸ. ਸੁਰਿੰਦਰ ਸਿੰਘ ਪਾਬਲਾ, ਸ. ਐਮ.ਪੀ. ਸਿੰਘ ਪਾਬਲਾ

# ਭਾਰਤੀ ਪੁਰਸ਼ 4×400 ਮੀਟਰ ਰਿਲੇਅ ਟੀਮ ਨੇ ਏਸ਼ਿਆਈ ਰਿਕਾਰਡ ਤੋੜਿਆ

## ਪਹਿਲੀ ਵਾਰ ਵਿਸ਼ਵ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ






ਬੁਡਾਪੈਸਟ : ਭਾਰਤ ਦੀ ਪੁਰਸ਼ ਚਾਰ ਗੁਣਾ 400 ਮੀਟਰ ਰਿਲੇਅ ਟੀਮ ਨੇ ਦੋ ਮਿੰਟ 59.05 ਸੈਕਿੰਡ ਦੇ ਸਮੇਂ ਵਿੱਚ ਏਸ਼ਿਆਈ ਰਿਕਾਰਡ ਤੋੜਦਿਆਂ ਪਹਿਲੀ ਵਾਰ ਵਿਸ਼ਵ ਚੈਂਪੀਅਨਸ਼ਿਪ ਦੇ ਫਾਈਨਲ ਲਈ ਕੁਆਲੀਫਾਈ ਕੀਤਾ ਹੈ। ਭਾਰਤ ਦੇ ਮੁਹੰਮਦ ਅਨਸ ਯਾਹੀਆ, ਅਮੋਜ ਜੈਕਬ, ਮੁਹੰਮਦ ਅਜਮਲ ਵਾਰਿਆਥੋੜੀ ਅਤੇ ਰਾਜੇਸ਼ ਰਮੇਸ਼ ਦੀ ਚੌਕੜੀ ਨੇ ਅੱਜ ਪਹਿਲੀ ਹੀਟ (ਕੁਆਲੀਫਾਇੰਗ ਰੇਸ) ਵਿੱਚ ਅਮਰੀਕਾ 2:58.47 ਮਿੰਟ ਤੋਂ ਬਾਅਦ ਦੂਜਾ ਸਥਾਨ ਹਾਸਲ ਕਰਕੇ ਫਾਈਨਲ ਵਿੱਚ ਜਗ੍ਹਾ ਬਣਾਈ। ਹਰੇਕ ਦੋ ਹੀਟ ਵਿੱਚੋਂ ਸਿਖਰਲੇ ਤਿੰਨ 'ਤੇ ਰਹਿਣ ਵਾਲੀ ਅਤੇ ਅਗਲੀ ਦੋ ਸਭ ਤੋਂ ਤੇਜ਼ ਰਹਿਣ ਵਾਲੀ ਚੌਕੜੀ ਹੀ ਫਾਈਨਲ ਵਿੱਚ ਪਹੁੰਚਦੀ ਹੈ। ਏਸ਼ਿਆਈ ਰਿਕਾਰਡ ਦੋ ਮਿੰਟ 59.51 ਸੈਕਿੰਡ ਦਾ ਸੀ, ਜੋ ਜਪਾਨ ਦੀ ਟੀਮ ਦੇ ਨਾਮ ਸੀ। ਇਸ ਤੋਂ ਪਹਿਲਾਂ ਰਾਸ਼ਟਰੀ ਰਿਕਾਰਡ 2021 ਵਿੱਚ 3:00:25 ਦੇ ਸਮੇਂ ਦਾ ਬਣਿਆ ਸੀ। ਭਾਰਤੀ ਖਿਡਾਰੀਆਂ ਨੇ ਵਿਸ਼ਵ ਰਿਕਾਰਡਧਾਰੀ ਅਮਰੀਕੀ ਚੌਕੜੀ ਨੂੰ ਸਖ਼ਤ ਚੁਣੌਤੀ ਦਿੰਦਿਆਂ ਦੂਜੇ ਸਥਾਨ 'ਤੇ ਰਹੀ। ਭਾਰਤ ਦੋ ਹੀਟ ਵਿੱਚ ਅਮਰੀਕਾ ਦੇ ਬਾਅਦ ਦੂਜੇ ਸਥਾਨ 'ਤੇ ਰਿਹਾ।

# ਬਡਗਾਮ ਟੀਮ ਵਿਰੁੱਧ ਕਸ਼ਮੀਰ ਮਹਿਲਾ ਕ੍ਰਿਕਟ ਲੀਗ ਫਾਈਨਲ ਮੈਚ ਜਿੱਤਿਆ



ਬਡਗਾਮ ਟੀਮ ਵਿਰੁੱਧ ਕਸ਼ਮੀਰ ਮਹਿਲਾ ਕ੍ਰਿਕਟ ਲੀਗ ਫਾਈਨਲ ਮੈਚ ਜਿੱਤਣ ਤੋਂ ਬਾਅਦ ਅਨੰਤਨਾਗ ਬਾਗੀ ਟੀਮ ਜਸ਼ਨ ਮਨਾਉਂਦੀ ਹੋਈ

ਸ੍ਰੀਨਗਰ : ਜੰਮੂ ਕਸ਼ਮੀਰ ਦੇ ਨੌਜਵਾਨ ਖੇਡ ਪ੍ਰਤਿਭਾਵਾਂ ਨੂੰ ਪਾਲਣ ਪੋਸ਼ਣ ਲਈ ਵਿਸ਼ਵ ਪੱਧਰੀ ਖੇਡ ਬੁਨਿਆਦੀ ਢਾਂਚਾ ਅਤੇ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਯੂਟੀ ਪ੍ਰਸ਼ਾਸਨ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਨੇ ਔਰਤਾਂ ਨੂੰ ਹੈਂਡਹੋਲਡਿੰਗ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਸਰਕਾਰ ਦੇ ਮੁੱਖ ਯਤਨਾਂ ਨੂੰ ਉਜਾਗਰ ਕੀਤਾ।

ਸ਼੍ਰੀਨਗਰ 'ਚ ਕਸ਼ਮੀਰ ਮਹਿਲਾ ਕ੍ਰਿਕਟ ਲੀਗ ਦੇ ਫਾਈਨਲ ਮੈਚ ਦੌਰਾਨ ਇਕੱਠ ਨੂੰ ਸੰਬੋਧਨ ਕਰਦੇ ਹੋਏ ਸਿਨਹਾ ਨੇ ਮਹਿਲਾ ਕ੍ਰਿਕਟ ਲੀਗ ਦੇ ਸਾਰੇ ਪ੍ਰਤੀਯੋਗੀਆਂ ਅਤੇ ਜੇਤੂਆਂ ਨੂੰ ਵਧਾਈ ਦਿੱਤੀ।

ਔਰਤਾਂ ਦੀ ਅਗਵਾਈ ਵਾਲਾ ਵਿਕਾਸ ਸਾਡੀ ਸਭ ਤੋਂ ਵੱਡੀ ਤਰਜੀਹ ਹੈ। ਸਾਡੀ ਸਮਾਜਿਕ-ਆਰਥਿਕ ਵਿਕਾਸ ਨੀਤੀ ਲਿੰਗ ਸਮਾਨਤਾ ਦੇ ਵਿਚਾਰ 'ਤੇ ਅਧਾਰਤ ਹੈ ਅਤੇ ਔਰਤਾਂ ਦੇ ਸਸ਼ਕਤੀਕਰਨ ਅਤੇ ਉਨ੍ਹਾਂ ਨੂੰ ਹਰ ਖੇਤਰ ਵਿੱਚ ਬਰਾਬਰ ਮੌਕੇ ਪ੍ਰਦਾਨ ਕਰਨ ਲਈ ਜ਼ਰੂਰੀ ਕਦਮ ਚੁੱਕੇ ਗਏ ਹਨ।

ਚਿਨਾਰ ਕੋਰ ਦੀ ਸਰਪ੍ਰਸਤੀ ਹੇਠ ਕਰਵਾਏ ਗਏ ਇਸ ਟੂਰਨਾਮੈਂਟ ਵਿੱਚ ਕਸ਼ਮੀਰ ਡਿਵੀਜ਼ਨ ਦੇ ਵੱਖ-ਵੱਖ ਖੇਤਰਾਂ ਦੀਆਂ 12 ਮਹਿਲਾ ਕ੍ਰਿਕਟ ਟੀਮਾਂ ਨੇ ਉਤਸ਼ਾਹ ਨਾਲ ਭਾਗ ਲਿਆ। ਸਮਾਗਮ ਦੀ ਸ਼ਾਨ ਨੂੰ ਵਧਾਉਂਦੇ ਹੋਏ, ਪਦਮ ਸ਼੍ਰੀ ਪੁਰਸਕਾਰ ਨਾਲ ਸਨਮਾਨਿਤ ਅਤੇ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਸਾਬਕਾ ਕਪਤਾਨ ਮਿਤਾਲੀ ਰਾਜ ਨੇ ਇਸ ਮੌਕੇ 'ਤੇ ਸ਼ਿਰਕਤ ਕੀਤੀ। ਇਸ ਦੌਰਾਨ, ਉਪ ਰਾਜਪਾਲ ਨੇ ਚਿਨਾਰ ਕੋਰ ਦੀ ਪਹਿਲਕਦਮੀ ਦੀ ਸ਼ਲਾਘਾ ਕੀਤੀ ਜਿਸ ਦਾ ਉਦੇਸ਼ ਔਰਤਾਂ ਦੀ ਭਾਵਨਾ ਨੂੰ ਉੱਚਾ ਚੁੱਕਣਾ ਅਤੇ ਖੇਡਾਂ ਰਾਹੀਂ ਉਨ੍ਹਾਂ ਨੂੰ ਸਸ਼ਕਤ ਬਣਾਉਣਾ ਹੈ ਅਤੇ ਦੂਰ-ਦਰਾਜ ਦੇ ਖੇਤਰਾਂ ਵਿੱਚ ਲੜਕੀਆਂ ਵਿੱਚ ਇੱਕ ਮਜ਼ਬੂਤ ਖੇਡ ਸੱਭਿਆਚਾਰ ਨੂੰ ਪ੍ਰਸਿੱਧ ਕਰਨਾ ਹੈ।

ਜੰਮੂ-ਕਸ਼ਮੀਰ ਦੀਆਂ ਧੀਆਂ ਬਹੁਤ ਸਾਰੀਆਂ ਰੁਕਾਵਟਾਂ ਅਤੇ ਚੁਣੌਤੀਆਂ ਦੇ ਬਾਵਜੂਦ ਵੱਖ-ਵੱਖ ਖੇਤਰਾਂ ਵਿੱਚ ਚਮਕ ਰਹੀਆਂ ਹਨ। ਉਹ ਕੱਚ ਦੀਆਂ ਛੱਤਾਂ ਨੂੰ ਤੋੜ ਰਹੇ ਹਨ ਅਤੇ ਖੇਤੀਬਾੜੀ, ਉਦਯੋਗਾਂ, ਆਈਟੀ ਅਤੇ ਸਟਾਰਟਅਪਸ ਵਿੱਚ ਆਪਣੀ ਸਥਿਤੀ ਨੂੰ ਅੱਗੇ ਵਧਾ ਰਹੇ ਹਨ। ਇੱਥੋਂ ਤੱਕ ਕਿ ਖੇਡਾਂ ਦੇ ਖੇਤਰ ਵਿੱਚ ਵੀ, ਉਹ ਕਿਸੇ ਤੋਂ ਬਾਅਦ ਨਹੀਂ ਸਾਬਤ ਹੋਏ ਹਨ, ਉਪ ਰਾਜਪਾਲ ਨੇ ਕਿਹਾ।

ਰਾਸ਼ਟਰ ਨਿਰਮਾਣ ਵਿੱਚ ਔਰਤਾਂ ਦੀ ਭੂਮਿਕਾ ਨੂੰ ਸਵੀਕਾਰ ਕਰਦੇ ਹੋਏ, ਉਪ ਰਾਜਪਾਲ ਨੇ ਕਿਹਾ ਕਿ ਜਿਸ ਤਰ੍ਹਾਂ ਮਹਿਲਾ ਵਿਗਿਆਨੀਆਂ ਨੇ ਚੰਦਰਯਾਨ-3 ਮਿਸ਼ਨ ਵਿੱਚ ਅਗਵਾਈ ਕੀਤੀ ਹੈ, ਉਸ ਨੇ ਦੂਜਿਆਂ ਲਈ ਇੱਕ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਮਹਿਲਾ ਖਿਡਾਰੀਆਂ ਦੀਆਂ ਸਫਲਤਾਵਾਂ ਨੇ ਉਮੀਦਾਂ ਜਗਾਈਆਂ ਹਨ।

# ਸੋਨ ਤ.ਗਮਾ ਜੇਤੂ ਪ੍ਰਨੀਤ ਕੌਰ ਨੂੰ ਲੱਖ ਰੁਪਏ ਭੇਟ



ਪਟਿਆਲਾ : ਫਰਾਂਸ ਪੈਰਿਸ ਵਿਚ 'ਪੈਰਿਸ ਵਿਸ਼ਵ ਕੱਪ ਸਟੇਜ-4' ਦੌਰਾਨ ਸੋਨ ਤ.ਗਮਾ ਜਿੱਤਣ ਵਾਲੀ ਪ੍ਰਨੀਤ ਕੌਰ ਨੂੰ ਖ਼ਾਲਸਾ ਕਾਲਜ ਵੱਲੋਂ ਇੱਕ ਲੱਖ ਰੁਪਏ ਦਾ ਇਨਾਮ ਦਿੱਤਾ ਗਿਆ, ਜਦਕਿ ਉਸ ਦੇ ਕੋਚ ਸੁਰਿੰਦਰ ਰੰਧਾਵਾ ਨੂੰ ਵੀ 21 ਹਜ਼ਾਰ ਰੁਪਏ ਦਾ ਇਨਾਮ ਦੇ ਕੇ ਸਨਮਾਨਿਆ ਹੈ। ਇਸ ਸਮੇਂ ਇੱਕ ਲੱਖ ਰੁਪਏ ਦੇਣ ਵੇਲੇ ਵਿਸ਼ੇਸ਼ ਤੌਰ 'ਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਸ਼ ?ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ ਅਤੇ ਕਾਲਜ ਦੇ ਪ੍ਰਿੰਸੀਪਲ ਧਰਮਿੰਦਰ ਸਿੰਘ ਉਭਾ ਮੌਜੂਦ ਸਨ। ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਖ਼ਾਲਸਾ ਕਾਲਜ ਵਿਚ ਪੜ੍ਹਨ ਵਾਲੀ ਪ੍ਰਨੀਤ ਕੌਰ ਨੇ ਸਿੱਖ ਜਗਤ ਦਾ ਮਾਣ ਵਧਾਇਆ ਹੈ, ਪੂਰੇ ਦੇਸ਼ ਨੂੰ ਉਸ 'ਤੇ ਮਾਣ ਹੈ। ਰੱਖੜਾ ਨੇ ਕਿਹਾ ਕਿ ਪੰਜਾਬ ਦੇ ਖਿਡਾਰੀ ਕੌਮਾਂਤਰੀ ਪੱਧਰ ਦੇ ਮੱਲਾਂ ਮਾਰ ਰਹੇ ਹਨ ਇਹ ਇਨ੍ਹਾਂ ਖਿਡਾਰੀਆਂ ਦੀ ਮਿਹਨਤ ਦਾ ਨਤੀਜਾ ਹੈ। ਜ਼ਿਕਰਯੋਗ ਹੈ ਕਿ ਫ਼ਰਾਂਸ ਦੇ ਪੈਰਿਸ ਵਿਖੇ ਹੋਏ 'ਪੈਰਿਸ ਵਿਸ਼ਵ ਕੱਪ ਸਟੇਜ-4' ਵਿੱਚ ਭਾਰਤ ਦੀਆਂ ਲੜਕੀਆਂ ਦੀ ਕੰਪਾਊਂਡ ਟੀਮ ਨੇ ਸੋਨ ਤ.ਗਮਾ ਜਿੱਤ ਕੇ ਇਤਿਹਾਸ ਸਿਰਜਿਆ ਸੀ। ਪ੍ਰਨੀਤ ਕੌਰ ਹੁਣ ਏਸ਼ੀਅਨ ਖੇਡਾਂ ਵਿੱਚ ਭਾਗ ਲੈਣ ਵੀ ਜਾ ਰਹੀ ਹੈ।

# ਨੀਰਜ ਚੋਪੜਾ ਨੇ ਮੁੜ ਇਤਿਹਾਸ ਰਚਿਆ, ਵਿਸ਼ਵ ਅਥਲੈਟਿਕ ਚੈਂਪੀਅਨਸ਼ਿਪ 'ਚ ਸੋਨ ਤਗਮਾ ਜਿੱਤਣ ਵਾਲਾ ਪਹਿਲਾ ਭਾਰਤੀ ਬਣਿਆ




ਬੁਡਾਪੈਸਟ : ਓਲੰਪਿਕ ਚੈਂਪੀਅਨ ਨੀਰਜ ਚੋਪੜਾ ਨੇ ਅੱਜ ਮੁੜ ਇਤਿਹਾਸ ਰਚ ਦਿੱਤਾ ਤੇ ਵਿਸ਼ਵ ਅਥਲੈਟਿਕ ਚੈਂਪੀਅਨਸ਼ਿਪ ਵਿੱਚ ਸੋਨ ਤ.ਗਮਾ ਜਿੱਤਣ ਵਾਲਾ ਪਹਿਲਾ ਭਾਰਤੀ ਬਣ ਗਿਆ। ਪੁਰਸ਼ਾਂ ਦੇ ਜੈਵਲਿਨ ਮੁਕਾਬਲੇ ਵਿੱਚ ਉਸ ਨੇ 88.17 ਮੀਟਰ ਥਰੋਅ ਨਾਲ ਇਹ ਪ੍ਰਾਪਤੀ ਕੀਤੀ। ਜੈਵਲਿਨ ਥਰੋਅ ਦੇ ਫਾਈਨਲ ਵਿੱਚ ਭਾਰਤ ਦਾ ਅਜਿਹਾ ਦਬਦਬਾ ਸੀ ਕਿ ਸਿਖ਼ਰਲੇ ਛੇ ਖ਼ ?ਡਾਰੀਆਂ ਵਿੱਚੋਂ ਤਿੰਨ ਭਾਰਤ ਦੇ ਸਨ ਅਤੇ ਪਹਿਲੀ ਵਾਰ ਕਿਸੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਸਿਖਰਲੇ ਅੱਠ ਵਿੱਚ ਤਿੰਨ ਭਾਰਤੀ ਹੋਣ। ਕਿਸ਼ੋਰ ਜੇਨਾ ਐਤਵਾਰ ਦੇਰ ਫਾਈਨਲ ਵਿੱਚ 84. 77 ਮੀਟਰ ਦੀ ਸਰਵੋਤਮ ਥਰੋਅ ਨਾਲ ਪੰਜਵੇਂ ਸਥਾਨ 'ਤੇ ਰਿਹਾ,। ਜਦਕਿ ਡੀਪੀ ਮਨੂ 84.14 ਮੀਟਰ ਥਰੋਅ ਨਾਲ ਛੇਵੇਂ ਸਥਾਨ 'ਤੇ ਰਿਹਾ। 25 ਸਾਲਾ ਚੋਪੜਾ ਨੇ ਪਹਿਲੀ ਕੋਸ਼ਿਸ਼ 'ਚ ਫਾਊਲ ਹੋਣ ਤੋਂ ਬਾਅਦ ਦੂਜੇ 'ਚ ਸਭ ਤੋਂ ਵਧੀਆ ਥਰੋਅ ਕੀਤਾ। ਇਸ ਤੋਂ ਬਾਅਦ ਉਸ ਨੇ 86.32, 84. 64, 87. 73 ਅਤੇ 83. 98 ਮੀਟਰ ਥਰੋਅ ਕੀਤਾ। ਪਾਕਿਸਤਾਨ ਦੇ ਅਰਸ਼ਦ ਨਦੀਮ ਨੇ 87.82 ਮੀਟਰ ਥਰੋਅ ਨਾਲ ਚਾਂਦੀ ਦਾ ਤਗਮਾ ਜਿੱਤਿਆ, ਕਾਂਸੀ ਦਾ ਤਗਮਾ ਚੈੱਕ ਗਣਰਾਜ ਦੇ ਜੈਕਬ ਵੈਲੇਸ਼ ਨੇ 86.67 ਮੀਟਰ ਥਰੋਅ ਨਾਲ ਜਿੱਤਿਆ।

# ਗੁਰਦੁਆਰਾ ਗੁਰੂ ਨਾਨਕ ਮਿਸ਼ਨ ਸੈਂਟਰ ਬਰੈਂਪਟਨ ਵਿਖੇ ਲਗਾਏ ਗਏ ਗੁਰਮਤਿ ਕੈਂਪ












ਬਰੈਂਪਟਨ, (ਸਾਡੇ ਲੋਕ/ਰਾਜ ਗੋਗਨਾ/ ਕੁਲਤਰਨ ਪਧਿਆਣਾ) : ਉਨਟਾਰੀਓ ਦੇ ਸ਼ਹਿਰ ਬਰੈਂਪਟਨ ਦੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਸੈਂਟਰ ਵਿਖੇ ਗੁਰਦੁਆਰਾ ਸਾਹਿਬ ਅਤੇ ਅਕਾਲ ਸਿੱਖ ਅਕੈਡਮੀ ਵੱਲੋ ਗਰਮੀਆਂ ਦੀਆਂ ਛੁੱਟੀਆ ਦੇ ਚਲਦਿਆਂ ਬੱਚਿਆ ਲਈ ਗੁਰਮਤਿ ਕੈਂਪ ਲਗਾਏ ਗਏ।ਇਹ ਕੈਂਪ 7 ਅਗਸਤ ਤੋਂ ਸ਼ੁਰੂ ਹੋ ਕੇ ਮਿੱਤੀ 25 ਅਗਸਤ ਤੱਕ ਤਿੰਨ ਹਫਤਿਆ ਲਈ ਚੱਲੇ ਸਨ।ਅਤੇ ਇੰਨਾਂ ਕੈਂਪਾ ਵਿੱਚ 120 ਤੋਂ ਵੱਧ ਬੱਚਿਆ ਨੇ ਭਾਗ ਲਿਆ ਸੀ।ਇੰਨਾਂ ਕੈਂਪਾ ਵਿੱਚ ਗੁਰਬਾਣੀ ਉਚਾਰਨ ਤੇ ਵਿਆਖਿਆ, ਕੀਰਤਨ, ਪੰਜਾਬੀ ਭਾਸ਼ਾ ਅਤੇ ਗੁਰਮੁੱਖੀ ਅਤੇ ਸਿੱਖ ਇਤਿਹਾਸ ਬਾਬਤ ਜਾਣਕਾਰੀ ਬੱਚਿਆ ਨੂੰ ਦਿੱਤੀ ਗਈ।ਇਸ ਕੈਂਪ ਵਿੱਚ ਸ਼ਾਮਲ ਬੱਚਿਆ ਨੂੰ 27 ਅਗਸਤ ਦਿਨ ਐਤਵਾਰ ਵਾਲੇ ਦਿਨ ਸਰਟੀਫਿਕੇਟ ਦੇਕੇ ਸਨਮਾਨਿਤ ਕੀਤਾ ਗਿਆ ਹੈ । ਬੱਚਿਆ ਨੂੰ ਇਸ ਮੌਕੇ ਸਿੱਖ ਇਤਿਹਾਸ, ਗੁਰੂ ਸਾਹਿਬਾਨ ਅਤੇ ਹੋਰ ਸਿੱਖ ਯੋਧਿਆਂ ਦੇ ਨਾਮ ਜੁਬਾਨੀ ਯਾਦ ਸਨ। ਇੰਨਾ ਬੱਚਿਆ ਦੇ ਪਰਿਵਾਰਕ ਮੈਂਬਰਾ ਨੇ ਵੀ ਇੰਨਾ ਕੈਂਪਾ ਤੋਂ ਬਾਅਦ ਬੱਚਿਆ ਵਿੱਚ ਕਾਫੀ ਬਦਲਾਅ ਅਤੇ ਪੰਜਾਬੀ ਭਾਸ਼ਾ ਪ੍ਰਤੀ ਦਿਲਚਸਪੀ ਮਹਿਸੂਸ ਕੀਤੀ। ਇਸ ਮੌਕੇ ਬੱਚਿਆ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਅਤੇ ਸਰਬੱਤ ਦੇ ਭਲੇ ਲਈ ਸਮਾਜਿਕ ਗਤੀਵਿਧੀਆ ਵਿੱਚ ਸ਼ਾਮਲ ਹੋਣ ਬਾਬਤ ਵੀ ਜਾਗਰੂਕ ਕੀਤਾ ਗਿਆ ਹੈ। ਗੁਰੂ ਨਾਨਕ ਮਿਸ਼ਨ ਸੈਂਟਰ ਬਰੈਂਪਟਨ ਦੀ ਸਮੂੰਹ ਪ੍ਰਬੰਧਕ ਕਮੇਟੀ ਜਿਸ ਵਿੱਚ ਪ੍ਰਧਾਨ ਗੁਰਦੇਵ ਸਿੰਘ ਬੱਲ , ਬਲਕਰਨ ਸਿੰਘ ਗਿੱਲ, ਲਖਵਿੰਦਰ ਸਿੰਘ ਧਾਲੀਵਾਲ, ਮਨੋਹਰ ਸਿੰਘ ਬੱਲ ਅਤੇ ਅੰਮ੍ਰਿਤਪਾਲ ਸਿੰਘ ਸ਼ੇਰਗਿੱਲ ਨੇ ਆਈਆਂ ਹੋਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।▷

# ਪਰਿਣੀਤੀ ਚੋਪੜਾ ਨਾਲ ਮਹਾਕਾਲ ਮੰਦਰ ਪਹੁੰਚੇ ਰਾਘਵ ਚੱਢਾ, ਭਗਵਾਨ ਸ਼ਿਵ ਦੀ ਕੀਤੀ ਪੂਜਾ







ਉਜੈਨ- ਆਮ ਆਦਮੀ ਪਾਰਟੀ (ਆਪ) ਦੇ ਨੇਤਾ ਰਾਘਵ ਚੱਢਾ ਅਤੇ ਬਾਲੀਵੁੱਡ ਅਦਾਕਾਰਾ ਪਰਿਣੀਤੀ ਚੋਪੜਾ ਨੇ ਸ਼ਨੀਵਾਰ ਨੂੰ ਮੱਧ ਪ੍ਰਦੇਸ਼ ਦੇ ਉਜੈਨ ਜ਼ਿਲ੍ਹੇ ਵਿਚ ਸਥਿਤ ਮਹਾਕਾਲੇਸ਼ਵਰ ਮੰਦਰ 'ਚ ਪੂਜਾ ਕੀਤੀ। ਦੱਸ ਦੇਈਏ ਕਿ ਪਰਿਣਤੀ ਅਤੇ ਰਾਘਵ ਚੱਢਾ ਛੇਤੀ ਹੀ ਵਿਆਹ ਦੇ ਬੰਧਨ 'ਚ ਬੱਝਣ ਵਾਲੇ ਹਨ। ਦੋਹਾਂ ਨੇ ਮੰਦਰ ਦੇ ਨੰਦੀਹਾਲ 'ਚ ਬੈਠ ਕੇ ਭਗਵਾਨ ਸ਼ਿਵ ਦੀ ਪੂਜਾ ਕੀਤੀ ਅਤੇ ਬਾਬਾ ਮਹਾਕਾਲ ਦਾ ਆਸ਼ੀਰਵਾਦ ਲਿਆ।

ਇਸ ਮੌਕੇ ਮੰਦਰ ਦੇ ਪੁਜਾਰੀ ਯਸ਼ ਗੁਰੂ ਨੇ ਮੰਤਰਾਂ ਦਾ ਜਾਪ ਕਰਕੇ ਪੂਜਾ ਕੀਤੀ। ਦੋਹਾਂ ਨੇ ਮੰਦਰ ਦੇ ਪਾਵਨ ਅਸਥਾਨ ਦੀ ਚੌਂਕੀ 'ਤੇ ਮੱਥਾ ਟੇਕਿਆ ਅਤੇ ਇੱਥੋਂ ਹੀ ਬਾਬਾ ਮਹਾਕਾਲ ਦੀ ਪੂਜਾ ਕੀਤੀ।

ਦੱਸ ਦੇਈਏ ਕਿ ਸਾਉਣ ਦਾ ਮਹੀਨਾ ਚੱਲ ਰਿਹਾ ਹੈ ਅਤੇ ਬਾਬਾ ਮਹਾਕਾਲ ਦਾ ਆਸ਼ੀਰਵਾਦ ਲੈਣ ਲਈ ਕਈ ਪ੍ਰਸਿੱਧ ਹਸਤੀਆਂ ਇੱਥੇ ਪਹੁੰਚ ਰਹੀਆਂ ਹਨ। ਇਸੇ ਤਰ੍ਹਾਂ ਰਾਘਵ ਚੱਢਾ ਅਤੇ ਪਰਿਣੀਤੀ ਚੋਪੜਾ ਭਗਵਾਨ ਮਹਾਕਾਲ ਦਾ ਆਸ਼ੀਰਵਾਦ ਲੈਣ ਪਹੁੰਚੇ ਸਨ। ਮੰਦਰ ਦੇ ਪੁਜਾਰੀ ਮੁਤਾਬਕ ਇਸ ਦੌਰਾਨ ਉਨ੍ਹਾਂ ਨੇ ਬ੍ਰਾਹਮਣਾਂ ਵਲੋਂ ਕੀਤੇ ਗਏ ਰੁਦਰ ਸੂਕਤ ਅਤੇ ਸ਼ਾਂਤੀ ਪਾਠ ਨੂੰ ਸੁਣਿਆ।

ਜ਼ਿਕਰਯੋਗ ਹੈ ਕਿ ਪਰਿਣੀਤੀ ਅਤੇ ਰਾਘਵ ਨੇ 13 ਮਈ ਨੂੰ ਆਪਣੇ ਪਿਆਰਿਆਂ ਦੀ ਮੌਜੂਦਗੀ ਵਿਚ ਨਵੀਂ ਦਿੱਲੀ ਦੇ ਕਪੂਰਥਲਾ ਸਥਿਤ ਘਰ ਵਿਚ ਕੁੜਮਾਈ ਕੀਤੀ ਸੀ।

# ਐਮ ਐਸ ਕੇ ਸਕੂਲ ਦੇ ਵਿਦਿਆਰਥੀਆਂ ਨੇ ਮਨਾਇਆ ਰੱਖੜੀ ਦਾ ਤਿਉਹਾਰ





ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐਮ ਐਸ ਕੇ ਡੇ ਬੋਰਡਿੰਗ ਸੀ ਬੀ ਐਸ ਈ ਸੈਕੰਡਰੀ ਸਕੂਲ, ਕੋਟਲੀ ਜੰਡ ਵਿਖੇ ਸਕੂਲ ਦੇ ਪ੍ਰਧਾਨ ਸਰਦਾਰ ਸੁੱਖਵਿੰਦਰ ਸਿੰਘ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਵਿੱਚ ਰੱਖੜੀ ਦਾ ਤਿਉਹਾਰ ਮਨਾਇਆ ਗਿਆ। ਪ੍ਰਿੰਸੀਪਲ ਪਰਵਿੰਦਰ ਕੌਰ ਦੀ ਰਹਿਨੁਮਾਈ ਹੇਠ ਸਕੂਲ ਵਿੱਚ ਰੱਖੜੀ ਦੇ ਤਿਉਹਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਕੂਲ ਦੀਆਂ ਵਿਦਿਆਰਥਣਾਂ ਨੇ ਸਕੂਲ ਦੇ ਲੜਕਿਆਂ ਨੂੰ ਰੱਖੜੀ ਬੰਨ੍ਹੀ। ਸਕੂਲ ਵਿੱਚ ਰੱਖੜੀ ਬਣਾਉਣ ਦੀ ਪ੍ਰਤਿਯੋਗਤਾ ਵੀ ਕਰਵਾਈ ਗਈ, ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਸੁੰਦਰ ਸੁੰਦਰ ਰੱਖੜੀਆਂ ਤਿਆਰ ਕੀਤੀਆਂ। ਸਭ ਤੋਂ ਸੁੰਦਰ ਰੱਖੜੀ ਬਣਾਉਣ ਵਾਲੇ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੂੰ ਰੱਖੜੀ ਦੇ ਤਿਉਹਾਰ ਦੇ ਮਹੱਤਵ ਬਾਰੇ ਜਾਣੂ ਕਰਵਾਇਆ ਗਿਆ ਅਤੇ ਰੱਖੜੀ ਦੇ ਇਤਿਹਾਸ ਬਾਰੇ ਦੱਸਿਆ ਗਿਆ। ਪ੍ਰਿੰਸੀਪਲ ਪਰਵਿੰਦਰ ਕੌਰ ਨੇ ਦੱਸਿਆ ਕਿ ਜਿੱਥੇ ਇਹ ਤਿਉਹਾਰ ਭੈਣ ਅਤੇ ਭਰਾ ਦੇ ਪਿਆਰ ਦਾ ਪ੍ਰਤੀਕ ਹੈ ਉਥੇ ਸਾਨੂੰ ਸਾਡੇ ਪੁਰਾਣੇ ਸੱਭਿਆਚਾਰ ਨਾਲ ਵੀ ਜੋੜਦਾ ਹੈ। ਇਸ ਮੌਕੇ ਸਕੂਲ ਸਟਾਫ ਵਿੱਚ ਨਰਿੰਦਰ ਕੌਰ, ਪਰਦੀਪ ਸਿੰਘ, ਗੁਰਸ਼ਰਨ ਕੌਰ, ਰਜਿੰਦਰ ਕੌਰ, ਸੁਖਵਿੰਦਰ ਕੌਰ, ਜੋਬਨਪ੍ਰੀਤ ਕੌਰ, ਪ੍ਰਭਜੋਤ ਕੌਰ, ਆਗਿਆ ਕੌਰ, ਗੁਰਪ੍ਰੀਤ ਕੌਰ ਅਤੇ ਸਿਮਰਨਜੀਤ ਕੌਰ ਸ਼ਾਮਲ ਸਨ।




'ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ



Best Western®

Holiday Inn Express® & Suites

## ਸਿਟੀ ਆਫ਼ ਗਾਲਟ ਦੇ ਮੇਅਰ ਅਤੇ
## ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਦੇ ਮੁੱਖ ਸੇਵਾਦਾਰ

# ਸ. ਪਰਗਟ ਸਿੰਘ ਸੰਧੂ



ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

'ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ



ਜਾਰੀ ਕਰਤਾ

## ਸ:ਹਰਮਿੰਦਰ ਸਿੰਘ ਸਮਾਣਾ

ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼

(209) 481-7750

# ਭਾਰਤ, ਦੱਖਣੀ ਅਫ਼ਰੀਕਾ ਤੇ ਬ੍ਰਾਜ਼ੀਲ ਬ੍ਰਿਕਸ ਦੇ ਵਿਸਥਾਰ ਦਾ ਵਿਰੋਧ ਕਰ ਸਕਦੇ ਹਨ


-ਹਰਸ਼. ਵੀ. ਪੰਤ

ਇਸ ਸਮੇਂ ਕੌਮਾਂਤਰੀ ਢਾਂਚਾ ਵਿਆਪਕ ਤਬਦੀਲੀ ਦੇ ਦੌਰ 'ਚੋਂ ਗੁਜ਼ਰ ਰਿਹਾ ਹੈ। ਇਸ ਕੜੀ ਵਿਚ ਦੱਖਣੀ ਅਫ਼ਰੀਕਾ ਵਿਚ ਆਯੋਜਿਤ ਹੋ ਰਹੇ ਬ੍ਰਿਕਸ ਸਿਖ਼ਰ ਸੰਮੇਲਨ 'ਤੇ ਪੂਰੀ ਦੁਨੀਆ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ। ਭਾਰਤ ਵੀ ਬਿ ?ਰਕਸ ਦਾ ਮੈਂਬਰ ਹੈ। ਸ਼ੰਘਾਈ ਸਹਿਯੋਗ ਸੰਗਠਨ ਯਾਨੀ ਐੱਸਸੀਓ ਅਤੇ ਜੀ-20 ਦੀ ਪ੍ਰਧਾਨਗੀ ਦੀ ਜ਼ਿੰਮੇਵਾਰੀ ਦੇ ਨਾਲ ਆਲਮੀ ਮਾਮਲਿਆਂ ਵਿਚ ਭਾਰਤ ਦੀ ਅਹਿਮੀਅਤ ਹੋਰ ਵਧੀ ਹੈ। ਇਸ ਲਈ ਬ੍ਰਿਕਸ ਬੈਠਕ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਨੂੰ ਵੀ ਦੁਨੀਆ ਬਹੁਤ ਬਾਰੀਕੀ ਨਾਲ ਦੇਖੇਗੀ। ਇਕ ਵਿਸ਼ਵ ਪੱਧਰੀ ਵਿੱਤੀ ਸੰਗਠਨ ਦੀ ਰਿਪੋਰਟ ਵਿਚ ਬ੍ਰਾਜ਼ੀਲ, ਰੂਸ, ਭਾਰਤ ਅਤੇ ਚੀਨ ਨੂੰ ਮਿਲਾ ਕੇ 'ਬ੍ਰਿਕ' ਦੀ ਕਲਪਨਾ ਹੋਈ ਸੀ। ਇਹ ਧਾਰਨਾ ਦੇਖਦੇ ਹੀ ਦੇਖਦੇ ਕੌਮਾਂਤਰੀ ਸਰਗਰਮੀ ਦੇ ਇਕ ਮੁੱਖ ਮੰਚ ਦੇ ਰੂਪ ਵਿਚ ਵਿਕਸਤ ਹੋ ਗਈ ਅਤੇ ਹੁਣ ਇਸ ਦੇ ਵਿਸਥਾਰ ਦੀ ਮੰਗ ਹੋ ਰਹੀ ਹੈ।

ਬ੍ਰਿਕ ਦੀ ਸੰਕਲਪਨਾ ਦੇ ਪਿੱਛੇ ਵਿਸ਼ਵ ਦੀ 40 ਫ਼ੀਸਦੀ ਜਨਸੰਖਿਆ ਤੇ ਇਕ ਤਿਹਾਈ ਆਰਥਿਕਤਾ ਨੂੰ ਨਿਰਧਾਰਤ ਕਰਨ ਵਾਲੇ ਦੇਸ਼ਾਂ ਨੂੰ ਸਮੂਹਬੱਧ ਕਰਨਾ ਸੀ। ਇਨ੍ਹਾਂ ਦੇਸ਼ਾਂ ਦੇ ਨੀਤੀ ਘਾੜਿਆਂ ਨੂੰ ਇਹ ਵਿਚਾਰ ਜਚ ਗਿਆ ਅਤੇ ਸੰਨ 2009 ਵਿਚ ਬ੍ਰਾਜ਼ੀਲ, ਰੂਸ, ਭਾਰਤ ਅਤੇ ਚੀਨ ਦੇ ਨਾਲ ਬ੍ਰਿਕ ਰਸਮੀ ਤੌਰ 'ਤੇ ਹੋਂਦ ਵਿਚ ਆਇਆ। ਸੰਨ 2011 ਵਿਚ ਦੱਖਣੀ ਅਫ਼ਰੀਕਾ ਦੇ ਜੁੜਨ ਨਾਲ ਬਿ ?ਰਕ ਅਖ਼ੀਰ ਬ੍ਰਿਕਸ ਹੋਇਆ। ਇਸ ਇਕਜੁੱਟਤਾ ਦੇ ਪਿੱਛੇ ਇਹੀ ਮਕਸਦ ਸੀ ਕਿ ਵਿਸ਼ਵ ਅਰਥਚਾਰੇ ਵਿਚ ਇਨ੍ਹਾਂ ਦੇਸ਼ਾਂ ਦਾ ਜੋ ਯੋਗਦਾਨ ਹੈ, ਉਸ ਅਨੁਪਾਤ ਵਿਚ ਉਨ੍ਹਾਂ ਦੀ ਆਵਾਜ਼ ਨਹੀਂ ਸੁਣੀ ਜਾਂਦੀ ਤਾਂ ਉਸ ਸੁਰ ਨੂੰ ਤਿੱਖਾ ਕੀਤਾ ਜਾਵੇ। ਇਨ੍ਹਾਂ ਦਾ ਮਕਸਦ ਸੀ ਕਿ ਇਕੱਠੇ ਆ ਕੇ ਉਹ ਪੱਛਮ ਦੀ ਅਗਵਾਈ ਅਤੇ ਚੜ੍ਹਤ ਵਾਲੀ ਵਿੱਤੀ ਪ੍ਰਣਾਲੀ ਦੇ ਦਬਦਬੇ ਨੂੰ ਚੁਣੌਤੀ ਦੇ ਕੇ ਵਿਸ਼ਵ ਅਰਥਚਾਰੇ ਨੂੰ ਸੰਤੁਲਨ ਪ੍ਰਦਾਨ ਕਰਨਗੇ। ਬ੍ਰਿਕਸ ਦੇ ਹੁਣ ਤਕ ਦੇ ਸਫ਼ਰ ਨੂੰ ਦੇਖੀਏ ਤਾਂ ਅਹਿਸਾਸ ਹੋਵੇਗਾ ਕਿ ਕੁਝ ਦੂਰੀ ਤਕ ਸਹੀ ਚੱਲਣ ਤੋਂ ਬਾਅਦ ਉਸ ਦੀ ਗੱਡੀ ਲੀਹੋਂ ਲੱਥ ਗਈ। ਇਸ ਦੇ ਮੈਂਬਰ ਦੇਸ਼ਾਂ ਵਿਚ ਅਕਸਰ ਆਪਾ-ਵਿਰੋਧ ਦੇਖੇ ਗਏ। ਖ਼ਾਸ ਤੌਰ 'ਤੇ ਭਾਰਤ ਤੇ ਚੀਨ ਦੇ ਸਬੰਧ ਵਿਚ ਇਹ ਗੱਲ ਸਟੀਕ ਬੈਠਦੀ ਹੈ। ਇਸ ਕਾਰਨ ਵੀ ਇਸ ਸੰਗਠਨ ਦੀ ਉਪਯੋਗਿਤਾ ਅਤੇ ਅਹਿਮੀਅਤ 'ਤੇ ਸਵਾਲ ਉੱਠਦੇ ਰਹੇ ਹਨ। ਭਾਰਤ ਦੇ ਦ੍ਰਿਸ਼ਟੀਕੋਣ ਨਾਲ ਬਿ ?ਰਕਸ ਨਾਲ ਉਸ ਦੇ ਜੁੜਨ ਦੀ ਇਕ ਵਜ ?ਹਾ ਇਹ ਵੀ ਸੀ ਕਿ ਉਹ ਸਮਾਨ ਵਿਚਾਰ ਵਾਲੇ ਅਜਿਹੇ ਮੁਲਕਾਂ ਨਾਲ ਜੁੜਨਾ ਚਾਹੁੰਦਾ ਸੀ ਜੋ ਚੀਨ ਦੇ ਨਿਰੰਤਰ ਵਧਦੇ ਦਬਦਬੇ ਅਤੇ ਹਿਮਾਕਤ ਦੀ ਸਥਿਤੀ ਵਿਚ ਇਕ ਅੰਦਰੂਨੀ ਮੰਚ 'ਤੇ ਉਸ ਨੂੰ ਜ਼ਿੰਮੇਵਾਰ ਤੇ ਜਵਾਬਦੇਹ ਬਣਾ ਸਕਣ। ਭਾਰਤ ਨੂੰ ਉਮੀਦ ਸੀ ਕਿ ਦੱਖਣੀ ਅਫ਼ਰੀਕਾ, ਬ੍ਰਾਜ਼ੀਲ ਅਤੇ ਰੂਸ ਵਰਗੇ ਸਹਿਯੋਗੀ ਚੀਨ 'ਤੇ ਦਬਾਅ ਪਾ ਕੇ ਬ੍ਰਿਕਸ ਨੂੰ ਉਸ ਦੇ ਲਈ ਲਾਹੇਵੰਦ ਬਣਾਉਣਗੇ ਪਰ ਬਦਲਦੇ ਸਮੇਂ ਅਤੇ ਹਾਲਾਤ ਦੇ ਦੌਰ ਵਿਚ ਇਹ ਉਮੀਦ ਢਹਿ-ਢੇਰੀ ਹੁੰਦੀ ਗਈ। ਇਕ ਵਕਤ ਰੂਸ ਵਰਗੇ ਤਾਕਤਵਾਰ ਦੇਸ਼ ਦੀ ਭਾਰਤ ਪ੍ਰਤੀ ਬੜੀ ਸਪਸ਼ਟ ਅਤੇ ਨੇੜਲੇ ਸਹਿਯੋਗੀ ਵਾਲੀ ਨੀਤੀ ਸੀ ਪਰ ਯੂਕਰੇਨ ਜੰਗ ਤੋਂ ਬਾਅਦ ਸਮੀਕਰਨ ਬਦਲਣੇ ਸ਼ੁਰੂ ਹੋ ਗਏ। ਹੁਣ ਰੂਸ ਦਾ ਝੁਕਾਅ ਚੀਨ ਵੱਲ ਵਧ ਰਿਹਾ ਹੈ। ਅਜਿਹੇ ਵਿਚ ਭਾਰਤ ਦੇ ਨਜ਼ਰੀਏ ਨਾਲ ਬਿ ?ਰਕਸ ਨੂੰ ਲੈ ਕੇ ਨਵੀਂ ਰਣਨੀਤੀ ਬਣਾਉਣੀ ਜ਼ਰੂਰੀ ਹੋ ਗਈ ਹੈ। ਜਿਸ ਹਾਲਾਤ ਵਿਚ ਦੱਖਣੀ ਅਫ਼ਰੀਕਾ ਵਿਚ ਬ੍ਰਿਕਸ ਸੰਮੇਲਨ ਆਯੋਜਿਤ ਹੋ ਰਿਹਾ ਹੈ, ਉਸ ਕਾਰਨ ਪੂਰੇ ਸੰਸਾਰ ਦੀਆਂ ਨਜ਼ਰਾਂ ਉਸ 'ਤੇ ਟਿਕਣੀਆਂ ਸੁਭਾਵਿਕ ਹਨ।

ਯੂਕਰੇਨ ਜੰਗ ਸ਼ੁਰੂ ਹੋਣ ਮਗਰੋਂ ਰੂਸ ਨੂੰ ਕੌਮਾਂਤਰੀ ਪੱਧਰ 'ਤੇ ਜਿਸ ਕਦਰ ਅਲੱਗ-ਥਲੱਗ ਕੀਤਾ ਜਾ ਰਿਹਾ ਹੈ, ਉਸ ਦੌਰਾਨ ਇਹ ਪਹਿਲਾ ਆਯੋਜਨ ਹੈ ਜਿੱਥੇ ਰੂਸ ਦੀ ਵਿਆਪਕ ਸਰਗਰਮੀ ਦਿਸੇਗੀ। ਕੁਝ ਕੌਮਾਂਤਰੀ ਕਾਨੂੰਨਾਂ ਅਤੇ ਨੋਟਿਸਾਂ ਕਾਰਨ ਮੇਜ਼ਬਾਨ ਦੱਖਣੀ ਅਫ਼ਰੀਕਾ ਅਤੇ ਰੂਸ ਵਿਚ ਸਹਿਮਤੀ ਬਣੀ ਹੈ ਕਿ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਇਸ ਵਿਚ ਨਹੀਂ ਆਉਣਗੇ ਅਤੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਰੂਸ ਦੀ ਨੁਮਾਇੰਦਗੀ ਕਰਨਗੇ। ਇਸ ਦੌਰਾਨ ਇਹ ਸੰਗਠਨ ਕਈ ਮੁੱਦਿਆਂ 'ਤੇ ਚਰਚਾ ਕਰੇਗਾ। ਇਕ ਮੁੱਦਾ ਤਾਂ ਡਾਲਰ ਵਿਰੁੱਧ ਕਰੰਸੀ ਰਣਨੀਤੀ ਦਾ ਹੈ। ਇਹ ਤੈਅ ਹੈ ਕਿ ਭਾਰਤ ਡਾਲਰ ਨੂੰ ਲੈ ਕੇ ਅਜਿਹੀ ਕਿਸੇ ਰਣਨੀਤੀ ਦਾ ਹਿੱਸਾ ਨਹੀਂ ਬਣੇਗਾ ਜੋ ਆਲਮੀ ਆਰਥਿਕ ਮਾਮਲਿਆਂ ਵਿਚ ਚੀਨੀ ਦਬਦਬੇ ਨੂੰ ਹੋਰ ਵਧਾਵੇ। ਇਸ ਤੋਂ ਵੀ ਵੱਡਾ ਮੁੱਦਾ ਬ੍ਰਿਕਸ ਦੇ ਵਿਸਥਾਰ ਦਾ ਹੋਵੇਗਾ। ਇਸ ਵਾਰ ਕਈ ਹੋਰ ਦੇਸ਼ ਬੈਠਕ ਵਿਚ ਸ਼ਾਮਲ ਹੋਣ ਜਾ ਰਹੇ ਹਨ। ਕੁਝ ਤਾਂ ਮੈਂਬਰਸ਼ਿਪ ਲਈ ਅਰਜ਼ੀ ਵੀ ਦੇ ਚੁੱਕੇ ਹਨ ਜਦਕਿ ਮੂਲ ਰੂਪ ਵਿਚ ਇਹ ਆਰਥਿਕ ਸਹਿਯੋਗ ਦਾ ਇਕ ਮੰਚ ਰਿਹਾ ਹੈ। ਰੂਸ ਵੀ ਕਿਉਂਕਿ ਇਸ ਸਮੇਂ ਪੱਛਮੀ ਮੁਲਕਾਂ ਦੇ ਵਤੀਰੇ ਤੋਂ ਪਰੇਸ਼ਾਨ ਹੈ ਤਾਂ ਸੰਭਵ ਹੈ ਕਿ ਉਸ ਨੂੰ ਇਸ 'ਤੇ ਕੋਈ ਇਤਰਾਜ਼ ਨਾ ਹੋਵੇ ਪਰ ਬ੍ਰਾਜ਼ੀਲ, ਭਾਰਤ ਤੇ ਦੱਖਣੀ ਅਫ਼ਰੀਕਾ ਅਜਿਹੀ ਕਿਸੇ ਖੇਡ ਦਾ ਹਿੱਸਾ ਨਹੀਂ ਬਣਨਾ ਚਾਹੁਣਗੇ। ਬ੍ਰਿਕਸ ਦੀ ਪਿਛਲੀ ਬੈਠਕ ਵਿਚ ਇਸ ਦੇ ਵਿਸਥਾਰ 'ਤੇ ਚਰਚਾ ਹੋਈ ਸੀ ਪਰ ਭਾਰਤ, ਬ੍ਰਾਜ਼ੀਲ ਅਤੇ ਦੱਖਣੀ ਅਫ਼ਰੀਕਾ ਇਸ ਦੇ ਸੰਭਾਵੀ ਸਹਿਯੋਗੀ ਮੁਲਕਾਂ ਨੂੰ ਲੈ ਕੇ ਪੂਰੀ ਤਰ੍ਹਾਂ ਪੜਚੋਲ ਕਰਨਾ ਚਾਹੁੰਦੇ ਹਨ ਕਿ ਉਨ੍ਹਾਂ ਦਾ ਜੁੜਨਾ ਇਸ ਨੂੰ ਕਿਸ ਤਰ੍ਹਾਂ ਉਪਯੋਗੀ ਬਣਾਵੇਗਾ। ਇਹ ਦੇਸ਼ ਚਾਹੁੰਦੇ ਹਨ ਕਿ ਵਿਸਥਾਰ ਤੋਂ ਪਹਿਲਾਂ ਮੈਂਬਰ ਦੇਸ਼ਾਂ ਵਿਚ ਹੀ ਆਪਾ-ਵਿਰੋਧ ਸਮਾਪਤ ਕਰ ਕੇ ਵਿਆਪਕ ਸਹਿਮਤੀ ਬਣਾਉਣ 'ਤੇ ਧਿਆਨ ਕੇਂਦਰਿਤ ਕੀਤਾ ਜਾਵੇ। ਉਂਜ ਵੀ, ਹਾਲੇ ਜਿਨ੍ਹਾਂ ਨਾਵਾਂ ਦੀ ਚਰਚਾ ਹੈ, ਉਨ੍ਹਾਂ 'ਚੋਂ ਜ਼ਿਆਦਾਤਰ ਚੀਨੀ ਕਰਜ਼ੇ ਦੇ ਜਾਲ ਵਿਚ ਫਸੇ ਹੋਏ ਹਨ ਅਤੇ ਉਸ ਦੇ ਉਸ ਬੈਲਟ ਐਂਡ ਰੋਡ ਪ੍ਰਾਜੈਕਟ ਨਾਲ ਜੁੜੇ ਹੋਏ ਹਨ ਜਿਸ ਦੇ ਰਾਹ ਵਿਚ ਕਈ ਅੜਿੱਕੇ ਪੈ ਰਹੇ ਹਨ। ਜ਼ਾਹਰ ਹੈ ਕਿ ਬਿ ?ਰਕਸ ਦੇ ਵਿਸਥਾਰ ਨੂੰ ਲੈ ਕੇ ਚੀਨ ਦੀ ਨੀਅਤ ਵਿਚ ਖੋਟ ਹੈ। ਬ੍ਰਿਕਸ ਕਿਉਂਕਿ ਸਹਿਮਤੀ ਨਾਲ ਚੱਲਣ ਵਾਲਾ ਸੰਗਠਨ ਹੈ, ਇਸ ਲਈ ਚੀਨ ਚਾਹ ਕੇ ਵੀ ਮਨਮਰਜ਼ੀ ਨਹੀਂ ਕਰ ਸਕੇਗਾ। ਉਥੇ ਹੀ ਭਾਰਤ ਨੇ ਪੱਛਮੀ ਦੇਸ਼ਾਂ ਨਾਲ ਕੋਈ ਰਸਮੀ ਗੱਠਜੋੜ ਨਹੀਂ ਕੀਤਾ ਹੈ ਤੇ ਨਾ ਹੀ ਉਹ ਚੀਨ ਦੇ ਅੱਗੇ ਝੁਕਦਾ ਹੈ ਤਾਂ ਇਸ ਮਾਮਲੇ ਵਿਚ ਉਸ ਦਾ ਰੁਖ਼-ਰਵੱਈਆ ਹੋਰ ਵੀ ਅਹਿਮ ਸਿੱਧ ਹੋਣ ਵਾਲਾ ਹੈ। ਬਿ ?ਰਕਸ ਬੈਠਕ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਗ੍ਰੀਸ ਦੌਰੇ 'ਤੇ ਜਾਣਗੇ। ਕਿਸੇ ਵੀ ਭਾਰਤੀ ਪ੍ਰਧਾਨ ਮੰਤਰੀ ਦਾ 40 ਸਾਲਾਂ ਬਾਅਦ ਗ੍ਰੀਸ ਦੌਰਾ ਕਈ ਮਾਅਨਿਆਂ ਵਿਚ ਅਹਿਮ ਹੈ।

ਲੰਬੇ ਅਰਸੇ ਤਕ ਭੂ-ਮੱਧ ਸਾਗਰ ਖੇਤਰ ਨੂੰ ਲੈ ਕੇ ਉਦਾਸੀਨਤਾ ਦਿਖਾਉਣ ਤੋਂ ਬਾਅਦ ਭਾਰਤ ਨੇ ਇਟਲੀ ਤੇ ਸਪੇਨ ਤੋਂ ਬਾਅਦ ਗ੍ਰੀਸ ਨਾਲ ਵੀ ਸਬੰਧਾਂ ਨੂੰ ਮਜ਼ਬੂਤ ਬਣਾਉਣ ਦੀ ਪਹਿਲ ਕੀਤੀ ਹੈ। ਇਸ ਕੜੀ ਵਿਚ ਗ੍ਰੀਸ ਹੋਰ ਮਹੱਤਵਪੂਰਨ ਹੈ ਕਿਉਂਕਿ ਵੱਡੇ ਪੈਮਾਨੇ 'ਤੇ ਚੀਨ ਤੋਂ ਕਰਜ਼ਾ ਲੈਣ ਕਾਰਨ ਉਹ ਉਸ ਦੇ ਪ੍ਰਭਾਵ ਵਿਚ ਰਿਹਾ ਹੈ। ਹੁਣ ਯੂਰਪ ਵਿਚ ਚੀਨ ਵਿਰੋਧੀ ਧਾਰਨਾ ਮਜ਼ਬੂਤ ਹੋਣ ਨਾਲ ਗ੍ਰੀਸ ਵੀ ਰਣਨੀਤੀ ਬਦਲ ਰਿਹਾ ਹੈ। ਭਾਰਤ ਤੇ ਗ੍ਰੀਸ ਦੇ ਸਬੰਧ ਤਾਂ ਇਤਿਹਾਸਕ ਅਤੇ ਸੱਭਿਅਤਾ ਵਾਲੀਆਂ ਕੜੀਆਂ ਨਾਲ ਜੁੜੇ ਹਨ। ਅਜਿਹੇ ਵਿਚ ਉਨ੍ਹਾਂ ਵਿਚ ਮਜ਼ਬੂਤੀ ਦੀਆਂ ਬਹੁਤ ਜ਼ਿਆਦਾ ਸੰਭਾਵਨਾਵਾਂ ਮੌਜੂਦ ਹਨ। ਪ੍ਰਧਾਨ ਮੰਤਰੀ ਦਾ ਦੌਰਾ ਇਨ੍ਹਾਂ ਸੰਭਾਵਨਾਵਾਂ ਦਾ ਫ਼ਾਇਦਾ ਚੁੱਕਣ ਦਾ ਹੀ ਕੰਮ ਕਰੇਗਾ। ਗ੍ਰੀਸ ਨੇ ਹੁਣ ਭਾਰਤ ਲਈ 'ਯੂਰਪ ਦਾ ਦੁਆਰ' ਬਣਨ ਦੀ ਪੇਸ਼ਕਸ਼ ਕੀਤੀ ਹੈ। ਲਾਜਿਸਟਿਕਸ ਦੇ ਮਾਮਲੇ ਵਿਚ ਉਹ ਭਾਰਤ ਲਈ ਬਹੁਤ ਉਪਯੋਗੀ ਸਿੱਧ ਹੋ ਸਕਦਾ ਹੈ। ਅਜਿਹੇ ਵਿਚ ਪ੍ਰਧਾਨ ਮੰਤਰੀ ਮੋਦੀ ਦਾ ਗ੍ਰੀਸ ਦੌਰਾ ਯੂਰਪ ਵਿਚ ਭਾਰਤ ਦੇ ਵਿਸਥਾਰ ਤੇ ਚੀਨ ਦੇ ਪ੍ਰਭਾਵ ਨੂੰ ਘਟਾਉਣ ਦਾ ਵੀ ਇਕ ਜ਼ਰੀਆ ਬਣੇਗਾ।



*ਭਾਰਤ ਤੇ ਗ੍ਰੀਸ ਦੇ ਸਬੰਧ ਤਾਂ ਇਤਿਹਾਸਕ ਅਤੇ ਸੱਭਿਅਤਾ ਵਾਲੀਆਂ ਕੜੀਆਂ ਨਾਲ ਜੁੜੇ ਹਨ। ਅਜਿਹੇ ਵਿਚ ਉਨ੍ਹਾਂ ਵਿਚ ਮਜ਼ਬੂਤੀ ਦੀਆਂ ਬਹੁਤ ਜ਼ਿਆਦਾ ਸੰਭਾਵਨਾਵਾਂ ਮੌਜੂਦ ਹਨ। ਪ੍ਰਧਾਨ ਮੰਤਰੀ ਦਾ ਦੌਰਾ ਇਨ੍ਹਾਂ ਸੰਭਾਵਨਾਵਾਂ ਦਾ ਫ਼ਾਇਦਾ ਚੁੱਕਣ ਦਾ ਹੀ ਕੰਮ ਕਰੇਗਾ। ਗ੍ਰੀਸ ਨੇ ਹੁਣ ਭਾਰਤ ਲਈ 'ਯੂਰਪ ਦਾ ਦੁਆਰ' ਬਣਨ ਦੀ ਪੇਸ਼ਕਸ਼ ਕੀਤੀ ਹੈ।*

# ਨਸ਼ਿਆਂ ਵਿਰੁੱਧ ਵੱਡੀ ਜੰਗ ਵਿੱਢਣ ਦੀ ਜ਼ਰੂਰਤ

-ਪਰਮਜੀਤ ਸੰਧੂ

ਪੰਜਾਬ 'ਚ ਆਏ ਹੜ੍ਹਾਂ ਕਾਰਨ ਆਮ ਲੋਕਾਂ ਦਾ ਕਾਫ਼ੀ ਜਾਨੀ-ਮਾਲੀ ਨੁਕਸਾਨ ਹੋਇਆ ਹੈ। ਪੰਜਾਬੀਆਂ ਨੇ ਇਨ੍ਹਾਂ ਹੜ੍ਹਾਂ ਵਿਚ ਜਿੱਥੇ ਇਕਜੁੱਟਤਾ ਦਿਖਾਉਂਦਿਆਂ ਹੋਇਆਂ ਦਰਿਆਵਾਂ ਦੇ ਬੰਨ੍ਹ ਬੰਨ੍ਹੇ, ਨਾਲ ਹੀ ਵੱਖ-ਵੱਖ ਜੱਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ ਅਤੇ ਆਮ ਲੋਕਾਂ ਵੱਲੋਂ ਹਰੇਕ ਵਿਅਕਤੀ ਤਕ ਮਦਦ ਪਹੁੰਚਾਉਣ 'ਚ ਕੋਈ ਕਸਰ ਨਹੀਂ ਛੱਡੀ ਗਈ। ਪਿਛਲੇ ਕਾਫ਼ੀ ਸਮੇਂ ਤੋਂ ਅਜਿਹੇ ਹਾਲਾਤ ਦੇਖਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਜੇ ਅਸੀਂ ਪਾਣੀ ਵਰਗੀਆਂ ਮਾਰਾਂ ਨੂੰ ਮਾਤ ਪਾ ਸਕਦੇ ਹਾਂ ਤਾਂ ਪੰਜਾਬ ਅੰਦਰ ਵਗਦੇ ਨਸ਼ੇ ਦੇ ਛੇਵੇਂ ਦਰਿਆ ਨੂੰ ਮਾਤ ਕਿਉਂ ਨਹੀਂ ਪਾ ਸਕਦੇ। ਨਸ਼ਿਆਂ ਦੇ ਕੋਹੜ ਨੂੰ ਮਾਤ ਪਾਉਣ ਲਈ ਸਾਨੂੰ ਸਾਰਿਆਂ ਨੂੰ ਇਕਜੁੱਟ ਹੋ ਕੇ ਆਪੋ-ਆਪਣੇ ਇਲਾਕੇ 'ਚ ਵਿਕਦੇ ਨਸ਼ੇ ਦੀ ਇਤਲਾਹ ਸ਼ਾਸਨ-ਪ੍ਰਸ਼ਾਸਨ ਨੂੰ ਦੇਣੀ ਚਾਹੀਦੀ ਹੈ। ਜੇ ਸਰਕਾਰ ਨਸ਼ਾ ਵੇਚਣ ਵਾਲਿਆਂ 'ਤੇ ਕੋਈ ਕਾਰਵਾਈ ਨਹੀਂ ਕਰਦੀ ਤਾਂ ਸਾਨੂੰ ਸਾਰਿਆਂ ਨੂੰ ਇੰਜ ਹੀ ਇਕੱਠੇ ਹੋ ਕੇ ਉਸ ਖ਼ਿਲਾਫ਼ ਪ੍ਰਦਰਸ਼ਨ ਕਰਨਾ ਚਾਹੀਦਾ ਹੈ ਤਾਂ ਜੋ ਸਰਕਾਰ ਨੂੰ ਅਜਿਹੇ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕਰਨੀ ਹੀ ਪਵੇ। ਜੇ ਅਸੀਂ ਪੂਰੇ ਪੰਜਾਬ ਅੰਦਰ ਅਜਿਹੀ ਲਹਿਰ ਪੈਦਾ ਕਰਨ 'ਚ ਕਾਮਯਾਬ ਹੁੰਦੇ ਹਾਂ ਤਾਂ ਕੁਝ ਮਹੀਨਿਆਂ 'ਚ ਹੀ ਪੰਜਾਬ ਅੰਦਰੋਂ ਨਸ਼ੇ ਦੇ ਕੋਹੜ ਨੂੰ ਕੱਢ ਸਕਦੇ ਹਾਂ।

ਇਸ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਸਾਡੀਆਂ ਜੱਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ ਅਤੇ ਆਮ ਲੋਕਾਂ ਨੂੰ ਅੱਗੇ ਆਉਣਾ ਪਵੇਗਾ। ਇਸ ਲੜਾਈ ਦੀ ਸ਼ੁਰੂਆਤ ਕਰਨੀ ਔਖੀ ਹੈ ਪਰ ਜੇ ਅਸੀਂ ਪਿੰਡ-ਪਿੰਡ ਏਕਤਾ ਬਣਾ ਕੇ ਇਕ ਲਹਿਰ ਚਲਾ ਦੇਈਏ ਤਾਂ ਇਹ ਲੜਾਈ ਜਿੱਤਣੀ ਕੋਈ ਔਖੀ ਨਹੀਂ ਹੋਵੇਗੀ। ਇਸ ਲਈ ਸਮੂਹ ਜੱਥੇਬੰਦੀਆਂ ਤੇ ਸਮਾਜ ਸੇਵੀ ਸੰਸਥਾਵਾਂ ਨੂੰ ਇਸ ਬਾਰੇ ਜਲਦ ਤੋਂ ਜਲਦ ਫ਼ੈਸਲਾ ਕਰਨਾ ਚਾਹੀਦਾ ਹੈ ਤੇ ਹਰੇਕ ਪਿੰਡ ਤੋਂ ਰਿਪੋਰਟ ਲੈ ਕੇ ਇਹ ਪ੍ਰਸ਼ਾਸਨ ਤਕ ਪਹੁੰਚਾਉਣ ਲਈ ਪਹਿਲਕਦਮੀ ਕਰਨੀ ਚਾਹੀਦੀ ਹੈ।

ਬੀਤੇ ਦਿਨੀਂ ਮਾਲਵੇ ਇਲਾਕੇ ਦੇ ਇਕ ਵਿਅਕਤੀ ਵੱਲੋਂ ਵੀ ਅਜਿਹਾ ਕਦਮ ਉਠਾਇਆ ਗਿਆ ਸੀ ਪਰ ਨਸ਼ਾ ਮਾਫ਼ੀਆ ਅੱਗੇ ਟਿਕ ਨਾ ਸਕਿਆ। ਸਾਨੂੰ ਸਾਰਿਆਂ ਨੂੰ ਇਸ ਕੋਹੜ ਨੂੰ ਪੰਜਾਬ ਅੰਦਰੋਂ ਕੱਢਣ ਲਈ ਲੜਨਾ ਹੀ ਪਵੇਗਾ ਤਾਂ ਜੋ ਹਰ ਰੋਜ਼ ਨਸ਼ੇ ਕਾਰਨ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਦੀਆਂ ਖ਼ਬਰਾਂ ਨਾ ਆਉਣ। ਸਾਨੂੰ ਪ੍ਰਸ਼ਾਸਨ ਤੋਂ ਉਮੀਦ ਛੱਡ ਕੇ ਖ਼ੁਦ ਇਸ ਲੜਾਈ ਲਈ ਅੱਗੇ ਆਉਣਾ ਪਵੇਗਾ।

ਨਸ਼ੇ ਦੀ ਦਲਦਲ 'ਚ ਫਸੇ ਨੌਜਵਾਨਾਂ ਨੂੰ ਬਾਹਰ ਕੱਢਣ ਲਈ ਸਾਨੂੰ ਸਾਰਿਆਂ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਹੋਵੇਗਾ ਕਿਉਂਕਿ ਹਰੇਕ ਪਿੰਡ ਤੇ ਹਰੇਕ ਸ਼ਹਿਰ ਦੇ ਗਲੀ-ਕੂਚੇ ਤਕ ਮਾਰੂ ਨਸ਼ਾ ਪੁੱਜ ਚੁੱਕਾ ਹੈ। ਨਸ਼ੇ ਦੀ ਇਹ ਦਲਦਲ ਹੁਣ ਤਕ ਅਨੇਕਾਂ ਘਰਾਂ ਦੀਆਂ ਖ਼ੁਸ਼ੀਆਂ ਨੂੰ ਗ਼ਮੀ ਵਿਚ ਬਦਲ ਚੁੱਕੀ ਹੈ। ਅੱਜ ਵੀ ਕਿੰਨੇ ਹੀ ਘਰਾਂ 'ਚ ਨਸ਼ੇ ਕਾਰਨ ਲੜਾਈ-ਝਗੜੇ ਵਰਗੀਆਂ ਘਟਨਾਵਾਂ ਆਮ ਹੁੰਦੀਆਂ ਰਹਿੰਦੀਆਂ ਹਨ। ਸੋ, ਸਾਨੂੰ ਸਭਨਾਂ ਨੂੰ ਪੰਜਾਬ ਦੇ ਭਲੇ ਲਈ ਅੱਗੇ ਆਉਣਾ ਹੀ ਹੋਵੇਗਾ।



# ਪੰਜਾਬੀ ਹਿੰਦੂ ਨੇ ਪੰਜਾਬ ਲਈ ਕੀ ਕੀਤਾ ?

ਵਿਨਾਇਕ ਦੱਤ

ਇਹ ਸਵਾਲ ਅਕਸਰ ਕੀਤਾ ਜਾਂਦਾ ਹੈ ਕਿ ਪੰਜਾਬੀ ਹਿੰਦੂ ਨੇ ਆਪਣੀ ਜਨਮ ਭੋਇੰ ਧਰਤ ਪੰਜਾਬ ਨਾਲ ਕੀ ਕੀਤਾ? ਇਸ ਦਾ ਜਵਾਬ ਥੋੜ੍ਹਾ ਲੰਮਾ ਹੈ ਅਤੇ ਇਸ ਨੂੰ ਵਿਸਤਾਰ ਨਾਲ ਦੱਸਿਆ ਜਾਣਾ ਚਾਹੀਦਾ ਹੈ।

ਜ਼ਿਆਦਾ ਪਿੱਛੇ ਜਾਣ ਦੀ ਲੋੜ ਨਹੀਂ ਹੈ ਸ਼ੁਰੂਆਤ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਹੀ ਕਰਦੇ ਹਾਂ ਜਿਸ ਨੂੰ ਪੰਜਾਬੀਆਂ ਦਾ ਆਪਣਾ ਰਾਜ ਵੀ ਕਿਹਾ ਜਾਂਦਾ ਹੈ। ਸੈਂਕੜੇ ਸਾਲ ਅਫ਼ਗਾਨੀ, ਤੁਰਕ ਤੇ ਪਸ਼ਤੂਨਾਂ ਦੀ ਹੁਕਮਰਾਨੀ ਹੇਠ ਰਹਿਣ ਤੋਂ ਬਾਅਦ ਇਕ ਛੋਟਾ ਜਿਹਾ ਵਕਫ਼ਾ ਸੀ ਜਦੋਂ ਇਸ ਧਰਤੀ ’ਤੇ ਪੰਜਾਬੀਆਂ ਦਾ ਆਪਣਾ ਰਾਜ ਸੀ। ਰਣਜੀਤ ਸਿੰਘ ਮਹਾਰਾਜਾ ਬਣਨ ਤੋਂ ਪਹਿਲਾਂ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਸਨ ਜਿਸ ਦੀ ਸਰਦਾਰੀ ਗੁੱਜਰਾਂਵਾਲਾ ਸ਼ਹਿਰ ਦੇ ਆਲੇ-ਦੁਆਲੇ ਦੇ ਇਲਾਕੇ ਵਿਚ ਸੀ।

ਲਾਹੌਰ ਸ਼ਹਿਰ ਵਿਚ ਭੰਗੀ ਮਿਸਲ ਦੇ ਸਰਦਾਰਾਂ ਦਾ ਰਾਜ ਸੀ ਜੋ ਆਪਸ ’ਚ ਹੀ ਲੜਦੇ ਰਹਿੰਦੇ ਸਨ ਜਿਸ ਕਰਕੇ ਸ਼ਹਿਰ ਦੀ ਸਿਆਸੀ ਤੇ ਆਰਥਿਕ ਸਥਿਤੀ ਬਦਹਾਲ ਸੀ। ਲਾਹੌਰ ਸ਼ਹਿਰ ਦੇ ਵਪਾਰੀਆਂ ਤੇ ਆਮ ਲੋਕਾਂ ਨੇ ਜਿਸ ਵਿਚ ਹਿੰਦੂ ਸਿੱਖ ਤੇ ਮੁਸਲਮਾਨ ਸਾਰੇ ਸਨ ਰਲ ਕੇ ਰਣਜੀਤ ਸਿੰਘ ਨੂੰ ਲਾਹੌਰ ਸੱਦਿਆ। ਨਤੀਜਤਨ ਜਦੋਂ ਮਹਾਰਾਜਾ ਰਣਜੀਤ ਸਿੰਘ ਆਪਣੀ ਫ਼ੌਜ ਨਾਲ ਲਾਹੌਰ ਦੇ ਕਿਲ੍ਹੇ ’ਚ ਦਾਖ਼ਲ ਹੋਏ ਤਾਂ ਉਨ੍ਹਾਂ ਨੂੰ ਰਸਤੇ ’ਚ ਇਕ ਵੀ ਬੰਦਾ ਨਹੀਂ ਮਾਰਨਾ ਪਿਆ ਤੇ ਉਨ੍ਹਾਂ ਨੇ ਬਹੁਤ ਸ਼ਾਂਤਮਈ ਤਰੀਕੇ ਨਾਲ ਲਾਹੌਰ ਜਿੱਤ ਲਿਆ।

ਰਣਜੀਤ ਸਿੰਘ ਭਾਵੇਂ ਮਹਾਰਾਜਾ ਸਨ ਉਨ੍ਹਾਂ ਦੇ ਨੇੜਲੇ ਸਿਪਾਹਸਾਲਾਰਾਂ ਤੇ ਸਲਾਹਕਾਰਾਂ ਵਿਚ ਹਿੰਦੂ, ਮੁਸਲਮਾਨ, ਸਿੱਖ ਹਰ ਮਜ਼ਹਬ ਦੇ ਧਾਰਨੀ ਸਨ ਜਿਨ੍ਹਾਂ ’ਚ ਸਭ ਤੋਂ ਪਹਿਲਾ ਨੰਬਰ ਆਉਂਦਾ ਹੈ ਦੀਵਾਨ ਮੋਹਕਮ ਚੰਦ ਦਾ।

ਦੀਵਾਨ ਮੋਹਕਮ ਚੰਦ ਮਹਾਰਾਜਾ ਰਣਜੀਤ ਸਿੰਘ ਦੇ ਮੁਢਲੇ ਕਾਰਜਕਾਲ (1799-1816) ਵਿਚ ਉਨ੍ਹਾਂ ਦੇ ਸਭ ਤੋਂ ਨੇੜਲੇ ਸਲਾਹਕਾਰ ਤੇ ਸਿਰ ਕੱਢ ਜਰਨੈਲ ਸਨ ਜਿਨ੍ਹਾਂ ਨੇ ਸਿੱਖ ਰਾਜ ਨੂੰ ਗੁਜਰਾਤ, ਸਿਆਲਕੋਟ, ਕਾਂਗੜਾ, ਜਲੰਧਰ, ਚੰਬਾ, ਜਸਰੋਤਾ, ਬਰਸੋਲੀ, ਅਕਾਲਗੜ੍ਹ, ਧਰਮਕੋਟ, ਸ਼ਾਹਕੋਟ ਦੇ ਇਲਾਕੇ ਜਿੱਤ ਕੇ ਦਿੱਤੇ ਅਤੇ ਇਸ ਨਾਲ ਹੀ ਅਹਿਮਦ ਸ਼ਾਹ ਅਬਦਾਲੀ ਦੇ ਪੋਤੇ ਸ਼ਾਹ ਜ਼ਮਾਨ ਨੂੰ ਹਰਾਇਆ ਅਤੇ ਅਟਕ, ਹੈਦਰੂ, ਹਜ਼ਰੋ ਦੀਆਂ ਜੰਗਾਂ ਜਿੱਤੀਆਂ ਜਿਸ ਤੋਂ ਬਾਅਦ ਮਹਾਰਾਜਾ ਨੇ ਉਨ੍ਹਾਂ ਨੂੰ ਫਿਲੌਰ ਦਾ ਜਗੀਰਦਾਰ ਬਣਾਇਆ। ਦੀਵਾਨ ਮੋਹਕਮ ਚੰਦ ਹਿੰਦੂ ਖੱਤਰੀ ਪਰਿਵਾਰ ’ਚੋਂ ਸਨ ਅਤੇ ਸੰਨ 1750 ’ਚ ਵੈਸਾਖ ਮੱਲ ਦੇ ਘਰ ਪੈਦਾ ਹੋਏ ਸਨ। ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਤਿੰਨ ਪੁੱਤਰ ਦੀਵਾਨ ਮੋਤੀ ਰਾਮ, ਦੀਵਾਨ ਕਿਰਪਾ ਰਾਮ ਤੇ ਰਾਮ ਦਿਆਲ ਵੀ ਲਾਹੌਰ ਦਰਬਾਰ ਦੇ ਵਫ਼ਾਦਾਰ ਰਹੇ ਅਤੇ ਦਹਾਕਿਆਂ ਤੱਕ ਸ਼ਾਹੀ ਪਰਿਵਾਰ ਦੀ ਖ਼ਿਦਮਤ ਕੀਤੀ।

ਦੀਵਾਨ ਮੋਹਕਮ ਚੰਦ ਦੀ ਮੌਤ ਤੋਂ ਬਾਅਦ ਮਿਸਰ ਦੀਵਾਨ ਚੰਦ ਦੇ ਰੂਪ ’ਚ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਹੋਰ ਨਿਧੜਕ ਜਰਨੈਲ ਮਿਲਿਆ ਜੋ ਤਕਰੀਬਨ 10 ਸਾਲ (1816-1825) ਤੱਕ ਮਹਾਰਾਜਾ ਦਾ ਸਭ ਤੋਂ ਭਰੋਸੇਯੋਗ ਸਿਪਾਹਸਲਾਰ ਰਿਹਾ। ਦੀਵਾਨ ਮੋਹਕਮ ਚੰਦ ਨੇ ਭੱਕੜ, ਮਨਖੇੜਾ, ਲਈਆਹ, ਖਾਨਗੜ੍ਹ, ਮੰਜਗੜ੍ਹ ਦੇ ਇਲਾਕੇ ਜਿੱਤੇ ਅਤੇ ਮੁਲਤਾਨ ਤੇ ਕਸ਼ਮੀਰ ਵਰਗੇ ਮਹੱਤਵਪੂਰਨ ਇਲਾਕੇ ਜਿੱਤ ਕੇ ਮਹਾਰਾਜਾ ਰਣਜੀਤ ਸਿੰਘ ਦੀ ਝੋਲੀ ਪਾਏ। ਸੰਨ 1819 ’ਚ ਕਸ਼ਮੀਰ ਜਿੱਤਣ ਤੋਂ ਬਾਅਦ ਮਹਾਰਾਜਾ ਨੇ ਮਿਸਰ ਦੀਵਾਨ ਚੰਦ ਨੂੰ ਜ਼ਫਰ ਜੰਗ ਬਹਾਦਰ ਦਾ



*ਲਾਹੌਰ ਸ਼ਹਿਰ ਦੇ ਵਪਾਰੀਆਂ ਤੇ ਆਮ ਲੋਕਾਂ ਨੇ ਜਿਸ ਵਿਚ ਹਿੰਦੂ ਸਿੱਖ ਤੇ ਮੁਸਲਮਾਨ ਸਾਰੇ ਸਨ ਰਲ ਕੇ ਰਣਜੀਤ ਸਿੰਘ ਨੂੰ ਲਾਹੌਰ ਸੱਦਿਆ। ਨਤੀਜਤਨ ਜਦੋਂ ਮਹਾਰਾਜਾ ਰਣਜੀਤ ਸਿੰਘ ਆਪਣੀ ਫ਼ੌਜ ਨਾਲ ਲਾਹੌਰ ਦੇ ਕਿਲ੍ਹੇ ’ਚ ਦਾਖ਼ਲ ਹੋਏ ਤਾਂ ਉਨ੍ਹਾਂ ਨੂੰ ਰਸਤੇ ’ਚ ਇਕ ਵੀ ਬੰਦਾ ਨਹੀਂ ਮਾਰਨਾ ਪਿਆ ਤੇ ਉਨ੍ਹਾਂ ਨੇ ਬਹੁਤ ਸ਼ਾਂਤਮਈ ਤਰੀਕੇ ਨਾਲ ਲਾਹੌਰ ਜਿੱਤ ਲਿਆ। ਰਣਜੀਤ ਸਿੰਘ ਭਾਵੇਂ ਮਹਾਰਾਜਾ ਸਨ ਉਨ੍ਹਾਂ ਦੇ ਨੇੜਲੇ ਸਿਪਾਹਸਾਲਾਰਾਂ ਤੇ ਸਲਾਹਕਾਰਾਂ ਵਿਚ ਹਿੰਦੂ, ਮੁਸਲਮਾਨ, ਸਿੱਖ ਹਰ ਮਜ਼ਹਬ ਦੇ ਧਾਰਨੀ ਸਨ ਜਿਨ੍ਹਾਂ ’ਚ ਸਭ ਤੋਂ ਪਹਿਲਾ ਨੰਬਰ ਆਉਂਦਾ ਹੈ ਦੀਵਾਨ ਮੋਹਕਮ ਚੰਦ ਦਾ।*

ਖਿਤਾਬ ਦੇ ਕੇ ਸਨਮਾਨਤ ਕੀਤਾ। ਕਸ਼ਮੀਰ ਤੋਂ ਬਾਅਦ ਪੰਜਾਬੀ ਫ਼ੌਜ ਦੀ ਅਗਵਾਈ ਕਰਦੇ ਹੋਏ ਮਿਸਰ ਦੀਵਾਨ ਚੰਦ ਨੇ ਖ਼ੈਬਰ ਦੇ ਇਲਾਕੇ ਵੀ ਜਿੱਤੇ ਜਿਨ੍ਹਾਂ ਵਿਚ ਬੰਨੂ, ਨੌਸ਼ੇਰਾ, ਟੋਂਕ, ਪੱਖਲੀ ਦੀਆਂ ਜੰਗਾਂ ਮੁੱਖ ਸਨ ਜਿਨ੍ਹਾਂ ’ਚ ਪੰਜਾਬੀ ਫ਼ੌਜ ਨੇ ਪਠਾਨ ਫ਼ੌਜਾਂ ਨੂੰ ਲੱਕ ਤੋੜਵੀਂ ਹਾਰ ਦਿੱਤੀ ਤੇ ਖ਼ੈਬਰ ਪਾਰ ਤੋਂ ਆਉਣ ਵਾਲੇ ਹਮਲਾਵਰਾਂ ਦੇ ਮੂੰਹ ’ਤੇ ਦਰਵਾਜ਼ੇ ਹਮੇਸ਼ਾ ਲਈ ਬੰਦ ਕਰ ਦਿੱਤੇ।

ਮਿਸਰ ਦੀਵਾਨ ਚੰਦ ਦਾ ਜਨਮ ਪਿੰਡ ਗੋਂਦਲਾਵਾਲਾ (ਜ਼ਿਲ੍ਹਾ ਗੁੱਜਰਾਂਵਾਲਾ) ਦੇ ਬ੍ਰਾਹਮਣ ਪਰਿਵਾਰ ਵਿਚ ਹੋਇਆ ਸੀ ਅਤੇ ਉਸ ਦੀ ਮੌਤ ਤੋਂ ਬਾਅਦ ਪੰਜ ਪੁੱਤਰ ਮਿਸਰ ਬੇਲੀ ਰਾਮ, ਰੂਪ ਲਾਲ, ਰਾਮ ਕਿਸ਼ਨ, ਮੇਘ ਰਾਜ ਅਤੇ ਸੁੱਖ ਰਾਜ ਵੀ ਸ਼ਾਹੀ ਪਰਿਵਾਰ ਦੇ ਵਫ਼ਾਦਾਰ ਰਹੇ। ਮਿਸਰ ਬੇਲੀ ਰਾਮ ਵੀ ਲਾਹੌਰ ਦਰਬਾਰ ਦੀ ਸਿਆਸਤ ਦਾ ਇਕ ਮਹੱਤਵਪੂਰਨ ਕਿਰਦਾਰ ਹੈ। ਅਸਲ ਵਿਚ ਕੁਝ ਇਤਿਹਾਸਕਾਰਾਂ ਮੁਤਾਬਕ ਉਨ੍ਹਾਂ ਨੇ ਕੋਹਿਨੂਰ ਹੀਰਾ ਸਿੱਖ ਰਾਜ ਦੇ ਬਾਹਰ ਜਾਣ ਤੋਂ ਬਚਾਇਆ ਸੀ। ਅਸਲ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1816 ਵਿਚ ਮਿਸਰ ਬੇਲੀ ਰਾਮ ਨੂੰ ਤੋਸ਼ਾਖਾਨੇ ਦਾ ਮੁਨਸ਼ੀ ਲਾਇਆ ਸੀ ਅਤੇ ਅਗਲੇ ਕੁਝ ਸਾਲਾਂ ’ਚ ਖ਼ਜ਼ਾਨਚੀ ਦੇ ਅਹੁਦੇ ਤੱਕ ਪੁੱਜੇ। ਮਿਸਰ ਬੇਲੀ ਰਾਮ ਬਹੁਤ ਅਨੁਸ਼ਾਸਤ ਸੁਭਾਅ ਦੇ ਮਾਲਕ ਸਨ ਜਿਸ ਕਰਕੇ ਉਨ੍ਹਾਂ ਦੇ ਲਾਹੌਰ ਦਰਬਾਰ ਦੇ ਕਈ ਵੱਡੇ ਅਹੁਦੇਦਾਰਾਂ ਨਾਲ ਖੜਕਦੀ ਸੀ ਜਿਨ੍ਹਾਂ ਵਿਚ ਲਹਿਣਾ ਸਿੰਘ ਮਜੀਠੀਆ, ਕੁੰਵਰ ਨੌਨਿਹਾਲ ਸਿੰਘ, ਧਿਆਨ ਸਿੰਘ ਡੋਗਰਾ ਪ੍ਰਮੁੱਖ ਸਨ। ਦਰਅਸਲ ਮਿਸਰ ਬੇਲੀ ਰਾਮ ਬਿਨਾਂ ਕਿਸੇ ਲਿਖ਼ਤੀ ਦਸਤਾਵੇਜ਼ ਜਾਂ ਸ਼ਾਹੀ ਹੁਕਮ ਦੇ ਸ਼ਾਹੀ ਖ਼ਜ਼ਾਨੇ ’ਚੋਂ ਇਕ ਸਿੱਕਾ ਵੀ ਨਹੀਂ ਸਨ ਦਿੰਦੇ ਜਦਕਿ ਇਹ ਸਾਰੇ ਅਹੁਦੇਦਾਰ ਖ਼ੁਦ ਨੂੰ ਕਈ ਵਾਰ ਸ਼ਾਹੀ ਹੁਕਮਾਂ ਤੋਂ ਉੱਪਰ ਵੀ ਸਮਝਦੇ ਸਨ ਜਿਸ ਕਰਕੇ ਕਈ ਵਾਰ ਇਨ੍ਹਾਂ ਨਾਲ ਮਿਸਰ ਬੇਲੀ ਰਾਮ ਦੀ ਬਹਿਸ ਵੀ ਹੋਈ ਸੀ। ਇਕ ਰਿਕਾਰਡ ਮੁਤਾਬਿਕ ਸਨ 1835 ਦੇ ਨੇੜੇ ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਭਿਆਨਕ ਬਿਮਾਰੀ ਹੋ ਗਈ ਸੀ ਤਾਂ ਕਈ ਵੈਦ ਅਤੇ ਪੰਡਿਤਾਂ ਨੇ ਮਹਾਰਾਜਾ ਨੂੰ ਕੋਹਿਨੂਰ ਦਾ ਹੀਰਾ ਪੁਰੀ (ਉੜੀਸਾ) ਦੇ ਜਗਨ ਨਾਥ ਮੰਦਰ ਨੂੰ ਦਾਨ ਕਰਨ ਦੀ ਸਲਾਹ ਦਿੱਤੀ ਸੀ ਜੋ ਮਹਾਰਾਜਾ ਨੇ ਇਕ ਹੱਦ ਤੱਕ ਮੰਨ ਵੀ ਲਈ ਸੀ ਤਾਂ ਸ਼ਾਹੀ ਫ਼ਰਮਾਨ ਮਿਲਣ ’ਤੇ ਮਿਸਰ ਬੇਲੀ ਰਾਮ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਕਿਹਾ ਸੀ ਕਿ ਸਿੰਘ ਸਾਹਿਬ ਇਹ ਹੀਰਾ ਸਰਕਾਰ-ਏ-ਖ਼ਾਲਸਾ ਦੀ ਅਮਾਨਤ ਹੈ ਤੇ ਜਾਤ ਵਜੋਂ ਮੈਂ ਖ਼ੁਦ ਵੀ ਬ੍ਰਾਹਮਣ ਹਾਂ ਤੇ ਜਾਣਦਾ ਹਾਂ ਇੰਝ ਕਿਸੇ ਮੰਦਰ ਨੂੰ ਹੀਰਾ ਦਾਨ ਕਰਨ ਨਾਲ ਕੋਈ ਬਿਮਾਰੀ ਠੀਕ ਨਹੀਂ ਹੁੰਦੀ ਤੇ ਜਿਸ ਕਿਸੇ ਨੇ ਵੀ ਤੁਹਾਨੂੰ ਇਹ ਸਲਾਹ ਦਿੱਤੀ ਹੈ ਉਹ ਸ਼ਰਾਰਤੀ ਅਨਸਰ ਸਿੱਖ ਰਾਜ ਤੋਂ ਹਰ ਹੀਲੇ ਕੋਹਿਨੂਰ ਖੋਹਣਾ ਚਾਹੁੰਦਾ ਹੈ। ਮਿਸਰ ਬੇਲੀ ਰਾਮ ਦੇ ਸਮਝਾਉਣ ਤੇ ਮਹਾਰਾਜਾ ਰਣਜੀਤ ਸਿੰਘ ਮੰਨ ਗਏ ਸਨ ਅਤੇ ਉਨ੍ਹਾਂ ਨੇ ਕੋਹਿਨੂਰ ਸੰਬੰਧਿਤ ਸ਼ਾਹੀ ਫ਼ਰਮਾਨ ਵਾਪਸ ਲੈ ਲਿਆ ਸੀ। ਮਿਸਰ ਬੇਲੀ ਰਾਮ ਦੀ ਧਿਆਨ ਸਿੰਘ ਡੋਗਰਾ ਦੇ ਪਰਿਵਾਰ ਨਾਲ ਨਹੀਂ ਬਣਦੀ ਸੀ ਅਤੇ ਰਾਜ ਦੇ ਅਖੀਰਲੇ ਦਿਨਾਂ ’ਚ ਹੀਰਾ ਸਿੰਘ ਡੋਗਰਾ ਨੇ ਬਜ਼ੁਰਗ ਹੋ ਚੁੱਕੇ ਮਿਸਰ ਬੇਲੀ ਰਾਮ ਨੂੰ ਕੈਦ ਕਰ ਲਿਆ ਸੀ ਅਤੇ ਉਸ ਦੇ ਘੋੜਿਆਂ ਦੇ ਅਸਤਬਲ ਵਿਚ ਹੀ ਮਿਸਰ ਬੇਲੀ ਰਾਮ ਦਾ ਕਤਲ ਹੋਇਆ ਸੀ।

ਮਿਸਰ ਖ਼ਾਨਦਾਨ ਤੋਂ ਇਲਾਵਾ ਦੀਵਾਨ ਸਾਵਨ ਮੱਲ ਚੋਪੜਾ ਤੇ ਉਨ੍ਹਾਂ ਦੇ ਪੁੱਤਰ ਮੂਲ ਰਾਜ ਨੇ ਵੀ ਆਖਰੀ ਸਾਹਾਂ ਤੱਕ ਲਾਹੌਰ ਦਰਬਾਰ ਦੀ ਖਿਦਮਤ ਕੀਤੀ। ਦੀਵਾਨ ਸਾਵਨ ਮੱਲ ਨੂੰ 1821 ’ਚ ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ ਦਾ ਸੂਬੇਦਾਰ ਥਾਪਿਆ ਅਤੇ ਆਪਣੇ ਕੁਸ਼ਲ ਰਾਜ ਪ੍ਰਬੰਧ ਨਾਲ ਉਸ ਨੇ ਮੁਲਤਾਨ ਨੂੰ ਇਕ ਵੱਡੀ ਮੰਡੀ ਵਜੋਂ ਉਭਾਰਿਆ ਜਿਸ ਜਿਥੇ ਕੱਪੜਿਆਂ ਤੋਂ ਇਲਾਵਾ ਮਸਾਲਿਆਂ ਦੇ ਨਾਲ-ਨਾਲ ਕਾਜੂ, ਬਦਾਮ, ਮੇਵੇ ਸਮੇਤ ਕਈ ਚੀਜ਼ਾਂ ਦਾ ਚੋਖਾ ਵਪਾਰ ਹੁੰਦਾ ਸੀ। ਹਾਲਾਂਕਿ ਮੁਲਤਾਨ ਬਹੁਤ ਪਹਿਲਾਂ ਤੋਂ ਹੀ ਕੰਧਾਰ-ਦਿੱਲੀ ਵਾਲੇ ਵਪਾਰ ਮਾਰਗ ਦਾ ਹਿੱਸਾ ਸੀ ਪਰ ਇੱਥੇ ਲੁੱਟ-ਮਾਰ ਤੇ ਝਗੜੇ ਹੋਣ ਕਰਕੇ ਜ਼ਿਆਦਾ ਤਰੱਕੀ ਨਹੀਂ ਹੋ ਸਕੀ ਸੀ। ਪਿਓ-ਪੁੱਤ ਦੀਵਾਨ ਸਾਵਨ ਮੱਲ-ਮੂਲਰਾਜ ਦੀ ਜੋੜੀ ਨੇ ਮੁਲਤਾਨ ਨੂੰ ਉਹ ਸ਼ਾਂਤੀ ਤੇ ਸਥਿਰਤਾ ਦਿੱਤੀ ਜਿਸ ਦੀ ਉੱਥੋਂ ਦੇ ਲੋਕਾਂ ਨੂੰ ਤੇ ਵਪਾਰੀ ਵਰਗ ਨੂੰ ਲੋੜ ਸੀ।

ਇਨ੍ਹਾਂ ਦੋਵਾਂ ਨੇ ਡੇਰਾ ਇਸਮਾਇਲ ਖ਼ਾਨ, ਡੇਰਾ ਗਾਜ਼ੀ ਖ਼ਾਨ, ਝੰਗ, ਸੁਜਾਬਾਦ, ਮੀਆਂਵਾਲੀ ਤੇ ਅੱਗੇ ਕਬੀਲਾਈ ਇਲਾਕੇ ਜਿੱਤ ਕੇ ਸੂਬਾ ਮੁਲਤਾਨ ਨਾਲ ਜੋੜੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਮਿਲਾਏ। ਦੀਵਾਨ ਸਾਵਨ ਮੱਲ ਕਰੀਬ 24 ਸਾਲ, ਮਤਲਬ ਸਨ 1844 ਤੱਕ ਮੁਲਤਾਨ ਦਾ ਸੂਬੇਦਾਰ ਰਿਹਾ ?ਟ1844 ਦੇ ਰਿਕਾਰਡ ਮੁਤਾਬਿਕ ਸੂਬਾ ਮੁਲਤਾਨ ਤੋਂ ਸਰਕਾਰ-ਏ-ਖ਼ਾਲਸਾ ਨੂੰ ਸਾਲਾਨਾ 26 ਲੱਖ ਤੋਂ ਜ਼ਿਆਦਾ ਦਾ ਮਾਲੀਆ ਦਿੱਤਾ ਜਾਂਦਾ ਸੀ ਜੋ ਲਾਹੌਰ ਤੋਂ ਬਾਅਦ ਦੂਜੇ ਨੰਬਰ ’ਤੇ ਸੀ। ਇਤਿਹਾਸਕਾਰਾਂ ਨੇ ਦੀਵਾਨ ਸਾਵਨ ਮੱਲ ਦੇ ਪੁੱਤਰ ਦੀਵਾਨ ਮੂਲ ਰਾਜ ਨੂੰ ਪੰਜਾਬ ਦੀਆਂ ਫ਼ੌਜਾਂ ਦਾ ਆਖਰੀ ਲੜਾਕੂ ਜਰਨੈਲ ਦੱਸਿਆ ਹੈ ਜਿਸ ਨੇ ਅੰਗਰੇਜ਼ਾਂ ਨੂੰ ਢੁਕਵੀਂ ਲੜਾਈ ਦਿੱਤੀ ਸੀ। ਦੀਵਾਨ ਮੂਲ ਰਾਜ ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਮੁੱਢਲਾ ਆਗੂ ਸੀ ਜਿਸ ਨੇ ਦੂਜੀ ਐਂਗਲੋ-ਸਿੱਖ ਜੰਗ ਨੂੰ ਸਭ ਤੋਂ ਮੂਹਰੇ ਹੋ ਕੇ ਲੜਿਆ। ਪਰ ਮਹਾਰਾਜਾ ਦੀ ਮੌਤ ਤੋਂ ਬਾਅਦ ਇਹ ਦੋਵੇਂ ਪਿਓ-ਪੁੱਤ ਲਾਹੌਰ ਦਰਬਾਰ ਦੀ ਅੰਦਰਲੀ ਖਾਨਾਜੰਗੀ ਦੇ ਸ਼ਿਕਾਰ ਹੋਏ ਅਤੇ ਧਿਆਨ ਸਿੰਘ ਡੋਗਰਾ ਤੇ ਸੰਧਾਵਾਲੀਏ ਸਰਦਾਰਾਂ ਸਮੇਤ ਕਈਆਂ ਦੀ ਈਰਖਾ ਦਾ ਸ਼ਿਕਾਰ ਹੋਏ। ਦੀਵਾਨ ਸਾਵਨ ਮੱਲ ਦੀ ਮੌਤ ਤੋਂ ਬਾਅਦ ਜਵਾਹਰ ਸਿੰਘ ਤੇ ਲਾਲ ਸਿੰਘ ਤਾਂ ਖਾਸ ਤੌਰ ਤੇ ਦੀਵਾਨ ਮੂਲ ਰਾਜ ਤੋਂ ਖ਼ਾਰ ਖਾਂਦੇ ਸਨ ਕਿਉਂਕਿ ਉਹ ਇਕ ਸੰਪੰਨ ਖਿੱਤੇ ’ਤੇ ਕਾਬਜ਼ ਸੀ ਅਤੇ ਉਹ ਇਨ੍ਹਾਂ ਦੋਵਾਂ ਨੂੰ ਕਮਾਈ ਦਾ ਕੋਈ ਅੱਡ ਹਿੱਸਾ ਦੇਣ ਨੂੰ ਤਿਆਰ ਨਹੀਂ ਸੀ। ਲਾਹੌਰ ’ਤੇ ਇਕ ਢੰਗ ਨਾਲ ਅੰਗਰੇਜ਼ਾਂ ਦਾ ਕਬਜ਼ਾ ਹੋਣ ਤੋਂ ਬਾਅਦ 1848 ਵਿਚ ਅੰਗਰੇਜ਼ ਅਫ਼ਸਰ ਫੈਡਰਿਕ ਕਿਉਰੀ ਨੇ ਸਾਰੇ ਸੂਬਿਆਂ ਦੇ ਟੈਕਸ ਵਧਾਉਣ ਦਾ ਫ਼ਰਮਾਨ ਦਿੱਤਾ ਜਿਸ ਨੂੰ ਦੀਵਾਨ ਮੂਲਰਾਜ ਨੇ ਇਹ ਕਹਿ ਕੇ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਉਸ ਦੀ ਵਫ਼ਾਦਾਰੀ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਨਾਲ ਹੈ ਨਾ ਕਿ ਕਿਸੇ ਕਠਪੁਤਲੀ ਸਰਕਾਰ ਨਾਲ। ਅੰਗਰੇਜ਼ਾਂ ਨੇ ਸਰਦਾਰ ਕਾਹਨ ਸਿੰਘ ਮਾਨ ਤੇ ਅੰਗਰੇਜ਼ ਅਫ਼ਸਰ ਪੈਟਰਿਕ ਵੈਨ ਦੇ ਰਾਹੀਂ ਦੀਵਾਨ ਮੂਲਰਾਜ ਨੂੰ ਸੁਨੇਹਾ ਲਾਇਆ ਕਿ ਮਹਾਰਾਜਾ ਦੇ ਪਰਿਵਾਰ ਤੇ ਵਫ਼ਾਦਾਰਾਂ ਦੀ ਸਹਿਮਤੀ ਉਸ ਫ਼ੈਸਲੇ ਨਾਲ ਹੈ ਪਰ ਦੀਵਾਨ ਮੂਲ ਰਾਜ ਅੰਗਰੇਜ਼ਾਂ ਦੇ ਹੱਥ ਲਾਹੌਰ ਦਰਬਾਰ ਦੀ ਕਮਾਨ ਨੂੰ ਮੰਨਣ ਤੋਂ ਮੁੱਢੋਂ ਇਨਕਾਰੀ ਸੀ। ਦੋ ਮਿਲਣੀਆਂ ਤੋਂ ਬਾਅਦ ਅੰਗਰੇਜ਼ਾਂ ਨੇ ਮੁਲਤਾਨ ਤੇ ਚੜ੍ਹਾਈ ਕਰ ਦਿੱਤੀ ਅਤੇ ਦੀਵਾਨ ਮੂਲਰਾਜ ਨੇ ਸ਼ਾਹੀ ਫੌਜਾਂ ਨੂੰ ਵਫ਼ਾਦਾਰੀ ਦੀ ਦੁਹਾਈ ਦੇ ਕੇ ਆਪਣੇ ਨਾਲ ਲੜਨ ਲਈ ਤਿਆਰ ਕੀਤਾ ਪਰ ਬਹੁਤ ਬਹਾਦਰੀ ਨਾਲ ਲੜਨ ਦੇ ਬਾਵਜੂਦ ਉਸ ਦੀ ਹਾਰ ਹੋਈ ਤੇ ਅਖ਼ੀਰ 1849 ’ਚ ਅੰਗਰੇਜ਼ਾਂ ਨੇ ਮੁਲਤਾਨ ਜਿੱਤ ਲਿਆ। ਇਸ ਜੰਗ ਵਿਚ ਦੀਵਾਨ ਮੂਲ ਰਾਜ ਨੇ ਆਪਣੇ ਦੋ ਛੋਟੇ-ਛੋਟੇ ਬੱਚਿਆਂ ਸਮੇਤ ਪਰਿਵਾਰ ਦੀ ਵੀ ਕੁਰਬਾਨੀ ਦਿੱਤੀ।

ਪੰਡਤ ਮਹਾਂ ਸਿੰਘ ਮੀਰਪੁਰੀ ਵੀ ਪੰਜਾਬ ਰਾਜ ਦਾ ਇਕ ਮਹੱਤਵਪੂਰਨ ਥੰਮ ?ਹ ਸੀ ਜਿਸ ਨੂੰ ਕੁਝ ਇਤਿਹਾਸਕਾਰ ਜਰਨੈਲ ਹਰੀ ਸਿੰਘ ਨਲਵਾ ਦੀ ਪਰਛਾਈਂ ਵੀ ਕਹਿੰਦੇ ਹਨ। ਪੰਡਤ ਮਹਾਂ ਸਿੰਘ ਮੋਹਯਾਲ-ਸਾਰਸਵਤ ਬਾਹਮਣ ਦੇ ਬਾਲੀ ਗੋਤ ਦੇ ਪਰਿਵਾਰ ’ਚ ਪੈਦਾ ਹੋਇਆ ਸੀ। ਉਸ ਦੇ ਜਨਮ ਦੇ ਸਮੇਂ ਉਸ ਦਾ ਪਰਿਵਾਰ ਕਸ਼ਮੀਰ ਦੇ ਮੀਰਪੁਰ ਸ਼ਹਿਰ ’ਚ ਰਹਿੰਦਾ ਸੀ ਤੇ ਉਸ ਦੇ ਪਿਤਾ ਦਾਤਾ ਰਾਮ ਬਾਲੀ ਅਫ਼ਗਾਨ ਸਲਤਨਤ ਦੇ ਸੂਬੇਦਾਰ ਰਾਜਾ ਮੁਕਰਾਬ ਖਾਨ ਦੇ ਸਲਾਹਕਾਰ ਵਜੋਂ ਕੰਮ ਕਰਦੇ ਸਨ। ਮੁਕਰਾਬ ਖਾਨ ਗੱਖੜ ਕਬੀਲੇ ਦਾ ਸੀ ਜਿਸ ਦੀ ਰਿਆਸਤ ਹੇਠ ਗੁਜਰਾਤ, ਝੇਲਮ ਤੇ ਰਾਵਲਪਿੰਡੀ ਵਰਗੇ ਵੱਡੇ ਕਸਬੇ ਆਉਂਦੇ ਸਨ। ਉਸ ਇਲਾਕੇ ਚ ਗੱਖੜ ਤੇ ਗੁੱਜਰਾਂ ’ਚ ਹਮੇਸ਼ਾ ਟਕਰਾਅ ਰਹਿੰਦਾ ਸੀ ਤੇ ਇਸੇ ਟਕਰਾਅ ਕਰਕੇ ਇੱਕ ਵਾਰ ਦਾਤਾ ਰਾਮ ਨੂੰ ਮੁਕਰਾਬ ਖਾਨ ਦੇ ਦਰਬਾਰ ਵਿਚ ਇਕ ਗੁੱਜਰ ਸਰਦਾਰ ਵਲੋਂ ਜ਼ਲੀਲ ਕੀਤਾ ਗਿਆ ਤਾਂ ਮੁਕਰਾਬ ਨੇ ਆਪਣੇ ਬੰਦੇ ਦਾਤਾ ਰਾਮ ਦੀ ਥਾਂ ਗੁੱਜਰ ਸਰਦਾਰ ਦਾ ਪੱਖ ਪੂਰਿਆ ਤਾਂ ਜੋ ਉਸ ਦਾ ਧੜਾ ਨਰਾਜ਼ ਨਾ ਹੋ ਜਾਵੇ। ਇਸ ਤੋਂ ਨਰਾਜ਼ ਹੋ ਕੇ ਦਾਤਾ ਰਾਮ ਲਾਹੌਰ ਦਰਬਾਰ ’ਚ ਆ ਗਿਆ।

ਦਾਤਾ ਰਾਮ ਦਾ ਪੁੱਤਰ ਮਹਾਂ ਸਿੰਘ ਚੰਗਾ ਪਹਿਲਵਾਨ ਤੇ ਉਮਦਾ ਸ਼ਿਕਾਰੀ ਸੀ ਜਿਸ ਦੀ ਤਾਕਤ ਅਤੇ ਨਿਸ਼ਾਨੇਬਾਜ਼ੀ ਤੋਂ ਪ੍ਰਭਾਵਿਤ ਹੋ ਕੇ ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਆਪਣੀ ਫ਼ੌਜ ਵਿਚ ਰੱਖ ਲਿਆ ਸੀ ਤੇ ਅੱਗੋਂ ਹਰੀ ਸਿੰਘ ਨਲਵਾ ਨੇ ਆਪਣੀ ਟੁਕੜੀ ’ਚ ਸ਼ਾਮਿਲ ਕਰ ਲਿਆ। ਪੰਡਿਤ ਮਹਾਂ ਸਿੰਘ ਨੇ ਹਰੀਪੁਰ, ਨੌਸ਼ਹਿਰਾ ਅਤੇ ਪਿਸ਼ਾਵਰ ਦੇ ਇਲਾਕੇ ਜਿੱਤੇ ਅਤੇ ਜਮਰੌਦ ਵਾਲੀ ਜੰਗ ਵਿਚ ਵੀ ਅਹਿਮ ਭੂਮਿਕਾ ਨਿਭਾਈ। ਜਮਰੌਦ ਤੇ ਅਫਗਾਨਾਂ ਵਲੋਂ ਹੋਏ ਹਮਲੇ ਦੌਰਾਨ ਪੰਡਿਤ ਮਹਾਂ ਸਿੰਘ ਹਰੀ ਸਿੰਘ ਨਲਵਾ ਦੇ ਨਾਲ ਹੀ ਸੀ। ਨਲਵਾ ਦੇ ਮਰਨ ਤੋਂ ਬਾਅਦ ਮਹਾਂ ਸਿੰਘ ਨੇ ਹੀ ਮੋਰਚਾ ਸਾਂਭ ਰੱਖਿਆ ਸੀ ਤੇ ਜਿੰਨੀ ਦੇਰ ਫ਼ੌਜ ਦੀ ਨਵੀਂ ਟੁਕੜੀ ਕਿਲ੍ਹੇ ’ਚ ਨਹੀਂ ਸੀ ਪਹੁੰਚੀ ਉਸ ਨੇ ਹਰੀ ਸਿੰਘ ਨਲਵਾ ਦੀ ਮੌਤ ਦੀ ਖ਼ਬਰ ਨੂੰ ਬਾਹਰ ਨਹੀਂ ਜਾਣ ਦਿੱਤਾ ਸੀ। ਇਸ ਤੋਂ ਇਲਾਵਾ ਉਸ ਨੇ ਨੌਸ਼ੇਰਾ, ਮਲਕੰਦ, ਮਨਸ਼ੇਰਾ, ਮੁਜ਼ੱਫਰਾਬਾਦ ਵਰਗੇ ਇਲਾਕੇ ਜਿੱਥੇ ਮੁਸਲਮਾਨ ਕਬੀਲਿਆਂ ਦੀ ਗਿਣਤੀ ਜ਼ਿਆਦਾ ਸੀ ਤੇ ਅਫ਼ਗ਼ਾਨਾਂ ਦਾ ਪ੍ਰਭਾਵ ਵੀ ਬਹੁਤ ਸੀ ਉਸ ਇਲਾਕੇ ਨੂੰ 20-22 ਸਾਲ ਤੱਕ ਲਾਹੌਰ ਦਰਬਾਰ ਦੇ ਅਧੀਨ ਰੱਖਿਆ। ਇਸੇ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਉੱਤਰੀ ਪੰਜਾਬ ਇਲਾਕੇ ਦਾ ਸੂਬੇਦਾਰ ਐਲਾਨ ਦਿੱਤਾ ਸੀ ਤੇ ਨਾਮ ਅੱਗੇ ਰਾਜਾ ਲਗਾਉਣ ਦਾ ਹੱਕ ਦਿੱਤਾ ਸੀ ਜਿਸ ਕਰਕੇ ਕੁਝ ਦਸਤਾਵੇਜ਼ਾਂ ’ਚ ਪੰਡਿਤ ਮਹਾਂ ਸਿੰਘ ਨੂੰ ਰਾਜਾ ਮਹਾਂ ਸਿੰਘ ਵੀ ਕਿਹਾ ਗਿਆ ਹੈ।



# ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ

# SinghSigns

## ELECTRICAL· GRAPHIC· ENGRAVING

## Sales - Installation - Repair

## WE FABRICATE & SERVICE ALL ELECTRICAL SIGNS

44279 FREMONT BLVD. UNIT P FREMONT, CA 94538

**510-573-3162**

COMMERCIAL SIGNS BANNERS REAL STATE
INDUSTRIAL SIGNS VEHICLE GRAPHICE LASER DESIGNS
3-D GRAPHICS ENGRAVING VINYL LETTERING

*DESIGNED FOR QUALITY SIGH, ENGINEERED TO LAST !*



ਹਰ ਤਰ੍ਹਾਂ ਦੇ ਸਾਈਨ ਬਣਾਉਣ ਜਾਂ ਮੁਰੰਮਤ ਕਰਵਾਉਣ ਲਈ ਸੰਪਰਕ ਕਰੋ



ਅਸੀਂ ਹਰ ਤਰ੍ਹਾਂ ਦੇ ਬੈਨਰ-ਸ਼ੀਲਡਾਂ-ਪਲੈਕਾਂ-ਸਾਈਨ ਬਣਾਉਂਦੇ ਹਾਂ • ਅਸੀਂ ਪਿਛਲੇ 20 ਸਾਲ ਤੋਂ ਆਪ ਜੀ ਦੀ ਸੇਵਾ ਕਰ ਰਹੇ ਹਾਂ •ਅਸੀਂ ਅਮਰੀਕਾ ਦੀਆਂ ਤਕਰੀਬਨ ਸਾਰੀਆਂ ਵੱਡੀਆਂ ਕਪੰਨੀਆਂ ਨੂੰ ਸਪਲਾਈ ਕਰਦੇ ਹਾਂ •ਕੁਆਲਟੀ ਅਤੇ ਪਰਾਈਸ ਵਿੱਚ ਸਾਡਾ ਕੋਈ ਮੁਕਾਬਲਾ ਨਹੀਂ• ਕਿਸੇ ਵੀ ਹੁਸੀਨ ਸਮੇਂ ਪਾਰਟੀ ਅਤੇ ਪ੍ਰੋਗਰਾਮ ਨੂੰ ਯਾਦਗਾਰੀ ਬਣਾਉਣ ਲਈ ਸਾਨੂੰ ਜ਼ਰੂਰ ਕਾਲ ਕਰੋ

www.singhsigns.com, e-mail : singhsigns@hotmail.com

ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿਠੇ ਅਤੇ ਨਿਘੇ ਸੁਭਾਅ ਦੇ ਮਾਲਕ

## ਸ .ਜਿੰਦ ਸਿੰਘ ਭੱਚੂ, ਛੋਟੇ ਭਾਈ ਸ . ਮਨਦੀਪ ਸਿੰਘ ਭੱਚੂ




'ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ
ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ
ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ



# ਲੱਖ-ਲੱਖ ਵਧਾਈਆਂ

ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ

# ਸ੍ਰੀ ਰਾਮ ਮੂਰਤੀ ਸਰੋਏ ਤੇ ਸ੍ਰੀਮਤੀ ਸੱਤਿਆਵਤੀ ਸਰੋਏ

ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ
ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ

# ਚੰਦਰਯਾਨ-3 ਦੀ ਸਫਲਤਾ, ਭਾਰਤ ਦੀ ਵੱਡੀ ਪ੍ਰਾਪਤੀ

ਮੇਜਰ ਮਾਂਗਟ

ਚੰਦਰਯਾਨ-3 ਸਫ਼ਲਤਾ ਪੂਰਬਕ ਚੰਦਰਮਾ ਦੀ ਸਤ੍ਹਾ 'ਤੇ ਉੱਤਰ ਚੁੱਕਾ ਹੈ, ਜੋ ਕਿ ਭਾਰਤ ਦੀ ਵੱਡੀ ਪ੍ਰਾਪਤੀ ਸਮਝੀ ਜਾ ਰਹੀ ਹੈ। ਇਸ ਕਾਮਯਾਬੀ ਤੋਂ ਬਾਅਦ ਭਾਰਤ ਚੰਦਰਮਾ 'ਤੇ ਆਪਣੇ ਦੇਸ਼ ਦਾ ਝੰਡਾ ਲੈ ਕੇ ਜਾਣਾ ਵਾਲਾ ਚੌਥਾ ਮੁਲਕ ਬਣ ਚੁੱਕਾ ਹੈ। ਇਸ ਤੋਂ ਪਹਿਲਾਂ ਰੂਸ, ਅਮਰੀਕਾ, ਚੀਨ ਪਹਿਲਾਂ ਹੀ ਆਪਣੇ ਮਿਸ਼ਨ, ਚੰਦਰਮਾ 'ਤੇ ਭੇਜ ਚੁੱਕੇ ਹਨ। 20 ਜੁਲਾਈ, 1969 ਨੂੰ ਅਮਰੀਕਾ ਨੇ ਪਹਿਲਾ ਮਨੁੱਖੀ ਮਿਸ਼ਨ ਚੰਦਰਮਾ 'ਤੇ ਭੇਜਿਆ ਸੀ, ਉਸ ਘਟਨਾ ਨੂੰ ਲਗਭੱਗ 54 ਸਾਲ ਹੋ ਗਏ ਨੇ। ਉਹ ਉਸ ਸਮੇਂ ਦੀ ਬਹੁਤ ਵੱਡੀ ਪ੍ਰਾਪਤੀ ਸੀ ਜਿਸ ਨੇ ਸਦੀਆਂ ਤੋਂ ਚਲੀਆਂ ਆ ਰਹੀਆਂ ਮਿੱਥਾਂ ਨੂੰ ਤੋੜਿਆ ਤੇ ਲੋਕਾਂ ਦੀ ਸੋਚ ਬਦਲੀ।

ਭਾਰਤ ਵਰਗੇ ਮੁਲਕ ਦਾ ਵਿਗਿਆਨ ਵੱਲ ਵਧਣਾ ਇਕ ਚੰਗਾ ਸੰਕੇਤ ਹੈ। ਪੱਛਮੀ ਮੁਲਕ ਹੁਣ ਤੱਕ ਭਾਰਤ ਨੂੰ ਇਕ ਗ਼ਰੀਬ ਮੁਲਕ, ਵਹਿਮਾਂ ਭਰਮਾਂ ਵਿਚ ਗ੍ਰਸਿਆ, ਜੋਗੀਆਂ ਸਪੇਰਿਆਂ ਦਾ ਮੁਲਕ ਹੀ ਸਮਝਦੇ ਰਹੇ ਹਨ, ਤੇ ਹੁਣ ਤੱਕ ਵੀ ਸਮਝ ਰਹੇ ਹਨ। ਐਨੇ ਥੋੜ੍ਹੇ ਖਰਚੇ ਵਿਚ ਐਨੀ ਵੱਡੀ ਪ੍ਰਾਪਤੀ ਨੂੰ ਵੇਖ ਕੇ ਇਹ ਮੁਲਕ ਮੂੰਹ ਵਿਚ ਉਂਗਲਾਂ ਪਾ ਕੇ ਵੇਖਣ ਜੋਗੇ ਰਹਿ ਗਏ ਨੇ। ਇਸ ਸਾਰੀ ਪ੍ਰਾਪਤੀ ਦਾ ਸਿਹਰਾ ਇਸਰੋ ਨੂੰ ਤੇ ਇਸ ਨਾਲ ਸੰਬੰਧਿਤ ਵਿਗਿਆਨੀਆਂ ਜਾਂ ਕਰਮਚਾਰੀਆਂ ਨੂੰ ਜਾਂਦਾ ਹੈ। ਆਪਾਂ ਇਸ ਲੇਖ ਵਿਚ ਚੰਦਰਮਾ ਤੱਕ ਪਹੁੰਚਣ ਦੀ ਪ੍ਰਕਿਰਿਆ,



ਚੰਦਰਮਾ ਬਾਰੇ ਅਤੇ ਇਸ ਪ੍ਰਾਪਤੀ ਤੋਂ ਬਾਅਦ ਪੈਣ ਵਾਲੇ ਪ੍ਰਭਾਵਾਂ ਦੀ ਗੱਲ ਕਰਾਂਗੇ।

ਚੰਦਰਮਾ ਧਰਤੀ ਦਾ ਇਕਲੌਤਾ ਉੱਪਗ੍ਰਹਿ ਹੈ ਜੋ ਇਸ ਦੁਆਲੇ ਮਹੀਨੇ ਵਿਚ ਇਕ ਚੱਕਰ ਪੂਰਾ ਕਰਦਾ ਹੈ, ਜਿਸ ਨਾਲ ਸਾਡਾ ਕੈਲੰਡਰ ਚਲਦਾ ਹੈ। ਚੰਦਰਮਾ ਦੀ ਰੌਸ਼ਨੀ ਨਾਲ ਫ਼ਸਲਾਂ ਵਿਚ ਰਸ ਭਰਦਾ ਹੈ, ਸਮੁੰਦਰਾਂ ਵਿਚ ਜਵਾਰਭਾਟੇ ਆਉਂਦੇ ਨੇ ਤੇ ਰਾਤਾਂ ਦੇ ਘੁੱਪ ਹਨੇਰੇ ਘਟਦੇ ਹਨ। ਇਹ ਪ੍ਰਭਾਵ ਐਨੇ ਜ਼ਿਆਦਾ ਨੇ ਕਿ ਇਕ ਵੱਖਰਾ ਲੇਖ ਲਿਖਿਆ ਜਾ ਸਕਦਾ ਹੈ। ਇਸ ਕਰਕੇ ਚੰਦਰਮਾ ਸਾਡੇ ਧਰਮਾਂ ਵਿਚ, ਮਿੱਥਕ ਕਥਾਵਾਂ ਵਿਚ, ਗੀਤਾਂ ਵਿਚ ਤੇ ਸੱਭਿਆਚਾਰ ਵਿਚ ਬਹੁਤ ਮਹੱਤਵ ਰੱਖਦਾ ਹੈ। ਇਸੇ ਕਰਕੇ ਕਦੀ ਅਸੀਂ ਇਸ ਨੂੰ ਚੰਦ ਮਾਮਾ, ਕਦੀ ਚੰਨ ਮਾਹੀ ਤੇ ਕਦੀ ਚੰਨ ਪੁੱਤਰ ਕਹਿ ਕੇ ਵਡਿਆਉਂਦੇ ਹਾਂ। ਖ਼ੂਬਸੂਰਤੀ ਦੀ ਤੁਲਨਾ ਚੰਦਰਮਾ ਨਾਲ ਕੀਤੀ ਜਾਂਦੀ ਰਹੀ ਹੈ। ਜਿਵੇਂ ਚੰਨ ਵਰਗਾ ਸੋਹਣਾ ਜਾਂ ਚੰਨ ਵਰਗਾ ਮੁੱਖੜਾ ਕਹਿੰਦੇ ਰਹੇ ਹਨ। ਧਰਤੀ ਦੇ ਲੋਕ, ਖਾਸ ਕਰਕੇ ਭਾਰਤ ਵਿਚ, ਇਸੇ ਚੰਦਰਮਾ ਨੂੰ ਦੇਵਤਾ ਮੰਨਦੇ ਰਹੇ ਹਨ ਤੇ ਇਸ ਦੀ ਪੂਜਾ ਅਰਚਨਾ ਵੀ ਹੁੰਦੀ ਰਹੀ ਹੈ। ਇਸੇ ਕਰਕੇ ਚੰਦਰ ਗ੍ਰਹਿਣ ਸਮੇਂ ਦਾਨ ਪੁੰਨ ਕੀਤੇ ਜਾਂਦੇ ਰਹੇ ਹਨ ਤੇ ਬਹੁਤ ਸਾਰੀਆਂ ਕਥਾ ਕਹਾਣੀਆਂ ਜਾਂ ਕਰਵਾ ਚੌਥ ਵਰਗੇ ਵਰਤ ਜਾਂ ਫੇਰ ਈਦ ਦਾ ਤਿਉਹਾਰ ਇਸੇ ਚੰਦਰਮਾ ਨਾਲ ਜੋੜ ਕੇ ਦੇਖਿਆ ਜਾਂਦਾ ਰਿਹਾ ਹੈ। ਉਹ ਹੀ ਚੰਦਰਮਾ ਹੁਣ ਸਾਡੀ ਪਹੁੰਚ ਵਿਚ ਆ ਗਿਆ ਹੈ।

ਜਿਉਂ ਜਿਉਂ ਵਿਗਿਆਨ ਨੇ ਤਰੱਕੀ ਕੀਤੀ, ਤੇ ਮਨੁੱਖ ਨੇ ਆਪਣੇ ਆਲੇ-ਦੁਆਲੇ ਨੂੰ ਸਮਝਣ ਦਾ ਯਤਨ ਕੀਤਾ, ਤਾਂ ਉਸ ਦੇ ਬਹੁਤ ਸਾਰੇ ਭ੍ਰਮ ਤੇ ਮਿੱਥਾਂ ਵੀ ਟੁੱਟੀਆਂ ਹਨ। 20 ਜੁਲਾਈ 1969 ਨੂੰ ਵੀ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਸੀ, ਜਦੋਂ ਮਨੁੱਖ ਨੇ ਪਹਿਲੀ ਵਾਰ ਇਹ ਗੱਲ ਆਖੀ ਕਿ ਚੰਦ ਵੀ ਸਾਡੀ ਧਰਤੀ ਵਾਂਗ ਹੀ ਹੈ ਤੇ ਲੋਕਾਂ ਨੂੰ ਯਕੀਨ ਨਹੀਂ ਸੀ ਆਇਆ। ਹੁਣ ਇਸ ਨਵੇਂ ਯੁੱਗ ਦੀ ਸ਼ੁਰੂਆਤ ਭਾਰਤ ਵਿਚ ਵੀ ਹੋ ਗਈ ਹੈ।

ਅਪੋਲੋ 11 ਦੀ ਮੂਨ ਲੈਂਡਿੰਗ ਤੋਂ ਬਾਅਦ ਮਹੀਨੇ ਦੇ ਅੰਦਰ ਅੰਦਰ ਹੀ 15 ਅਗਸਤ, 1969 ਨੂੰ ਇੰਡੀਅਨ ਸਪੇਸ ਰਿਸਰਚ ਆਰਗੇਨਾਈਜ਼ੇਸ਼ਨ ਦੀ ਸਥਾਪਨਾ ਹੋਈ ਸੀ। ਇਸੇ ਨੂੰ ਅਸੀਂ ਇਸਰੋ ਕਹਿੰਦੇ ਹਾਂ। ਇਸੇ ਇਸਰੋ ਨੇ ਅੱਜ ਦੱਖਣੀ ਧਰੁਵ 'ਤੇ ਆਪਣਾ ਲੈਂਡਰ ਉਤਾਰ ਦਿੱਤਾ ਹੈ, ਜਿਸ ਨਾਲ ਭਾਰਤ ਦੁਨੀਆ ਦਾ ਪਹਿਲਾ ਮੁਲਕ ਬਣ ਗਿਆ ਹੈ। ਇਸ ਵੱਡੀ ਪ੍ਰਾਪਤੀ ਨਾਲ ਹਰ ਭਾਰਤੀ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ।

1947 ਵਿਚ ਦੇਸ਼ ਨੂੰ ਆਜ਼ਾਦੀ ਮਿਲੀ ਤਾਂ ਬਹੁਤ ਕੁੱਝ ਕਰਨ ਵਾਲਾ ਸੀ। ਦੇਸ਼ ਨੇ ਸੜਕਾਂ, ਡੈਮ, ਹਵਾਈ ਸੇਵਾ, ਰੇਲਵੇ, ਫੈਕਟਰੀਆਂ ਬਣਾਉਣ ਦੇ ਨਾਲ ਨਾਲ ਪੁਲਾੜ ਖੋਜਾਂ ਵੱਲ ਵੀ ਧਿਆਨ ਦਿੱਤਾ। ਸਾਲ 1962 ਵਿਚ ਇੰਡੀਅਨ ਨੈਸ਼ਨਲ ਕਮੇਟੀ ਫਾਰ ਰਿਸਰਚ ਬਣੀ। ਇਸੇ ਤਰ੍ਹਾਂ 1972 ਵਿਚ ਸਪੇਸ ਕਮਿਸ਼ਨ ਸੈੱਟ ਕਰਕੇ ਇਸਰੋ ਨੂੰ ਇਸ ਦੇ ਅਧੀਨ ਲੈ ਆਂਦਾ। ਉਦੋਂ ਤੋਂ ਹੀ ਇਹ ਸੰਸਥਾ ਮਾਣ-ਮੱਤਾ ਕੰਮ ਕਰ ਰਹੀ ਹੈ। ਆਪਣੇ ਕੰਮ ਨੂੰ ਦੁਨੀਆਂ ਤੋਂ ਬਿਹਤਰ ਕਰਨਾ ਤੇ ਪਛਾਣ ਸਥਾਪਿਤ ਕਰਨੀ ਬਹੁਤ ਵੱਡੀ ਗੱਲ ਹੁੰਦੀ ਹੈ ਤੇ ਇਸੇ ਨੂੰ ਇਤਿਹਾਸ ਰਚਣਾ ਕਹਿੰਦੇ ਹਨ। 23 ਅਗਸਤ, 2023 ਨੂੰ ਇਹ ਇਤਿਹਾਸ ਇਸਰੋ ਨੇ ਚੰਦਰਮਾ ਦੇ ਦੱਖਣੀ ਧਰੁਵ 'ਤੇ ਉੱਤਰਨ ਦੀ ਪਹਿਲ ਕਦਮੀ ਕਰਕੇ ਰਚਿਆ ਹੈ।

ਤੁਹਾਨੂੰ ਇਹ ਵੀ ਯਾਦ ਹੋਵੇਗਾ ਕਿ ਸਾਲ 1975 ਵਿਚ ਇਸਰੋ ਨੇ ਆਪਣਾ ਪਹਿਲਾ ਸੈਟੇਲਾਈਟ ਆਰੀਆਭੱਟ ਰੂਸ ਦੇ ਸਹਿਯੋਗ ਨਾਲ ਤਿਆਰ ਕੀਤਾ ਸੀ। 1980 ਵਿਚ ਐਸ ਐਲ ਵੀ 3 ਰਾਹੀਂ, ਰੋਹਿਨੀ ਉੱਪਗ੍ਰਹਿ ਨੂੰ ਲਾਂਚ ਕਰਕੇ ਧਰਤੀ ਦੇ ਗ੍ਰਹਿਪੰਧ ਵਿਚ ਸਥਾਪਿਤ ਕੀਤਾ ਗਿਆ ਜਿਸ ਨਾਲ ਭਾਰਤ ਦੁਨੀਆਂ ਦਾ ਸੱਤਵਾਂ ਮੁਲਕ ਬਣਿਆ। ਇਸ ਮਿਸ਼ਨ ਵਿਚ ਏ.ਪੀ.ਜੇ. ਅਬਦੁਲ ਕਲਾਮ ਦਾ ਬਹੁਤ ਵੱਡਾ ਹੱਥ ਸੀ। ਇਸ ਤੋਂ ਬਾਅਦ ਫਿਰ ਕਈ ਸੈਟੇਲਾਈਟ ਪੁਲਾੜ ਵਿਚ ਭੇਜੇ ਗਏ। ਕਈ ਮਿਸ਼ਨ ਕਾਮਯਾਬ ਹੋਏ ਤੇ ਕਈਆਂ ਵਿਚ ਨਾਕਾਮਯਾਬੀ ਵੀ ਮਿਲੀ ਪਰ ਇਸਰੋ ਨੇ ਆਪਣੀ ਕੋਸ਼ਿਸ਼ ਨਹੀਂ ਛੱਡੀ। ਭਾਰਤ ਦਾ ਨਾਂ ਉਸ ਵਕਤ ਵੀ ਵਰਲਡ ਸਟੇਜ 'ਤੇ ਚਮਕਿਆ ਸੀ ਜਦੋਂ 3 ਅਪਰੈਲ ਸਾਲ 1984 ਨੂੰ ਉਸਦਾ ਪਹਿਲਾ ਨਾਗਰਿਕ ਰਾਕੇਸ਼ ਸ਼ਰਮਾ ਸੁਏਜ਼ 11 ਨਾਂਅ ਦੇ ਰਾਕਟ ਵਿਚ ਰੂਸ ਦੇ ਸਹਿਯੋਗ ਨਾਲ ਪੁਲਾੜ ਵਿਚ ਗਿਆ ਸੀ।




ਇਸਰੋ, ਸਾਲ 2008 ਵਿਚ ਚੰਦਰਯਾਨ-1 ਵੀ ਭੇਜ ਚੁੱਕਾ ਹੈ ਤੇ ਇਸੇ ਵਲੋਂ ਸਾਲ 2019 ਵਿਚ ਚੰਦਰਯਾਨ-2 ਵੀ ਭੇਜਿਆ ਜਾ ਚੁੱਕਾ ਹੈ, ਜਿਸ ਦੀ ਹਾਰਡ ਲੈਂਡਿੰਗ ਹੋਣ ਕਾਰਨ ਉਹ ਉਥੇ ਕਰੈਸ਼ ਹੋ ਗਿਆ ਸੀ। ਇਸ ਤੋਂ ਸੰਸਥਾ ਨੇ ਕਈ ਸਬਕ ਲਏ, ਉਹ ਨਿਰਾਸ਼ ਤਾਂ ਹੋਏ ਪਰ ਹਿੰਮਤ ਨਹੀਂ ਹਾਰੀ। ਦੇਸ਼ ਦੀ ਸਰਕਾਰ ਨੇ ਵੀ ਇਨ੍ਹਾਂ ਵਿਗਿਆਨੀਆਂ ਨੂੰ ਭਰਪੂਰ ਸਹਿਯੋਗ ਦਿੱਤਾ।

ਇਹ ਚੰਦਰਯਾਨ-3 ਉਸੇ ਮਿਸ਼ਨ ਦੀ ਅਗਲੀ ਕੜੀ ਸੀ, ਜਿਸ ਨੂੰ 14 ਜੁਲਾਈ, 2023 ਨੂੰ ਸ਼ੁੱਕਰਵਾਰ ਵਾਲੇ ਦਿਨ ਸਤੀਸ਼ ਧਵਨ ਪੁਲਾੜ ਕੇਂਦਰ ਹਰੀਕੋਟਾ (ਆਂਧਰਾ ਪ੍ਰਦੇਸ਼) ਤੋਂ 2.35 'ਤੇ ਛੱਡਿਆ ਗਿਆ ਤੇ ਇਹ 23 ਅਗਸਤ, 2023 ਨੂੰ ਵੱਖੋ ਵੱਖਰੇ ਪੜਾਵਾਂ 'ਚੋਂ ਹੁੰਦਾ ਹੋਇਆ, ਭਾਰਤੀ ਸਮੇਂ ਅਨੁਸਾਰ, ਸ਼ਾਮ ਦੇ 6.04 ਵਜੇ ਸਫ਼ਲਤਾ ਪੂਰਬਕ ਦੱਖਣੀ ਧਰੁਵ 'ਤੇ ਉੱਤਰ ਗਿਆ।

ਅਮਰੀਕਾ ਤੇ ਰੂਸ ਦੇ ਮੁਕਾਬਲੇ ਇਸ ਮਿਸ਼ਨ ਉੱਪਰ ਆਇਆ ਖ਼ਰਚਾ ਬਹੁਤ ਘੱਟ ਸੀ। ਇਹ ਖ਼ਰਚਾ ਇਕ ਮਹਿੰਗੀ ਹਾਲੀਵੁੱਡ ਮੂਵੀ ਦੇ ਬਜਟ ਨਾਲੋਂ ਵੀ ਘੱਟ ਸੀ। ਇਸ ਨੂੰ ਨੇਪਰੇ ਚਾੜ੍ਹਨ ਲਈ ਭਾਰਤ ਵਲੋਂ ਵੱਖਰੀ ਤਕਨੀਕ ਵਰਤੀ ਗਈ, ਜਿਸ ਵਿਚ ਕੁਦਰਤੀ ਸਰੋਤ ਵਧੇਰੇ ਵਰਤੇ ਗਏ। ਜਿਵੇਂ ਪਹਿਲੇ ਪੜਾਅ ਵਿਚ ਬੂਸਟਰ ਰਾਕਟ ਦੀ ਮਦਦ ਨਾਲ ਚੰਦਰਯਾਨ ਨੂੰ ਧਰਤੀ ਦੇ ਗ੍ਰਹਿਪੰਧ ਤੱਕ ਭੇਜਿਆ ਗਿਆ। ਫੇਰ ਚਾਰ ਇੰਜਣਾਂ ਵਾਲੇ ਥਰੱਸਟਰ ਦੇ ਸਹਿਯੋਗ ਨਾਲ ਚੰਦਰਮਾ ਦੀ ਗਰੂਤਾ ਤੱਕ ਪਹੁੰਚਾਇਆ ਗਿਆ। ਕਦੀ ਧਰਤੀ ਦੀ ਗਰੂਤਾ ਤੇ ਕਦੀ ਚੰਦਰਮਾ ਦੀ ਗਰੂਤ ਦਾ ਸਹਿਯੋਗ ਲੈਂਦਾ ਇਹ ਮੌਡਿਊਲ ਆਪਣੇ ਪੜਾਅ ਵੱਲ ਵਧਦਾ ਰਿਹਾ। ਇਸ ਮਿਸ਼ਨ ਦੇ ਆਖਰੀ ਪੰਦਰਾਂ ਮਿੰਟਾਂ ਦਾ ਬਹੁਤ ਮੁਸ਼ਕਿਲ ਸਮਾਂ ਸੀ, ਜਦੋਂ ਲੈਂਡਰ ਨੇ ਚੰਦਰਮਾ 'ਤੇ ਉੱਤਰਨਾ ਸੀ। ਇਸ ਦੀ ਗਤੀ ਨੂੰ ਬਹੁਤ ਘਟਾ ਲਿਆ ਗਿਆ ਸੀ। ਇਕ ਵੀ ਗ਼ਲਤ ਕਮਾਂਡ ਜਾਂ ਤਕਨੀਕੀ ਨੁਕਸ ਸਭ ਕਾਸੇ 'ਤੇ ਪਾਣੀ ਫੇਰ ਸਕਦਾ ਸੀ। ਸਾਰੇ ਭਾਰਤ ਵਾਸੀ ਅਤੇ ਇਸਰੋ ਵਿਗਿਆਨੀ ਇਸ ਪ੍ਰਕਿਰਿਆ ਨੂੰ ਸਾਹ ਰੋਕ ਕੇ ਸਿੱਧੇ ਪ੍ਰਸਾਰਨ ਰਾਹੀਂ ਦੇਖ ਰਹੇ ਸਨ। ਇਸ ਵਾਰ ਸਾਫਟ ਲੈਂਡਿੰਗ ਹੋਣੀ ਬਹੁਤ ਜ਼ਰੂਰੀ ਸੀ, ਜਿਸ ਨੇ ਦੇਸ਼ ਦੇ ਕੱਦ ਨੂੰ ਉੱਚਾ ਕਰਨਾ ਸੀ। ਫਿਰ ਦੇਖਦਿਆਂ ਹੀ ਦੇਖਦਿਆਂ ਇਹ ਘਟਨਾ ਵਾਪਰ ਗਈ ਤੇ ਸਾਡੇ ਵਰਗੇ ਸਾਰੇ ਇਸ ਕਾਮਯਾਬੀ ਦੇ ਚਸ਼ਮਦੀਦ ਗਵਾਹ ਬਣੇ। ਹੁਣ ਇਹ ਘਟਨਾ ਇਤਿਹਾਸ ਦਾ ਇਕ ਸੁਨਹਿਰਾ ਪੰਨਾ ਬਣ ਗਈ ਹੈ।

ਇਸ ਮਿਸ਼ਨ ਦਾ ਮੁੱਖ ਮਕਸਦ ਚੰਦਰਮਾ ਦੀ ਹਨੇਰੀ ਸਤ੍ਹਾ ਨੂੰ ਖੋਜਣਾ ਤੇ ਖਣਿੱਜਾਂ ਨੂੰ ਲੱਭਣਾ ਹੈ। ਹਨੇਰੇ ਪਾਸੇ 14 ਦਿਨ ਹਨੇਰਾ ਤੇ 14 ਦਿਨ ਰੋਸ਼ਨੀ ਰਹਿੰਦੀ ਹੈ। ਇਸੇ ਕਰਕੇ ਇਸ ਨੂੰ ਚਾਨਣ ਪੱਖ ਦੇ ਪਹਿਲੇ ਹੀ ਦਿਨ, ਚੜ੍ਹਦੇ ਸੂਰਜ ਦੇ ਨਾਲ ਹੀ ਉਤਾਰਿਆ ਗਿਆ ਹੈ ਤਾਂ ਕਿ ਲੈਂਡਰ ਨਾਲੋਂ ਵੱਖ ਹੋਇਆ ਰੋਵਰ ਸੋਲਰ ਪੈਨਲਾਂ ਤੋਂ ਪੂਰੀ ਊਰਜਾ ਲੈ ਕੇ ਆਪਣਾ ਕੰਮ ਆਰੰਭ ਸਕੇ। ਇਹ ਰੋਵਰ ਹੁਣ ਪੰਜ ਸੌ ਮੀਟਰ ਤੱਕ ਘੁੰਮੇਗਾ, ਸਤਾ ਦੇ ਨਮੂਨੇ ਲਵੇਗਾ, ਤਸਵੀਰਾਂ ਧਰਤੀ ਵੱਲ ਭੇਜੇਗਾ। ਪਾਣੀ, ਖਣਿਜ ਜਾਂ ਜੇ ਕੋਈ ਹੋਰ ਨਵੀਂ ਜਾਣਕਾਰੀ ਮਿਲੇਗੀ ਤਾਂ ਭਾਰਤ ਉਸ ਨੂੰ ਦੁਨੀਆਂ ਦੇ ਦੂਸਰੇ ਦੇਸ਼ਾਂ ਨਾਲ ਸਾਂਝੀ ਕਰੇਗਾ। ਇਸ ਮਿਸ਼ਨ ਦਾ ਇਕ ਹੋਰ ਵੱਡਾ ਮਕਸਦ ਇਹ ਵੀ ਹੈ ਚੰਦਰਮਾ ਦੀ ਸਤ ?ਹਾ, ਤੇ ਵਧੇਰੇ ਮਨੁੱਖਾਂ ਦਾ ਉਤਾਰਾ ਕਰਵਾਉਣਾ ਅਤੇ ਰਹਿਣ ਦੇ ਹਾਲਾਤ ਪੈਦਾ ਕਰਨੇ। ਤਾਂ ਕਿ ਜੇ ਭਵਿੱਖ ਵਿਚ ਧਰਤੀ ਨਾਲ ਕੋਈ ਬਹੁਤ ਵੱਡਾ ਹਾਦਸਾ ਵਾਪਰ ਜਾਂਦਾ ਹੈ ਤਾਂ ਮਨੁੱਖੀ ਨਸਲ ਨੂੰ ਬਚਾਇਆ ਜਾ ਸਕੇ।

ਇਸ ਤੋਂ ਇਲਾਵਾ ਚੰਦਰਮਾ ਨੂੰ ਅਗਲੇ ਗ੍ਰਹਿਆਂ ਦੇ ਸਫ਼ਰ ਲਈ ਇਕ ਠਾਹਰ ਜਾਂ ਪੜਾਅ ਵਜੋਂ ਵਰਤਣਾ ਵੀ ਇਕ ਲਕਸ਼ ਹੈ। ਅਜੇ ਮਨੁੱਖ ਨੇ ਮੰਗਲ, ਸ਼ੁੱਕਰ ਜਾਂ ਬਾਕੀ ਦੇ ਗ੍ਰਹਿਆਂ ਤੱਕ ਵੀ ਪਹੁੰਚਣਾ ਹੈ ਜੋ ਧਰਤੀ ਤੋਂ ਸਿੱਧਾ ਪਹੁੰਚਣਾ ਸੰਭਵ ਨਹੀਂ ਸੀ। ਧਰਤੀ ਅੰਦਰਲੇ ਖਣਿਜ ਜੇ ਮੁੱਕ ਜਾਂਦੇ ਨੇ ਜਾਂ ਬਹੁਤ ਘਟ ਜਾਂਦੇ ਹਨ, ਤਾਂ ਚੰਦਰਮਾਂ ਇਹ ਥੋੜ੍ਹ ਪੂਰੀ ਕਰ ਸਕਦਾ ਹੈ। ਚੰਦਰਮਾ ਕਦੇ ਧਰਤੀ ਦਾ ਹਿੱਸਾ ਹੀ ਰਿਹਾ ਹੈ, ਦੋਵਾਂ ਖਣਿਜ ਇਕੋ ਜਿਹੇ ਹੋ ਸਕਦੇ ਨੇ। ਉਥੇ ਵਾਤਾਵਰਨ ਦਾ ਨਾ ਹੋਣਾ ਕਈ ਮੁਸ਼ਕਿਲਾਂ ਵੀ ਪੈਦਾ ਕਰ ਸਕਦਾ ਹੈ। ਇਹ ਵਿਗਿਆਨੀਆਂ ਲਈ ਅਗਲੀਆਂ ਚੁਣੌਤੀਆਂ ਹੋਣਗੀਆਂ ਜਿਨ੍ਹਾਂ ਨਾਲ ਨਿਪਟ ਕੇ ਉਨ੍ਹਾਂ ਜੂਪੀਟਰ, ਸ਼ਨੀ, ਬੁੱਧ ਜਾਂ ਸੂਰਜ ਤੱਕ ਆਪਣੀ ਪਹੁੰਚ ਬਣਾਉਣੀ ਹੈ।



ਆਓ, ਹੁਣ ਥੋੜ੍ਹਾ ਚੰਦਰਮਾ ਬਾਰੇ ਵੀ ਜਾਣ ਲਈਏ। ਇਸ ਦਾ ਜਨਮ ਕੋਈ ਸਾਢੇ ਚਾਰ ਅਰਬ ਸਾਲ ਪਹਿਲਾਂ ਹੋਇਆ ਮੰਨਿਆ ਜਾਂਦਾ ਹੈ। ਖੋਜ ਦੱਸਦੀ ਹੈ ਕਿ ਉਦੋਂ ਮੰਗਲ ਗ੍ਰਹਿ ਦੇ ਆਕਾਰ ਦੀ ਇਕ ਹੋਰ ਧਰਤੀ ਸਾਡੀ ਧਰਤੀ ਨਾਲ ਆ ਟਕਰਾਈ ਸੀ। ਬੈਈਆ ਨਾਂਅ ਦਾ ਇਹ ਅਕਾਸ਼ੀ ਪਿੰਡ ਟਕਰਾਉਣ ਨਾਲ ਸਾਡੀ ਧਰਤੀ ਦਾ ਇਕ ਹਿੱਸਾ ਟੁੱਟ ਕੇ ਗਰਦੋ ਗ਼ੁਬਾਰ ਬਣ ਕੇ ਹਵਾ ਵਿਚ ਫੈਲ ਗਿਆ। ਅਜਿਹੇ ਆਕਾਸ਼ੀ ਪਿੰਡ ਬਹੁਤ ਵਾਰੀ ਧਰਤੀ ਦੇ ਗ੍ਰਹਿ ਪੰਧ ਵਿਚ ਆ ਜਾਂਦੇ ਹਨ। ਫੇਰ ਉਹ ਧੂੜ ਮਿੱਟੀ ਧਰਤੀ ਦੀ ਗਰੂਤਾ ਖਿੱਚ ਕਾਰਨ ਜੁੜਨ ਲੱਗੀ ਜੋ ਧਰਤੀ ਤੋਂ ਚਾਰ ਗੁਣਾ ਛੋਟੀ ਹੋਣ ਕਾਰਨ ਇਸ ਦੁਆਲੇ ਹੀ ਚੱਕਰ ਕੱਟਣ ਲੱਗੀ। ਏਹੋ ਟੁਕੜਾ ਅੱਜ ਚੰਦਰਮਾ ਕਰਕੇ ਜਾਣਿਆ ਜਾਂਦਾ ਹੈ। ਧਰਤੀ ਕੋਲ ਸਿਰਫ਼ ਇਕ ਹੀ ਚੰਦ ਹੈ ਜਦ ਕਿ ਹੋਰ ਗ੍ਰਹਿਆਂ ਪਾਸ ਕਈ ਕਈ ਚੰਦ ਵੀ ਹਨ। ਜਦੋਂ ਇਹ ਘਟਨਾ ਵਾਪਰੀ ਉਦੋਂ ਸਾਡੀ ਧਰਤੀ ਅਜੇ ਮਨੁੱਖ ਤੋਂ ਵਾਂਝੀ ਸੀ। ਜਿੱਥੇ ਆ ਕੇ ਕਿਸੇ ਦੂਸਰੀ ਧਰਤੀ ਨੇ ਟੱਕਰ ਮਾਰੀ ਸੀ ਉੱਥੇ ਹੀ ਹੁਣ ਪ੍ਰਸ਼ਾਂਤ ਮਹਾਂ ਸਾਗਰ ਹੈ।

ਜਦੋਂ ਇਕ ਕੋਸ਼ਕੀ ਜੀਵਾ ਤੋਂ ਵਿਕਾਸ ਕਰਦਾ ਮਨੁੱਖ ਹੋਮੋਸੇਪੀਅਨ ਤੱਕ ਪਹੁੰਚਿਆ ਤਾਂ ਉਸ ਨੇ ਕੁਦਰਤੀ ਵਸੀਲੇ ਵਰਤਣੇ ਸ਼ੁਰੂ ਕੀਤੇ। ਅੱਜ ਵਿਕਾਸ ਇਸ ਪੱਧਰ ਤੱਕ ਪਹੁੰਚ ਚੁੱਕਾ ਹੈ ਕਿ ਧਰਤੀ ਹੇਠਲੇ ਖਣਿਜ ਜਾਂ ਧਾਤਾਂ ਮੁੱਕਣ ਕਿਨਾਰੇ ਹਨ। ਇਹ ਤਾਂ ਅਸੀਂ ਜਾਣਦੇ ਹੀ ਹਾਂ ਕਿ ਸੂਰਜੀ ਮੰਡਲ ਵਿਚ, ਮਨੁੱਖ ਸਿਰਫ਼ ਸਾਡੀ ਧਰਤੀ 'ਤੇ ਹੀ ਹੈ। ਜੇ ਧਰਤੀ ਦੇ ਖਣਿਜ ਮੁੱਕ ਜਾਂਦੇ ਨੇ ਜਾਂ ਫੇਰ ਕੋਈ ਆਕਾਸ਼ੀ ਪਿੰਡ ਧਰਤੀ ਨਾਲ ਆ ਟਕਰਾਉਂਦਾ ਹੈ ਤਾਂ ਮਨੁੱਖੀ ਨਸਲ ਦਾ ਕੀ

ਬਣੇਗਾ ? ਵਿਗਿਆਨਕਾਂ ਲਈ ਇਹ ਵੱਡਾ ਫਿਕਰ ਹੈ, ਕਿਸੇ ਵੀ ਸਮੇਂ ਧਰਤੀ ਦੀ ਪੋਲ ਸ਼ਿਫਿਟਿੰਗ ਹੋਣ ਨਾਲ ਪਰਲੋ ਆ ਸਕਦੀ ਹੈ। ਧਰਤੀ ਆਪਣੀ ਗਰੂਤਾ ਖਿੱਚ ਗਵਾ ਸਕਦੀ ਹੈ, ਇਥੋਂ ਵਾਤਾਵਰਨ ਉੱਡ ਸਕਦਾ ਹੈ। ਮਨੁੱਖ ਨਸਲ ਨੂੰ ਇਸ ਬ੍ਰਹਿਮੰਡ ਵਿਚ ਬਚਾ ਕੇ ਰੱਖਣ ਲਈ ਕੋਈ ਬਦਲ ਲੱਭਣਾ ਪੈਣਾ ਹੈ। ਅਜੇ ਚੰਦਰਮਾ ਹੀ ਧਰਤੀ ਦਾ ਸਭ ਤੋਂ ਨੇੜੇ ਦਾ ਸਥਾਨ ਹੈ। ਮਨੁੱਖ ਦੇ ਇਸ ਫ਼ਿਕਰ ਵਿਚ ਹੁਣ ਭਾਰਤ ਵੀ ਆਪਣਾ ਯੋਗਦਾਨ ਪਾ ਰਿਹਾ ਹੈ।

ਜੇ ਮਨੁੱਖ ਚੰਦਰਮਾ ’ਤੇ ਵਾਤਾਵਰਨ ਦੀ ਅਣਹੋਂਦ ਕਾਰਨ ਰਹਿ ਨਹੀਂ ਸਕੇਗਾ ਤਾਂ ਮੰਗਲ ਗ੍ਰਹਿ ਤੱਕ ਪੁੱਜਣ ਲਈ ਚੰਦਰਮਾ ਨੂੰ ਇਕ ਪੜਾਅ ਵਜੋਂ ਤਾਂ ਵਰਤਿਆ ਹੀ ਜਾ ਸਕਦਾ ਹੈ। ਇਸ ਦੀਆਂ ਧਾਤਾਂ ਧਰਤੀ ਲਈ ਵਰਤੀਆਂ ਜਾ ਸਕਦੀਆਂ ਨੇ। ਅਮਰੀਕਾ ਦੀ ਨਾਸਾ ਤੇ ਯੂਰਪੀਅਨ ਸਪੇਸ ਏਜੰਸੀ ਈਸਾ ਵੀ ਇਸ ਖੇਤਰ ਵਿਚ ਵੱਡੇ ਕੰਮ ਕਰ ਰਹੀਆਂ ਹਨ। ਜੇਮਜ਼ ਵੈੱਬ ਟੈਲੀਸਕੋਪ ਧਰਤੀ ਦੀ ਪਹਿਰੇਦਾਰ ਬਣ ਕੇ ਹਰ ਪਾਸੇ ਨਜ਼ਰ ਰੱਖ ਰਹੀ ਹੈ ਤੇ ਬ੍ਰਹਿਮੰਡ ਦੇ ਰਹੱਸ ਵੀ ਖੋਜ ਰਹੀ ਹੈ। ਚੰਦਰਮਾ ਦਾ ਸਿਆਹ ਭਾਗ ਅਜੇ ਤੱਕ ਸਾਡੇ ਲਈ ਰਹੱਸ ਹੀ ਸੀ, ਜਿਸ ਨੂੰ ਹੁਣ ਚੰਦਰਯਾਨ-3 ਨੇ ਬੇਪਰਦ ਕਰਨ ਦੀ ਕੋਸ਼ਿਸ਼ ਕਰਨੀ ਹੈ। ਇਸ ਨਾਲ ਕਈ ਨਵੀਆਂ ਗੱਲਾਂ ਸਾਹਮਣੇ ਆਉਣਗੀਆਂ।

ਚੰਦਰਮਾ ਕੋਲ ਕੋਈ ਆਪਣੀ ਰੌਸ਼ਨੀ ਨਹੀਂ ਹੈ। ਇਹ ਸ਼ੀਸ਼ੇ ਵਾਂਗ ਕੰਮ ਕਰਦਾ ਹੈ। ਜਿਵੇਂ ਸ਼ੀਸ਼ੇ ਦੀ ਲਿਸ਼ਕੋਰ ਪੈਂਦੀ ਹੈ ਇਸੇ ਤਰ੍ਹਾਂ ਇਹ ਸੂਰਜੀ ਕਿਰਨਾਂ ਸੋਖਣ ਦੀ ਬਜਾਏ ਧਰਤੀ ਵੱਲ ਪਰਤਾ ਦਿੰਦਾ ਹੈ। ਕਿਉਂਕਿ ਚੰਦਰਮਾ ਕੋਲ ਕਿਰਨ ਨੂੰ ਸੋਖਣ ਤੇ ਸਾਂਭਣ ਲਈ ਵਾਤਾਵਰਨ ਨਹੀਂ ਹੈ। ਇਸੇ ਪ੍ਰਤਾਵੀਂ ਊਰਜਾ ਨਾਲ ਸਾਡੀਆਂ ਫ਼ਸਲਾਂ ਵਿਚ ਰਸ ਪੈਂਦਾ ਹੈ ਤੇ ਸਮੁੰਦਰ ਖੌਲਦੇ ਨੇ। ਚੰਦਰਮਾ ਦਾ ਸਿਰਫ਼ ਇਕ ਪਾਸਾ ਹੀ ਧਰਤੀ ਵੱਲ ਰਹਿੰਦਾ ਹੈ। ਜਿਸ ਪਾਸੇ ਚੰਦਰਯਾਨ-3 ਉੱਤਰਿਆ ਹੈ, ਉਹ ਪਾਸਾ ਤਾਂ ਧਰਤ ਦੇ ਮਨੁੱਖ ਨੇ ਅਜੇ ਤੱਕ ਦੇਖਿਆ ਹੀ ਨਹੀਂ।

ਚੰਦਰਮਾ ਦੀ ਦੂਰੀ ਧਰਤੀ ਤੋਂ ਵਧਦੀ ਘਟਦੀ ਰਹਿੰਦੀ ਹੈ। ਵੱਧ ਦੂਰੀ ਨੂੰ ਅਪੋਜੀ ਤੇ ਘੱਟ ਦੂਰੀ ਨੂੰ ਪੈਰੀਜੀ ਕਿਹਾ ਜਾਂਦਾ ਹੈ। ਵੱਧ ਤੋਂ ਵੱਧ ਦੂਰੀ ਚਾਰ ਲੱਖ ਚੁਰੰਜਾ ਸੌ ਕਿਲੋਮੀਟਰ ਜਾਂ ਚਾਰ ਲੱਖ ਸਤਾਹਟ ਹਜ਼ਾਰ ਕਿਲੋਮੀਟਰ ਤੱਕ ਰਹਿੰਦੀ ਹੈ ਜਦ ਕਿ ਘੱਟ ਤੋਂ ਘੱਟ ਤਿੰਨ ਲੱਖ ਬਾਹਟ ਹਜ਼ਾਰ ਤੋਂ ਤਿੰਨ ਲੱਖ ਛਪੰਜਾ ਹਜ਼ਾਰ ਤੱਕ ਰਹਿੰਦੀ ਹੈ। ਚੰਦਰਯਾਨ-3 ਨੇ ਘੱਟ ਤੋਂ ਘੱਟ ਦੂਰੀ ਵਾਲਾ ਸਮਾਂ ਚੁਣਿਆ ਅਤੇ ਉਹ ਸਮਾਂ ਵੀ ਚੁਣਿਆ ਜਿਸ ਨਾਲ ਡਾਰਕ ਸਾਈਡ ’ਤੇ ਦਿਨ ਦਾ ਚਾਨਣ ਹੋਵੇ, ਤਾਂ ਕਿ ਲੈਂਡਰ ਤੇ ਰੋਵਰ ਨਿਰਵਿਘਨ ਕੰਮ ਕਰ ਸਕਣ। ਵੈਸੇ ਧਰਤੀ ਤੋਂ ਚੰਦਰਮਾ ਦੀ ਔਸਤ ਦੂਰੀ ਤਿੰਨ ਲੱਖ ਚੁਰਾਸੀ ਹਜ਼ਾਰ ਤਿੰਨ ਸੌ ਨੜਿੰਨਵੇਂ ਕਿਲੋਮੀਟਰ ਹੈ। ਜਿੱਥੋਂ ਤੱਕ ਪਹੁੰਚਣ ਲਈ ਚੰਦਰਯਾਨ ਨੂੰ ਮਹੀਨੇ ਤੋਂ ਉੱਪਰ ਦਾ ਸਮਾਂ ਲੱਗ ਗਿਆ, ਕਿਉਂਕਿ ਅੱਗੇ ਵਧਣ ਲਈ ਬਦਲਦੇ ਗ੍ਰਹਿਪੰਧਾਂ ਦਾ ਸਹਾਰਾ ਲੈਂਦਾ ਹੋਇਆ, ਇਹ ਆਪਣੀ ਅਗਲੀ ਮੰਜ਼ਿਲ ਵੱਲ ਵਧਦਾ ਰਿਹਾ, ਜੋ ਕਿ ਬਹੁਤ ਮੁਸ਼ਕਿਲ ਕੰਮ ਸੀ।

ਚੰਦਰਮਾ ਆਪਣੇ ਗ੍ਰਹਿਪੰਧ ਵਿਚ ਧਰਤੀ ਦੁਆਲੇ ਚੱਕਰ ਕੱਟਦਾ ਰਹਿੰਦਾ ਹੈ ਜਿਸ ਨਾਲ ਸਾਡੇ ਮਹੀਨੇ ਬਣਦੇ ਹਨ। ਇਕ ਚੱਕਰ ਨੂੰ ਮੂਨਥ ਜਾਂ ਮੰਥ ਕਿਹਾ ਜਾਂਦਾ ਹੈ। ਇਸ ਦੀ ਰਫ਼ਤਾਰ 3683 ਕਿਲੋਮੀਟਰ ਪ੍ਰਤੀ ਘੰਟਾ ਦੇ ਲੱਗਭੱਗ ਰਹਿੰਦੀ ਹੈ। ਚੰਦਰਮਾ ਵੀ ਧਰਤੀ ਵਾਂਗ ਆਪਣੀ ਧੁਰੀ ’ਤੇ ਟੇਢਾ ਹੋ ਕੇ ਚਲਦਾ ਹੈ ਤੇ ਇਹ ਝੁਕਾਅ 1.5 ਹੈ। ਚੰਦਰਮਾ ਦਾ ਅਰਧ-ਵਿਆਸ 1737 ਕਿਲੋਮੀਟਰ ਹੈ ਤੇ ਘੇਰਾ 3793 ਕਿਲੋਮੀਟਰ ਦੇ ਕਰੀਬ ਹੈ। ਚੰਦਰਮਾਂ ਦੀ ਗਰੂਤਾ ’ਚੋਂ ਨਿਕਲਣ ਲਈ ਅਕਾਸ਼ੀ ਵੇਗ 2.38 ਕਿਲੋਮੀਟਰ ਪ੍ਰਤੀ ਸੈਕਿੰਡ ਹੈ। ਚੰਦਰਮਾ ’ਤੇ ਹੁਣ ਤੱਕ ਮਨੁੱਖ ਦੇ ਸੱਤ ਉਤਾਰੇ ਹੋ ਚੁੱਕੇ ਹਨ ਤੇ ਆਖਰੀ ਮਨੁੱਖੀ ਮਿਸ਼ਨ ਅਪੋਲੋ 17 ਰਾਹੀਂ 1972 ਵਿਚ ਹੋਇਆ ਸੀ। ਦੱਖਣੀ ਧਰੁਵ ’ਤੇ ਹੁਣ ਤੱਕ ਕਿਸੇ ਦੇਸ਼ ਦਾ ਕੋਈ ਲੈਂਡਰ ਨਹੀਂ ਉੱਤਰਿਆ ਤੇ ਚੰਦਰਯਾਨ-3 ਨੇ ਹੀ ਇਹ ਇਤਿਹਾਸ ਰਚਿਆ ਹੈ।

ਚੰਦਰਮਾ ਦੀਆਂ ਚਟਾਨਾਂ ਕੋਲ ਬਹੁਤ ਸਾਰੀ ਆਕਸੀਜਨ ਹੈ ਪਰ ਇਹ ਖ਼ਲਾਅ ਵਿਚ ਠਹਿਰ ਨਹੀਂ ਸਕਦੀ। ਸੂਰਜ ਵਾਲੇ ਪਾਸੇ ਦਾ ਤਾਪਮਾਨ ਬਹੁਤ ਗਰਮ ਹੈ, ਜੋ + 127 ਡਿਗਰੀ ਤੱਕ ਪਹੁੰਚ ਜਾਂਦਾ ਹੈ। ਹਨੇਰੇ ਪਾਸੇ ਜਿਧਰ ਚੰਦਰਯਾਨ-3 ਉੱਤਰਿਆ ਹੈ, ਬਹੁਤ ਜ਼ਿਆਦਾ ਠੰਢ ਹੈ ਤੇ ਤਾਪਮਾਨ-173 ਡਿਗਰੀ ਤੱਕ ਪਹੁੰਚ ਜਾਂਦਾ ਹੈ। ਅਜਿਹੀਆਂ ਹਾਲਤਾਂ ਵਿਚ ਰੋਵਰ ਦਾ ਕੰਮ ਕਰਨਾ ਚੁਣੌਤੀਆਂ ਭਰਪੂਰ ਹੋ ਸਕਦਾ ਹੈ। ਚੰਦਰਮਾ ਜਿੰਨਾ ਸਮਾਂ ਧਰਤੀ ਦੁਆਲੇ ਚੱਕਰ ਕੱਟਣ ਨੂੰ ਲਾਉਂਦਾ ਹੈ, ਓਨਾ ਹੀ ਸਮਾਂ ਆਪਣੀ ਧੁਰੀ ਦੁਆਲੇ ਘੁੰਮਣ ਨੂੰ ਵੀ ਲਾਉਂਦਾ ਹੈ; ਤਾਂ ਹੀ ਡਾਰਕ ਸਾਈਡ ਕਦੇ ਵੀ ਧਰਤੀ ਵੱਲ ਨਹੀਂ ਆਉਂਦੀ। ਚੰਦਰਯਾਨ-3 ਦੇ ਰੋਵਰ ਤੇ ਲੈਂਡਰ ਨੂੰ ਡਿਜ਼ਾਈਨ ਕਰਨ ਸਮੇਂ ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਰੱਖਿਆ ਗਿਆ ਹੈ ਤੇ ਉਸ ਤਰ੍ਹਾਂ ਦੀਆਂ ਸ਼ੀਲਡਾਂ ਜਾਂ ਪੈਨਲ ਵਰਤੇ ਗਏ ਹਨ ਜੋ ਵਾਤਾਵਰਨ ਦੇ ਨਾਂਹ-ਪੱਖੀ ਪ੍ਰਭਾਵਾਂ ਤੋਂ ਇਸ ਨੂੰ ਬਚਾ ਸਕਣ ਅਤੇ ਕੈਮਰੇ ਚਲਦੇ ਰਹਿ ਸਕਣ।

ਚੰਦਰਮਾ ਹੌਲੀ ਹੌਲੀ ਧਰਤੀ ਤੋਂ ਦੂਰ ਜਾ ਰਿਹਾ ਹੈ, ਇਹ ਦੂਰੀ ਵਧਣ ਨਾਲ ਧਰਤੀ ’ਤੇ ਮਹੀਨੇ ਤਾਂ ਲੰਬੇ ਹੋਣਗੇ ਹੀ ਤੇ ਹੋਰ ਵੀ ਕਈ ਤਰ੍ਹਾਂ ਦੇ ਪ੍ਰਭਾਵ ਪੈ ਸਕਦੇ ਹਨ । ਹਰ ਸੌ ਸਾਲ ਬਾਅਦ ਇਹ ਦੂਰੀ ਵਧਣ ਕਰਕੇ ਧਰਤੀ ਦੀ ਸਪੀਡ 2.3 ਮਿਲੀਸੈਕਿੰਡ ਦੇ ਹਿਸਾਬ ਨਾਲ ਘਟ ਰਹੀ ਹੈ। ਅਜਿਹੀਆਂ ਹੋਰ ਵੀ ਅਨੇਕਾਂ ਖੋਜਾਂ ਨੇ ਜੋ ਵਿਗਿਆਨੀਆਂ ਨੇ, ਨਾਸਾ, ਇਸਰੋ ਜਾਂ ਈਸਾ ਵਰਗੀਆਂ ਏਜੰਸੀਆਂ ਨੇ ਅਜੇ ਕਰਨੀਆਂ ਹਨ। ਭਾਰਤ ਆਪਣੀਆਂ ਪੁਰਾਣੀਆਂ ਰਿਵਾਇਤਾਂ ਨੂੰ ਕਾਇਮ ਰੱਖਦਾ ਹੋਇਆ ਇਨ੍ਹਾਂ ਖੋਜਾਂ ਦਾ ਮੋਹਰੀ ਬਣ ਸਕਦਾ ਹੈ। ਅੰਤ ’ਤੇ ਮੈਂ ਇਹ ਹੀ ਕਹਾਂਗਾ ਕਿ ਚੰਦ ਦੀ ਸਤ੍ਹਾ ’ਤੇ ਜੀਅ ਸਦਕੇ ਜਾਉ, ਦੇਸ਼ ਦਾ ਨਾਂ ਵੀ ਉੱਚਾ ਕਰੋ ਪਰ ਧਰਤੀ ਦੇ ਮਨੁੱਖ ਨੂੰ ਨਾ ਭੁੱਲ ਜਾਇਓ। ਟੈਕਸ ਦੇਣ ਵਾਲਿਆਂ ਦਾ ਪੈਸਾ ਲੋਕਾਂ ਦੇ ਜੀਵਨ ਦੀ ਬਿਹਤਰੀ ਲਈ ਵੀ ਖਰਚਦੇ ਰਹਿਣਾ। ਵਿੱਦਿਆ, ਸਿਹਤ ਤੇ ਰੋਜ਼ਗਾਰ ਵੀ ਕਿਸੇ ਦੇਸ਼ ਦੀ ਤਰੱਕੀ ਲਈ ਅਹਿਮ ਕੜੀ ਹੁੰਦੇ ਨੇ। ਲੋਕਾਂ ਲਈ ਦੋ ਡੰਗ ਦੀ ਰੋਟੀ ਤੇ ਇਨਸਾਫ਼ ਵੀ ਓਨੇ ਹੀ ਜ਼ਰੂਰੀ ਹਨ। ਅੱਜ ਭਾਰਤ ਦੇ ਸਾਰੇ ਨਾਗਰਿਕ ਇਸ ਪ੍ਰਾਪਤੀ ਲਈ ਵਧਾਈ ਦੇ ਹੱਕਦਾਰ ਹਨ। ਸਾਡੇ ਵਲੋਂ ਸਮੂਹ ਭਾਰਤ ਵਾਸੀਆਂ ਨੂੰ, ਇਸਰੋ ਵਿਗਿਆਨੀਆਂ ਨੂੰ ਬਹੁਤ ਬਹੁਤ ਮੁਬਾਰਕਬਾਦ, ਜਿਨ੍ਹਾਂ ਦੇਸ਼ ਨੂੰ ਵਿਗਿਆਨ ਦੀਆਂ ਰਾਹਾਂ ਵੱਲ ਤੋਰਨ ਦਾ ਯਤਨ ਕੀਤਾ ਹੈ। ਅਜਿਹੀਆਂ ਖੋਜਾਂ ਤੇ ਪ੍ਰਾਪਤੀਆਂ ਨਾਲ ਦੇਸ਼ ਹੋਰ ਅੱਗੇ ਵਧੇਗਾ ਤੇ ਸਾਡੇ ਵਰਗੇ ਭਾਰਤੀ ਮੂਲ ਦੇ ਲੋਕ ਵਿਦੇਸ਼ਾਂ ਵਿਚ ਆਪਣੇ ਵਤਨ ਦੀ ਮਿੱਟੀ ’ਤੇ ਮਾਣ ਮਹਿਸੂਸ ਕਰਨਗੇ।


# ਚੰਨ ’ਤੇ ਇਸਰੋ ਦੇ ਚੰਦਰਯਾਨ-3 ਨੇ ਪਾਈਆਂ ਅਮਿੱਟ ਪੈੜਾਂ

-ਮਨੀਸ਼ ਪੁਰੋਹਿਤ

ਬੀਤੇ ਦਿਨ ਕਰੋੜਾਂ ਭਾਰਤੀਆਂ ਅਤੇ ਭਾਰਤ ਪ੍ਰੇਮੀਆਂ ਦੇ ਸਾਹ ਅਟਕੇ ਹੋਏ ਸਨ। ਇਸਰੋ ਦੇ ਲੈਂਡਰ ਵੱਲੋਂ ਚੰਨ ਦੇ ਦੱਖਣੀ ਧਰੁਵ ਦੀ ਸਤ੍ਹਾ ਨੂੰ ਛੂਹਣ ਦੇ ਨਾਲ ਹੀ ਲੋਕਾਂ ਨੇ ਸੁੱਖ ਦਾ ਸਾਹ ਲਿਆ ਅਤੇ ਉਤਸ਼ਾਹ ਨਾਲ ਇਸ ਪ੍ਰਾਪਤੀ ਦੇ ਆਨੰਦ ਵਿਚ ਡੁੱਬ ਗਏ। ਇਸ ਉਪਲਬਧੀ ਦੀ ਗੂੰਜ ਨਾ ਸਿਰਫ਼ ਭਾਰਤ ਦੀ ਪੁਲਾੜ ਖੋਜ ਦੇ ਪਵਿੱਤਰ ਮੰਦਰ ਵਿਚ ਸੁਣੀ ਗਈ ਬਲਕਿ ਪੂਰੇ ਵਿਸ਼ਵ ਨੇ ਸੰਸਾਰ ਵਿਚ ਪਹਿਲੀ ਵਾਰ ਭਾਰਤ ਨੂੰ ਮਿਲੀ ਇਸ ਅਦਭੁਤ ਸਫਲਤਾ ’ਤੇ ਉਸ ਦਾ ਨਮਨ-ਅਭਿਨੰਦਨ ਕੀਤਾ। ਲੈਂਡਰ ਵਿਕਰਮ ਚੰਨ ਦੀ ਸਤ ?ਹਾ ’ਤੇ ਉਤਰਨ ਦੇ ਨਾਲ ਹੀ ਪੁਲਾੜ ਖੋਜ ਦੇ ਖੇਤਰ ਵਿਚ ਨਵੇਂ ਇਤਿਹਾਸਕ ਅਧਿਆਇ ਦਾ ਆਰੰਭ ਹੋਇਆ।

ਵਿਕਰਮ ਦੀ ਸਰਗਰਮੀ ਦੇ ਨਾਲ ਹੀ ਰੋਵਰ ਪ੍ਰਗਿਆਨ ਨੇ ਵੀ ਆਪਣਾ ਕਾਰਜ ਕਰਨਾ ਸ਼ੁਰੂ ਕਰ ਦਿੱਤਾ। ਇਸਰੋ ਦੀ ਇਸ ਮੁਹਿੰਮ ਨੇ ਪੁਲਾੜ ਖੋਜ ’ਤੇ ਆਪਣੀ ਅਜਿਹੀ ਅਮਿੱਟ ਛਾਪ ਛੱਡੀ ਹੈ ਜੋ ਮਿਟਾਇਆਂ ਨਹੀਂ ਮਿਟ ਸਕੇਗੀ। ਦਰਅਸਲ, ਚੰਦਰਯਾਨ-3 ਦੇ ਮਾਧਿਅਮ ਨਾਲ ਦੱਖਣੀ ਧਰੁਵ ’ਤੇ ਜੇਤੂ ਲੈਂਡਿੰਗ ਤਕ ਦੀ ਯਾਤਰਾ ਮਨੁੱਖੀ ਨਵੀਂ ਕਾਢ ਅਤੇ ਅਟਲ ਸਮਰਪਣ ਦੀ ਇਕ ਅਦੁੱਤੀ ਮਿਸਾਲ ਹੈ। ਇਸ ਦਾ ਪੂਰਾ ਸਿਹਰਾ ਭਾਰਤੀ ਪੁਲਾੜ ਖੋਜ ਸੰਗਠਨ ਯਾਨੀ ਇਸਰੋ ਦੇ ਉਸ ਮਾਹੌਲ ਨੂੰ ਜਾਂਦਾ ਹੈ ਜਿੱਥੇ ਅਜਿਹੀਆਂ ਖ਼ਾਹਿਸ਼ਾਂ ਨੂੰ ਸੰਕਲਪ ਦੇ ਖੰਭ ਲੱਗੇ। ਚੇਤੇ ਰਹੇ ਕਿ 1976 ਤੋਂ ਪਹਿਲਾਂ ਰੂਸ ਦੇ 24 ਲੂਨਾ ਮਿਸ਼ਨਾਂ ਵਿਚ ਸਾਫਟ ਲੈਂਡਿੰਗ ਸਫਲਤਾ ਦਰ ਲਗਪਗ 20 ਪ੍ਰਤੀਸ਼ਤ ਸੀ। ਉਸ ਹਿਸਾਬ ਨਾਲ ਇਸਰੋ ਦੀ ਕਾਮਯਾਬੀ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ। ਕਾਬਿਲੇਗ਼ੌਰ ਹੈ ਕਿ ਰੂਸ ਦਾ ਲੂਨਾ-25 ਸਪੇਸਕ੍ਰਾਫਟ ਇੰਜਣ ਫੇਲ੍ਹ ਹੋਣ ਕਾਰਨ ਚੰਨ ’ਤੇ ਤਬਾਹ ਹੋ ਗਿਆ ਜਿਸ ਦਾ ਮੁਕਾਬਲਾ ਭਾਰਤ ਦੇ ਚੰਦਰਯਾਨ-3 ਨਾਲ ਸੀ। ਇਹ ਪਾਇਲਟ ਰਹਿਤ ਪੁਲਾੜਯਾਨ ਚੰਨ ਦੇ ਦੱਖਣੀ ਹਿੱਸੇ ਵਿਚ ਲੈਂਡਿੰਗ ਕਰਨ ਵਾਲਾ ਸੀ ਜਿੱਥੇ ਮੰਨਿਆ ਜਾ ਰਿਹਾ ਹੈ ਕਿ ਜੰਮੇ ਹੋਏ ਪਾਣੀ ਅਤੇ ਬੇਸ਼ਕੀਮਤੀ ਤੱਤਾਂ ਦੇ ਭੰਡਾਰ ਮੌਜੂਦ ਹਨ। ਰੂਸੀ ਪੁਲਾੜ ਏਜੰਸੀ ਰੋਸਕੋਸਮੋਸ ਦੇ ਡਾਇਰੈਕਟਰ ਜਨਰਲ ਯੂਰੀ ਬੋਰੀਸੋਵ ਮੁਤਾਬਕ ਸਪੇਸਕ੍ਰਾਫਟ ਦੇ ਇੰਜਣ ਵੀਕਐਂਡ ਮੌਕੇ ਸਟਾਰਟ ਕੀਤੇ ਗਏ ਸਨ ਤਾਂ ਜੋ ਪ੍ਰੀ-ਲੈਂਡਿੰਗ ਓਰਬਿਟ ’ਚ ਲੂਨਾ-25 ਸਥਾਪਤ ਕੀਤਾ ਜਾ ਸਕੇ। ਇਹ ਇੰਜਣ ਯੋਜਨਾ ਮੁਤਾਬਕ ਬੰਦ ਨਾ ਕੀਤੇ ਜਾ ਸਕੇ ਜਿਸ ਦਾ ਸਿੱਟਾ ਇਹ ਨਿਕਲਿਆ ਇਹ ਬੇਕਾਬੂ ਹੋ ਕੇ ਚੰਨ ਦੀ ਸਤ ?ਹਾ ਨਾਲ ਟਕਰਾਅ ਗਿਆ ਤੇ ਇਸ ਨਾਲ ਰੋਸਕੋਸਮੋਸ ਦਾ ਸੰਪਰਕ ਟੁੱਟ ਗਿਆ। ਲੂਨਾ-25 ਤੇ ਚੰਦਰਯਾਨ-3, ਦੋਵਾਂ ਦੇ ਚੰਨ ਦੇ ਦੱਖਣੀ ਧਰੁਵ ’ਤੇ 21 ਅਤੇ 23 ਅਗਸਤ ਨੂੰ ਪੁੱਜਣ ਦੀ ਉਮੀਦ ਸੀ। ਲੂਨਾ-25 ਤਾਂ ਆਪਣੇ ਮਕਸਦ ਵਿਚ ਨਾਕਾਮ ਰਿਹਾ ਪਰ ਚੰਦਰਯਾਨ-3 ਦੀ ਕਾਮਯਾਬੀ ਨੇ ਭਾਰਤ ਦੀ ਸੰਸਾਰ ਵਿਚ ਬੱਲੇ-ਬੱਲੇ ਕਰਵਾ ਦਿੱਤੀ।

ਇਸਰੋ ਦੀ ਸਫਲਤਾ ਨਾ ਸਿਰਫ਼ ਚੰਨ ਨਾਲ ਜੁੜੀ ਖੋਜ ਨੂੰ ਨਵਾਂ ਦਿਸਹੱਦਾ ਦੇਵੇਗੀ ਸਗੋਂ ਉੱਥੇ ਸਥਾਈ ਮਨੁੱਖੀ ਬਸਤੀਆਂ ਵਸਾਉਣ ਦਾ ਸੁਪਨਾ ਵੀ ਦਿਖਾ ਸਕਦੀ ਹੈ। ਚੰਦਰਯਾਨ-3 ਦੀ ਸਫਲਤਾ ਦਾ ਮਹੱਤਵ ਵਿਗਿਆਨਕ ਉਪਲਬਧੀ ਦੀ ਹੱਦ ਤੋਂ ਕਿਤੇ ਅੱਗੇ ਹੈ। ਇਸ ਵਿਚ ਸਾਫਟ ਪਾਵਰ ਦੇ ਵਿਸਥਾਰ ਦੀ ਵੀ ਅਪਾਰ ਸਮਰੱਥਾ ਹੈ। ਇਹ ਭਾਰਤ ਨੂੰ ਵਿਸ਼ਵ ਪੱਧਰੀ ਮੰਚ ’ਤੇ ਇਕ ਉਜਵਲ ਅਤੇ ਪ੍ਰੇਰਕ ਪਾਤਰ ਦੇ ਰੂਪ ਵਿਚ ਪੇਸ਼ ਕਰਦੀ ਹੈ। ਚੰਨ ਦੇ ਦੱਖਣੀ ਧਰੁਵ ’ਤੇ ਸਭ ਤੋਂ ਪਹਿਲਾਂ ਉਤਰਨ ਵਾਲੇ ਦੇਸ਼ ਦੇ ਰੂਪ ਵਿਚ ਭਾਰਤ ਨੇ ਆਪਣੀ ਤਕਨੀਕੀ ਮੁਹਾਰਤ ਅਤੇ ਕਾਢ ਪ੍ਰਤੀ ਵਚਨਬੱਧਤਾ ਦਾ ਮੁਜ਼ਾਹਰਾ ਕੀਤਾ ਹੈ। ਇਹ ਉਪਲਬਧੀ ਭਾਰਤ ਨੂੰ ਉਨ੍ਹਾਂ ਖ਼ਾਸ ਮੁਲਕਾਂ ਦੀ ਕਤਾਰ ਵਿਚ ਖੜ੍ਹਾ ਕਰਦੀ ਹੈ ਜੋ ਆਪਣੀ ਦੂਰਦਰਸ਼ਿਤਾ ਨਾਲ ਉਮੀਦਾਂ ਨੂੰ ਹਕੀਕਤ ਵਿਚ ਤਬਦੀਲ ਕਰਨ ਦੀ ਸਮਰੱਥਾ ਰੱਖਦੇ ਹਨ।





ਇਸਰੋ ਦੀ ਇਹ ਸਫਲਤਾ ਵਿਗਿਆਨ ਤੇ ਤਕਨਾਲੋਜੀ ਵਿਚ ਭਾਰਤ ਨੂੰ ਸਿਰਮੌਰ ਬਣਾਉਣ ਦੇ ਨਾਲ ਹੀ ਪੁਲਾੜ ਅਰਥਚਾਰੇ ਵਿਚ ਦੇਸ਼ ਲਈ ਨਵੀਆਂ ਸੰਭਾਵਨਾਵਾਂ ਦੇ ਬੂਹੇ ਖੋਲ੍ਹਣ ਵਾਲੀ ਹੈ। ਭਾਰਤ ਦਾ ਟੀਚਾ ਹੈ ਕਿ ਸੰਨ 2030 ਤਕ ਆਲਮੀ ਪੁਲਾੜ ਆਰਥਿਕਤਾ ਵਿਚ ਨੌਂ ਪ੍ਰਤੀਸ਼ਤ ਦੀ ਹਿੱਸੇਦਾਰੀ ਹਾਸਲ ਕਰੇ। ਚੰਦਰਯਾਨ-3 ਦੀ ਸਫਲਤਾ ਇਸ ਵਿਚ ਸਹਾਇਕ ਸਿੱਧ ਹੋਵੇਗੀ। ਇਹ ਮਿਸ਼ਨ ਆਲਮੀ ਪੁਲਾੜ ਨਕਸ਼ੇ ’ਤੇ ਭਾਰਤ ਦੀਆਂ ਸਮਰੱਥਾਵਾਂ ਵਿਚ ਇਕ ਨਵਾਂ ਆਤਮ-ਵਿਸ਼ਵਾਸ ਉਤਪੰਨ ਕਰੇਗਾ। ਇਸਰੋ ਦੇ ਕਿਫਾਇਤੀ ਪਰ ਪ੍ਰਭਾਵਸ਼ਾਲੀ ਦ੍ਰਿਸ਼ਟੀਕੋਣ ਦੀ ਦੁਨੀਆ ਭਰ ਵਿਚ ਸ਼ਲਾਘਾ ਹੋ ਰਹੀ ਹੈ। ਚੰਦਰਯਾਨ-3 ਵਰਗੇ ਮਿਸ਼ਨ ਆਪਣੇ ਅਨੁਮਾਨਤ ਦਾਇਰੇ ਨਾਲੋਂ ਕਿਤੇ ਜ਼ਿਆਦਾ ਪ੍ਰਭਾਵ ਛੱਡਦੇ ਹਨ। ਇਹ ਸੋਮਾ ਕੁਸ਼ਲਤਾ ਅਤੇ ਨਵੀਂ ਕਾਢ ਦੀ ਜਿਊਂਦੀ-ਜਾਗਦੀ ਮਿਸਾਲ ਹੈ।

ਇਸ ਨਾਲ ਇਸਰੋ ਅਤੇ ਭਾਰਤ ਦੀ ਕੌਮਾਂਤਰੀ ਸਵੀਕਾਰਤਾ ਵੀ ਵਧੀ ਹੈ। ਵੱਖ-ਵੱਖ ਵਿਸ਼ਵ ਪੱਧਰੀ ਸੰਸਥਾਵਾਂ ਇਸਰੋ ਦੇ ਨਾਲ ਕੰਮ ਕਰਨ ਲਈ ਉਤਸੁਕ ਹਨ। ਜਿਵੇਂ ਜਾਪਾਨ ਦੇ ਜਾਕਸਾ ਨੂੰ ਆਪਣੇ ਲਿਊਪੇਕਸ ਮਿਸ਼ਨ ਵਿਚ ਵੀ ਭਾਰਤ ਦੇ ਵਿਕਰਮ ਦੀ ਮਦਦ ਮਹਿਸੂਸ ਹੋ ਰਹੀ ਹੈ। ਸਪਸ਼ਟ ਹੈ ਕਿ ਭਾਰਤ ਵਿਸ਼ਵ ਲਈ ਇਕ ਢੁੱਕਵੇਂ ਬਦਲ ਦੇ ਤੌਰ ’ਤੇ ਸਥਾਪਤ ਹੋ ਰਿਹਾ ਹੈ। ਇਸ ਕਾਮਯਾਬੀ ਦੇ ਪਿੱਛੇ ਪੁਰਸ਼ਾਰਥ ਅਤੇ ਮਿਹਨਤ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਜੇਕਰ 2019 ਦੇ ਚੰਦਰਯਾਨ-2 ਦੀਆਂ ਨਾਕਾਮੀਆਂ ਤੋਂ ਸਬਕ ਨਾ ਲਿਆ ਜਾਂਦਾ ਤਾਂ ਇਸਰੋ ਸ਼ਾਇਦ ਚੰਦਰਯਾਨ-3 ਦੇ ਰੂਪ ਵਿਚ ਕਾਮਯਾਬੀ ਹਾਸਲ ਨਾ ਕਰ ਪਾਉਂਦਾ। ਜਦ 2019 ਵਿਚ ਚੰਦਰਯਾਨ-2 ਦਾ ਲੈਂਡਰ ਆਪਣੀ ਮੰਜ਼ਿਲ ਤੋਂ ਕੁਝ ਮੀਟਰ ਦੀ ਦੂਰੀ ’ਤੇ ਕਰੈਸ਼ ਹੋ ਗਿਆ ਸੀ ਤਾਂ ਤਮਾਮ ਸਵਾਲ ਉੱਠੇ ਸਨ। ਇਸਰੋ ਦੀਆਂ ਸਮਰੱਥਾਵਾਂ ਅਤੇ ਭਾਰਤ ਦੀਆਂ ਤਰਜੀਹਾਂ ’ਤੇ ਸਵਾਲ ਖੜ੍ਹੇ ਕੀਤੇ ਗਏ ਸਨ। ਨਾਕਾਮੀਆਂ ਤੋਂ ਨਿਰਾਸ਼ ਹੋਣਾ ਤਾਂ ਇਸਰੋ ਵਰਗੀਆਂ ਸੰਸਥਾਵਾਂ ਦੇ ਸ਼ਬਦਕੋਸ਼ ਵਿਚ ਹੀ ਨਹੀਂ ਹੈ। ਚੰਦਰਯਾਨ-2 ਤੋਂ ਮਿਲੇ ਡਾਟੇ ਦਾ ਇਸਰੋ ਨੇ ਡੂੰਘਾਈ ਨਾਲ ਅਧਿਐਨ ਕੀਤਾ। ਆਪਣੀਆਂ ਗ਼ਲਤੀਆਂ ਨੂੰ ਪਰਖਿਆ। ਉਨ੍ਹਾਂ ਨੂੰ ਸੁਧਾਰਨ ਦਾ ਖਾਕਾ ਤਿਆਰ ਕੀਤਾ।

ਉਸ ਨੂੰ ਪਤਾ ਲੱਗਾ ਕਿ ਕੈਮਰਾ ਕਾਸਟਿੰਗ ਫੇਜ਼ ਵਿਚ ਜਦ ਵਿਕਰਮ ਚੰਨ ਦੀ ਸਤ੍ਹਾ ਦੀ ਫੋਟੋ ਖਿੱਚ ਕੇ ਉਨ੍ਹਾਂ ਨੂੰ ਸਿੱਧੇ ਸਾਂਝੀਆਂ ਕਰਦੇ ਹੋਏ ਆਪਣੀ ਮੰਜ਼ਿਲ ਵੱਲ ਵਧ ਰਿਹਾ ਸੀ ਤਾਂ ਐਲਗੋਰਿਦਮ ਦੀਆਂ ਕੁਝ ਗ਼ਲਤੀਆਂ ਕਾਰਨ ਥਰਸਟਰ (ਇੰਜਣ) ਦੀ ਗੜਬੜੀ ਨੂੰ ਫੜ ਨਹੀਂ ਸਕਿਆ ਸੀ। ਇਸ ਕਾਰਨ 38 ਸਕਿੰਟਾਂ ਦੇ ਉਸ ਗੇੜ ਤੋਂ ਬਾਅਦ ਚੰਦਰਯਾਨ-2 ਬੇਕਾਬੂ ਹੋ ਗਿਆ ਅਤੇ ਇਸ ਦੇ ਨਾਲ ਹੀ ਚੰਨ ਦੀ ਧਰਤੀ ਨੂੰ ਚੁੰਮਣ ਦਾ ਭਾਰਤੀ ਸੁਪਨਾ ਵੀ ਚਕਨਾਚੂਰ ਹੋ ਗਿਆ। ਉਸ ਨਾਕਾਮੀ ਤੋਂ ਬਾਅਦ ਇਸਰੋ ਚੰਦਰਯਾਨ-3 ਦੀ ਤਿਆਰੀ ਵਿਚ ਰੁੱਝ ਗਿਆ। ਇਸ ਮੁਹਿੰਮ ਲਈ ਉਸ ਨੇ ‘ਫੇਲੀਅਰ ਬੇਸਡ ਡਿਜ਼ਾਈਨ’ ਵਰਗੀ ਇਕ ਅਨੋਖੀ ਧਾਰਨਾ ਨੂੰ ਅਪਨਾਇਆ। ਇਹ ਧਾਰਨਾ ਉਨ੍ਹਾਂ ਗ਼ਲਤੀਆਂ ’ਤੇ ਵੀ ਨਜ਼ਰ ਰੱਖਦੀ ਹੈ ਜਿਨ੍ਹਾਂ ਵਿਚ ਦਸ ਲੱਖ ’ਚੋਂ ਇਕ ਵਾਰ ਗ਼ਲਤੀ ਦਾ ਖ਼ਦਸ਼ਾ ਰਹਿ ਜਾਂਦਾ ਹੈ। ਆਪਣੀ ਤਿਆਰੀ ਵਿਚ ਇਸਰੋ ਨੇ ਈਂਧਨ ਕਿਫਾਇਤ ਲਈ ਵਿਕਰਮ ਲੈਂਡਰ ਤੋਂ ਇਕ ਇੰਜਣ ਘੱਟ ਕਰ ਕੇ ਉਸ ਨੂੰ ਸਿਰਫ਼ ਚਾਰ ਇੰਜਣਾਂ ਨਾਲ ਲੈਸ ਕੀਤਾ। ਗਿਣਤੀ ਘਟਾਈ ਤਾਂ ਇੰਜਣ ਦੀਆਂ ਸਮਰੱਥਾਵਾਂ ਵਧਾਈਆਂ। ਲੈਂਡਰ ਦੀਆਂ ਲੈਗਜ਼ ਨੂੰ ਮਜ਼ਬੂਤ ਕੀਤਾ। ਬਿਹਤਰ ਕੈਮਰਾ ਤੇ ਸੈਂਸਰ ਲਗਾਏ। ਐਲਗੋਰਿਦਮ ਨੂੰ ਇੰਨਾ ਦਰੁਸਤ ਕੀਤਾ ਕਿ ਗ਼ਲਤੀ ਦੀ ਕੋਈ ਗੁੰਜਾਇਸ਼ ਹੀ ਨਾ ਰਹੇ। ਸੋਲਰ ਪੈਨਲ ਦਾ ਵਿਸਥਾਰ ਕਰ ਕੇ ਉਸ ਨੂੰ ਹੋਰ ਖ਼ੁਸ਼ਹਾਲ ਕੀਤਾ। ਲਾਂਚ ਤੋਂ ਪਹਿਲਾਂ ਸਾਰੀਆਂ ਪ੍ਰਕਿਰਿਆਵਾਂ ਨੂੰ ਇੰਨੀਆਂ ਕਸੌਟੀਆਂ ’ਤੇ ਪਰਖਿਆ ਕਿ ਮਾਯੂਸੀ ਲਈ ਕੋਈ ਜਗ ?ਹਾ ਨਾ ਰਹਿ ਜਾਵੇ। ਉਸ ਤੋਂ ਬਾਅਦ ਜੋ ਹੋਇਆ, ਉਸ ਇਤਿਹਾਸ ਦੇ ਅਸੀਂ ਸਾਰੇ 23 ਅਗਸਤ ਨੂੰ ਗਵਾਹ ਬਣੇ।

ਚੰਦਰਯਾਨ-3 ਦਾ ਅਸਲੀ ਕੰਮ ਹੁਣ ਸ਼ੁਰੂ ਹੋਇਆ ਹੈ। ਇਸ ’ਤੇ ਲੱਗੇ ਪੇਲੋਡ ਤੋਂ ਸਾਨੂੰ ਚੰਨ ਨਾਲ ਜੁੜੀਆਂ ਤਮਾਮ ਬਾਰੀਕੀਆਂ ਪਤਾ ਲੱਗਣਗੀਆਂ। ਇਸ ਦੇ ਚਾਰ ਪੇਲੋਡ ਨੂੰ ਅਸੀਂ ਚੰਨ ਦੀ ਧਰਤੀ ਦੇ ਇਤਿਹਾਸ ਦਾ ਅਜਾਇਬਘਰ ਵੀ ਕਹਿ ਸਕਦੇ ਹਾਂ ਜਿਨ੍ਹਾਂ ਦੇ ਮਾਧਿਅਮ ਨਾਲ ਸਾਨੂੰ ਤਮਾਮ ਗੁੱਥੀਆਂ ਸੁਲਝਾਉਣ ਵਿਚ ਮਦਦ ਮਿਲੇਗੀ। ਚੰਨ ’ਤੇ ਆਉਣ ਵਾਲੇ ਉਨ੍ਹਾਂ ਭੂਚਾਲਾਂ ਬਾਰੇ ਅਹਿਮ ਜਾਣਕਾਰੀਆਂ ਮਿਲਣਗੀਆਂ ਜੋ ਭਵਿੱਖ ਵਿਚ ਮੂਨ ਬੇਸ ਕੈਂਪ ਲਈ ਕਾਫ਼ੀ ਜ਼ਰੂਰੀ ਹੋਣਗੀਆਂ। ਇਸ ਦੇ ਪੇਲੋਡ ਚੰਨ ਦੀ ਮਿੱਟੀ ਵਿਚ ਮੌਜੂਦ ਖਣਿਜਾਂ ਦੀ ਪੜਤਾਲ ਵੀ ਕਰਨਗੇ। ਵਿਕਰਮ ਅਤੇ ਪ੍ਰਗਿਆਨ 14 ਦਿਨਾਂ ਤਕ ਆਪਣੇ ਕੰਮ ਵਿਚ ਰੁੱਝੇ ਰਹਿਣਗੇ। ਪ੍ਰਗਿਆਨ ਵਿਕਰਮ ਨਾਲ ਸਿੱਧੀ ਗੱਲ ਕਰ ਸਕਦਾ ਹੈ ਪਰ ਧਰਤੀ ਤੋਂ ਨਹੀਂ। ਪ੍ਰਗਿਆਨ, ਵਿਕਰਮ ਦੇ 500 ਮੀਟਰ ਦੇ ਦਾਇਰੇ ਵਿਚ ਘੁੰਮ ਸਕਦਾ ਹੈ। ਇਸ ਨੂੰ ਕੈਮਰੇ ਦੀ ਮਦਦ ਨਾਲ ਇਸਰੋ ਗਰਾਊਂਡ ਸਟੇਸ਼ਨ ਤੋਂ ਕੰਟਰੋਲ ਕੀਤਾ ਜਾਵੇਗਾ। ਕੁੱਲ ਮਿਲਾ ਕੇ, ਅਗਲੇ ਲਗਪਗ ਇਕ ਪੰਦਰਵਾੜੇ ਦੌਰਾਨ ਦੇਸ਼ ਦੇ ਚੋਟੀ ਦੇ ਪੁਲਾੜ ਵਿਗਿਆਨੀ ਇਨ੍ਹਾਂ ਦੋਵਾਂ ਦੇ ਨਾਲ ਰੁੱਝੇ ਰਹਿ ਕੇ ਮਨੁੱਖ ਜਾਤੀ ਲਈ ਚੰਨ ਨਾਲ ਜੁੜੀਆਂ ਨਵੀਆਂ-ਨਵੀਆਂ ਜਾਣਕਾਰੀਆਂ ਤਲਾਸ਼ਣ ਅਤੇ ਉਨ੍ਹਾਂ ਦੀ ਵਿਆਖਿਆ ਕਰਨ ਵਿਚ ਲੱਗੇ ਰਹਿਣਗੇ।



ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ
ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ

ਕਮਿਊਨਟੀ ਦੇ ਨਿਸ਼ਕਾਮ ਸੇਵਕ,
ਨੌਜਵਾਨ ਸਿੱਖ ਆਗੂ ਅਤੇ
ਸ਼੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ
ਕੈਲੀਫੋਰਨੀਆ ਦੇ ਸਾਬਕਾ ਜਰਨਲ ਸਕੱਤਰ



ਸ:ਸੰਤੋਖ ਸਿੰਘ ਝਿੰਗੜਾ




# ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈ



ਪੰਥ ਦੇ ਸਿਪਾਹੀ ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਉਘੇ ਰਿਆਲਟਰ ਨੌਜਵਾਨ ਸਿੱਖ ਆਗੂ ਅਤੇ ਗਦਰੀ ਬਾਬਿਆਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਦੇ ਨਿਸ਼ਕਾਮ ਸੇਵਾਦਾਰ

# ਸ. ਰਣਜੀਤ ਸਿੰਘ ਮਾਂਗਟ

## ਅਤੇ ਸਮੂਹ ਮਾਂਗਟ ਪਰਿਵਾਰ





VALLEY REAL ESTATE CENTER TRACY
**RANJIT SINGH**
REALTOR® DRE# 01922089
209.956.1000
408.355.5700

**RESIDENTIAL & COMMERCIAL REAL ESTATE**
BUYING • SELLING • RESIDENTIAL • COMMERCIAL • MANAGEMENT
ਆਪਣੇ ਘਰ ਜਾਂ ਜਾਇਦਾਦ ਨਾਲ ਸੰਬੰਧਤ ਹਰ ਕਿਸਮ ਦੀਆਂ ਤਸੱਲੀਬਖਸ਼ ਸੇਵਾਵਾਂ ਪ੍ਰਾਪਤ ਕਰਨ ਵਾਸਤੇ ਤੁਰੰਤ ਸੰਪਰਕ ਕਰੋ

# ਹੜ੍ਹਾਂ ਨੇ ਸਾਬਤ ਕੀਤਾ ਦਰਿਆਵਾਂ 'ਤੇ ਸਿਰਫ਼ ਪੰਜਾਬ ਦਾ ਹੱਕ






ਹਰਜਿੰਦਰ ਸਿੰਘ ਲਾਲ

**ਦਿਲ ਹੀ ਤੋ ਹੈ ਨਾ ਸੰਗ-ਓ-ਖਿਸ਼ਤ**
**ਦਰਦ ਸੇ ਭਰ ਨਾ ਆਏ ਕਿਉਂ?**
**ਰੋਏਂਗੇ ਹਮ ਹਜ਼ਾਰ ਬਾਰ**
**ਕੋਈ ਹਮੇਂ ਸਤਾਏ ਕਿਉਂ?**

ਮਹਾਨ ਸ਼ਾਇਰ ਮਿਰਜ਼ਾ ਗਾਲਿਬ ਦਾ ਇਹ ਸ਼ਿਅਰ ਪੰਜਾਬ ਦੀ ਹੜ੍ਹਾਂ ਨਾਲ ਹੋਈ ਅਤੇ ਪੰਜਾਬ ਨਾਲ ਹੋਏ ਧੱਕਿਆਂ ਦੀ ਦਾਸਤਾਨ 'ਤੇ ਪੂਰੀ ਤਰ੍ਹਾਂ ਢੁਕਦਾ ਹੈ। ਹੁਣ ਤਾਂ ਪੰਜਾਬ ਵਿਚ ਹੜ੍ਹਾਂ ਦੀ ਤੀਸਰੀ ਲਹਿਰ ਆਉਣ ਦੇ ਵੀ ਅਸਾਰ ਡਰਾ ਰਹੇ ਹਨ। ਹੁਣ ਤੱਕ ਵੀ ਪੰਜਾਬ ਵਿਚ ਲੱਖਾਂ ਏਕੜ ਫ਼ਸਲ ਤਬਾਹ ਹੋ ਚੁੱਕੀ ਹੈ। ਕਈ ਥਾਵਾਂ 'ਤੇ ਤਾਂ ਝੋਨੇ ਦੀ ਦੁਬਾਰਾ ਲਾਈ ਪਨੀਰੀ ਫਿਰ ਡੁੱਬ ਗਈ ਹੈ। ਸੜਕਾਂ ਟੁੱਟ ਗਈਆਂ ਹਨ, ਮਸ਼ੀਨਰੀ ਵੀ ਰੁੜ੍ਹੀ ਹੈ। ਮਕਾਨ ਡਿਗੇ ਹਨ, ਪਸ਼ੂ ਮਰੇ ਹਨ, ਮਨੁੱਖੀ ਜਾਨਾਂ ਵੀ ਗਈਆਂ ਹਨ। ਲੋਕਾਂ ਨੇ ਤਾਂ ਲੋਕਾਂ ਦੀ ਮਦਦ ਕੀਤੀ ਹੈ, ਲੰਗਰ ਪਹੁੰਚਾਏ ਹਨ, ਪਨੀਰੀ ਮੁਫ਼ਤ ਦਿੱਤੀ ਹੈ, ਜਾਨਾਂ ਬਚਾਈਆਂ ਹਨ, ਪਾੜ ਪੂਰੇ ਹਨ। ਸ਼੍ਰੋਮਣੀ ਕਮੇਟੀ ਨੇ ਵੀ ਕਈ ਥਾਂ ਲੰਗਰ ਭੇਜੇ ਹਨ। ਪਰ ਸਰਕਾਰਾਂ ਨੇ ਅਜੇ ਤੱਕ ਦਿਲਾਸੇ ਤੋਂ ਸਿਵਾ ਕੁਝ ਨਹੀਂ ਦਿੱਤਾ। ਨਾ ਕੇਂਦਰ ਸਰਕਾਰ ਨੇ ਹੀ ਚੰਗੀ ਤਰ੍ਹਾਂ ਪੰਜਾਬ ਦੀ ਬਾਂਹ ਫੜੀ ਹੈ ਤੇ ਨਾ ਹੀ ਪੰਜਾਬ ਸਰਕਾਰ ਜਿੰਨੀ ਮਦਦ ਚਾਹੀਦੀ ਸੀ ਕਰ ਸਕੀ ਹੈ। ਇਸ ਮੁਸੀਬਤ ਦੀ ਘੜੀ ਵਿਚ ਜ਼ਿਆਦਾਤਰ ਥਾਵਾਂ 'ਤੇ ਸਿਆਸੀ ਨੇਤਾ ਫੋਟੋ ਸੈਸ਼ਨ ਕਰਵਾਉਣ ਨੂੰ ਮਦਦ ਸਮਝਦੇ ਰਹੇ। ਕਿਤੇ ਕਿਤੇ ਅਕਾਲੀ ਦਲ ਤੇ ਕਾਂਗਰਸ ਵਿਰੋਧ ਦੀ ਆਵਾਜ਼ ਉਠਾਉਂਦੇ ਨਜ਼ਰ ਆਏ, ਪਰ ਲੋਕਾਂ ਦੀ ਆਵਾਜ਼ ਨਹੀਂ ਬਣ ਸਕੇ। ਹਰਜਾਨੇ ਤੇ ਵਿਸ਼ੇਸ਼ ਗਿਰਦਾਵਰੀ ਦੇ ਮਾਮਲੇ ਵਿਚ ਵੀ ਅਜੇ ਤੱਕ ਕੁਝ ਸਪੱਸ਼ਟ ਨਜ਼ਰ ਨਹੀਂ ਆ ਰਿਹਾ। ਇਸ ਲਈ ਗਾਲਿਬ ਦੇ ਲਫ਼ਜ਼ਾਂ ਵਿਚ 'ਇਹ ਦਿਲ ਹੈ ਪੱਥਰ ਨਹੀਂ' ਜੋ ਭਰੇ ਨਾ ਤੇ ਸੰਤਾਪ ਹੰਢਾ ਰਹੇ ਲੋਕਾਂ ਦੀਆਂ ਅੱਖਾਂ ਵਿਚ ਹੰਝੂ ਕਿਵੇਂ ਨਾ ਆਉਣ?

**ਪਾਣੀ ਸਿਰਫ਼ ਪੰਜਾਬ ਦਾ**

ਤਾਜ਼ਾ ਆਏ ਹੜ੍ਹਾਂ ਵਿਚ ਸਤਲੁਜ, ਰਾਵੀ ਤੇ ਬਿਆਸ ਦਰਿਆਵਾਂ ਨੇ ਮੁੱਖ ਨੁਕਸਾਨ ਸਿਰਫ਼ ਪੰਜਾਬ ਦਾ ਹੀ ਕੀਤਾ ਹੈ। ਹਿਮਾਚਲ ਦਾ ਜ਼ਿਆਦਾ ਨੁਕਸਾਨ ਬਰਸਾਤ, ਫਟਦੇ ਬੱਦਲ ਅਤੇ ਗਰਕਦੇ ਪਹਾੜਾਂ ਕਰਕੇ ਹੋਇਆ ਹੈ। ਹਰਿਆਣਾ ਵਿਚ ਹੜ੍ਹਾਂ ਦੀ ਮਾਰ ਯਮਨਾ ਅਤੇ ਘੱਗਰ ਦਰਿਆਵਾਂ ਕਰਕੇ ਹੋਈ ਹੈ। ਰਾਜਸਥਾਨ ਤੇ ਦਿੱਲੀ ਵਿਚ ਤਾਂ ਪੰਜਾਬ ਦੇ ਇਨ੍ਹਾਂ ਤਿੰਨਾਂ ਦਰਿਆਵਾਂ ਕਰਕੇ ਕੋਈ ਖਾਸ ਨੁਕਸਾਨ ਨਹੀਂ ਹੋਇਆ। ਅੰਤਰਰਾਸ਼ਟਰੀ ਪੱਧਰ 'ਤੇ ਪ੍ਰਵਾਨਿਤ ਦਰਿਆਈ ਪਾਣੀਆਂ ਬਾਰੇ ਰਾਇਪੇਰੀਅਨ ਲਾਅ (ਕਾਨੂੰਨ) ਅਨੁਸਾਰ ਦਰਿਆਈ ਪਾਣੀਆਂ ਦਾ ਮਾਲਕ ਉਹ ਰਾਜ ਹੀ ਹੁੰਦਾ ਹੈ, ਜਿਸ ਰਾਜ ਵਿਚ ਉਨ੍ਹਾਂ ਦਰਿਆਵਾਂ ਦਾ ਪਾਣੀ ਹੜ੍ਹ ਵਿਚ ਨੁਕਸਾਨ ਕਰਦਾ ਹੈ। ਇਨ੍ਹਾਂ ਤਿੰਨਾਂ ਦਰਿਆਵਾਂ ਵਿਚ ਆਏ ਹੜ੍ਹਾਂ ਦੀ ਮਾਰ ਜੋ ਪੰਜਾਬ ਨੂੰ ਹੀ ਸਹਿਣੀ ਪੈਂਦੀ ਹੈ ਤਾਂ ਇਨ੍ਹਾਂ ਦੇ ਪਾਣੀਆਂ ਦੀ ਮਾਲਕੀ ਵੀ ਪੰਜਾਬ ਦੀ ਹੀ ਹੈ। ਕਾਨੂੰਨੀ ਤੇ ਇਖ਼ਲਾਕੀ ਦੋਵੇਂ ਤਰ੍ਹਾਂ ਹੀ ਇਨ੍ਹਾਂ ਪਾਣੀਆਂ 'ਤੇ ਰਾਜਸਥਾਨ, ਹਰਿਆਣਾ ਅਤੇ ਦਿੱਲੀ ਦਾ ਕੋਈ ਹੱਕ ਨਹੀਂ ਹੈ। ਭਾਰਤ ਦੇ ਸੰਵਿਧਾਨ ਦੇ 7ਵੇਂ ਸ਼ਡਿਊਲ ਦੀ ਧਾਰਾ 17 ਇਹ ਸਾਫ਼ ਕਰਦੀ ਹੈ ਕਿ ਪਾਣੀ ਰਾਜਾਂ ਦਾ ਵਿਸ਼ਾ ਹੈ। ਸਾਡੇ ਦਰਿਆ ਅੰਤਰਰਾਜੀ ਦਰਿਆ ਨਹੀਂ ਹਨ ਕਿ ਕੇਂਦਰ ਨੂੰ ਕੋਈ ਹੱਕ ਜਾਂ ਬਹਾਨਾ ਮਿਲਦਾ ਹੋਵੇ। ਇਹ ਦਰਿਆ ਪਹਾੜਾਂ ਤੋਂ ਉਤਰਦੇ ਹਨ, ਪੰਜਾਬ ਤੋਂ ਹੁੰਦੇ ਹੋਏ ਪਾਕਿਸਤਾਨ ਜਾ ਵੜਦੇ ਹਨ। ਦਰਿਆ ਬਿਆਸ ਹਿਮਾਚਲ ਤੋਂ ਚਲਦਾ ਹੈ ਤੇ ਪੰਜਾਬ ਵਿਚ 292 ਮੀਲ ਚੱਲ ਕੇ ਦਰਿਆ ਸਤਲੁਜ ਵਿਚ ਮਿਲ ਜਾਂਦਾ ਹੈ। ਦਰਿਆ ਸਤਲੁਜ ਮਾਨ ਸਰੋਵਰ ਗਲੇਸ਼ੀਅਰ ਨੇੜੇ ਤਿੱਬਤ ਵਿਚਲੀ ਰਾਕਾ ਜਾਂ ਰਾਕਸ਼ਸਤਲ ਝੀਲ ਵਿਚੋਂ ਨਿਕਲਦਾ ਹੈ। ਰਾਵੀ ਦਰਿਆ ਰੋਹਤਾਂਗ ਦਰ੍ਹੇ ਤੋਂ ਨਿਕਲਦਾ ਹੈ। ਇਸ ਦਾ ਪੁਰਾਣਾ ਨਾ ਇਰਾਵਤੀ ਨਦੀ ਸੀ। ਸਤਲੁਜ ਤੇ ਰਾਵੀ ਪਾਕਿਸਤਾਨ ਵਿਚ ਜਾ ਕੇ ਦਰਿਆ ਚਨਾਬ ਵਿਚ ਅਤੇ ਫਿਰ ਦਰਿਆ ਸਿੰਧ ਵਿਚ ਜਾ ਮਿਲਦੇ ਹਨ ਅਤੇ ਅਖੀਰ ਸਮੁੰਦਰ ਵਿਚ ਸਮਾ ਜਾਂਦੇ ਹਨ। ਸਾਫ਼ ਸਪੱਸ਼ਟ ਹੈ ਕਿ ਇਨ੍ਹਾਂ ਤਿੰਨਾਂ ਦਰਿਆਵਾਂ ਦਾ ਹੀ ਰਾਜਸਥਾਨ, ਹਰਿਆਣਾ ਤੇ ਦਿੱਲੀ ਨਾਲ ਕੋਈ ਲਾਗਾ-ਦੇਗਾ ਨਹੀਂ ਹੈ। ਸੰਵਿਧਾਨ ਦੇ 7ਵੇਂ ਸ਼ਡਿਊਲ ਦੀ ਮਦ 17 ਮੁਤਾਬਿਕ ਪਾਣੀ ਰਾਜਾਂ ਦਾ ਵਿਸ਼ਾ ਹੈ ਤਾਂ ਕੇਂਦਰ ਸਰਕਾਰ, ਸੁਪਰੀਮ ਕੋਰਟ ਤੇ ਪਾਰਲੀਮੈਂਟ ਵੀ ਪੰਜਾਬ 'ਤੇ ਧੱਕੇ ਨਾਲ ਕੋਈ ਫ਼ੈਸਲਾ ਨਹੀਂ ਥੋਪ ਸਕਦੀ। ਸ਼ਾਇਦ ਸੁਪਰੀਮ ਕੋਰਟ ਦੇ ਸੁਯੋਗ ਜੱਜਾਂ ਨੂੰ ਇਸ ਦਾ ਅਹਿਸਾਸ ਹੈ ਅਤੇ ਸ਼ਾਇਦ ਇਸੇ ਲਈ ਹੀ ਉਹ ਐਸ.ਵਾਈ.ਐਲ. ਨਹਿਰ ਦੇ ਮਾਮਲੇ 'ਤੇ ਕੇਂਦਰ ਨੂੰ ਦੋਵਾਂ ਰਾਜਾਂ ਵਿਚ ਆਪਸੀ ਸਮਝੌਤਾ ਕਰਵਾਉਣ ਲਈ ਕਹਿੰਦੀ ਹੈ। ਬੇਸ਼ੱਕ ਹਿਮਾਚਲ ਪ੍ਰਦੇਸ਼ ਜ਼ਰੂਰ ਅਪਰ-ਰਾਇਪੇਰੀਅਨ ਰਾਜ ਹੈ। ਜੋ ਪੰਜਾਬ ਕੋਲੋਂ ਕੁਝ ਹੱਕ ਮੰਗ ਸਕਦਾ ਹੈ ਪਰ ਯਾਦ ਰੱਖਣਯੋਗ ਹੈ ਕਿ ਕਿਸੇ ਵੀ ਅੰਤਰਰਾਸ਼ਟਰੀ ਜਾਂ ਰਾਸ਼ਟਰੀ ਕਾਨੂੰਨ ਅਨੁਸਾਰ ਉਹ ਪੰਜਾਬ ਵਿਚ ਆ ਰਹੇ ਪਾਣੀ ਦੇ ਕੁਦਰਤੀ ਵਹਾਅ ਨੂੰ ਬਦਲਣ ਜਾਂ ਰੋਕਣ ਦਾ ਹੱਕਦਾਰ ਨਹੀਂ ਹੈ।

ਇਨ੍ਹਾਂ ਹੜ੍ਹਾਂ ਨੇ ਪੰਜਾਬ ਦਾ ਇਕ ਹੋਰ ਹੱਕ ਵੀ ਉਜਾਗਰ ਕੀਤਾ ਹੈ ਕਿ ਪੰਜਾਬ ਦੇ ਤਿੰਨੇ ਦਰਿਆ ਰਾਵੀ, ਬਿਆਸ ਤੇ ਸਤਲੁਜ ਦਾ ਹਰਿਆਣਾ ਰਾਇਪੇਰੀਅਨ ਰਾਜ ਨਹੀਂ ਹੈ ਪਰ ਪੰਜਾਬ ਜ਼ਰੂਰ ਘੱਗਰ ਦਾ ਰਾਇਪੇਰੀਅਨ ਰਾਜ ਹੈ ਕਿਉਂਕਿ ਘੱਗਰ ਦੇ ਹੜ੍ਹ ਪੰਜਾਬ ਦਾ ਵੱਡਾ ਨੁਕਸਾਨ ਕਰਦੇ ਹਨ।

**ਰੱਦ ਕਰੋ ਸਾਰੇ ਪੁਰਾਣੇ ਤੇ ਧੱਕੇ ਨਾਲ ਠੋਸੇ ਸਮਝੌਤੇ**

**ਕਮਾਲ-ਏ-ਤਿਸ਼ਨਗੀ ਕੀ ਇੰਤਹਾ ਹੂੰ।**
**ਸਮੰਦਰ ਹੂੰ ਮਗਰ ਪਿਆਸਾ ਰਹਾ ਹੂੰ।**

ਪੰਜਾਬ ਨੇ ਰਾਜਸਥਾਨ, ਦਿੱਲੀ ਤੇ ਹਰਿਆਣਾ ਨੂੰ ਆਪਣੇ ਦਰਿਆਵਾਂ ਦਾ ਪਾਣੀ ਦੇ ਕੇ ਖ਼ੁਦ ਆਪਣਾ ਧਰਤੀ ਹੇਠਲਾ ਪਾਣੀ ਏਨਾ ਵਰਤ ਲਿਆ ਹੈ ਕਿ ਸਾਡੇ 97 ਫ਼ੀਸਦੀ ਬਲਾਕ ਡਾਰਕ ਜ਼ੋਨ ਬਣ ਗਏ ਹਨ। ਅਸੀਂ ਧਰਤੀ ਵਿਚੋਂ ਹਰ ਸਾਲ 35.78 ਅਰਬ ਕਿਊਬਿਕ ਮੀਟਰ ਪਾਣੀ ਕੱਢਦੇ ਹਾਂ, ਜਦੋਂ ਕਿ ਸਿਰਫ਼ 21.58 ਅਰਬ ਕਿਊਬਿਕ ਮੀਟਰ ਪਾਣੀ ਹੀ ਦੁਬਾਰਾ ਰੀਚਾਰਜ ਹੁੰਦਾ ਹੈ। ਭਾਵ ਹਰ ਸਾਲ ਸਾਡੇ ਧਰਤੀ ਹੇਠਲੇ ਪਾਣੀ ਦੇ ਭੰਡਾਰ 14 ਅਰਬ ਕਿਊਬਿਕ ਮੀਟਰ ਦੀ ਦਰ ਨਾਲ ਘਟ ਰਹੇ ਹਨ। ਨਤੀਜਾ ਕੀ ਹੋਵੇਗਾ, ਕੋਈ ਅਨਪੜ੍ਹ ਹੋਸ਼ਮੰਦ ਵੀ ਦੱਸ ਦੇਵੇਗਾ। ਪੰਜਾਬ ਅਗਲੇ ਦਹਾਕੇ ਭਰ ਵਿਚ ਰੇਗਿਸਤਾਨ ਬਣਨ ਵੱਲ ਵਧ ਰਿਹਾ ਹੈ। ਪੀਣ ਵਾਲਾ ਪਾਣੀ ਤਾਂ ਹੁਣੇ ਹੀ ਮੁੱਲ ਮਿਲਦਾ ਹੈ ਜਾਂ ਆਰ.ਓ. ਆਦਿ ਨਾਲ ਸਾਫ਼ ਕਰਕੇ ਪੀਣਾ ਪੈਂਦਾ ਹੈ।

ਸਵਾਲ ਹੈ ਕਿ ਇਸ ਦਾ ਇਲਾਜ ਕੀ ਹੈ? ਤੇ ਜਵਾਬ ਹੈ ਕਿ ਇਸ ਦਾ ਇਕੋ ਇਕ ਇਲਾਜ ਹੈ ਕਿ ਪੰਜਾਬ ਹੁਣ ਤੱਕ ਧੱਕੇ ਨਾਲ ਪੰਜਾਬ 'ਤੇ ਠੋਸੇ ਗਏ ਸਾਰੇ ਸਮਝੌਤੇ ਯਕਤਰਫ਼ਾ ਰੱਦ ਕਰੇ। ਆਪਣੀ ਜ਼ਰੂਰਤ ਦਰਿਆਈ ਪਾਣੀਆਂ ਤੋਂ ਪੂਰੀ ਕਰੇ, ਨਹਿਰਾਂ ਦਾ, ਸੂਇਆਂ ਦਾ ਤੇ ਬਰਸਾਤੀ ਪਾਣੀ ਧਰਤੀ ਵਿਚ ਰੀਚਾਰਜ ਕਰਨ ਦਾ ਮਨਸੂਬਾ ਬਣਾਵੇ ਤੇ ਲਾਗੂ ਕਰੇ। ਫਿਰ ਬਾਕੀ ਬਚਦਾ ਪਾਣੀ ਗੁਆਂਢੀ ਰਾਜਾਂ ਨੂੰ ਇਕਯੋਗ ਕੀਮਤ 'ਤੇ ਵੇਚੇ। ਹੁਣੇ-ਹੁਣੇ 2019 ਵਿਚ ਦਿੱਲੀ ਨੇ ਹਿਮਾਚਲ ਤੋਂ ਪਾਣੀ ਮੁੱਲ ਲੈਣ ਦਾ ਸਮਝੌਤਾ ਕੀਤਾ ਹੈ। ਪਾਣੀ ਦੀ ਕੀਮਤ ਦੇ ਨਾਲ-ਨਾਲ ਉਸ ਨੇ ਹਿਮਾਚਲ ਨੂੰ ਦਿੱਲੀ ਵਿਚ ਬੇਸ਼ਕੀਮਤੀ ਜ਼ਮੀਨ 'ਤੇ ਪਲਾਟ ਵੀ ਦਿੱਤੇ ਹਨ।

ਪੰਜਾਬ ਪਾਣੀਆਂ ਦਾ ਮਾਲਕ ਹੈ ਤੇ ਇਸ ਦੀ ਕੀਮਤ ਲੈਣ ਦਾ ਅਧਿਕਾਰੀ ਹੈ, ਇਸ ਦੇ ਇਤਿਹਾਸਕ ਸਬੂਤ ਵੀ ਹਨ। 1873 ਈਸਵੀ ਵਿਚ ਜਦੋਂ ਪਟਿਆਲਾ, ਨਾਭਾ ਤੇ ਜੀਂਦ ਰਿਆਸਤਾਂ ਨੂੰ ਜੋ ਉਸ ਵੇਲੇ ਪੰਜਾਬ ਤੋਂ ਅਲੱਗ ਸੁਤੰਤਰ ਰਾਜ ਸਨ, ਨੇ ਸਰਹਿੰਦ ਨਹਿਰ ਰਾਹੀਂ ਪਾਣੀ ਲਿਆ ਤੇ ਰਾਇਪੇਰੀਅਨ ਰਾਜ ਵਜੋਂ ਪੰਜਾਬ ਨੂੰ ਪਾਣੀ ਦਾ ਮੁੱਲ ਦਿੱਤਾ ਗਿਆ। ਫਿਰ 1921 ਵਿਚ ਗੰਗ ਨਹਿਰ ਬਣਨੀ ਸ਼ੁਰੂ ਹੋਈ, ਜਿਸ ਦਾ ਉਦਘਾਟਨ 26 ਅਕਤੂਬਰ, 1927 ਨੂੰ ਵਾਇਸਰਾਏ ਲਾਰਡ ਇਰਵਿਨ ਨੇ ਕੀਤਾ ਅਤੇ ਇਹ ਫਿਰੋਜ਼ਪੁਰ ਦੇ ਹੁਸੈਨੀਵਾਲਾ ਤੋਂ ਬੀਕਾਨੇਰ ਨੂੰ ਪਾਣੀ ਲੈ ਕੇ ਗਈ ਤਾਂ ਵੀ ਪੰਜਾਬ ਨੂੰ ਪਾਣੀ ਦੀ ਕੀਮਤ ਮਿਲਦੀ ਰਹੀ। ਚਲੋ ਅੰਗਰੇਜ਼ ਰਾਜ ਦੀ ਗੱਲ ਛੱਡੀਏ। ਰਾਜਸਥਾਨ ਜਿਸ 29 ਜਨਵਰੀ, 1955 ਦੀ ਭਾਰਤ ਦੇ ਕੇਂਦਰੀ ਸਿੰਜਾਈ ਤੇ ਊਰਜਾ ਮੰਤਰਾਲੇ ਦੀ ਮੀਟਿੰਗ ਦੇ ਆਧਾਰ 'ਤੇ 80 ਲੱਖ ਏਕੜ ਫੁੱਟ ਪਾਣੀ ਪੰਜਾਬ ਤੋਂ ਲੈ ਰਿਹਾ ਹੈ, ਉਸੇ ਹੀ ਮੀਟਿੰਗ ਦੇ ਪੈਰਾ ਨੰਬਰ 5 ਵਿਚ ਲਿਖਿਆ ਗਿਆ ਸੀ ਕਿ (ਇਸ) ਪਾਣੀ ਦੀ ਕੀਮਤ ਬਾਰੇ ਫ਼ੈਸਲਾ ਇਕ ਵੱਖਰੀ ਮੀਟਿੰਗ ਬੁਲਾ ਕੇ ਕਰ ਲਿਆ ਜਾਵੇਗਾ। ਪਰ ਅੱਜ ਤੱਕ 68 ਸਾਲ ਬੀਤ ਜਾਣ 'ਤੇ ਵੀ 'ਉਹ' ਮੀਟਿੰਗ ਨਹੀਂ ਹੋਈ ਤਾਂ ਇਸ ਤੋਂ ਵੱਡਾ ਧੱਕਾ ਕੀ ਹੋ ਸਕਦਾ ਹੈ? ਫਿਰ ਵੀ ਐਗਰੀਮੈਂਟ ਜਾਂ ਸਮਝੌਤਾ ਕਿਸੇ ਚੀਜ਼ ਦੇ ਦੇਣ ਅਤੇ ਉਸ ਦੇ ਬਦਲੇ ਕੁਝ ਲੈਣ ਦੇ ਅਮਲ ਦਾ ਨਾਂਅ ਹੈ। ਜਦੋਂ ਪਾਣੀ ਬਦਲੇ ਪੰਜਾਬ ਨੂੰ ਕੁਝ ਮਿਲਦਾ ਹੀ ਨਹੀਂ ਤਾਂ ਇਸ ਨੂੰ ਸਮਝੌਤਾ ਕਿਹਾ ਹੀ ਨਹੀਂ ਜਾ ਸਕਦਾ। ਇਹ ਤਾਂ ਸਰਾਸਰ ਧੱਕਾ ਹੈ। ਪੰਜਾਬ ਦੀਆਂ ਪਹਿਲੀਆਂ ਸਰਕਾਰਾਂ ਇਸ ਧੱਕੇ ਖ਼ਿਲਾਫ਼ ਲੜਨ ਵਿਚ ਅਸਫਲ ਰਹੀਆਂ ਹਨ ਜਾਂ ਉਨ੍ਹਾਂ ਦੀ ਨੀਅਤ ਹੀ ਨਹੀਂ ਸੀ। ਹਾਲਾਂਕਿ ਪੰਜਾਬ ਵਿਧਾਨ ਸਭਾ 2 ਵਾਰ, ਇਕ ਵਾਰ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੋਣ ਵੇਲੇ ਤੇ ਇਕ ਵਾਰ ਪ੍ਰਕਾਸ਼ ਸਿੰਘ ਬਾਦਲ ਰਾਜ ਵੇਲੇ ਸਰਕਾਰ ਨੂੰ ਹਦਾਇਤ ਕਰ ਚੁੱਕੀ ਹੈ ਕਿ ਇਨ੍ਹਾਂ ਰਾਜਾਂ ਤੋਂ ਪਾਣੀ ਦੀ ਰਾਇਲਟੀ ਲੈਣ ਲਈ ਕਾਰਵਾਈ ਕਰੇ ਪਰ ਅਜਿਹਾ ਨਹੀਂ ਹੋਇਆ। ਸੋ ਹੁਣ ਦੀ ਭਗਵੰਤ ਮਾਨ ਸਰਕਾਰ ਹੌਸਲਾ ਤੇ ਨੀਅਤ ਦਿਖਾਵੇ ਤੇ ਆਪਣਾ ਹੱਕ ਲੈਣ ਲਈ ਸਾਰੇ ਸਮਝੌਤੇ ਸਮੇਤ ਕੈਪਟਨ ਵੇਲੇ ਬਣੇ ਕਾਨੂੰਨ ਜਿਸ ਵਿਚ ਰਾਜਸਥਾਨ ਨੂੰ ਜਾਂਦਾ ਪਾਣੀ ਜਾਣ ਦੇਣ ਦੀ ਗੱਲ ਕਹੀ ਗਈ ਸੀ, ਨੂੰ ਰੱਦ ਕਰਨ ਦੀ ਜੁਰਅਤ ਦਿਖਾਵੇ ਤੇ ਪੰਜਾਬ ਦਾ ਭਵਿੱਖ ਸੰਵਾਰੇ। ਇਹ ਸਾਡਾ ਹੱਕ ਹੈ।

**ਤੂ ਅਪਨੇ ਔਹਦਾ-ਏ-ਮੁਨਸਿਫ**
**ਸੇ ਮੁਨਸਿਫ ਅਸਤੀਫਾ ਦੇ ਦੇ,**
**ਅਗਰ ਹੱਕਦਾਰ ਕਾ ਹੱਕ ਤੁਝ ਸੇ**
**ਦਿਲਵਾਇਆ ਨਹੀਂ ਜਾਤਾ। (ਨਵਾਜ ਅਸੀਮੀ)**

**ਕਿਸਾਨ ਏਕਤਾ ਸਮੇਂ ਦੀ ਮੰਗ**

ਜੋ ਕੁਝ ਪੰਜਾਬ ਵਿਚ ਵਾਪਰ ਰਿਹਾ ਹੈ, ਜਿਸ ਤਰ੍ਹਾਂ ਪੰਜਾਬ ਦੇ ਰੇਗਿਸਥਾਨ ਬਣਨ ਦੇ ਅਸਾਰ ਬਣਦੇ ਜਾ ਰਹੇ ਹਨ। ਜਿਸ ਤਰ੍ਹਾਂ ਪੰਜਾਬ ਦੀਆਂ ਸਾਰੀਆਂ ਪ੍ਰੰਪਾਰਗਤ ਮੰਗਾਂ ਦੇ ਆਧਾਰ ਹੀ ਖ਼ਤਮ ਕੀਤੇ ਜਾ ਰਹੇ ਹਨ। ਜਿਸ ਤਰ੍ਹਾਂ ਕਿਸਾਨ ਯੂਨੀਅਨਾਂ ਇਕੱਲੀਆਂ-ਇਕੱਲੀਆਂ ਮਾਰ ਖਾ ਰਹੀਆਂ ਹਨ ਅਤੇ ਦੂਜੇ ਪਾਸੇ ਜਿਸ ਤਰ੍ਹਾਂ ਕਿਸਾਨਾਂ ਦੀ ਏਕਤਾ ਨਾਲ ਜੁੜੇ ਮੋਰਚੇ ਅੱਗੇ ਕੇਂਦਰੀ ਸਰਕਾਰ ਨੂੰ ਝੁਕਣਾ ਪਿਆ ਸੀ। ਉਸ ਤੋਂ ਸਾਫ਼ ਸਪੱਸ਼ਟ ਹੈ ਕਿ ਕਿਸਾਨ ਏਕਤਾ ਪੰਜਾਬ ਦੀ ਬਿਹਤਰੀ ਲਈ ਸਭ ਤੋਂ ਲੋੜੀਂਦੀ ਚੀਜ਼ ਹੈ। ਸਾਡੇ ਸਾਹਮਣੇ ਹੈ ਕਿਸਾਨ ਮੋਰਚੇ ਦੀ ਸਫਲਤਾ ਤੋਂ ਬਾਅਦ ਕਿਵੇਂ ਕਿਸਾਨ ਏਕਤਾ ਵਿਚ ਫੁੱਟ ਪਾਈ ਗਈ? ਇਸ ਲਈ ਜ਼ਰੂਰੀ ਹੈ ਕਿ ਕਿਸਾਨ ਨੇਤਾ ਆਪਣੀ ਹਉਮੈ ਨੂੰ ਤਿਆਗ ਕੇ ਏਕਤਾ ਲਈ ਅੱਗੇ ਆਉਣ ਤੇ ਪੰਜਾਬ ਦੀਆਂ ਮੰਗਾਂ ਤੇ ਜ਼ਰੂਰਤਾਂ ਦਾ ਇਕ ਸਾਂਝਾ ਚਾਰਟਰ ਤਿਆਰ ਕਰਕੇ ਉਸ ਲਈ ਸੰਘਰਸ਼ ਦਾ ਪ੍ਰੋਗਰਾਮ ਜੋ ਪਹਿਲੇ ਮੋਰਚੇ ਵਾਂਗ ਹੀ ਸ਼ਾਂਤੀਪੂਰਨ ਹੋਵੇ, ਉਲੀਕਣ, ਪਰ ਇਹ ਜ਼ਰੂਰੀ ਹੈ ਕਿ ਇਸ ਦਰਮਿਆਨ ਉਨ੍ਹਾਂ ਕਾਲੀਆਂ ਭੇਡਾਂ ਦੀ ਤਲਾਸ਼ ਕਰਕੇ ਉਨ੍ਹਾਂ ਨੂੰ ਜ਼ਰੂਰ ਨਿਖੇੜ ਲਿਆ ਜਾਵੇ, ਜੋ ਪਹਿਲੇ ਮੋਰਚੇ ਦਰਮਿਆਨ ਖਰਾਬ ਕਰਨ ਦੀਆਂ ਕੋਸ਼ਿਸ਼ਾਂ ਕਰਦੀਆਂ ਰਹੀਆਂ ਤੇ ਮੋਰਚੇ ਦੀ ਜਿੱਤ ਤੋਂ ਬਾਅਦ ਕਿਸਾਨ ਏਕਤਾ ਨੂੰ ਖੇਰੂੰ-ਖੇਰੂੰ ਕਰਨ ਵਿਚ ਸਫਲ ਹੋਈਆਂ ਸਨ। ਪੰਜਾਬ ਨੂੰ ਸੱਚਮੁੱਚ ਇਕ ਸ਼ਾਂਤੀਪੂਰਕ, ਸਮਝ ਤੇ ਏਕਤਾ ਨਾਲ ਸੰਘਰਸ਼ ਕਰਨ ਲਈ ਸਾਂਝੀ ਤਾਕਤ ਦੀ ਇਸ ਵੇਲੇ ਸਭ ਤੋਂ ਵੱਧ ਲੋੜ ਹੈ।



# ਜ਼ਿੰਦਗੀ ਦੇ ਗੂੜ੍ਹੇ ਰੰਗਾਂ ਦੀ ਸਿਰਜਕ ਔਰਤ



*ਧਰਤੀ ਉੱਤੇ ਜੀਵਨ ਕਦੇ ਵੀ ਏਨਾ ਖੁਸ਼ਗਵਾਰ, ਆਨੰਦ-ਭਰਪੂਰ ਤੇ ਜਿਊਣਯੋਗ ਨਾ ਹੁੰਦਾ, ਜੇ ਔਰਤ ਇਸ ਦਾ ਹਿੱਸਾ ਨਾ ਹੁੰਦੀ। ਜਿਵੇਂ ਰੁੱਖਾਂ, ਬੂਟਿਆਂ ਤੇ ਹਰਿਆਵਲ ਤੋਂ ਸੱਖਣੀ ਧਰਤੀ ਬੇਜਾਨ ਤੇ ਵਿਰਾਨ ਦਿਖਾਈ ਦਿੰਦੀ ਹੈ ਤੇ ਕਿਸੇ ਦੇ ਵੀ ਮਨ ਨੂੰ ਨਹੀਂ ਭਾਉਂਦੀ।*

**ਗੁਰਬਿੰਦਰ ਸਿੰਘ**

ਇਸ ਗੱਲ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਔਰਤ ਤੇ ਮਰਦ ਮਨੁੱਖੀ ਜੀਵਨ ਦੀ ਗੱਡੀ ਦੇ ਦੋ ਪਹੀਏ ਹਨ ਤੇ ਇਨ੍ਹਾਂ ਵਿੱਚ ਸੰਤੁਲਨ ਬਣਾ ਕੇ ਰੱਖਣ ਨਾਲ ਹੀ ਜੀਵਨ-ਰੂਪੀ ਗੱਡੀ ਸਹਿਜ ਤੇ ਨਿਰਵਿਘਨ ਚੱਲਦੀ ਰੱਖੀ ਜਾ ਸਕਦੀ ਹੈ। ਇਹ ਮਾਣ ਔਰਤ ਨੂੰ ਹੀ ਜਾਂਦਾ ਹੈ ਕਿ ਉਹ ਮਨੁੱਖੀ ਜੀਵਨ ਦੀ ਧਰੋਹਰ ਹੈ। ਕੇਵਲ ਜਣਨੀ ਦੇ ਰੂਪ ਵਿੱਚ ਹੀ ਨਹੀਂ, ਸਗੋਂ ਜ਼ਿੰਦਗੀ ਦੇ ਹਰ ਕਦਮ 'ਤੇ ਔਰਤ ਦੀ ਹੋਂਦ ਤੋਂ ਬਿਨਾਂ ਜੀਵਨ ਦਾ ਕਿਆਸ ਕਰਨਾ ਵੀ ਔਖਾ ਜਾਪਦਾ ਹੈ।

ਮਕਾਨ ਕਿੰਨਾ ਵੀ ਵਿਸ਼ਾਲ, ਮਹਿੰਗਾ ਤੇ ਮਹਿਲਨੁਮਾ ਕਿਉਂ ਨਾ ਹੋਵੇ, ਘਰ, ਉਹ ਔਰਤ ਦੀ ਛੋਹ ਨਾਲ ਹੀ ਬਣਦਾ ਹੈ। ਧਰਤੀ ਉੱਤੇ ਔਰਤ ਤੋਂ ਬਿਨਾਂ ਜੀਵਨ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਇਸ ਕਾਰਨ ਔਰਤ ਨੂੰ ਜ਼ਿੰਦਗੀ ਦੀ ਸਿਰਜਣਹਾਰ ਕਹਿਣਾ ਬਹੁਤ ਅਰਥਪੂਰਨ ਹੈ। ਕੁਦਰਤ ਨੇ ਔਰਤ ਨੂੰ ਏਨੀ ਸ਼ਕਤੀ, ਸਹਿਣਸ਼ੀਲਤਾ, ਸੁਹਜ ਤੇ ਸਿਦਕ ਦੀ ਦਾਤ ਬਖ਼ਸ਼ੀ ਹੋਈ ਹੈ ਕਿ ਉਹ ਆਪਣੇ ਘਰ-ਪਰਿਵਾਰ ਵਿੱਚ ਵਿਚਰਦਿਆਂ ਮੋਹਰੀ ਹੋ ਕੇ ਆਪਣੀ ਭੂਮਿਕਾ ਤਾਂ ਨਿਭਾਉਂਦੀ ਹੀ ਹੈ, ਸਗੋਂ ਜ਼ਿੰਦਗੀ ਵਿੱਚ ਖੁਸ਼ੀਆਂ ਦੇ ਅਨੇਕਾਂ ਰੰਗ ਭਰਦੀ ਹੈ। ਕੁਦਰਤ ਨੇ ਔਰਤ ਨੂੰ ਸੁਹਜ ਤੇ ਸੁਚੱਜਤਾ ਦੀ ਦਾਤ ਬਖ਼ਸ਼ੀ ਹੋਈ ਹੈ। ਉਸ ਦੇ ਹੱਥ ਲੱਗਦਿਆਂ ਹੀ ਸਾਦ-ਮੁਰਾਦੇ ਘਰ ਦੀ ਹਰ ਚੀਜ਼ ਬੋਲਣ ਲੱਗ ਜਾਂਦੀ ਹੈ। ਪੁਰਾਣੇ ਸਮਿਆਂ ਵਿੱਚ ਕੱਚੇ ਘਰਾਂ ਨੂੰ ਵੀ ਸੁਆਣੀਆਂ ਆਪਣੀ ਸੂਝ-ਸਿਆਣਪ ਨਾਲ ਇਸ ਤਰ੍ਹਾਂ ਲਿੰਬ-ਪੋਚ ਕੇ ਸ਼ਿੰਗਾਰ ਦਿੰਦੀਆਂ ਸਨ ਕਿ ਘਰਾਂ ਵਿੱਚੋਂ ਸੁਹੱਪਣ ਝਲਕਦਾ ਨਜ਼ਰ ਆਉਂਦਾ ਸੀ। ਘਰ ਦੀ ਕੱਚੀ ਸਵਾਤ ਤੇ ਚੌਂਕੇ-ਚੁੱਲ੍ਹੇ ਨੂੰ ਹਰ ਰੋਜ਼ ਪੋਚਾ ਮਾਰ ਕੇ ਸੁੱਚਾ ਕਰਨ ਉਪਰੰਤ ਹੀ ਰੋਟੀ-ਪਾਣੀ ਕੀਤਾ ਜਾਂਦਾ ਸੀ। ਘਰਾਂ ਵਿੱਚ ਲਵੇਰੀਆਂ ਦੀ ਸਾਂਭ-ਸੰਭਾਲ ਕਰਨੀ, ਗੋਹਾ-ਕੂੜਾ ਸਾਂਭਣਾ, ਸਵੇਰੇ ਤੜਕੇ ਹੀ ਝਾੜੂ ਮਾਰ ਕੇ ਸਾਫ਼-ਸਫ਼ਾਈ ਕਰਨੀ ਤੇ ਹੋਰ ਅਨੇਕਾਂ ਕੰਮਾਂ ਵਿੱਚ ਘਰਾਂ ਦੀਆਂ ਸੁਆਣੀਆਂ ਦੀ ਭੂਮਿਕਾ ਵਧੇਰੇ ਹੁੰਦੀ ਸੀ/ਹੈ। ਕੱਚੇ ਘਰਾਂ ਨੂੰ ਵੀ ਸੁਆਣੀਆਂ ਲਿਸ਼ਕਾ ਦਿੰਦੀਆਂ ਸਨ।

ਸਮਾਂ ਭਾਵੇਂ ਬਹੁਤ ਬਦਲ ਗਿਆ ਹੈ, ਪਰ ਘਰ-ਪਰਿਵਾਰ ਦੀ ਸਿਰਜਣਾ ਦਾ ਬਹੁਤਾ ਦਾਰੋ-ਮਦਾਰ ਔਰਤਾਂ ਦੇ ਮੋਢਿਆਂ 'ਤੇ ਹੀ ਹੈ ਤੇ ਸ਼ਾਇਦ ਹਮੇਸ਼ਾਂ ਰਹੇਗਾ। ਆਪਣੀ ਕੁੱਖ ਵਿੱਚ ਪਲ ਰਹੇ ਬੱਚੇ ਨੂੰ ਆਪਣੇ ਖ਼ੂਨ ਨਾਲ ਪਾਲਦੀ, ਘਰ ਦੇ ਅਨੇਕਾਂ ਕੰਮਾਕਾਰਾਂ ਵਿੱਚ ਰੁੱਝੀ, ਕਈ ਤਰ੍ਹਾਂ ਦੇ ਸਰੀਰਕ ਤੇ ਮਾਨਸਿਕ ਕਸ਼ਟਾਂ ਵਿੱਚੋਂ ਗੁਜ਼ਰਦੀ ਔਰਤ ਆਪਣੇ ਮਾਂ ਹੋਣ ਦੇ ਗੌਰਵ ਵਿੱਚ ਬੱਚੇ ਦੀ ਖਾਤਰ ਅੰਤਾਂ ਦੀਆਂ ਦਰਦਮਈ ਜੰਮਣ-ਪੀੜਾਂ ਵੀ ਸਹਿ ਲੈਂਦੀ ਹੈ। ਜਨਮ ਉਪਰੰਤ ਆਪਣੇ ਬੱਚੇ ਨੂੰ ਛਾਤੀ ਨਾਲ ਲਾ ਕੇ ਜਿਹੜੀ ਅਸੀਮ ਪ੍ਰਸੰਨਤਾ ਦਾ ਅਹਿਸਾਸ ਮਾਂ ਨੂੰ ਹੁੰਦਾ ਹੈ, ਕੁਝ ਪਲਾਂ ਲਈ ਉਹ ਮਾਂ ਨੂੰ ਜੰਮਣ-ਪੀੜਾਂ ਦੇ ਸਾਰੇ ਕਸ਼ਟ ਭੁਲਾ ਦਿੰਦਾ ਹੈ। ਬੱਚੇ ਦੇ ਪਾਲਣ-ਪੋਸ਼ਣ ਵਿੱਚ ਭਾਵੇਂ ਪਰਿਵਾਰ ਦੇ ਹੋਰ ਜੀਆਂ ਦਾ ਵੀ ਸਹਿਯੋਗ ਹੁੰਦਾ ਹੈ, ਪਰ ਜਿਹੜੀਆਂ ਦੁਸ਼ਵਾਰੀਆਂ ਮਾਂ ਝੱਲਦੀ ਹੈ, ਉਹਦਾ ਕਰਜ਼ ਕੋਈ ਉਤਾਰ ਨਹੀਂ ਸਕਦਾ। ਅਸਲ ਵਿੱਚ ਹਰ ਮਾਂ ਆਪਣਾ ਸੁੱਖ-ਆਰਾਮ, ਸਰੀਰਕ ਕਸ਼ਟ ਭੁੱਲ ਕੇ ਆਪਣੀ ਜ਼ਿੰਦਗੀ ਬੱਚੇ ਨੂੰ ਅਰਪਿਤ ਕਰ ਦਿੰਦੀ ਹੈ। ਉਹਦੇ ਉੱਠਣ, ਬੈਠਣ, ਜਾਗਣ-ਸੌਣ, ਖਾਣ-ਪੀਣ, ਕੰਮ-ਕਾਰ ਸਮੇਂ ਵੀ ਉਹਦੀ ਸੁਰਤੀ ਆਪਣੇ ਬੱਚੇ ਵਿੱਚ ਹੀ ਲੱਗੀ ਰਹਿੰਦੀ ਹੈ। ਆਪਣੇ ਘਰ-ਪਰਿਵਾਰ ਤੇ ਬੱਚਿਆਂ ਲਈ ਜਿਹੜਾ ਤਿਆਗ ਤੇ ਕੁਰਬਾਨੀ ਕੋਈ ਔਰਤ ਕਰਦੀ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਈ। ਸਭ ਕੁਝ ਕਰਦਿਆਂ ਵੀ ਮਾਂ ਕਦੇ ਜਤਾਉਂਦੀ ਨਹੀਂ ਕਿ ਮੈਂ ਇਹ ਕੁਝ ਕੀਤਾ। ਜੇ ਪਰਿਵਾਰ ਦਾ ਸਹਿਯੋਗ ਮਿਲਦਾ ਰਹੇ, ਘਰ ਵਿੱਚ ਸੁੱਖ-ਸ਼ਾਂਤੀ, ਆਪਸੀ ਪਿਆਰ, ਇਤਫਾਕ, ਖੁਸ਼ੀਆਂ ਤੇ ਅਪਣੱਤ ਭਰਿਆ ਮਾਹੌਲ ਬਣਿਆ ਰਹੇ ਤਾਂ ਕਿਸੇ ਔਰਤ ਲਈ ਵੀ ਇਸ ਤੋਂ ਵੱਡੀ ਕੋਈ ਖੁਸ਼ੀ ਨਹੀਂ ਹੁੰਦੀ। ਸਾਰਾ ਦਿਨ ਕੰਮਾਂਕਾਰਾਂ ਵਿੱਚ ਥੱਕੀ-ਟੁੱਟੀ ਸੁਆਣੀ ਨੂੰ ਜੇ ਕੋਈ ਪਿਆਰ ਨਾਲ ਇਹ ਹੀ ਕਹਿ ਦੇਵੇ ਕਿ ਤੂੰ ਬਹੁਤ ਕੰਮ ਕੀਤਾ ਅੱਜ, ਹੁਣ ਆਰਾਮ ਕਰ ਲੈ ਤਾਂ ਉਸ ਦੀ ਸਾਰੀ ਥਕਾਵਟ ਲੱਥ ਜਾਂਦੀ ਹੈ।

ਔਰਤ ਕਿਸੇ ਰਿਸ਼ਤੇ ਵਿੱਚ ਹੋਵੇ, ਉਹਦੇ ਅੰਦਰ ਇੱਕ ਮਮਤਾਮਈ ਦਿਲ ਹੁੰਦਾ ਹੈ, ਜਿਸ ਨਾਲ ਉਹ ਸਾਰਿਆਂ ਨੂੰ ਮੋਹ ਲੈਂਦੀ ਹੈ। ਮਾਂ, ਭੈਣ, ਧੀ, ਪਤਨੀ ਜਾਂ ਕਿਸੇ ਵੀ ਹੋਰ ਰਿਸ਼ਤੇ ਵਿੱਚ ਔਰਤ ਹੀ ਘਰਾਂ ਦੀ ਸਿਰਜਣਾ ਕਰਦੀ ਹੈ। ਹਰ ਧੀ ਵਿਆਹ ਹੋਣ ਤੱਕ ਆਪਣੇ ਪੇਕਿਆਂ ਦੇ ਘਰ ਨੂੰ ਸੰਵਾਰਦੀ ਤੇ ਸਜਾਉਂਦੀ ਰਹਿੰਦੀ ਹੈ। ਇੱਕ ਦਿਨ ਅਜਿਹਾ ਆ ਜਾਂਦਾ ਹੈ ਕਿ ਮਾਪੇ ਸਮਾਜਿਕ ਰੀਤਾਂ ਦੇ ਬੱਝੇ ਸ਼ਗਨਾਂ ਨਾਲ ਧੀ ਨੂੰ ਕਿਸੇ ਹੋਰ ਘਰ-ਪਰਿਵਾਰ ਦੀ ਸਿਰਜਣਾ ਲਈ ਅੱਗੇ ਤੋਰ ਦਿੰਦੇ ਹਨ। ਸਮਾਜ ਅਕਸਰ ਇਹ ਤਵੱਕੋ ਕਰਦਾ ਹੈ ਕਿ ਨਵੇਂ ਘਰ-ਪਰਿਵਾਰ ਵਿੱਚ ਜਾ ਕੇ ਨਵੀਂ ਮੁਟਿਆਰ, ਉੱਥੋਂ ਦੇ ਤੌਰ-ਤਰੀਕੇ ਸਿੱਖ ਕੇ ਆਪਣੇ ਆਪ ਨੂੰ ਉਸ ਪਰਿਵਾਰ ਦੇ ਜੀਆਂ ਸੰਗ ਵਿਚਰਨ ਲਈ ਢਾਲ ਲਏ। ਹੋਣਾ ਤਾਂ ਇਹ ਚਾਹੀਦਾ ਹੈ ਕਿ ਜਿਸ ਘਰ ਵਿੱਚ ਉਹ ਵਿਆਹੀ ਗਈ ਹੈ, ਉਸ ਘਰ ਦੇ ਜੀਅ ਉਸ ਨਾਲ ਪਿਆਰ, ਦੁਲਾਰ, ਸਨੇਹ ਸਤਿਕਾਰ ਤੇ ਹਲੀਮੀ ਦਾ ਇਸ ਕਦਰ ਪ੍ਰਗਟਾਵਾ ਕਰਨ ਕਿ ਨਵੀਂ ਵਿਆਹੀ ਮੁਟਿਆਰ ਨੂੰ ਆਪਣੇ ਪੇਕੇ ਘਰ ਦੇ ਜੀਆਂ ਦੀ ਯਾਦ ਵੀ ਨਾ ਸਤਾਵੇ ਤੇ ਉਹ ਛੇਤੀ ਛੇਤੀ ਸਹੁਰੇ ਘਰ ਵਿੱਚ ਰਚਮਿਚ ਜਾਵੇ। ਜਿਨ੍ਹਾਂ ਘਰਾਂ ਵਿੱਚ ਘਰ ਦੀ ਸੁਆਣੀ ਨਾਲ ਪਿਆਰ ਤੇ ਸਤਿਕਾਰ ਨਾਲ ਪੇਸ਼ ਆਇਆ ਜਾਂਦਾ ਹੈ ਤੇ ਦੁੱਖ-ਸੁੱਖ ਸਮੇਂ ਉਸ ਨਾਲ ਦਿਲੀ ਹਮਦਰਦੀ ਪ੍ਰਗਟ ਕੀਤੀ ਜਾਂਦੀ ਹੈ, ਉੱਥੇ ਔਰਤਾਂ ਘਰ-ਪਰਿਵਾਰ ਦੀਆਂ ਜ਼ਿੰਮੇਵਾਰੀਆਂ ਸੰਭਾਲਦੀਆਂ ਸਾਰਾ ਸਾਰਾ ਦਿਨ ਕੰਮ ਵਿੱਚ ਰੁੱਝੀਆਂ, ਦੁਸ਼ਵਾਰੀਆਂ ਝੱਲਦੀਆਂ, ਘਰਾਂ ਦੀ ਸਿਰਜਣਾ ਵਿੱਚ ਜੁਟੀਆਂ ਕਦੇ ਅੱਕਦੀਆਂ ਥੱਕਦੀਆਂ ਨਹੀਂ।

ਜਿੰਨੀ ਸੂਝ, ਸਲੀਕੇ, ਮਿਹਨਤ ਤੇ ਸਿਰੜ ਨਾਲ ਕੋਈ ਔਰਤ ਆਪਣੇ ਪਰਿਵਾਰ ਨੂੰ ਪਾਲਦੀ ਸੰਭਾਲਦੀ ਤੇ ਉਸ ਦੀ ਸਿਰਜਣਾ ਵਿੱਚ ਸੇਵਾ ਭਾਵਨਾ ਨਾਲ ਜੁਟੀ ਰਹਿੰਦੀ ਹੈ, ਉਹ ਸ਼ਾਇਦ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਸਵੇਰੇ ਸਭ ਤੋਂ ਪਹਿਲਾਂ ਜਾਗਣਾ ਤੇ ਰਾਤ ਨੂੰ ਸਭ ਤੋਂ ਬਾਅਦ ਵਿੱਚ ਸੌਣਾ ਤੇ ਘਰ ਦੇ ਜੀਆਂ ਦੀ ਹਰ ਲੋੜ ਪੂਰੀ ਕਰਦਿਆਂ ਕਦੇ ਮੱਥੇ ਵੱਟ ਨਾ ਪਾਉਣਾ ਘਰ ਦੀ ਸੁਆਣੀ ਦੀ ਆਪਾਵਾਰੂ ਭਾਵਨਾ ਦਾ ਪ੍ਰਤੀਕ ਹੈ। ਅਕਸਰ ਇਹ ਦੇਖਿਆ ਗਿਆ ਹੈ ਕਿ ਔਰਤਾਂ ਦੇ ਘਰ ਦੇ ਕੰਮਾਂ ਨੂੰ ਕੰਮ ਹੀ ਨਹੀਂ ਸਮਝਿਆ ਜਾਂਦਾ। ਹਾਲਾਂਕਿ ਘਰ ਦੀਆਂ ਔਰਤਾਂ ਸਵੇਰੇ ਮੂੰਹ ਹਨੇਰੇ ਤੋਂ ਲੈ ਕੇ ਰਾਤ ਪੈਣ ਤੱਕ ਕੰਮਾਂ ਵਿੱਚ ਜੁਟੀਆਂ ਰਹਿੰਦੀਆਂ ਹਨ। ਬਦਲ ਰਹੇ ਸਮਿਆਂ ਨਾਲ ਤਾਂ ਔਰਤਾਂ ਦੂਹਰੀ ਭੂਮਿਕਾ ਨਿਭਾਅ ਰਹੀਆਂ ਹਨ। ਕੰਮਕਾਜੀ ਔਰਤਾਂ ਆਪਣੀ ਡਿਊਟੀ ਵੀ ਕਰਦੀਆਂ ਹਨ ਤੇ ਘਰ-ਪਰਿਵਾਰ ਸੰਭਾਲਣ ਦੀ ਜ਼ਿੰਮੇਵਾਰੀ ਵੀ ਨਿਭਾਉਂਦੀਆਂ ਹਨ।

ਹੁਣ ਔਰਤਾਂ ਉੱਚ-ਵਿਦਿਆ ਪ੍ਰਾਪਤ ਕਰਕੇ ਆਪਣੀ ਸੂਝ ਤੇ ਲਿਆਕਤ ਨਾਲ ਵੱਡੇ ਵੱਡੇ ਅਹੁਦਿਆਂ ਦਾ ਮਾਣ ਵਧਾ ਰਹੀਆਂ ਹਨ। ਅਜੋਕੀ ਔਰਤ ਨੇ ਇਹ ਦਰਸਾ ਦਿੱਤਾ ਹੈ ਕਿ ਕੇਵਲ ਘਰ-ਪਰਿਵਾਰ ਨੂੰ ਸੰਭਾਲਣ ਤੱਕ ਹੀ ਉਹ ਸੀਮਤ ਨਹੀਂ ਹੈ, ਜੇ ਮੌਕੇ ਮਿਲਣ ਤਾਂ ਉਹ ਜ਼ਿੰਦਗੀ ਦੇ ਹਰ ਖੇਤਰ ਵਿੱਚ ਹੀ ਉੱਚੀਆਂ ਉਡਾਰੀਆਂ ਭਰਨ ਦੀ ਸਮਰੱਥਾ ਰੱਖਦੀ ਹੈ। ਬਹੁਤ ਦੁਖਦਾਈ ਸਥਿਤੀ ਹੈ ਕਿ ਅੱਜ ਵੀ ਸਮਾਜ ਵਿੱਚ ਔਰਤ ਵਿਰੋਧੀ ਮਾਨਸਿਕਤਾ ਭਾਰੂ ਹੈ। ਜ਼ਿੰਦਗੀ ਦੀ ਸਿਰਜਣਹਾਰੀ ਨੂੰ ਜੀਵਨ ਵਿੱਚ ਵਿਚਰਦਿਆਂ ਅਨੇਕਾਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਔਰਤਾਂ/ਕੁੜੀਆਂ ਆਪਣੇ ਘਰ, ਸਕੂਲ, ਕਾਲਜ, ਦਫ਼ਤਰ, ਅਦਾਰੇ, ਬੱਸ, ਰੇਲ, ਸੜਕ, ਬਾਜ਼ਾਰ ਜਾਂ ਕਿਤੇ ਵੀ ਸੁਰੱਖਿਅਤ ਨਹੀਂ ਹਨ ਤਾਂ ਅਸੀਂ ਕਿਹੜੀ ਗੱਲ ਦਾ ਮਾਣ ਕਰਦੇ ਹਾਂ। ਛੇੜਛਾੜ ਤੇ ਜਬਰ-ਜਨਾਹ ਦੀਆਂ ਸ਼ਰਮਨਾਕ ਘਟਨਾਵਾਂ ਦਾ ਵਾਪਰਨਾ ਅਜੋਕੇ ਸਮਾਜ ਦੇ ਮੱਥੇ 'ਤੇ ਕਲੰਕ ਹੈ। ਅਜਿਹੀ ਮਾਨਸਿਕਤਾ ਵਾਲੇ ਲੋਕ ਕੋਈ ਅਸਮਾਨੋਂ ਨਹੀਂ ਉਤਰਦੇ, ਸਗੋਂ ਸਾਡੇ ਆਲੇ-ਦੁਆਲੇ ਹੀ ਵਸਦੇ ਹਨ। ਕੇਵਲ ਕਾਨੂੰਨ ਹੀ ਨਹੀਂ ਸਮਾਜ ਵੀ ਆਪਣੀ ਜ਼ਿੰਮੇਵਾਰੀ ਸਮਝੇ। ਜੇ ਸਮਾਜ ਅਜਿਹੇ ਬਿਮਾਰ ਮਾਨਸਿਕਤਾ ਵਾਲੇ ਲੋਕਾਂ ਦੇ ਵਿਰੁੱਧ ਆਵਾਜ਼ ਬੁਲੰਦ ਕਰੇ ਤਾਂ ਅਸੀਂ ਮਾਵਾਂ, ਭੈਣਾਂ, ਧੀਆਂ ਨੂੰ ਸੁਰੱਖਿਅਤ ਮਾਹੌਲ ਦੇ ਸਕਦੇ ਹਾਂ। ਜਿੱਥੇ ਔਰਤਾਂ ਖੁਸ਼ ਹੋਣ ਤੇ ਆਦਰ ਸਨਮਾਨ ਨਾਲ ਨਿਵਾਜੀਆਂ ਜਾਣ, ਉਸ ਘਰ ਦੇ ਵਿਹੜੇ ਵਿੱਚ ਖੁਸ਼ੀਆਂ, ਪਿਆਰ, ਮਿਲਵਰਤਨ ਤੇ ਆਪਸੀ ਸਾਂਝਾਂ ਦੇ ਗੁਲਾਬਾਂ ਦੀ ਮਹਿਕ ਪਸਰੀ ਰਹਿੰਦੀ ਹੈ।

ਕੇਵਲ ਘਰ ਹੀ ਨਹੀਂ, ਸਗੋਂ ਜ਼ਿੰਦਗੀ ਦੇ ਹਰ ਕੋਨੇ ਵਿੱਚੋਂ ਔਰਤ ਦੇ ਸੁਹਜ, ਸਲੀਕੇ ਦੀ ਝਲਕ ਦੇਖੀ ਜਾ ਸਕਦੀ ਹੈ। ਔਰਤਾਂ ਦੀ ਅਣਹੋਂਦ ਨਾਲ ਘਰ ਦੇ ਜੀਅ ਹੀ ਨਹੀਂ, ਸਗੋਂ ਸਾਰਾ ਘਰ ਹੀ ਉਦਾਸ ਤੇ ਵਿਰਾਨ ਜਾਪਣ ਲੱਗਦਾ ਹੈ। ਜਦੋਂ ਘਰ ਦੇ ਵਿਹੜੇ ਵਿੱਚ ਔਰਤ ਦੇ ਪੈਰਾਂ ਦੀ ਥਾਪ ਪੈਂਦੀ ਹੈ ਤਾਂ ਸੁੰਨੇ ਤੇ ਉਦਾਸ ਘਰ ਵੀ ਚਹਿਕ ਉੱਠਦੇ ਹਨ। ਸਿਰਜਣਹਾਰੀ ਦੇ ਹੱਥਾਂ ਦਾ ਕਮਾਲ ਹੀ ਇਹ ਹੈ ਕਿ ਉਸ ਦੀ ਛੋਹ ਨਾਲ ਘਰ ਦੀ ਹਰ ਨੁੱਕਰ ਤੇ ਹਰ ਚੀਜ਼ ਖੇੜੇ ਨਾਲ ਮਹਿਕ ਉੱਠਦੀ ਹੈ। ਸਵਰਗ ਕਿਸੇ ਨੇ ਦੇਖਿਆ ਨਹੀਂ, ਸਗੋਂ ਕਿਆਸ ਅਰਾਈਆਂ ਹੀ ਹਨ ਕਿ ਉਹ ਬਹੁਤ ਸੰਦਰ ਹੋਵੇਗਾ, ਪਰ ਔਰਤ ਘਰ ਨੂੰ ਆਪਣੇ ਸੁਹਜ ਕਾਰਜਾਂ ਨਾਲ ਸਵਰਗ ਬਣਾਉਣ ਦੀ ਸਮਰੱਥਾ ਰੱਖਦੀ ਹੈ। ਜ਼ਿੰਦਗੀ ਰੂਪੀ ਫੁੱਲਵਾੜੀ ਵਿੱਚ ਰਿਸ਼ਤਿਆਂ ਦੇ ਅਨੇਕਾਂ ਰੰਗ-ਬਿਰੰਗੇ ਫੁੱਲ ਔਰਤ ਦੀ ਹੋਂਦ ਨਾਲ ਹੀ ਜੁੜੇ ਹੋਏ ਹਨ।







ਪੰਥ ਕੀ ਜੀਤ
ਪੰਥ ਕੀ ਜੀਤ
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ
ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆਂ
VANCO
TRUCK & AUTO PLAZA
TEL : 208-466-0833, FAX : 209-466-2740
ਬੋਪਾਰਾਏ ਬ੍ਰਦਰਜ਼
ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ
ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ
1033. W Charter Way Stockton CA 95206 (1-5 Hwy4)









# ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਪੂਰਨਤਾ ਦਿਵਸ ਤੇ ਪਹਿਲੇ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈ







ਧੰਨਵਾਦ ਸਾਹਿਤ : ਸਮੂਹ ਸੰਗਤ ਕੈਲੀਫੋਰਨੀਆ, ਇਲਾਕਾ ਨਿਵਾਸੀ ਸੰਗਤਾਂ ਫਤਹਿਗੜ੍ਹ ਸਾਹਿਬ ਅਤੇ

## ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ

# ਆਲੋਚਨਾਤਮਕ ਸੋਚ ਇੱਕ ਕਦੇ ਨਾ ਖ਼ਤਮ ਹੋਣ ਵਾਲੀ ਯਾਤਰਾ ਹੈ

ਆਲੋਚਨਾਤਮਕ ਸੋਚ ਦੇ ਹੁਨਰ ਨੂੰ ਕਿਵੇਂ ਵਿਕਸਿਤ ਕਰਨਾ ਹੈ ਆਲੋਚਨਾਤਮਕ ਸੋਚ ਆਰਗੂਮੈਂਟਾਂ ਦਾ ਨਿਰਪੱਖ ਤੌਰ ’ਤੇ ਵਿਸ਼ਲੇਸ਼ਣ ਕਰਨ, ਪ੍ਰਸ਼ਨ ਧਾਰਨਾਵਾਂ, ਸਬੂਤ ਦੀ ਵਿਆਖਿਆ ਅਤੇ ਮੁਲਾਂਕਣ ਕਰਨ ਅਤੇ ਕਈ ਦ੍ਰਿਸ਼ਟੀਕੋਣਾਂ ਤੋਂ ਮੁੱਦਿਆਂ ’ਤੇ ਵਿਚਾਰ ਕਰਨ ਦੀ ਯੋਗਤਾ ਹੈ। ਇਹ ਜ਼ਰੂਰੀ ਹੁਨਰ ਸਾਨੂੰ ਕੰਮ, ਸਿੱਖਿਆ, ਅਤੇ ਰੋਜ਼ਾਨਾ ਜੀਵਨ ਦੇ ਸਾਰੇ ਪਹਿਲੂਆਂ ਵਿੱਚ ਸਹੀ ਨਿਰਣੇ ਅਤੇ ਫੈਸਲੇ ਲੈਣ ਦੀ ਆਗਿਆ ਦਿੰਦਾ ਹੈ। ਆਲੋਚਨਾਤਮਕ ਸੋਚ ਸਾਨੂੰ ਅਧੂਰੀ ਜਾਣਕਾਰੀ, ਪੱਖਪਾਤ, ਜਾਂ ਨੁਕਸਦਾਰ ਤਰਕ ਦੇ ਆਧਾਰ ’ਤੇ ਸਨੈਪ ਫੈਸਲਿਆਂ ਤੋਂ ਪਰੇ ਜਾਣ ਦੇ ਯੋਗ ਬਣਾਉਂਦੀ ਹੈ। ਇਸ ਦੀ ਬਜਾਏ, ਅਸੀਂ ਤਰਕਸੰਗਤ ਸਿੱਟੇ ’ਤੇ ਪਹੁੰਚਣ ਤੋਂ ਪਹਿਲਾਂ ਦਾਅਵਿਆਂ ਅਤੇ ਦਲੀਲਾਂ ਦੇ ਪਿੱਛੇ ਤੱਥਾਂ ਦੇ ਆਧਾਰ ਅਤੇ ਤਰਕ ਦਾ ਧਿਆਨ ਨਾਲ ਮੁਲਾਂਕਣ ਕਰ ਸਕਦੇ ਹਾਂ। ਅੱਜ ਦੇ ਗੁੰਝਲਦਾਰ ਜਾਣਕਾਰੀ ਦੇ ਲੈਂਡਸਕੇਪ ਵਿੱਚ, ਆਲੋਚਨਾਤਮਕ ਤੌਰ ’ਤੇ ਸੋਚਣਾ ਪਹਿਲਾਂ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ। ਮੀਡੀਆ, ਇਸ਼ਤਿਹਾਰਬਾਜ਼ੀ, ਰਾਜਨੀਤੀ ਅਤੇ ਹੋਰਾਂ ਤੋਂ ਸਮੱਗਰੀ ਦੇ ਹੜ੍ਹ ਦੇ ਨਾਲ, ਅਣਗਿਣਤ ਦਾਅਵੇ ਸਾਡੇ ਧਿਆਨ ਅਤੇ ਵਿਸ਼ਵਾਸ ਲਈ ਲੜ ਰਹੇ ਹਨ। ਦਾਅ ਵੀ ਉੱਚੇ ਹਨ-ਸਾਡੇ ਫੈਸਲੇ ਸਾਡੀ ਸਿਹਤ, ਵਿੱਤ, ਸਬੰਧਾਂ ਅਤੇ ਭਵਿੱਖ ਨੂੰ ਪ੍ਰਭਾਵਤ ਕਰ ਸਕਦੇ ਹਨ। ਆਲੋਚਨਾਤਮਕ ਠੋਸ ਸੋਚ ਸਮਰੱਥਾ ਦੇ ਬਿਨਾਂ, ਅਸੀਂ ਹੇਰਾਫੇਰੀ, ਮਾੜੀਆਂ ਚੋਣਾਂ, ਅਤੇ ਝੂਠ ਵਿੱਚ ਵਿਸ਼ਵਾਸ ਕਰਨ ਲਈ ਕਮਜ਼ੋਰ ਹੁੰਦੇ ਹਾਂ। ਇਸ ਤਰ੍ਹਾਂ ਸਫਲਤਾ ਲਈ ਸਾਡੀ ਆਲੋਚਨਾਤਮਕ ਸੋਚ ਦਾ ਵਿਕਾਸ ਕਰਨਾ ਮਹੱਤਵਪੂਰਨ ਹੈ। ਖੁਸ਼ਕਿਸਮਤੀ ਨਾਲ, ਆਲੋਚਨਾਤਮਕ ਸੋਚ ਇੱਕ ਸਿੱਖਣਯੋਗ ਹੁਨਰ ਹੈ ਜਿਸ ਨੂੰ ਕੋਈ ਵੀ ਮਿਹਨਤੀ ਅਭਿਆਸ ਨਾਲ ਤਿੱਖਾ ਕਰ ਸਕਦਾ ਹੈ। ਅਸੀਂ ਤਰਕ ਅਤੇ ਤਰਕ ਦੇ ਕੁਝ ਮੂਲ ਸਿਧਾਂਤਾਂ ਵਿੱਚ ਮੁਹਾਰਤ ਹਾਸਲ ਕਰਕੇ, ਧਾਰਨਾਵਾਂ ਨੂੰ ਸਵਾਲ ਕਰਨ, ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਦਾ ਮਨੋਰੰਜਨ ਕਰਨ, ਸਬੂਤਾਂ ਦਾ ਚੰਗੀ ਤਰ੍ਹਾਂ ਵਿਸ਼ਲੇਸ਼ਣ ਕਰਕੇ ਅਤੇ ਸਾਡੀਆਂ ਵਿਚਾਰ ਪ੍ਰਕਿਰਿਆਵਾਂ ’ਤੇ ਪ੍ਰਤੀਬਿੰਬਤ ਕਰਕੇ ਆਪਣੀਆਂ ਆਲੋਚਨਾਤਮਕ ਸੋਚਣ ਦੀਆਂ ਯੋਗਤਾਵਾਂ ਵਿੱਚ ਮਹੱਤਵਪੂਰਨ ਸੁਧਾਰ ਕਰ ਸਕਦੇ ਹਾਂ। ਇਸ ਨਾਲ ਬੌਧਿਕ ਵਿਕਾਸ ਹੁੰਦਾ ਹੈ। ਤਰਕ ਅਤੇ ਤਰਕ ਦੀ ਬੁਨਿਆਦ ਆਲੋਚਨਾਤਮਕ ਤੌਰ ’ਤੇ ਸੋਚਣ ਲਈ, ਤੁਹਾਨੂੰ ਦਲੀਲਾਂ ਵਿੱਚ ਆਮ ਖਾਮੀਆਂ ਅਤੇ ਕਮਜ਼ੋਰੀਆਂ ਦੀ ਪਛਾਣ ਕਰਨ ਦੀ ਲੋੜ ਹੈ। ਤਰਕਸ਼ੀਲ ਭੁਲੇਖਿਆਂ ਨੂੰ ਪਛਾਣਨਾ ਸਿੱਖੋ - ਤਰਕ ਵਿੱਚ ਗਲਤੀਆਂ ਜੋ ਕਿਸੇ ਦਲੀਲ ਨੂੰ ਅਪ੍ਰਮਾਣਿਤ ਕਰਦੀਆਂ ਹਨ। ਉਦਾਹਰਨ ਲਈ, ‘ਤਿਲਕਣ ਢਲਾਨ’ ਦੀ ਗਲਤੀ ਕਿਸੇ ਕਾਰਵਾਈ ਦੇ ਗੰਭੀਰ ਨਤੀਜਿਆਂ ਬਾਰੇ ਗੈਰ-ਵਾਜਬ ਭਵਿੱਖਬਾਣੀ ਕਰਦੀ ਹੈ। ‘ਜੇ ਅਸੀਂ X ਦੀ ਇਜਾਜ਼ਤ ਦਿੰਦੇ ਹਾਂ, ਤਾਂ Y ਵੀ ਹੋਵੇਗਾ!’ ਮੁਲਾਂਕਣ ਕਰੋ ਕਿ ਕੀ ਹਰ ਕਦਮ ਤਰਕ ਨਾਲ ਅਗਲੇ ਵੱਲ ਜਾਂਦਾ ਹੈ। ਨਾਲ ਹੀ, ਬੋਧਾਤਮਕ ਪੱਖਪਾਤਾਂ ਦੀ ਭਾਲ ਕਰੋ, ਜੋ ਕਿ ਉਹ ਰੁਝਾਨ ਹਨ ਜੋ ਉਦੇਸ਼ ਨਿਰਣੇ ਨੂੰ ਕਮਜ਼ੋਰ ਕਰਦੇ


ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਹਨ। ਇੱਕ ਉਦਾਹਰਨ ਪੁਸ਼ਟੀ ਪੱਖਪਾਤ ਹੈ, ਜਿੱਥੇ ਲੋਕ ਆਪਣੇ ਵਿਚਾਰਾਂ ਦਾ ਸਮਰਥਨ ਕਰਨ ਵਾਲੀ ਜਾਣਕਾਰੀ ਦਾ ਸਮਰਥਨ ਕਰਦੇ ਹਨ। ਆਪਣੀ ਸੋਚ ਵਿੱਚ ਪੱਖਪਾਤ ਤੋਂ ਸੁਚੇਤ ਰਹੋ। ਮੁੱਦਿਆਂ ਨੂੰ ਨਿਰਪੱਖਤਾ ਨਾਲ ਦੇਖ ਕੇ ਧਾਰਨਾਵਾਂ ਨੂੰ ਚੁਣੌਤੀ ਦਿਓ। ਨਾਲ ਹੀ, ਤੁਹਾਡੇ ਦ੍ਰਿਸ਼ਟੀਕੋਣਾਂ ਨੂੰ ਆਕਾਰ ਦੇਣ ਵਾਲੇ ਪੱਖਪਾਤਾਂ ਨਾਲ ਜੁੜੇ ਰਹੋ। ਸਾਡੇ ਸਾਰਿਆਂ ਕੋਲ ਪਾਲਣ-ਪੋਸ਼ਣ, ਸੱਭਿਆਚਾਰ ਅਤੇ ਤਜ਼ਰਬੇ ਕਾਰਨ ਹੈ। ਤੁਹਾਡੇ ਪੱਖਪਾਤ ਬਾਰੇ ਜਾਗਰੂਕਤਾ ਤੁਹਾਨੂੰ ਲੋੜ ਪੈਣ ’ਤੇ ਉਹਨਾਂ ਦਾ ਮੁਕਾਬਲਾ ਕਰਨ ਦੀ ਇਜਾਜ਼ਤ ਦਿੰਦੀ ਹੈ। ਵੱਖ-ਵੱਖ ਦ੍ਰਿਸ਼ਟੀਕੋਣਾਂ ਦਾ ਮਨੋਰੰਜਨ ਕਰੋ ਕਿਸੇ ਵੀ ਮੁੱਦੇ ’ਤੇ, ਚੀਜ਼ਾਂ ਨੂੰ ਕਈ ਕੋਣਾਂ ਤੋਂ ਦੇਖਣ ਦੀ ਕੋਸ਼ਿਸ਼ ਕਰੋ, ਨਾ ਕਿ ਸਿਰਫ਼ ਆਪਣੇ ਹੀ। ਆਪਣੇ ਆਪ ਨੂੰ ਉਲਟ



ਸਥਿਤੀ ਲਈ ਬਹਿਸ ਕਰਨ ਦੀ ਕਲਪਨਾ ਕਰੋ. ਤੁਹਾਡੀ ਦਲੀਲ ਕੀ ਹੋਵੇਗੀ ? ਇਹ ‘ਸ਼ੈਤਾਨ ਦਾ ਵਕੀਲ’ ਤਕਨੀਕ ਤੁਹਾਡੇ ਰੁਖ ਵਿੱਚ ਖਾਮੀਆਂ ਨੂੰ ਮਜ਼ਬੂਤ ਜਾਂ ਉਜਾਗਰ ਕਰਦੀ ਹੈ। ਆਪਣੀ ਸਮਝ ਨੂੰ ਵਧਾਉਣ ਲਈ ਵੱਖੋ-ਵੱਖਰੇ ਨਜ਼ਰੀਏ ਵਾਲੇ ਲੋਕਾਂ ਨਾਲ ਵਿਚਾਰਾਂ ’ਤੇ ਚਰਚਾ ਕਰੋ। ਸਿਰਫ਼ ਉਹਨਾਂ ਨੂੰ ਨਾ ਲੱਭੋ ਜੋ ਤੁਹਾਡੇ ਨਾਲ ਸਹਿਮਤ ਹਨ। ਜੇ ਲੋੜੀਂਦਾ ਹੋਵੇ ਤਾਂ ਆਪਣੀ ਸੋਚ ਨੂੰ ਸੋਧਣ ਲਈ ਖੁੱਲ੍ਹੇ ਰਹੋ। ਉਤਸੁਕ ਅਤੇ ਖੁੱਲ੍ਹੇ ਮਨ ਵਾਲੇ ਰਹੋ ਛੇਤੀ ਹੀ ਸਖ਼ਤ ਨਿਰਣੇ ਬਣਾਉਣ ਤੋਂ ਬਚੋ। ਨਵੀਂ ਜਾਣਕਾਰੀ ਲਈ ਖੁੱਲ੍ਹੇ ਰਹੋ ਜੋ ਤੁਹਾਡੀਆਂ ਧਾਰਨਾਵਾਂ ਨੂੰ ਚੁਣੌਤੀ ਦਿੰਦੀ ਹੈ। ਮੌਜੂਦਾ ਵਿਸ਼ਵਾਸਾਂ ਨਾਲ ਨਾ ਚਿੰਬੜੇ ਰਹੋ ਜੇਕਰ ਤੁਹਾਨੂੰ ਹੋਰ ਠੋਸ ਸਬੂਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਡੂੰਘਾਈ ਨਾਲ ਜਾਂਚ ਕਰਨ ਲਈ ਸਵਾਲ ਪੁੱਛਦੇ ਰਹੋ। ਨਾਲ ਹੀ, ਸੰਕਲਪਾਂ ਨੂੰ ਪੂਰੀ ਤਰ੍ਹਾਂ ਵਿਚਾਰਨ ਤੋਂ ਪਹਿਲਾਂ ਬਹੁਤ ਜਲਦੀ ਸਵੀਕਾਰ ਕਰੋ। ਵਿਚਾਰਾਂ ਦਾ ਨਿਰਪੱਖ ਵਿਸ਼ਲੇਸ਼ਣ ਦਿਓ, ਭਾਵੇਂ ਉਹ ਪਹਿਲਾਂ ਅਜੀਬ ਲੱਗਦੇ ਹੋਣ। ਇੱਕ ਖੁੱਲ੍ਹਾ, ਉਤਸੁਕ ਮਨ ਹੋਰ ਸੱਚਾਈ ਨੂੰ ਖੋਜਦਾ ਹੈ। ਸਬੂਤਾਂ ਅਤੇ ਦਲੀਲਾਂ ਦਾ ਧਿਆਨ ਨਾਲ ਵਿਸ਼ਲੇਸ਼ਣ ਕਰੋ ਜਦੋਂ ਕਿਸੇ ਦਾਅਵੇ ਨਾਲ ਪੇਸ਼ ਕੀਤਾ ਜਾਂਦਾ ਹੈ, ਤਾਂ ਇਸ ਨੂੰ ਬਿਨਾਂ ਸੋਚੇ ਸਮਝੇ ਸਵੀਕਾਰ ਨਾ ਕਰੋ। ਇਸਦਾ ਸਮਰਥਨ ਕਰਨ ਲਈ ਵਰਤੇ ਗਏ ਸਬੂਤ ਅਤੇ ਤਰਕ ਦੀ ਜਾਂਚ ਕਰੋ। ਸਵਾਲ ਪੁੱਛੋ ਜਿਵੇਂ: ਤੁਹਾਡਾ ਸੁਧਾਰ ਕਰੋ Metacognition Metacognition ਦਾ ਮਤਲਬ ਹੈ ਆਪਣੀ ਸੋਚ ਬਾਰੇ ਸੋਚਣਾ। ਉਹਨਾਂ ਖੇਤਰਾਂ ਦੀ ਪਛਾਣ ਕਰਨ ਲਈ ਆਪਣੀਆਂ ਵਿਚਾਰ ਪ੍ਰਕਿਰਿਆਵਾਂ ’ਤੇ ਪ੍ਰਤੀਬਿੰਬ ਕਰੋ ਜਿਨ੍ਹਾਂ ਦੀ ਤੁਹਾਨੂੰ ਵਿਕਾਸ ਕਰਨ ਦੀ ਲੋੜ ਹੈ। ਉਦਾਹਰਨ ਲਈ, ਕੀ ਤੁਸੀਂ ਸਿੱਟਾ ਕੱਢਣ ਤੋਂ ਪਹਿਲਾਂ ਸਬੂਤਾਂ ਦਾ ਪੂਰਾ ਮੁਲਾਂਕਣ ਕਰਦੇ ਹੋ ? ਕੀ ਤੁਸੀਂ ਕਈ ਦ੍ਰਿਸ਼ਟੀਕੋਣਾਂ ’ਤੇ ਵਿਚਾਰ ਕਰ ਰਹੇ ਹੋ ? ਆਪਣੇ ਮਾਨਸਿਕ ਅੰਨ੍ਹੇ ਸਥਾਨਾਂ ਤੋਂ ਜਾਣੂ ਹੋਣਾ ਤੁਹਾਨੂੰ ਸੁਚੇਤ ਤੌਰ ’ਤੇ ਸੁਧਾਰ ਕਰਨ ਦੀ ਇਜਾਜ਼ਤ ਦਿੰਦਾ ਹੈ। ਇਸ ਬਾਰੇ ਸੋਚੋ ਕਿ ਤੁਸੀਂ ਆਪਣੇ ਆਲੋਚਨਾਤਮਕ ਸੋਚ ਦੇ ਹੁਨਰ ਨੂੰ ਕਿਵੇਂ ਵਧਾ ਸਕਦੇ ਹੋ, ਫਿਰ ਉਹਨਾਂ ਨੂੰ ਅਭਿਆਸ ਵਿੱਚ ਪਾਓ। ਆਲੋਚਨਾਤਮਕ ਸੋਚ ਦਾ ਅਭਿਆਸ ਕਰਦੇ ਰਹੋ ਸੁਧਾਰ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਰੋਜ਼ਾਨਾ ਜੀਵਨ ਵਿੱਚ ਇਹਨਾਂ ਹੁਨਰਾਂ ਨੂੰ ਲਗਾਤਾਰ ਲਾਗੂ ਕਰਨਾ। ਕੋਈ ਵੀ ਮਹੱਤਵਪੂਰਨ ਫੈਸਲਾ ਲੈਂਦੇ ਸਮੇਂ, ਦੱਸੇ ਗਏ ਗੰਭੀਰ ਸੋਚ ਵਾਲੇ ਕਦਮਾਂ ਦੀ ਵਰਤੋਂ ਕਰੋ। ਲਾਜ਼ੀਕਲ ਤਰਕ ਦੀ ਵਰਤੋਂ ਕਰਦੇ ਹੋਏ ਦੂਜਿਆਂ ਨਾਲ ਵਿਚਾਰਾਂ ਅਤੇ ਮੁੱਦਿਆਂ ’ਤੇ ਚਰਚਾ ਕਰੋ। ਸਮੇਂ ਦੇ ਨਾਲ, ਤੁਹਾਡੀਆਂ ਵਿਸ਼ਲੇਸ਼ਣਾਤਮਕ ਯੋਗਤਾਵਾਂ ਮਜ਼ਬੂਤ ਹੋਣਗੀਆਂ। ਸਿੱਟਾ ਕੰਮ, ਸਿੱਖਿਆ, ਫੈਸਲੇ ਲੈਣ, ਅਤੇ ਸਾਰੇ ਬੌਧਿਕ ਕੰਮਾਂ ਲਈ ਮਜ਼ਬੂਤ ਆਲੋਚਨਾਤਮਕ ਸੋਚ ਦੇ ਹੁਨਰਾਂ ਦਾ ਵਿਕਾਸ ਕਰਨਾ ਬਹੁਤ ਹੀ ਕੀਮਤੀ ਹੈ। ਤਰਕ ਨਾਲ ਦਲੀਲਾਂ, ਪ੍ਰਸ਼ਨ ਧਾਰਨਾਵਾਂ, ਸਬੂਤਾਂ ਦੀ ਵਿਆਖਿਆ ਕਰਨ ਅਤੇ ਕਈ ਦ੍ਰਿਸ਼ਟੀਕੋਣਾਂ ’ਤੇ ਵਿਚਾਰ ਕਰਨ ਦੀ ਯੋਗਤਾ ਸਾਨੂੰ ਇੱਕ ਬਹੁਤ ਵੱਡਾ ਫਾਇਦਾ ਦਿੰਦੀ ਹੈ। ਇਹ ਸਾਨੂੰ ਤਰਕਸੰਗਤ ਸਿੱਟੇ ’ਤੇ ਪਹੁੰਚਣ ਲਈ ਪੱਖਪਾਤ, ਫਜ਼ੂਲ ਨਿਰਣੇ, ਅਤੇ ਸੀਮਤ ਸੋਚ ਤੋਂ ਪਰੇ ਜਾਣ ਦੀ ਇਜਾਜ਼ਤ ਦਿੰਦਾ ਹੈ। ਹਾਲਾਂਕਿ ਆਲੋਚਨਾਤਮਕ ਸੋਚ ਸ਼ੁਰੂ ਵਿੱਚ ਡਰਾਉਣੀ ਲੱਗ ਸਕਦੀ ਹੈ, ਇਸ ਨੂੰ ਅਭਿਆਸ ਅਤੇ ਸਮਰਪਣ ਨਾਲ ਪੈਦਾ ਕੀਤਾ ਜਾ ਸਕਦਾ ਹੈ। ਕੋਈ ਵੀ ਵਿਅਕਤੀ ਤਰਕ ਦੇ ਮੂਲ ਸਿਧਾਂਤਾਂ ਵਿੱਚ ਮੁਹਾਰਤ ਹਾਸਲ ਕਰਕੇ, ਉਨ੍ਹਾਂ ਦੇ ਪੱਖਪਾਤ ਤੋਂ ਜਾਣੂ ਹੋ ਕੇ, ਦਾਅਵਿਆਂ ਬਾਰੇ ਚੰਗੀ ਤਰ੍ਹਾਂ ਸਵਾਲ ਪੁੱਛਣ, ਖੁੱਲ੍ਹੇ ਦਿਮਾਗ਼ ਨਾਲ ਰਹਿਣ, ਅਤੇ ਉਨ੍ਹਾਂ ਦੀਆਂ ਵਿਚਾਰ ਪ੍ਰਕਿਰਿਆਵਾਂ ’ਤੇ ਪ੍ਰਤੀਬਿੰਬਤ ਕਰਕੇ ਆਪਣੀ ਆਲੋਚਨਾਤਮਕ ਸੋਚ ਨੂੰ ਵਧਾ ਸਕਦਾ ਹੈ। ਅਦਾਇਗੀ ਬਹੁਤ ਜ਼ਿਆਦਾ ਹੈ - ਬਿਹਤਰ ਫੈਸਲੇ, ਵਧੇਰੇ ਡੂੰਘਾ ਗਿਆਨ ਅਤੇ ਬੌਧਿਕ ਵਿਕਾਸ। ਆਲੋਚਨਾਤਮਕ ਸੋਚ ਇੱਕ ਕਦੇ ਨਾ ਖ਼ਤਮ ਹੋਣ ਵਾਲੀ ਯਾਤਰਾ ਹੈ, ਕਿਉਂਕਿ ਇੱਥੇ ਪਹੁੰਚਣ ਲਈ ਵਿਸ਼ਲੇਸ਼ਣ ਦੇ ਹਮੇਸ਼ਾਂ ਡੂੰਘੇ ਪੱਧਰ ਹੁੰਦੇ ਹਨ। ਪਰ ਬੌਧਿਕ ਕਠੋਰਤਾ ਦੇ ਇਨਾਮ ਮਿਹਨਤ ਦੇ ਯੋਗ ਹਨ. ਸਾਡੀ ਆਲੋਚਨਾਤਮਕ ਸੋਚ ਦੇ ਹੁਨਰ ਨੂੰ ਤਿੱਖਾ ਕਰਨਾ ਸਾਨੂੰ ਸੱਚ ਨੂੰ ਝੂਠ ਤੋਂ ਵੱਖ ਕਰਨ, ਬੁੱਧੀਮਾਨ ਵਿਕਲਪ ਬਣਾਉਣ ਅਤੇ ਸਮਝ ਦੇ ਉੱਚ ਪੱਧਰਾਂ ਤੱਕ ਪਹੁੰਚਣ ਦੀ ਆਗਿਆ ਦਿੰਦਾ ਹੈ। ਅਸੀਂ ਸਾਰੇ ਇਕਸਾਰ ਅਭਿਆਸ ਨਾਲ ਬਿਹਤਰ ਆਲੋਚਨਾਤਮਕ ਚਿੰਤਕ ਅਤੇ ਸੂਚਿਤ ਫੈਸਲੇ ਲੈਣ ਵਾਲੇ ਬਣ ਸਕਦੇ ਹਾਂ।

# ਬਾਬੇ ਨਵੇਂ ਨਵੇਂ ਪੰਜਾਬ ਵਿੱਚ ਪੈਦਾ ਹੋ ਗਏ

## ਪੰਜਾਬ ਘੇਰ ਲਿਆ ਪਖੰਡੀਆਂ ਨੇ ....









ਗੁਰਾਂ ਦੇ ਨਾਮ ਹੇਠ ਵੱਸਣ ਵਾਲਾ ਪੰਜਾਬ ਜੋ ਗੁਰੂਆਂ ਪੀਰ ਫ਼ਕੀਰਾਂ ਸੂਰਬੀਰ ਯੋਧਿਆਂ ਦੀ ਇਤਿਹਾਸਕ ਧਰਤੀ ਦਾ ਵਾਰਸ ਜਿਸ ਦੀ ਧੁੰਮ ਦੂਰ ਦੂਰ ਤੱਕ ਸੀ ਤੇ ਪੰਜਾਬ ਵਾਸੀਆਂ ਨੂੰ ਆਪਣੇ ਆਪ ਉੱਤੇ ਵੱਡਾ ਮਾਣ।

ਪਰ ਪਤਾ ਨਹੀਂ ਪੰਜਾਬ ਨੂੰ ਕਿਸ ਕਲਹਿਣੇ ਦੀ ਨਜ਼ਰ ਲੱਗੀ ਕਿ ਪੰਜਾਬ ਦੀ ਧਰਤੀ ਵੀ ਅਨੇਕਾਂ ਪਾਸਿਆਂ ਤੋਂ ਅਨੇਕਾਂ ਅਲਾਮਤਾਂ ਵਿੱਚ ਘਿਰ ਗਈ। ਲੋਕ ਆਪੋ ਆਪਣੇ ਧਰਮ ਤੋਂ ਭਟਕ ਗਏ ਤੇ ਆਪਣੇ ਇਸ਼ਟਾਂ ਨੂੰ ਹੀ ਭੁੱਲ ਗਏ ਤੇ ਫਿਰ ਕਿੱਥੋਂ ਸੁੱਖ ਸਾਂਦ ਭਾਲਦੇ ਹੋ। ਚੰਗੇ ਸੱਚ ਦੇ ਮਾਰਗ ਤੋਂ ਭਟਕ ਕੇ ਗੁਰੂਆਂ ਤੋਂ ਹੀ ਮਨਮੁਖ ਹੋ ਗਏ ਤੇ ਗੁਰੂਆਂ ਪੀਰਾਂ ਫ਼ਕੀਰਾਂ ਨੂੰ ਛੱਡ ਕੇ ਪਾਖੰਡੀਆਂ ਦੇ ਮਗਰ ਲੱਗ ਕੇ ਆਪਣਾ ਆਪ ਵੀ ਗਵਾਇਆ ਮਾਇਆ ਵੀ ਇੱਜ਼ਤ ਵੀ ਤੇ ਹੋਰ ਬਹੁਤ ਕੁਝ।

ਅੱਜ ਹਰ ਧਰਮ ਸਿੱਖ ਹਿੰਦੂ ਮੁਸਲਿਮ ਜੈਨੀ ਬੋਧੀ ਗੱਲ ਕੀ ਧਰਮ ਦੇ ਨਾਂ ਹੇਠ ਬਣੇ ਫਿਰਕਿਆਂ ਵਿੱਚ ਪਾਖੰਡ ਧਰਮ ਵਿੱਚ ਵਾੜ ਦਿੱਤਾ ਅਸੀ ਸਾਰੇ ਹੀ ਆਪੋ ਆਪਣੇ ਧਰਮ ਵਿੱਚ ਧਾਰਮਿਕ ਪਾਖੰਡਾਂ ਨੂੰ ਖੁਦ ਹੀ ਪੂਜ ਕੇ ਉਥੇ ਬੈਠੇ ਪੁਜਾਰੀ ਨੂੰ ਵੀ ਮਾਨਤਾ ਦੇ ਕੇ ਧਰਮ ਦੀ ਅੰਨ੍ਹੀ ਸਰਧਾ ਵਿੱਚ ਸਭ ਕੁਝ ਜਰੀ ਜਾ ਰਹੇ ਹਾਂ। ਸਿੱਖ ਧਰਮ ਦੇ ਮਹਾਨ ਫਲਸਫੇ ਵਿੱਚ ਵੀ ਪਾਖੰਡ ਪਖੰਡੀ ਬਾਬਿਆਂ ਰਾਹੀ ਫੱਟੇ ਚੱਕ ਰਿਹਾ ਹੈ। ਪਤਾ ਨਹੀਂ ਐਨੇ ਬਾਬੇ ਕਿੱਥੋਂ ਆ ਗਏ ਤੇ ਕੀ ਇਨ੍ਹਾਂ ਦੀ ਕਿਰਤ ਹੈ। ਉਪਰੋਂ ਆਲੀਸ਼ਾਨ ਰਹਿਣ ਸਹਿਣ ਮਹਿੰਗੀਆਂ ਵੱਡੀਆਂ ਗੱਡੀਆਂ ਸਭ ਕਿਵੇਂ ਬਸ ਦਰਮ ਦਾ ਧੰਦਾ ਆਪਣੇ ਨਾਲ ਜੋੜੀ ਅੰਨ੍ਹੀ ਸਰਧਾ ਵਾਲੀ ਸੰਗਤ ਬਾਬੇ ਦੇ ਹਰ ਪਾਖੰਡ ਨੂੰ ਮਾਨਤਾ ਦੇਦੀ ਹੈ ਪਖੰਡੀ ਬਾਬਿਆਂ ਦੀਆਂ ਪੌਂ ਬਾਰਾਂ ਤਾਂ ਹੀ ਤਾਂ ਨਵੇਂ ਤੋਂ ਨਵੇਂ ਬਾਬੇ ਨਵੇਂ ਤੇ ਮਾਡਰਨ ਢੰਗ ਨਾਲ ਪੰਜਾਬ ਦੀ ਧਰਤੀ ਤੇ ਸਥਾਪਿਤ ਹੋ ਰਹੇ ਹਨ। ਇਸੇ ਤਰੀਕੇ ਹਿੰਦੂ ਸੰਸਕ੍ਰਿਤੀ ਵਿੱਚ ਹਿੰਦੂ ਧਰਮ ਦੇ ਵਿੱਚ ਅਨੇਕਾਂ ਬਾਬੇ ਪੈਦਾ ਕੀਤੇ ਜਾ ਰਹੇ ਹਨ। ਪਹਿਲਾਂ ਤਾਂ ਪੰਜਾਬ ਦੀ ਧਰਤੀ ਉੱਤੇ ਸਿੱਖ ਧਰਮ ਵਿਰੋਧੀ ਰਾਧਾ ਸੁਆਮੀ ਨਿਰੰਕਾਰੀ ਜਾਂ ਮਾੜੇ ਮੋਟੇ ਹੋਰ ਸਨ ਪਰ ਹੁਣ ਤਾਂ ਪੰਜਾਬ ਦੀ ਧਰਤੀ ਉੱਤੇ ਹੀ ਧਰਮਾਂ ਦਾ ਹੜ੍ਹ ਆਇਆ ਪਿਆ ਹੈ। ਸਭ ਤੋਂ

ਬਲਬੀਰ ਸਿੰਘ ਬੱਬੀ
700 910 7300

ਵੱਧ ਸਰਗਰਮੀਆਂ ਪੰਜਾਬ ਵਿੱਚ ਈਸਾਈ ਮਸੀਹੀ ਧਰਮ ਵੱਲੋਂ ਕੀਤੀਆਂ ਜਾ ਰਹੀਆਂ ਹਨ। ਕੀ ਸਮਝੀਏ ਨੌਜਵਾਨ ਪੰਜਾਬੀ ਪੜ੍ਹੇ ਲਿਖੇ ਮੁੰਡੇ ਕੁੜੀਆਂ ਪਾਸਟਰ ਪ੍ਰਚਾਰਕ ਹਨ ਤੇ ਇਹ ਵੀ ਕਮਾਲ ਦੇ ਪਖੰਡ ਕਰਦੇ ਹਨ ਸਿਰ ਤੇ ਹੱਥ ਰੱਖਣ ਸਾਰ ਹੀ ਔਰਤਾਂ ਵਿੱਚ ਕਰੰਟ ਪੈਦਾ ਕਰਨਾ ਕਿਤੇ ਛੋਟਾ ਪਖੰਡ ਹੈ। ਜਿਸ ਦਾ ਰੌਲਾ ਵੀ ਪੈਂਦਾਂ ਹੈ ਤੇ ਸਹੀ ਵੀ ਨਹੀਂ। ਇਸ ਵੇਲੇ ਪੰਜਾਬ ਵਿੱਚ ਪੀਰਾਂ ਦੇ ਦਰਬਾਰਾ ਦੇ ਬਾਬਿਆਂ ਨੇ ਵੀ ਪੂਰੀ ਸਪੀਡ ਫੜੀ ਹੈ ਇਹ ਬਾਬੇ ਗੁੱਗਾ ਮਾੜੀ ਪੀਰ ਦੀ ਸਮਾਧ ਮਕਬਰੇ ਖੁਆਜਾ ਪੀਰ ਮਾਤਾ ਰਾਣੀ ਨਾਮ ਮੱਲ ਕੇ ਬੈਠ ਹਨ ਤੇ ਨਜ਼ਾਰੇ ਲੈ ਰਹੇ ਹਨ ਨਜ਼ਾਰੇ ਕਿਵੇਂ ਭਗਤਾਂ ਦੀ ਭੀੜ ਤਾਂ ਹਰ ਪਖੰਡ ਵਾਲੇ ਥਾਂ ਤੇ ਜਾਣ ਲਈ ਤਿਆਰ ਬੈਠੀ ਹੁੰਦੀ ਹੈ ਤੇ ਹਾਜ਼ਰ ਹੋ ਜਾਂਦੀ ਹੈ। ਅਜਿਹੇ ਥਾਵਾਂ ਤੇ ਨਸ਼ੇ ਦਾ ਕੰਮ ਤੇ ਸੁਲਫਾ ਸਿਗਰਟ ਦਾ ਪ੍ਰਬੰਧ ਤਾਂ ਪੱਕਾ ਹੀ ਹੁੰਦਾ ਹੈ। ਅਜਿਹੇ ਬਾਬਿਆਂ ਦੀ ਸੰਗਤ ਮਾਣ ਚੁੱਕੇ ਨੌਜਵਾਨ ਬਾਬੇ ਨੇ ਖੁਦ ਕਿਹਾ ਕਿ ਜਦੋਂ ਭੰਗ ਵਾਲੀ ਸਿਗਰਟ ਪੀਤੀ ਹੁੰਦੀ ਹੈ ਪਤਾ ਹੀ ਨਹੀਂ ਲੱਗਦਾ ਕਿ ਸਿਰ ਕਿਵੇ ਘੁੰਮੀ ਜਾਂਦਾ ਹੈ ਤੇ ਉਪਰੋਂ ਗੀਤ ਸੰਗੀਤ ਨਾਲ ਮਸਤ ਹੋ ਜਾਈਦਾ ਇਹ ਵੀ ਬਾਬੇ ਹਨ ਤੇ ਇਨ੍ਹਾਂ ਦੇ ਵੀ ਸ਼ਰਧਾਲੂ ਹਨ। ਬੜੀ ਹੈਰਾਨੀ ਹੁੰਦੀ ਹੈ ਜਦੋਂ ਲੋਕ ਬਾਹਰ ਜਾਣ ਦੇ ਚੱਕਰਾਂ ਵਿੱਚ ਪਾਸਪੋਰਟ ਵੀ ਬਾਬੇ ਕੋਲ ਰੱਖ ਕੇ ਜਾਂਦੇ ਹਨ। ਹੁਣ ਬਾਬੇ ਲਗਾਉਣ ਵੀਜ਼ੇ ਲੋੜ ਨਹੀਂ ਅੰਬੈਸੀਆਂ ਦੀ, ਸਿਗਟਾਂ ਵਾਲੇ ਬਾਬੇ ਇਸ ਤੋਂ ਵੱਧ ਹੋਰ ਪਾਖੰਡ ਕੀ ਹੋਉ ਉਹ ਵੀ ਪੰਜਾਬ ਦੀ ਧਰਤੀ ਉੱਤੇ ਲੋਕੋ ਕੁਝ ਸੋਚੋ।

ਪੰਜਾਬ ਦੀ ਧਰਤੀ ਉੱਤੇ ਧਰਮ ਦੇ ਨਾਂ ਹੇਠ ਉਹ ਗੱਲਾਂ ਵੀ ਹੋ ਰਹੀਆਂ ਹਨ ਜੋ ਦੁਨੀਆਂ ਤੇ ਕਿਤੇ ਵੀ ਨਹੀਂ। ਪੰਜਾਬ ਦੀ ਧਰਤੀ ਤੇ ਇੱਕ ਬਾਬਾ ਤਿੰਨ ਚਾਰ ਸਾਲ ਪਹਿਲਾਂ ਮਰ ਚੁੱਕਿਆ ਹੈ ਤੇ ਉਹ ਫਰਿੱਜ਼ ਵਿੱਚ ਇਹ ਸਮਝ ਕੇ ਲਾਇਆ ਹੈ ਕਿ ਬਾਬਾ ਜੀ ਆਉਣਗੇ ਹਮੇ ਯਕੀਨ ਹੈ। ਇਸ ਤੋਂ ਵੱਡਾ ਪਖੰਡ ਕੋਈ ਹੋਰ ਸ਼ਾਇਦ ਹੀ ਹੋਵੇ। ਪਹਿਲਾਂ ਤਾਂ ਪਖੰਡੀ ਬਾਬਿਆਂ ਦਾ ਕੰਮ ਪੰਜਾਬ ਤੇ ਭਾਰਤ ਵਿੱਚ ਹੀ ਸੀ ਹੁਣ ਜਿਉ ਜਿਉ ਲੋਕਾਂ ਨੇ ਤਰੱਕੀ ਕੀਤੀ ਤੇ ਦੇਸ਼ਾ ਵਿਦੇਸ਼ਾਂ ਵਿੱਚ ਗਏ ਤਾਂ ਅਸੀਂ ਧਾਰਮਿਕ ਪਖੰਡ ਵੀ ਨਾਲ ਹੀ ਲੈ ਕੇ ਗਏ ਤੇ ਉਥੇ ਸਭ ਪਖੰਡ ਹੋ ਰਿਹਾ ਹੈ ਅਸੀ ਹੀ ਕੀਤਾ ਧਾਰਮਿਕ ਸਥਾਨਾਂ ਤੇ ਅਸਲੀ ਜਹਾਜ਼ ਚੜਨ ਲਈ ਨਕਲੀ ਖਿਡੌਣੇ ਜਹਾਜ਼ਾਂ ਦੀ ਸੁੱਖ ਸੁੱਖ ਕਿਤੇ ਦੁਨੀਆਂ ਵਿੱਚ ਨਹੀ ਹੋਣੀ। ਫਿਰ ਵਿਦੇਸ਼ਾਂ ਵਿੱਚ ਜਾਣ ਦਾ ਕੀ ਮਾਅਨਾ। ਆਓ ਅਰਦਾਸ ਬੇਨਤੀ ਕਰੀਏ ਕਿ ਬਾਬੇ ਨਾਨਕ ਗੁਰੂਆਂ ਪੀਰਾਂ ਫ਼ਕੀਰਾਂ ਦੀ ਧਰਤੀ ਸਦਾ ਵਸੇ ਤੇ ਧਾਰਮਿਕ ਪਖੰਡਾਂ ਤੋਂ ਬਚ ਸਕੇ। ਹੰਭਲਾ ਵੀ ਆਪਾਂ ਹੀ ਮਾਰਨਾ।

# ਡਰੱਗ ਦੀ ਓਵਰਡੋਜ਼-ਬਣੀ ਵਿਸ਼ਵ ਲਈ ਖਤਰਾ

*ਅੰਤਰਰਾਸ਼ਟਰੀ ਡਰੱਗ ਓਵਰਡੋਜ਼ ਜਾਗਰੁਕਤਾ ਦਿਵਸ 2023 ਦਾ ਥੀਮ ਹੈ- ''ਉਹ ਲੋਕਾਂ ਨੂੰ ਪਛਾਣਨਾ ਜੋ ਅਣਦੇਖੇ ਜਾਂਦੇ ਹਨ। ਆਪਣੇ ਭਾਈਚਾਰਿਆਂ 'ਚ ਉਹਨਾਂ ਲੋਕਾਂ ਨੂੰ ਮਾਨਤਾ ਦੇਣ ਬਾਰੇ ਹੈ ਜੋ ਓਵਰਡੋਜ਼ ਨਾਲ ਪ੍ਰਭਾਵਿਤ ਹੁੰਦੇ ਹਨ ਪਰ ਮੁਸੀਬਤ 'ਚ ਅਣਦੇਖੇ ਹੋ ਸਕਦੇ ਹਨ''- ਅਨਿਲ ਧੀਰ, ਕਾਲਮਨਿਸਟ, ਥੈਰਾਪਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ*

ਹੈਲਥ ਮੀਡੀਆ ਕੇਨੈਡਾ : ਅੰਤਰਰਾਸ਼ਟਰੀ ਡਰੱਗ ਓਵਰਡੋਜ਼ ਜਾਗਰੂਕਤਾ ਦਿਵਸ 31 ਅਗਸਤ, 2023 ਨੂੰ ਵਿਸ਼ਵ ਭਰ ਵਿਚ ਮਨਾਇਆ ਜਾ ਰਿਹਾ ਹੈ। ਡਰੱਗ ਓਵਰਡੋਜ਼ ਨਾਲ ਦੋ ਸਾਲ ਪਹਿਲਾਂ ਅਮਰੀਕਾ ਵਿਚ ਅੰਦਾਜ਼ਨ 68,367 ਮੌਤਾਂ ਦਾ ਆਂਕੜਾ ਸਾਹਮਣੇ ਆਇਆ ਸੀ। ਅੱਜ ਵਿਸ਼ਵ ਭਰ ਵਿਚ ਡਰੱਗ ਓਵਰਡੋਜ਼ ਨਾਲ ਨੌਜਵਾਨਾਂ ਦੀ ਮੌਤ ਦਾ ਆਂਕੜਾ ਤੇਜ਼ੀ ਨਾਲ ਵੱਧ ਰਿਹਾ ਹੈ। ਓਵਰਡੋਜ਼ ਇਕ ਜੀਵ-ਵਿਗਿਆਨਕ ਪ੍ਰਤੀਕ੍ਰਿਆ ਹੈ। ਜਦੋਂ ਮਨੁਖ ਨਜਾਇਜ਼ ਨਸ਼ਿਆਂ, ਅਲਕੋਹਲ, ਪ੍ਰੇਸਕ੍ਰਾਵਿਡ ਦਵਾਈਆਂ ਜਾਂ ਮਿਸ਼ਰਣ ਨੂੰ ਬਹੁਤ ਜਿਆਦਾ ਮਾਤਰਾ ਵਿਚ ਲੈ ਲੈਂਦਾ ਹੈ। ਹਰ ਦਵਾਈ ਜਾਂ ਰਸਾਇਣਕ ਦੀ ਓਵਰਡੋਜ਼ ਤੁਹਾਡੇ ਸਾਹ ਨੂੰ ਰੋਕ ਸਕਦੀ ਹੈ।

**ਪ੍ਰੇਸਕ੍ਰਾਈਬਡ ਓਪਿਓਡਜ਼ :** ਕੋਡੀਨ, ਫੈਂਨਟੈਨਿਲ, ਹਾਈਡ੍ਰੋਕੋਡੀਨ-ਏਸਿਟਾਮਿਨੋਫਿਨ, ਹਾਈਡ੍ਰੋਮੋਰਫੋਨ, ਮੀਪਰੀਡਾਈਨ, ਮੋਰਫੀਨ, ਓਕਸੀਕੋਡੋਨ, ਓਕਸੀਮੋਰਫੋਨ, ਟਰੇਮੇਡੋਲ, ਅਤੇ ਗੈਰ-ਕਾਨੂੰਨੀ ਓਪਿਓਡਜ਼ ਵਿਚ ਹੀਰੋਈਨ ਤੇ ਫੇਨਟੈਨਿਲ ਅਤੇ ਅਨਾਲੋਗਜ਼, ਇਲਾਜ਼ ਵਿਚ ਬੁਪ੍ਰੀਨੋਰਫਾਈਨ ਤੇ ਮੀਥਾਡੋਨ ਆਦਿ ਡਾਕਟਰੀ ਮਦਦ ਨਾਲ ਦਿੱਤੀ ਜਾਂਦੀ ਹੈ।

ਅੰਤਰਰਾਸ਼ਟਰੀ ਪੱਧਰ ਤੇ ਜਾਗਰੁਕਤਾ ਇਕ ਵਿਸ਼ਵਵਿਆਪੀ ਪ੍ਰੋਗਰਾਮ ਹੈ ਜਿਸਦਾ ਉਦੇਸ਼ ਨਸ਼ੇ ਨਾਲ ਹੋਣ ਵਾਲੀਆਂ ਮੌਤਾਂ ਨੂੰ ਘਟਾਉਣਾ ਹੈ। ਇਸ ਕਲੰਕ ਨਾਲ ਪਰਿਵਾਰਾਂ ਦੇ ਪਰਿਵਾਰ ਖਤਮ ਹੋ ਰਹੇ ਹਨ। ਡਾਕਟਰੀ ਜਾਂ ਗੈਰ-ਡਾਕਟਰੀ ਦਵਾਈਆਂ ਦੀ ਲੋੜ ਤੋਂ ਵੱਧ ਖੁਰਾਕ ਮੌਤ ਨੂੰ ਬੁਲਾਵਾ ਦੇਣ ਵਾਲੀ ਗੱਲ ਸਾਬਿਤ ਹੋ ਰਹੀ ਹੈ। ਮਾਰਚ 2020 ਦੇ ਮਹੀਨੇ ਵਿਚ ਵਿਯੇਨਾਨ ਵਿਚ ਹੋਏ ਨਾਰਕੋਟਿਕ ਡਰੱਗਸ ਕਮਿਸ਼ਨ ਦੇ 63 ਵੇਂ ਸੈਸ਼ਨ ਵਿਚ ਚਿੰਤਾ ਜ਼ਾਹਿਰ ਕੀਤੀ ਹੈ। ਯੂ. ਐਨ. ਕਮਿਸ਼ਨ ਮੁਤਾਬਿਕ ਵਿਸ਼ਵ ਭਰ ਵਿਚ ਨਾਰਕੋਟਿਕ ਡਰੱਗਜ਼ ਕਾਰਨ ਹੋਣ ਵਾਲੀਆਂ ਸੱਟਾਂ ਤੇ ਦੁਰਘਟਨਾਵਾਂ ਨੂੰ ਰੋਕਣ ਲਈ ਵਿਆਪਕ ਓਵਰਡੋਜ਼ ਰਣਨੀਤੀ ਦੀ ਲੋੜ ਹੈ।



**ਅਨਿਲ ਧੀਰ**
**ਕਾਲਮਨਿਸਟ**
healthmedia1@hotmail.com

ਕੇਂਦਰੀ ਦਿਮਾਗੀ ਪ੍ਰਣਾਲੀ ਤੇ ਅਸਰ ਕਰਨ ਵਾਲੇ ਓਪੀਓਡਜ਼, ਬੇਂਜੋਆਜ਼ਾਈਪਾਈਨਜ਼ ਅਤੇ ਅਲਕੋਹਲ ਦੀ ਵਰਤੋਂ ਵੱਧ ਰਹੀ ਹੈ। ਲੋੜ ਤੋਂ ਵੱਧ ਬਲੱਡ-ਪੈਸ਼ਰ ਅਤੇ ਨੀਂਦ ਦੀਆਂ ਦਵਾਈਆਂ ਸੈਡੇਟਿਵ ਹੋਣ ਕਰਕੇ ਹਾਰਟ-ਬੀਟ ਤੇ ਸਾਹ-ਪ੍ਰਣਾਲੀ ਤੇ ਮਾੜਾ ਅਸਰ ਕਰ ਰਹੀਆਂ ਹਨ। ਇਨਸਾਨ ਦੁਆਰਾ ਓਵਰਡੋਜ਼ ਕਰਕੇ ਮਾਨਿਸਿਕ ਉਲਝਣਾਂ, ਸਦਮੇ ਅਤੇ ਖੁਦਕਸ਼ੀ ਦੇ ਮਾਮਲੇ ਵੀ ਵਧੇ ਹਨ। ਨਸ਼ੇ ਸਿਰਫ ਉਹਨਾਂ ਲਈ ਹੁੰਦੇ ਹਨ ਜੋ ਹਕੀਕਤ ਨੂੰ ਸਵੀਕਾਰ ਜਾਂ ਸੰਭਾਲ ਨਹੀਂ ਸਕਦੇ।


- ਨਸ਼ੇ ਦੇ ਓਵਰਡੋਜ਼ ਦੇ ਲੱਛਣ ਹਰ ਆਦਮੀ ਵਿਚ ਵੱਖ-ਵੱਖ ਹੋ ਸਕਦੇ ਹਨ, ਦੇਖਦੇ ਹੀ ਉਸ ਵਿਅਕਤੀ ਨੂੰ ਹਸਪਤਾਲ ਪਹੁੰਚਾ ਕੇ ਜਾਨ ਬਚਾਉਣ ਦਾ ਯਤਨ ਕਰੋ।
- ਸਾਡੇ ਲਈ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਆਪਣੀ ਪੀੜੀਆਂ ਨੂੰ ਰੋਕਥਾਮ ਲਈ ਓਵਰਡੋਜ਼ ਪ੍ਰਤੀ ਜਾਗਰੂਕ ਕਰੀਏ। ਜ਼ਿਆਦਾ ਜਾਗਰੂਕਤਾ ਸਾਡੇ ਅੱਜ ਅਤੇ ਆਪਣੇ ਕੱਲ ਨੂੰ ਬਚਾਉਣ ਲਈ ਬੜੀ ਮਹੱਤਵਪੂਰਨ ਹੋ ਗਈ ਹੈ।
- ਓਪੀਓਡਜ਼ ਲੈਣ ਵਾਲੇ ਘੱਟ ਦਰਦਾਂ ਦੀ ਹਾਲਤ ਵਿਚ ਆਪਣੀ ਸਹਿਣਸ਼ੀਲਤਾ ਨੂੰ ਵਧਾਉਣ। ਬਿਨਾ ਲੋੜ ਨਸ਼ੀਲੀ ਦਵਾਈ ਜ਼ਿਆਦਾ ਵਰਤੋਂ ਜਾਨ ਲੈ ਵੀ ਸਕਦੀ ਹੈ। ਗੈਰ-ਕਾਨੂੰਨੀ ਜਾਂ 50% ਇਸਤੇਮਾਲ ਕਰਨ ਵਾਲੇ ਆਪਣੇ ਦੋਸਤਾਂ-ਰਿਸ਼ਤੇਦਾਰਾਂ ਤੋਂ ਲੈ ਕੇ ਓਪੀਓਡਜ਼ ਦੀ ਦੁਰਵਰਤੋਂ ਕਰਦੇ ਹਨ।
- ਓਪੀਓਡਜ਼ ਨੂੰ ਕਿਸੇ ਨਾਲ ਸਾਂਝਾ ਕਰਨਾ ਗੈਰ- ਕਾਨੂੰਨੀ ਹੈ, ਇਸ ਤੋਂ ਹਮੇਸ਼ਾ ਬਚੋ।
- ਪ੍ਰੇਸਕ੍ਰਾਈਬਡ ਦਵਾਈਆਂ ਡਰਾਈਵਿੰਗ ਅਤੇ ਆਪਣੇ ਕੰਮ ਦੋਰਾਣ ਇਸਤੇਮਾਲ ਕਰਨ ਲਈ ਆਪਣੇ ਫੈਮਿਲੀ ਡਾਕਟਰ ਨਾਲ ਬਰਾਬਰ ਸੰਪਰਕ ਬਣਾ ਕੇ ਰੱਖੋ।
- ਨੌਜਵਾਨਾਂ ਨੂੰ ਓਪੀਓਡਜ਼ ਤੋਂ ਬਚਾਉਣ ਤੇ ਆਜਾਦ ਹੋਣ ਲਈ ਮਾਂ-ਬਾਪ ਨੂੰ ਆਪਣੇ ਬੱਚਿਆਂ ਨਾਲ ਮਜਬੂਤ ਰਿਸ਼ਤੇ ਬਣਾ ਕੇ ਸਮੱਸਿਆ ਦਾ ਹਲ ਲੱਭਣਾ ਚਾਹੀਦਾ ਹੈ। ਓਪੀਓਡਜ਼ ਦੀ ਵਰਤੋਂ ਸੰਬੰਧੀ ਨੁਕਸਾਨ ਨਾਲ ਜੂਝ ਰਹੇ ਲੋਕਾਂ ਅਤੇ ਵੱਧ ਰਹੀਆਂ ਮੌਤਾਂ ਲਈ ਇਲਾਜ ਦਾ ਲੱਭਣਾ ਜ਼ਿਆਦਾ ਮਹੱਤਵਪੂਰਨ ਹੋ ਗਿਆ ਹੈ।
- ਸਮੇਂ ਦੇ ਨਾਲ ਨਸ਼ੇ ਪ੍ਰਤੀ ਸਹਿਣਸ਼ੀਲਤਾ ਦੇ ਵਿਕਾਸ ਲਈ ਦਵਾਈ ਲੈਣ ਵਾਲੇ ਨੂੰ ਪਰਿਵਾਰ, ਦੋਸਤ, ਅਤੇ ਕਮਿਉਨੀਟੀ ਅੰਦਰ ਕੰਮ ਕਰ ਰਹੀਆਂ ਸੰਸਥਾਂਵਾਂ ਦੀ ਮਦਦ ਲੈਣੀ ਚਾਹੀਦੀ ਹੈ। ਕਿਉਂਕਿ ਸਰੀਰ ਅੰਦਰ ਸਹਿਣਸ਼ੀਲਤਾ ਪੈਦਾ ਕਰਕੇ ਇਸ ਸਮੱਸਿਆ ਨੂੰ ਦੂਰ ਕੀਤਾ ਜਾ ਸਕਦਾ ਹੈ।
- ਇਲਾਜ਼ ਅਤੇ ਰਿਕਵਰੀ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ ਓਵਰਡੋਜ਼-ਰਿਵਰਸਿੰਗ ਦਵਾਈਆਂ ਦੀ ਵਰਤੋਂ ਨੂੰ ਓਤਸ਼ਾਹਤ ਅਤੇ ਉਪਲਵਧ ਕਰਾਉਣ ਦੀ ਲੋੜ ਹੈ।
- ਓਪੀਓਡ ਵਰਤੋਂ ਸੰਬੰਧੀ ਹਾਲਤ ਦੇ ਇਲਾਜ਼ ਲਈ ਮੇਥਾਡੋਨ, ਬਪ੍ਰੇਨੋਫਾਈਨ ਅਤੇ ਨਲਟਰੇਕਸੋਨ ਆਦਿ ਦਵਾਈਆਂ ਓਪੀਓਡ ਦੀ ਵੱਧ ਰਹੀ ਸਮੱਸਿਆ ਨੂੰ ਕੰਟਰੋਲ ਕਰਨ ਮਦਦ ਕਰ ਸਕਦੀਆਂ ਹਨ। ਦੁਨੀਆ ਭਰ ਵਿਚ ਓਪੀਓਡ ਵਰਤੋਂ ਦੀ ਬਿਮਾਰੀ ਅਤੇ ਓਪੀਓਡ ਓਵਰਡੋਜ਼ ਦੀ ਲੜਾਈ ਜਿੱਤਣ ਲਈ ਹਰ ਆਦਮੀ ਨੂੰ ਅੱਗੇ ਆਉਣ ਦੀ ਲੋੜ ਹੈ।



**ਨੋਟ :** ਓਵਰਡੋਜ਼ ਦੇ ਆਮ ਲੱਛਣ ਜਿਵੇਂ : ਤੁਰਨ-ਫਿਰਨ ਵਿਚ ਅਤੇ ਹਿਲ-ਡੁਲ ਵਿਚ ਰੁਕਾਵਟ, ਨੀਂਦ ਦਾ ਸਾਈਕਲ ਬਿਗੜ ਜਾਣਾ, ਬੁੱਲ ਅਤੇ ਨਾਖੁਨ ਨੀਲੇ ਹੋ ਜਾਣਾ, ਚੱਕਰ, ਸੁਸਤੀ ਦੇ ਨਾਲ ਘਬਰਾਹਟ, ਸਾਹ ਔਖਾ ਆਉਣ ਦੀ ਹਾਲਤ ਵਿਚ ਰੋਗੀ ਨੂੰ ਬਚਾਉਣ ਲਈ 911 ਕਾਲ ਕਰਨੀ ਚਾਹੀਦੀ ਹੈ।

# ਹੈਪੇਟਾਈਟਸ ਬੀ ਦੇ ਖਾਤਮੇ ਲਈ ਇਸ ਦੀ ਪਛਾਣ ਕਰਨਾ ਹੈ ਜ਼ਰੂਰੀ

ਹੈਪੇਟਾਈਟਸ ਬੀ ਇੱਕ ਗੰਭੀਰ ਵਾਇਰਲ ਇਨਫੈਕਸ਼ਨ ਹੈ ਜੋ ਜਿਗਰ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਕਈ ਗੰਭੀਰ ਬਿਮਾਰੀਆਂ ਜਿਵੇਂ ਸਿਰੋਸਿਸ, ਜਿਗਰ ਦੇ ਕੈਂਸਰ, ਅਤੇ ਹੋਰ ਪੇਚੀਦਗੀਆਂ ਦਾ ਕਾਰਨ ਬਣ ਸਕਦੀ ਹੈ। ਇਹ ਬਿਮਾਰੀ ਮਾਵਾਂ ਅਤੇ ਬੱਚਿਆਂ ਵਿੱਚ ਖਾਸ ਤੌਰ 'ਤੇ ਸਬੰਧਤ ਹੈ, ਕਿਉਂਕਿ ਬੱਚੇ ਦੇ ਜਨਮ ਦੌਰਾਨ ਜਾਂ ਨਜ਼ਦੀਕੀ ਸੰਪਰਕ ਦੁਆਰਾ ਇਸ ਬਿਮਾਰੀ ਦਾ ਸੰਚਾਰ ਇੱਕ ਮਹੱਤਵਪੂਰਨ ਜੋਖਮ ਹੁੰਦਾ ਹੈ। ਹਾਲ ਹੀ ਦੇ ਸਾਲਾਂ ਵਿੱਚ, ਹੈਪੇਟਾਈਟਸ ਬੀ ਦੀ ਰੋਕਥਾਮ ਅਤੇ ਇਲਾਜ ਵਿੱਚ ਵੱਡੀਆਂ ਤਰੱਕੀਆਂ ਕੀਤੀਆਂ ਗਈਆਂ ਹਨ। ਇਸ ਬਾਰੇ ਕੇਐਮਸੀ ਹਸਪਤਾਲ, ਮੰਗਲੌਰ ਦੇ ਮੈਡੀਕਲ ਗੈਸਟ੍ਰੋਐਂਟਰੌਲੋਜੀ ਦੇ ਡਾ: ਅਨੁਰਾਗ ਸ਼ੈਟੀ ਨੇ ਜ਼ਰੂਰੀ ਜਾਣਕਾਰੀ ਸਾਂਝੀ ਕੀਤੀ ਹੈ। ਇਨ੍ਹਾਂ ਨੇ ਬੱਚਿਆਂ ਵਿੱਚ ਹੈਪੇਟਾਈਟਸ ਬੀ ਦੇ ਖਾਤਮੇ ਨੂੰ ਤੇਜ਼ੀ ਨਾਲ ਟਰੈਕ ਕਰਨ, ਰੋਕਥਾਮ ਦੇ ਉਪਾਵ ਲੱਭਣ, ਛੇਤੀ ਇਲਾਜ ਕਰਨ ਅਤੇ ਇਲਾਜ ਤੱਕ ਪਹੁੰਚ 'ਤੇ ਧਿਆਨ ਕੇਂਦਰਿਤ ਕਰਨ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ।



**ਰੋਕਥਾਮ ਦੇ ਉਪਾਅ:** ਵੈਕਸੀਨੇਸ਼ਨ ਹੈਪੇਟਾਈਟਸ ਬੀ ਦੇ ਫੈਲਣ ਨੂੰ ਰੋਕਣ ਲਈ ਇੱਕ ਜ਼ਰੂਰੀ ਕਾਰਕ ਵਜੋਂ ਕੰਮ ਕਰਦੀ ਹੈ। ਹੈਪੇਟਾਈਟਸ ਬੀ ਦਾ ਟੀਕਾਕਰਨ ਜੋਖਮ-ਮੁਕਤ, ਭਰੋਸੇਮੰਦ, ਅਤੇ ਵਿਆਪਕ ਤੌਰ 'ਤੇ ਪਹੁੰਚਯੋਗ ਹੈ। ਰਾਸ਼ਟਰੀ ਟੀਕਾਕਰਣ ਕਾਰਜਕ੍ਰਮ ਦੇ ਅਨੁਸਾਰ ਨਵਜੰਮੇ ਬੱਚਿਆਂ ਨੂੰ ਟੀਕਾਕਰਣ ਕਰਨਾ ਹੈਪੇਟਾਈਟਸ ਬੀ ਨੂੰ ਫੈਲਨ ਤੋਂ ਰੋਕਣ ਵਿੱਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਗਰਭਵਤੀ ਔਰਤਾਂ ਜੋ ਹੈਪੇਟਾਈਟਸ ਬੀ ਪਾਜ਼ੀਟਿਵ ਹਨ ਉਨ੍ਹਾਂ ਦੀ ਪਛਾਣ ਕਰਨਾ ਜ਼ਰੂਰੀ ਹੈ। ਇਸ ਦੇ ਇਲਾਜ ਲਈ ਐਂਟੀਵਾਇਰਲ ਥੈਰੇਪੀ ਅਤੇ Immunoglobulin Administration, ਬੱਚੇ ਦੇ ਜਨਮ ਦੌਰਾਨ ਹੈਪੇਟਾਈਟਸ ਬੀ ਦੇ ਪ੍ਰਸਾਰਣ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ।

**ਛੇਤੀ ਤੋਂ ਛੇਤੀ ਇਲਾਜ:** ਮਾਵਾਂ ਅਤੇ ਬੱਚਿਆਂ ਵਿੱਚ ਹੈਪੇਟਾਈਟਸ ਬੀ ਨੂੰ ਪਛਾਣਨ ਤੇ ਫਿਰ ਇਸ ਦੇ ਇਲਾਜ ਵਿੱਚ ਸ਼ੁਰੂਆਤੀ ਜਾਂਚ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ। ਜਨਮ ਤੋਂ ਪਹਿਲਾਂ ਦੀ ਦੇਖਭਾਲ ਦੌਰਾਨ ਹੈਪੇਟਾਈਟਸ ਬੀ ਸਰਫੇਸ ਐਂਟੀਜੇਨ (HBsAg) ਲਈ ਗਰਭਵਤੀ ਔਰਤਾਂ ਦੀ ਰੁਟੀਨ ਸਕ੍ਰੀਨਿੰਗ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਸੰਕਰਮਿਤ ਮਾਵਾਂ ਦੀ ਸਮੇਂ ਸਿਰ ਪਛਾਣ ਗਰਭ ਅਵਸਥਾ ਦੌਰਾਨ ਐਂਟੀਵਾਇਰਲ ਥੈਰੇਪੀ ਨਾਲ, Immunoglobulin Administration ਦੇ ਨਾਲ ਅਤੇ ਜਨਮ ਦੇ 12 ਘੰਟਿਆਂ ਦੇ ਅੰਦਰ ਨਵਜੰਮੇ ਬੱਚੇ ਨੂੰ ਵੈਕਸੀਨ ਦੀ ਪਹਿਲੀ ਖੁਰਾਕ ਦੇ ਕੇ ਖਤਰੇ ਨੂੰ ਘਟਾਇਆ ਜਾ ਸਕਦਾ ਹੈ।

**ਇਲਾਜ ਤੱਕ ਪਹੁੰਚ:** ਮਾਵਾਂ ਅਤੇ ਬੱਚਿਆਂ ਵਿੱਚ ਹੈਪੇਟਾਈਟਸ ਬੀ ਦੇ ਖਾਤਮੇ ਲਈ ਕਿਫਾਇਤੀ ਅਤੇ ਉੱਚ-ਗੁਣਵੱਤਾ ਵਾਲੇ ਇਲਾਜ ਤੱਕ ਪਹੁੰਚ ਮਹੱਤਵਪੂਰਨ ਹੈ। ਐਂਟੀਵਾਇਰਲ ਥੈਰੇਪੀ, ਜਿਵੇਂ ਕਿ ਓਰਲ ਨਿਊਕਲੀਓਸ(ਟੀ)ਆਈਡ ਐਨਾਲਾਗ, ਵਾਇਰਲ ਪ੍ਰਤੀਕ੍ਰਿਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਬਾ ਸਕਦੇ ਹਨ ਜਿਸ ਨਾਲ ਮਾਂ ਵਿੱਚ ਇਸ ਬਿਮਾਰੀ ਦੇ ਵਧਣ ਅਤੇ ਨਵਜੰਮੇ ਬੱਚੇ ਵਿੱਚ ਸੰਚਾਰਨ ਦੇ ਜੋਖਮ ਨੂੰ ਘਟਾਇਆ ਜਾ ਸਕਦਾ ਹੈ। ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਇਹ ਇਲਾਜ ਉਪਲਬਧ ਅਤੇ ਪਹੁੰਚਯੋਗ ਹੋਣ।

ਮਾਹਰ ਹੈਪੇਟਾਈਟਸ ਬੀ ਨੂੰ ਖਤਮ ਕਰਨ ਲਈ ਵਿਆਪਕ ਜਨਤਕ ਸਿਹਤ ਰਣਨੀਤੀਆਂ ਦੀ ਲੋੜ 'ਤੇ ਜ਼ੋਰ ਦਿੰਦੇ ਹਨ। ਇਹਨਾਂ ਵਿੱਚ ਇਨਫੈਕਸ਼ਨ ਬਾਰੇ ਜਾਗਰੂਕਤਾ ਵਧਾਉਣਾ, ਟੈਸਟਿੰਗ ਅਤੇ ਟੀਕਾਕਰਨ ਮੁਹਿੰਮਾਂ ਨੂੰ ਉਤਸ਼ਾਹਿਤ ਕਰਨਾ, ਅਤੇ ਹੈਪੇਟਾਈਟਸ ਬੀ ਸਕ੍ਰੀਨਿੰਗ ਅਤੇ ਇਲਾਜ ਨੂੰ ਮੌਜੂਦਾ ਮਾਵਾਂ ਅਤੇ ਬਾਲ ਸਿਹਤ ਪ੍ਰੋਗਰਾਮਾਂ ਵਿੱਚ ਜੋੜਨਾ ਸ਼ਾਮਲ ਹੈ। ਹੈਪੇਟਾਈਟਸ ਬੀ ਦੀ ਰੋਕਥਾਮ ਵਿੱਚ ਵਿਆਪਕ ਸਫਲਤਾ ਪ੍ਰਾਪਤ ਕਰਨ ਲਈ ਸਿਹਤ ਸੰਭਾਲ ਪ੍ਰਦਾਤਾਵਾਂ, ਨੀਤੀ ਨਿਰਮਾਤਾਵਾਂ, ਅਤੇ ਭਾਈਚਾਰਕ ਸੰਸਥਾਵਾਂ ਵਿਚਕਾਰ ਸਹਿਯੋਗ ਮਹੱਤਵਪੂਰਨ ਹੈ।

ਮਾਵਾਂ ਅਤੇ ਬੱਚਿਆਂ ਵਿੱਚ ਹੈਪੇਟਾਈਟਸ ਬੀ ਦੇ ਖਾਤਮੇ ਨੂੰ ਤੇਜ਼ੀ ਨਾਲ ਟਰੈਕ ਕਰਨਾ ਇੱਕ ਮਹੱਤਵਪੂਰਨ ਤਰਜੀਹ ਹੈ। ਰੋਕਥਾਮ ਵਾਲੇ ਉਪਾਵਾਂ ਨੂੰ ਲਾਗੂ ਕਰਕੇ, ਜਿਵੇਂ ਕਿ ਯੂਨੀਵਰਸਲ ਵੈਕਸੀਨੇਸ਼ਨ, ਰੁਟੀਨ ਸਕ੍ਰੀਨਿੰਗ, ਅਤੇ ਇਲਾਜ ਤੱਕ ਸਮੇਂ ਸਿਰ ਪਹੁੰਚ ਨਾਲ ਅਸੀਂ ਹੈਪੇਟਾਈਟਸ ਬੀ ਦੇ ਪ੍ਰਸਾਰਣ ਅਤੇ ਪ੍ਰਭਾਵ ਨੂੰ ਮਹੱਤਵਪੂਰਨ ਤੌਰ 'ਤੇ ਘਟਾ ਸਕਦੇ ਹਾਂ। ਜਾਗਰੂਕਤਾ ਪੈਦਾ ਕਰਨ, ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਅਤੇ ਪ੍ਰਭਾਵਿਤ ਆਬਾਦੀ ਲਈ ਇਲਾਜ ਨੂੰ ਤਰਜੀਹ ਦੇਣ ਲਈ ਲਗਾਤਾਰ ਯਤਨ ਜ਼ਰੂਰੀ ਹਨ।



## ਸਿੱਖੀ ਦੇ ਜਾਮੇ ਵਿਚ ਭੇਖੀ ਸਿੱਖਾ ਉਏ

ਸਿੱਖੀ ਦੇ ਜਾਮੇ ਵਿਚ ਭੇਖੀ ਸਿੱਖਾ ਉਏ
ਤੈਨੂੰ ਹੋਸ਼ ਕਦੋਂ ਤੱਕ ਆਵੇਗੀ ?
ਕੀ ਉਦੋਂ ? ਜਦ ਮੌਤ ਨਗਾਰਾ ਵੱਜੇਗਾ
ਜਮਦੂਤ ਤੇਰੇ ਵੱਲ ਭੱਜੇਗਾ
ਤੇਰੇ ਗੱਲ ਵਿਚ ਘੁੰਗਰੂ ਵੱਜੇਗਾ
ਰੂਹ ਆਕਾਸ਼ਾਂ ਵੱਲ ਨੂੰ ਭੱਜੇਗੀ
ਤੇਰੇ ਭੈਣ ਭਾਈ ਸਭ ਰੋਵਣਗੇ
ਤੂੰ ਬਿਟ ਬਿਟ ਸਭ ਵੱਲ ਤੱਕੇਂਗਾ
ਸਭ ਮਨ ਦੀਆਂ ਮਨ ਵਿਚ ਰਹਿ ਜਾਸਣ
ਕੁਝ ਮੂੰਹ ਤੋਂ ਬੋਲ ਨਾ ਸਕੇਂਗਾ
ਜਦ ਹੋਸ਼ ਠਿਕਾਣੇ ਆਵਣਗੇ
ਤੇ ਗਿੜਗਿੜ ਤਰਲੇ ਪਾਵੇਂਗਾ
ਜੋ ਪੰਥ ਧ੍ਰੋਹੀ ਕੀਤੀ ਆ
ਉਦੇ ਤੇ ਪਛਤਾਵੇਂਗਾ
ਫਿਰ ਪ੍ਰੀਤਮ ਬਾਝੋਂ ਕਿਹੜਾ ਏ
ਜੋ ਟੁੱਟੀਆਂ ਗੰਢਾ ਜੋੜ ਦਵੇ
ਡੁੱਬਦੇ ਨੂੰ ਪਾਰ ਲਗਾ ਦੇਵੇ
ਸਾਹ ਜਾਂਦੇ ਤਾਈਂ ਮੋੜ ਲਵੇ
ਤੂੰ ਗਹਿਰੀ ਨੀਂਦੀ ਸੌਂ ਗਿਐਂ
ਕੁਝ ਹੋਸ਼ ਨਹੀਂ ਹੈ ਅੱਗੇ ਦਾ
ਕਿਸ ਮਸਤੀ ਵਿਚ ਮਦਹੋਸ਼ ਪਿਐਂ
ਕੁਝ ਫਿਕਰ ਨਹੀਂ ਹੈ ਅੱਗੇ ਦਾ
ਤੇਰੇ ਨਾਲ ਦੇ ਸਾਥੀ ਲੰਘ ਗਏ
ਉਹ ਕਈ ਮੰਜ਼ਿਲਾਂ ਪਾਰ ਗਏ
ਕੀ ਹੋਸ਼ ਉਦੋਂ ਹੀ ਆਵੇਗੀ
ਜਦ ਪਾਣੀ ਸਿਰ ਤੋਂ ਲੰਘ ਗਿਆ
ਤੂੰ ਜਿਸ ਤੇ ਏਡਾ ਮਾਣ ਕਰੇਂ
ਉਹ ਕਈ ਵਾਰੀ ਅਜ਼ਮਾਏ ਨੇ
ਕਈ ਵਾਰੀ ਠੋਕ ਵਜਾ ਵੇਖੇ
ਤੇ ਸਦਾ ਹੀ ਉਲਟੇ ਪਾਏ ਨੇ
ਜਦ ਮਤਲਬ ਪੂਰਾ ਹੋ ਗਿਆ
ਤੇਰੇ ਭੇਖੀ ਮਿੱਤਰ ਨੱਸਣਗੇ
ਫਿਰ ਤੜਫੇਂਗਾ ਕੁਰਲਾਵੇਂਗਾ
ਜਦ ਸਮਾਂ ਸੁਹਾਣਾ ਬੀਤ ਗਿਆ
ਫਿਰ ਪਛਤਾਇਆਂ ਕੀ ਹੋਣੈ
ਜਦ ਚਿੜੀਆਂ ਨੇ ਚੁਗ ਖੇਤ ਲਿਆ
ਉਠ ਸੂਰਜ ਕਾਫ਼ੀ ਚੜ੍ਹ ਗਿਐ
ਤੇ ਰਾਤੀ ਸ਼ਾਤੀਆਂ ਪਾਵੇਂਗਾ
ਮੱਥੇ ਤੇ ਹੱਥ ਰਖ ਰੋਵੇਂਗਾ
ਤੈਨੂੰ ਹੋਸ਼ ਕਦੋਂ ਤੱਕ ਆਵੇਗੀ
ਜਦ ਰੂਪ ਤੇਰਾ ਬਣਾਇਆ ਸੀ
ਜੈ ਜੈ ਕਾਰ ਹੋਈ ਆਕਾਸ਼ਾਂ ਤੇ
ਤੇਰੀ ਨੀਂਹ ਰੱਖੀ ਸੀ ਪ੍ਰੀਤਮ ਨੇ
ਮਾਸੂਮਾਂ ਦੀਆਂ ਲਾਸ਼ਾਂ 'ਤੇ
ਜੰਗਲਾਂ ਵਿਚ ਰੁਲਦਾ ਫਿਰਦਾ ਸੀ
ਕੰਡਿਆਂ 'ਤੇ ਉਹ ਸੌਂਦਾ ਸੀ
ਬਲੀਦਾਨ ਪਿਤਾ ਦਾ ਦਿੱਤਾ ਸੀ
ਤੇਰੀ ਕਰਨ ਪੂਰੀਆਂ ਖਾਸ਼ਿਂ ਤੇ
ਪਰ ਅਫਸੋਸ ਕਿ ਬੇਕਦਰਾ ਕਦਰ ਨਾ ਪਾਈ ਤੂੰ
ਭਾਈ ਮਤੀ ਦਾਸ ਦੇ ਆਰੇ ਦੀ
ਐਸ਼ਾਂ ਵਿਚ ਰੰਗ ਰਲੀਆਂ ਮਾਣੇ ਤੂੰ
ਰੂਹ ਕੀ ਆਖੇਗੀ ਉਸ ਗੁਰੂ ਦੁਲਾਰੇ ਦੀ
ਕਿੱਧਰ ਗਈ ਉਹ ਅਣਖ ਤੇਰੀ
ਜਦ ਦੂਜੇ ਤਾਈਂ ਢਾਲਾਂ ਬਣਦਾ ਸੈਂ
ਮਜ਼ਲੂਮਾਂ ਤੇ ਦੁਖੀਆਂ ਖਾਤਰ
ਅੱਗੇ ਹੋ ਹੋ ਕੇ ਮਰਦਾ ਸੈਂ
ਅੱਜ ਆਪਣੀ ਤੈਨੂੰ ਹੋਸ਼ ਨਹੀਂ
ਦੂਜੇ ਦਾ ਕੀ ਬਣਾਵੇਂਗਾ
ਤੇਰੀ ਆਪਣੀ ਇੱਜ਼ਤ ਲੁੱਟ ਗਈ
ਦੂਜੇ ਦੀ ਕੀ ਬਚਾਵੇਂਗਾ
ਜੇ ਜੱਗ ਵਿਚ ਜਿਉਣਾ ਚਾਹੁਨੈਂ ਸਿੱਖਾ
ਜੇ ਅਣਖੀਲਾ ਜੀਵਨ ਚਾਹੁਨੈਂ ਸਿੱਖਾ
ਛੱਡ ਗਿੱਦੜਾਂ ਵਾਲਾ ਜੀਵਨ ਤੂੰ
ਪ੍ਰੀਤਮ ਦਾ ਫੁਲਵਾੜੀ ਦੇ
ਸੁੱਤੇ ਭਾਗ ਜਗਾ ਸਿੱਖਾ।



ਕੁਲਦੀਪ ਸਿੰਘ ਲਾਂਬਾ
ਸ਼ਹੀਦ ਭਗਤ ਸਿੰਘ ਨਗਰ (ਪੰਜਾਬ)

## ਚੀਰ ਕੇ ਰਾਹਵਾਂ...

ਐਸਾ ਰੰਗ ਜਮਾਵੀਂ ਸੱਜਣਾ।
ਸਭ ਨੂੰ ਖੂਬ ਨਚਾਵੀਂ ਸੱਜਣਾ।
ਸੁਣਿਆ ਬੜਾ ਸੁਰੀਲਾ ਏਂ ਤੂੰ,
ਗੀਤ ਪਿਆਰ ਦਾ ਗਾਵੀਂ ਸੱਜਣਾ।

ਖੜ੍ਹ ਖੜ੍ਹ ਵੇਖਣ ਕੁਲ ਸਰੋਤੇ,
ਲੰਮੀ ਹੇਕ ਤੂੰ ਲਾਵੀਂ ਸੱਜਣਾ।
ਗਿੱਧਿਆਂ ਦੀ ਤੈਨੂੰ ਆਖਣ ਮੋਚੀ,
ਨੱਚ ਨੱਚ ਭੜਥੂ ਪਾਵੀਂ ਸੱਜਣਾ।

ਦੁਨੀਆਂ ਧੋਖੇਬਾਜ਼ਾਂ ਦੀ ਏ,
ਕਰ ਇਤਬਾਰ ਨਾ ਜਾਵੀਂ ਸੱਜਣਾ।
ਪੈਰ ਪੈਰ ਤੇ ਖਿਲਰੇ ਕੰਡੇ,
ਵੇਖ ਕੇ ਪੈਰ ਟਿਕਾਵੀਂ ਸੱਜਣਾ।

ਹਰ ਪਲ ਸੋਚੀਂ ਭਲਾ ਗਰੀਬ ਦਾ,
ਕਦੇ ਨਾ ਬੁਰਾ ਤਕਾਵੀਂ ਸੱਜਣਾ।
ਜਦੋਂ ਮਿਲਣ ਦੀ ਹੋਏ ਤਮੰਨਾ,
ਚੀਰ ਕੇ ਰਾਹਵਾਂ ਆਵੀਂ ਸੱਜਣਾਂ।

ਇਸ਼ਕ ਦਾ ਪੈਂਡਾ ਹੁੰਦਾ ਔਖਾ,
ਨਾ ਤੂੰ ਹੌਂਸਲਾ ਢਾਹਵੀਂ ਸੱਜਣਾ।
ਦੋ ਘੜੀਆਂ ਦੇ ਮੇਲੇ 'ਧੁਜਰਕ',
ਹੱਸ ਕੇ ਸਮਾਂ ਲੰਘਾਵੀਂ ਸੱਜਣਾ।



ਹਰਮੇਲ ਸਿੰਘ ਧੀਮਾਨ

## ਸ਼ੇਰ ਤੇ ਮੱਛਰ

ਇੱਕ ਦਿਨ ਕੱਠੇ ਹੋ ਕੇ ਮੱਛਰ,
ਸ਼ੇਰ ਨੂੰ ਲੱਗੇ ਸਤਾਉਣ।
ਕੰਨਾਂ ਦੇ ਵਿੱਚ ਭੀ ਭੀ ਕਰਕੇ,
ਦਿੰਦੇ ਨਾ ਉਸ ਨੂੰ ਸੌਣ।
ਪਰੇਸ਼ਾਨ ਉਹਨਾਂ ਸ਼ੇਰ ਨੂੰ ਕੀਤਾ,
ਉੱਠ ਕਿਥੇ ਫਿਰ ਜਾਵੇ,
ਜੇ ਬੈਠੇ ਕਿਤੇ ਦੂਰ ਉਹ ਜਾ ਕੇ,
ਤਾਂ ਵੀ ਮੱਛਰ ਸਤਾਵੇ।
ਉਹ ਸੋਚੇ ਮੈਂ ਜੰਗਲ ਦਾ ਰਾਜਾ,
ਇਹ ਜੀਵ ਕੀ ਕਰਦੇ,
ਦਹਾੜ ਮਾਰਨ ਤੇ ਵੱਡੇ ਵੱਡੇ,
ਜਾਨਵਰ ਮੈਥੋਂ ਡਰਦੇ।
ਬੜਾ ਬੇਚੈਨ ਹੋਇਆ ਰਾਜਾ,
ਉੱਚੀ ਉੱਚੀ ਦਹਾੜੇ।
ਮੱਛਰਾਂ ਨੂੰ ਇਸ ਤਰਾਂ ਲੱਗਦਾ,
ਜਿਦਾਂ ਕੱਢਦਾ ਹੋਵੇ ਹਾੜੇ।
ਮੱਛਰ ਦਾ ਉੱਦੋਂ ਨਿਕਲੇ ਹਾਸਾ,
ਜਦ ਸੀ ਦੰਦੀ ਭਰਦਾ।
ਕਿੱਡਾ ਤਾਕਤਵਰ ਸ਼ੇਰ ਹੰਕਾਰੀ,
ਛੋਟੇ ਜੀਵ ਤੋਂ ਡਰਦਾ।
ਸ਼ੇਰ ਬਣ ਕਦੇ ਮਾਣ ਨਾ ਕਰੀਏ,
ਸਭ ਨਾਲ ਰਲ ਕੇ ਰਹੀਏ।
ਸਾਰੇ ਤਕੜੇ ਆਪਣੀ ਜਗ ?ਹਾ ਤੇ,
ਮਾੜਾ ਕੀਹਨੂੰ ਕਹੀਏ।
ਬੱਚਿਓ ਇਹ ਸੀ ਮੱਛਰ ਸ਼ੇਰ ਦੀ,
ਛੋਟੀ ਜੇਹੀ ਕਹਾਣੀ,
ਜਦੋਂ ਸੁਣੋਗੇ ਉਦੋਂ ਹੀ ਨਵੀਂ ਹੈ,
ਕਦੇ ਨਾ ਹੋਵੇ ਪੁਰਾਣੀ।
ਪੱਤੋ, ਵਿੱਚ ਇੱਕ ,ਪ੍ਰੀਤਾ, ਰਹਿੰਦਾ,
ਕਵਿਤਾ ਨਵੀਆਂ ਲਿਖਦਾ।
ਸਾਇਕਲ ਵਰਕਸ ਬੱਸ ਅੱਡੇ ਨੇੜੇ,
ਪੱਕਾ ਟਿਕਾਣਾ ਜਿਸਦਾ।

ਹਰਪ੍ਰੀਤ ਪੱਤੋ
94658-21417

## ਗ਼ਜ਼ਲ

ਰੁਕ ਜਾ ਥੋੜ੍ਹਾ ਠਹਿਰ ਨੀਂ ਕੁੜੀਏ।
ਤੇਰਾ ਕਿਹੜਾ ਸ਼ਹਿਰ ਨੀਂ ਕੁੜੀਏ।
ਗੱਲ ਸੁਣ ਬੇਬੀ ਉਧਰ ਨਾ ਖੜ੍ਹ,
ਡੋਬ ਦਵੇਗੀ ਲਹਿਰ ਨੀਂ ਕੁੜੀਏ।
ਤੇਰੀਆਂ ਅੱਖਾਂ ਵਿਚ ਗਲੇਡੂ,
ਸਾਰੇ ਪਾਸੇ ਕਹਿਰ ਨੀਂ ਕੁੜੀਏ।
ਮੋਮ ਪਿਘਲ ਨਾ ਜਾਏ ਕਿਧਰੇ,
ਸਿਰ ਤੇ ਸ਼ਿਖ਼ਰ ਦੁਪਹਿਰ ਨੀਂ ਕੁੜੀਏ।
ਕਿਥੋਂ ਆਈ ਏਂ ਕਿੱਥੇ ਚੱਲੀ ਏਂ,
ਅੱਖਾਂ ਦੇ ਵਿਚ ਗਹਿਰ ਨੀਂ ਕੁੜੀਏ।
ਤੇਰੇ ਕਰਕੇ ਸ਼ਹਿਦ ਜਿਹਾ ਹੈ,
ਵਰਨਾ ਜੀਵਨ ਜ਼ਹਿਰ ਨੀਂ ਕੁੜੀਏ।
ਪਾਣੀ ਦੇ ਵਿਚ ਡੋਬ ਨਾ ਝਾਂਜਰ,
ਰੁਕਦੀ ਜਾਂਦੀ ਨਹਿਰ ਨੀਂ ਕੁੜੀਏ।
ਮੇਰੀਆਂ ਸੁੰਦਰ ਗ਼ਜ਼ਲਾਂ ਅੰਦਰ,
ਤੇਰੇ ਬਿੰਬ ਤੇ ਬਹਿਰ ਨੀਂ ਕੁੜੀਏ।
'ਬਾਲਮ' ਦਾ ਮਨ ਮਘਦਾ ਸੂਰਜ,
ਬੇਸ਼ਕ ਪਿਛਲਾ ਪਹਿਰ ਨੀਂ ਕੁੜੀਏ।

ਬਲਵਿੰਦਰ ਬਾਲਮ ਗੁਰਦਾਸਪੁਰ
98156-25409

## ਕਵਿਤਾ

ਸਾਥ ਉਮਰਾਂ ਤਾਈਂ ਨਿਭਾਉਣ ਦਾ ਸੁਪਨਾ ਸੀ ਮੇਰਾ,
ਜ਼ਿੰਦਗੀ ਤੇਰੇ ਨਾਲ ਬਿਤਾਉਣ ਦਾ ਸੁਪਨਾ ਸੀ ਮੇਰਾ,

ਚਾਰ ਲਾਵਾਂ ਲੈਕੇ ਤੇ ਪੂਰੇ ਗਾਜੇ-ਵਾਜਿਆਂ ਦੇ ਨਾਲ
ਤੇਰਾ ਪੈਰ ਮੇਰੇ ਘਰ ਪਵਾਉਣ ਦਾ ਸੁਪਨਾ ਸੀ ਮੇਰਾ,

ਤੈਨੂੰ ਵੀ ਤਾਂ ਯਾਦ ਹੋਣਾ ਮੇਰੇ ਵੀ ਜ਼ਹਿਨ 'ਚ ਹੈ ਗੱਲ
ਮੇਰੇ ਵਿਹੜੇ ਝਾਂਜਰ ਛਣਕਾਉਣ ਦਾ ਸੁਪਨਾ ਸੀ ਤੇਰਾ,

ਅਕਸਰ ਹੀ ਤੇਰੇ ਮੂੰਹੋਂ ਸੁਣਿਆ ਕਰਦਾ ਸੀ ਮੇਰਾ ਨਾਂ
ਮਹਿੰਦੀ 'ਨਾ ਹੱਥ 'ਤੇ ਵਾਹਉਣ ਦਾ ਸੁਪਨਾ ਸੀ ਤੇਰਾ,

ਅੱਲੜ੍ਹ ਉਮਰੇ ਖਿਆਲ ਅੱਥਰੇ ਪਾਗਲ ਕਰ ਦਿੰਦੇ
ਤੇਰੇ ਨਾਲ ਹੀ ਮਰਨ ਤੇ ਜਿਉਣ ਦਾ ਸੁਪਨਾ ਸੀ ਮੇਰਾ,

ਕਿੰਨੇ ਹੀ ਗੀਤ ਲਿਖੇ ਨੇ 'ਸਿਮਰਨ' ਨੇ ਤੇਰੇ ਲਈ
ਕੁਛ ਤੈਥੋਂ ਮੇਰੇ ਲਈ ਲਿਖਾਉਣ ਦਾ ਸੁਪਨਾ ਸੀ ਮੇਰਾ।



ਸਿਮਰਨ

## ਗ਼ਜ਼ਲ

ਤਪਸ਼ਾਂ ਦੇ ਬਿਨ ਬਰਫ਼ਾਂ ਨੇ ਕਦ ਬਣ ਪਾਣੀ ਵਗ ਤੁਰਨਾ ਸੀ।
ਬਿਨ ਪਾਣੀ ਦੇ ਰੇਤਾ, ਪੱਥਰ ਦੂਰ ਤਕ ਨਹੀਂ ਰੁੜ੍ਹਨਾ ਸੀ।

ਬਿਹਬਲ ਨਦੀਆਂ ਦਾ ਪਾਣੀ ਜੇ ਸਾਗਰ ਵੱਲ ਭੱਜਦਾ ਨਾ,
ਖੜੇ-ਖੜੋਤੇ ਕੰਢਿਆਂ ਵੀ ਨਾ ਆਪ-ਮੁਹਾਰੇ ਖੁਰਨਾ ਸੀ।

ਕੁਦਰਤ ਦੇ ਬੁਲਡੋਜ਼ਰ ਅੱਗੇ ਜ਼ੋਰ ਕਿਸੇ ਦਾ ਚੱਲਦਾ ਨਹੀਂ,
ਸ਼ਬਜ਼ ਵਾਦੀਆਂ ਨਾਲੋਂ ਚੰਗਾ ਹੋਰ ਕਿਹੜਾ ਦਸ ਘੁਰਨਾ ਸੀ।

ਘੋਖਣ ਦੀ ਜੇ ਲੋੜ ਨਾ ਹੁੰਦੀ ਲਿਖੀ ਹੋਈ ਹਰ ਰਚਨਾ ਨੂੰ,
ਮਹਿਫ਼ਲ ਦੇ ਵਿਚ ਆ ਕੇ ਆਪਾਂ ਏਸ ਤਰ੍ਹਾਂ ਕਦ ਜੁੜਨਾ ਸੀ।

ਹਰ ਇਕ ਪੰਛੀ ਵਾਪਸ ਮੁੜਿਆ ਜਦ ਸ਼ਾਮਾਂ ਪੈ ਗਈਆਂ ਸਨ,
ਰਾਤ ਗੁਜ਼ਾਰਨ ਦੇ ਲਈ ਆਖ਼ਰ ਮੈਂ ਵੀ ਤਾਂ ਘਰ ਮੁੜਨਾ ਸੀ।

ਲੋਕੀਂ ਆਖਣ ਸ਼ਾਇਰ 'ਲਾਂਬੜਾ' ਕੀਕਣ ਗ਼ਜ਼ਲਾਂ ਲਿਖਦਾ ਹੈ,
ਸ਼ਬਦਾਂ ਅੰਦਰ ਢਾਲ ਲਿਆ ਜੋ ਮਨ ਵਿਚ ਫੁਰਿਆ ਫੁਰਨਾ ਸੀ।



ਸੁਰਜੀਤ ਸਿੰਘ 'ਲਾਂਬੜਾ'
92177-90689

## ਗ਼ਜ਼ਲ

ਤੇਰੇ ਬਗ਼ੈਰ ਜ਼ਿੰਦਗੀ,ਚਾਨਣ ਨਹੀਂ ਹਨੇਰ ਹੈ।
ਮੇਰੇ ਸਨਮ ਤੂੰ ਆ ਵੀ ਜਾ, ਕਾਹਤੋਂ ਲਗਾਈ ਦੇਰ ਹੈ ?

ਤੁਰ ਪੈਣ ਪਿੱਛੇ ਕਾਫ਼ਲੇ, ਜਿਸ ਤਰਫ਼ ਵੀ ਉਹ ਤੁਰ ਪਵੇ,
ਲੋਕਾਂ ਲਈ ਉਹ ਲੜ ਰਿਹਾ, ਬੰਦਾ ਬੜਾ ਦਲੇਰ ਹੈ।

ਛਾਇਆ ਹਨੇਰ ਜ਼ੁਲਮ ਦਾ,ਹੈ ਦੇਰ ਡਾਢੀ ਹੋ ਗਈ,
ਸੁਣਦੇ ਸਾਂ ਦੇਰ ਘਰ ਉਹਦੇ',
ਹੁੰਦਾ ਨਹੀਂ ਹਨੇਰ ਹੈ।

ਮਿਹਨਤ ਕਰੀ ਹੈ ਰਾਤ ਦਿਨ, ਮਿਲਿਆ ਮੁਕਾਮ ਫੇਰ ਇਹ,
ਲੋਕੀਂ ਵੀ ਠੀਕ ਆਖਦੇ,
ਕਿਸਮਤ ਦਾ ਹੇਰ-ਫੇਰ ਹੈ।

ਪੜ੍ਹ ਲਿਖ ਕੇ ਵੀ ਨਾ ਸਮਝਿਆ, ਵਹਿਮਾਂ 'ਚ ਫ਼ਸਿਆ ਉਹ ਰਿਹਾ,
ਇਕ ਜੋਤਸ਼ੀ ਦੇ ਕਹਿਣ ਤੇ,ਤਾਰਨ ਗਿਆ ਲਲੇਰ ਹੈ।

ਹੈ ਲਾਸ਼ ਇਕ 'ਸ਼ਹੀਦ' ਦੀ, ਆਈ, ਦੁਖੀ ਹੈ ਸ਼ਹਿਰ ਇਉਂ,
ਕੇ ਰਾਤ ਪਾਉਂਦੀ ਕੀਰਨੇ, ਕੁਰਲਾ ਰਹੀ ਸਵੇਰ ਹੈ।

ਰੰਗੀਨੀਆਂ ਨੇ ਪਰਤਣਾਂ,ਮੁੜ ਆਏਗੀ ਬਹਾਰ ਫਿਰ,
ਹਾਲਤ ਵਤਨ ਦੀ ਇਝ ਦੀ,ਰਹਿਣੀ ਨਾ ਬਹੁਤੀ ਦੇਰ ਹੈ।

ਪਾਣੀ ਜ਼ਮੀਨ ਤੇ ਹਵਾ, ਕੀਤੇ ਤੁਸੀਂ ਹੀ ਗੰਦਲੇ,
ਹੁਣ ਆਖਦੇ ਹੋ ਇਹ ਜਗ੍ਹਾ, ਤਾਂ ਗੰਦਗੀ ਦਾ ਢੇਰ ਹੈ ।

ਤੇਰੀ ਗਲੀ ਤਾਂ ਫੇਰ ਕੀ ਕਰ ਕੇ ਰਹੂ ਮੁਕਾਬਲਾ,
ਅਪਣੀ ਗਲੀ 'ਚ ਆਖਦੇ, ਕੁੱਤਾ ਵੀ ਹੁੰਦਾ ਸ਼ੇਰ ਹੈ।



ਜਗਦੀਸ਼ ਰਾਣਾ

## ਪੰਛੀ

ਰੰਗ ਬਿਰੰਗੇ
ਛੋਟੇ ਵੱਡੇ
ਕਾਇਨਾਤ ਦੀ
ਸ਼ਾਨ ਨੇ ਪੰਛੀ
ਆਜ਼ਾਦ ਦਿਲਾਂ ਦੇ
ਵਿੱਚ ਮਹਿਫ਼ਿਲਾਂ ਦੇ
ਉੱਡਦੇ ਵਿੱਚ
ਅਸਮਾਨ ਦੇ ਪੰਛੀ...
ਦਰਿਆ ਕੰਢੇ
ਪਾਣੀ ਦੇ ਨਾਲ
ਕਰਨ ਕਲੋਲਾਂ
ਦੇਖ ਦਿਲ ਕਹਿੰਦਾ
ਨਾਦਾਨ ਨੇ ਪੰਛੀ
ਤਪਦੇ ਸੀਨੇ ਠਾਰਨ ਦੇ ਲਈ
ਪਾਣੀ ਦੇ ਵਿੱਚ
ਮਾਰ ਕੇ ਡੁਬਕੀ
ਭਰਦੇ ਨਵੀਂ
ਉਡਾਣ ਨੇ ਪੰਛੀ...
ਬਹਿ ਰੁੱਖਾਂ ਦੀ ਟਾਹਣੀ ਉੱਤੇ
ਕੂ ਕੂ ਕਰਦੇ
ਚੀਂ ਚੀਂ ਕਰਦੇ
ਮਿੱਠੜੇ ਗੀਤ ਸੁਣਾਉਂਦੇ
ਰੁੱਖਾਂ ਦੀ ਜਿੰਦ ਜਾਨ ਨੇ ਪੰਛੀ
ਭੁੱਲ ਸਰਹੱਦਾਂ ਪਰਵਾਸ ਨੇ ਕਰਦੇ
ਮਹਾਨ ਨੇ ਪੰਛੀ...
ਪਰ ਦਿਲ ਚ ਬੁਲੰਦੀ
ਉੱਡ ਉੱਚੀ ਉੱਚੀ
ਅਸਮਾਨ ਛੂਹਣ ਦਾ
ਇਲਮ ਨੇ ਦਿੰਦੇ
ਸਭ ਤੇ ਕਰਨ ਅਹਿਸਾਨ ਨੇ ਪੰਛੀ..
ਕਾਸ਼ ਮੇਰੇ ਵੀ ਖੰਭ ਹੁੰਦੇ ਤਾਂ
ਨਾਲ ਇਨ੍ਹਾਂ ਦੇ ਉੱਡਦਾ
'ਜੱਸੀ' ਮੇਰਾ ਤਾਂ ਜਹਾਨ ਨੇ ਪੰਛੀ..



ਜੇ. ਐਸ. ਮਹਿਰਾ
9592430420

## ਚੰਦਰਯਾਨ 3 !

ਜਿਹੜਾ ਪੱਛਮੀ ਦੇਸ਼ਾਂ ਨੇ ਸੀ ਪਾਲਿਆ
ਉਹ ਵਹਿਮ ਵੀ ਸਾਰਾ ਕੱਢਤਾ
ਅੱਜ ਸਾਡੇ ਵਿਗਿਆਨੀਆਂ ਨੇ ਸਪੇਸ ਵਿੱਚ
ਇੱਕ ਹੋਰ ਝੰਡਾ ਗੱਡਤਾ!

ਅੱਜ ਭਾਰਤ ਨੇ ਉੱਥੇ ਮਾਰੀ ਏ ਛਲਾਂਗ
ਜਿੱਥੇ ਪਹੁੰਚਣ ਦੀ ਹਰ ਦੇਸ਼ ਨੂੰ ਰਹਿੰਦੀ ਏ ਤਾਂਘ
ਸਾਡੇ ਚੰਦਰਯਾਨ 3 ਨੇ
ਧੂੰਆਂ ਸਾਰੀਆ ਏਜੰਸੀਆਂ ਦਾ ਕੱਢਤਾ
ਅੱਜ ਸਾਡੇ ਵਿਗਿਆਨੀਆਂ ਨੇ ਸਪੇਸ ਵਿੱਚ
ਇੱਕ ਹੋਰ ਝੰਡਾ ਗੱਡਤਾ!

ਪਹਿਲੇ ਪ੍ਰਯੋਗ ਚ ਮੰਗਲ ਤੇ ਪਹੁੰਚ ਜਾਣਾ
ਚੰਦਰਮਾਂ ਤੇ ਪਾਣੀ ਦਾ ਵੀ ਪਤਾ ਲਗਾਣਾ
ਜੋ ਕਿਸੇ ਦੇਸ਼ ਤੋਂ ਨਾ ਹੋ ਸਕਿਆ
ਕੱਠੇ ਇੱਕ ਸੌ ਚਾਰ ਸੈਟਲਾਇਟਾ ਨੂੰ ਛੱਡਤਾ
ਅੱਜ ਸਾਡੇ ਵਿਗਿਆਨੀਆਂ ਨੇ ਸਪੇਸ ਵਿੱਚ
ਇੱਕ ਹੋਰ ਝੰਡਾ ਗੱਡਤਾ!

ਇਸਰੋ ਦਾ ਰਸਤਾ ਬੜਾ ਸੀ ਮੁਸ਼ਕਿਲ ਭਰਿਆ
ਪਹਿਲਾ ਸਫਰ ਸੀ ਸਾਇਕਲ ਤੇ ਤੈਅ ਕਰਿਆ
ਕਦੇ ਜੋਕ ਬਣਾਉਂਦੇ ਸੀ ਸਾਡੇ ਤੇ
ਅੱਜ ਉਹ ਵੀ ਕੀੜਾ ਕੱਢਤਾ
ਅੱਜ ਸਾਡੇ ਵਿਗਿਆਨੀਆਂ ਨੇ ਸਪੇਸ ਵਿੱਚ
ਇੱਕ ਹੋਰ ਝੰਡਾ ਗੱਡਤਾ!

ਚੀਨ, ਪਾਕਿਸਤਾਨ ਤੇ ਕੀ ਅਮਰੀਕਾ
ਨਿਕਲੀਆਂ ਪਈਆ ਅੱਜ ਸਭ ਦੀਆਂ ਚੀਕਾ
ਜਿਹੜੇ ਹਵਾ ਵਿੱਚ ਸੀ ਉੱਡਦੇ
ਉਹਨਾਂ ਦੇ ਪਰਾ ਨੂੰ ਵੀ ਵੱਢਤਾ
ਅੱਜ ਸਾਡੇ ਵਿਗਿਆਨੀਆਂ ਨੇ ਸਪੇਸ ਵਿੱਚ
ਇੱਕ ਹੋਰ ਝੰਡਾ ਗੱਡਤਾ!



ਰਾਹੁਲ ਲੋਹੀਆਂ

## ਰੱਖੜੀ ਦਾ ਤਿਉਹਾਰ

ਭੈਣਾਂ ਹੋਵਣ ਨੂਰ ਖੁਦਾ ਦਾ ਕੁਦਰਤ ਰਿਸ਼ਤੇ ਬਣਾਵੇ।
ਮੋਹ ਪਿਆਰ ਮਿਠਾਸ ਭੈਣ ਭਰਾ ਦੇ ਰਿਸ਼ਤੇ ਤੋਂ ਆਵੇ।

ਰੱਖੜੀ ਦਾ ਤਿਉਹਾਰ ਚਾਵਾਂ ਨਾਲ ਮਨਾਇਆ ਜਾਵੇ।
ਭੈਣਾਂ ਵੀਰਾਂ ਬੱਚੇ ਸਭਨਾਂ ਦੇ ਚਿਹਰੇ ਖੁਸ਼ੀ ਆ ਜਾਵੇ।

ਭੈਣ ਵੀਰ ਦੇ ਬੰਨ ਰੱਖੜੀ ਵੀਰ ਲਈ ਸੁੱਖ ਮਨਾਵੇ।
ਵੀਰ ਗੁੱਟ ਤੇ ਬਨਾ ਰੱਖੜੀ ਆਪਣਾ ਫਰਜ਼ ਨਿਭਾਵੇ।

ਕੱਚੇ ਧਾਗੇ ਨਾਲ ਇਕ ਵਿਸ਼ਵਾਸ ਜਿਹਾ ਬਣ ਆਵੇ।
ਦੂਰ ਵਸੇਂਦੇ ਭੈਣ ਭਰਾ ਦੇ ਮਨ ਯਾਦ ਤਾਜ਼ਾ ਹੋ ਜਾਵੇ।

ਭਾਂਤ ਭਾਂਤ ਦੀ ਰੱਖੜੀ ਬਾਜ਼ਾਰ ਵਿੱਚ ਨਜ਼ਰੀ ਆਵੇ।
ਮਹਿੰਗੇ ਗਿਫ਼ਟ ਮਠਿਆਈਆਂ ਤੇ ਜ਼ੋਰ ਦਿੱਤਾ ਜਾਵੇ।

ਮਹਿੰਗਾਈ ਦੇ ਦੌਰ ਵਿੱਚ ਰੱਖੜੀ ਸੋਚਾਂ ਵਿੱਚ ਪਾਵੇ।
ਸਵਾਰਥੀ ਰਿਸ਼ਤੇ ਜਾਪਣ ਜਦੋਂ ਗੱਲ ਪੈਸੇ ਤੇ ਆਵੇ।

ਰੱਖਿਆ ਲਈ ਕੇਵਲ ਰੱਖੜੀ ਤੇ ਹੀ ਰਿਹਾ ਨਾ ਜਾਵੇ।
ਕਲਯੁਗੀ ਦੁਨੀਆਂ ਅੰਦਰ ਅਪਰਾਧ ਵੱਧਦਾ ਜਾਵੇ।

ਸੁਰੱਖਿਆ ਲਈ ਤਿਆਰ ਬਰ ਤਿਆਰ ਰਿਹਾ ਜਾਵੇ।
ਭੈਣਾਂ ਸ਼ਸਤਰਧਾਰੀ ਹੋਣ ਰੱਖਿਆ ਖੁਦ ਕੀਤੀ ਜਾਵੇ।

ਵਪਾਰੀ ਵਰਗ ਲਈ ਰੱਖੜੀ ਵਰਦਾਨ ਬਣ ਆਵੇ।
ਚਾਈਨਾ, ਰੱਖੜੀ ਤਿਉਹਾਰ ਤੋਂ ਅਰਬਾਂ ਰੁ: ਕਮਾਵੇ।

ਭੈਣਾਂ ਬਣੀਆਂ ਸ਼ੇਰਨੀ ਦੇਸ ਸੁਰੱਖਿਆ ਕੀਤੀ ਜਾਵੇ।
ਜਲ ਥਲ ਵਾਯੂ ਸੈਨਾ ਵਿੱਚ ਆਪਣਾ ਰੋਲ ਨਿਭਾਵੇ।

ਅੱਜ ਭੈਣਾਂ ਦੀ ਉਡਾਣ ਧਰਤੀ ਤੋਂ ਪੁਲਾੜ ਨੂੰ ਜਾਵੇ।
ਡਾਕਟਰ ਵਕੀਲ ਇੰਜੀਨੀਅਰ ਹਰ ਅਹੁਦਾ ਪਾਵੇ।

ਧੀ ਭੈਣ ਘਰ ਸਾਂਭਦੀ ਨਾਲੇ ਕੰਮ ਕਰਨ ਵੀ ਜਾਵੇ।
ਪੇਕੇ ਸਹੁਰੇ ਸੇਵਾ ਕਰਦੀ ਆਪਣਾ ਆਪ ਭੁੱਲ ਜਾਵੇ।

ਜਿੰਨਾਂ ਭੈਣਾਂ ਦੇ ਵੀਰ ਨਸ਼ੇੜੀ ਫਿਕਰ 'ਚ ਡੁੱਬ ਜਾਵੇ।
ਨਸ਼ੇੜੀ ਭਰਾ ਦਾ ਗੁੱਟ ਕੰਬੇ ਥੱਲੇ ਨੂੰ ਲੁਟਕਦਾ ਜਾਵੇ।

ਜਿੰਨਾਂ ਭੈਣਾਂ ਦੇ ਭਰਾ ਨਹੀਂ ਹਾਲ ਹੀ ਪੁੱਛਿਆ ਜਾਵੇ।
ਰੱਖੜੀ ਦਾ ਤਿਉਹਾਰ ਉਹਨਾਂ ਹੰਝੂਆਂ ਸੰਗ ਰੁਲਾਵੇ।

ਭੈਣ ਵੀਰਾਂ ਤੋਂ ਵੱਧ ਕੇ ਮਾਪਿਆਂ ਲਈ ਜਾਨ ਲੁਟਾਵੇ।
ਭੈਣਾਂ ਨੂੰ ਦਿਲੋਂ ਮੋਹ ਪਿਆਰ ਸਤਿਕਾਰ ਦਿੱਤਾ ਜਾਵੇ।

ਭੈਣਾਂ ਇੱਜਤ ਘਰ ਦੀ ਜਿੰਮੇਵਾਰੀ ਇਨਾਂ ਸਿਰ ਆਵੇ।
ਕੋਈ ਅਜਿਹਾ ਕੰਮ ਨਾ ਹੋਵੇ ਉਂਗਲ ਘਰ ਵੱਲ ਆਵੇ।

ਦਾਤਾ ਜਨਮ ਬਖ਼ਸ਼ਕੇ ਅਮੋਲਕ ਸਵਾਸ ਦਈ ਜਾਵੇ।
ਦਿਲ ਤੋਂ ਕਰ ਸਿਮਰਨ ਰੱਖੜੀ ਦਾਤੇ ਨੂੰ ਬੰਨੀ ਜਾਵੇ।

ਇਕਬਾਲ ਭੈਣ ਭਰਾ ਰਿਸ਼ਤੇ ਕਦੇ ਦਰਾੜ ਨਾ ਆਵੇ।
ਹਰ ਭੈਣ ਨੂੰ ਵੀਰ ਮਿਲੇ ਦਿਲੋਂ ਇਹੀ ਅਵਾਜ਼ ਆਵੇ।



ਇਕਬਾਲ ਸਿੰਘ ਪੁਡ਼ੈਣ
8872897500

## ਗ਼ਜ਼ਲ

ਯਾਦ ਤੇਰੀ ਦਾ ਫੜ ਕੇ ਚੱਪੂ,
ਗ਼ਮ ਦਾ ਸਾਗਰ ਤਰ ਲੈਂਦਾ ਹਾਂ।
ਬਾਣੀ 'ਚੋਂ ਚੁਣ ਸੁੱਚੇ ਮੋਤੀ
ਦਿਲ ਦੀ ਕੋਠੀ ਭਰ ਲੈਂਦਾ ਹਾਂ।
ਦੁੱਖ ਸੁਖ ਨੇ ਰੱਬ ਦੀਆਂ ਦਾਤਾਂ
ਭਾਣਾ ਉਸ ਦਾ ਜਰ ਲੈਂਦਾ ਹਾਂ।
ਐਂਵੇਂ ਕੋਈ ਤੰਗ ਕਰੇ ਤਾਂ
ਗੋਡੇ ਥੱਲੇ ਧਰ ਲੈਂਦਾ ਹਾਂ।
ਆਪਣੇ ਦਮ ਪਰਵਾਜ਼ ਭਰਾਂ ਮੈਂ
ਮੈਂ ਨਾ ਉਧਾਰੇ ਪਰ ਲੈਂਦਾ ਹਾਂ।
ਦਾਤਾਂ ਦਾ ਸ਼ੁਕਰਾਨਾ ਕਰਦਾ
ਯਾਦ ਖੁਦਾ ਨੂੰ ਕਰ ਲੈਂਦਾ ਹਾਂ।
ਲੋਕ ਖੁਸ਼ੀ ਨੂੰ ਬਾਹਰ ਲੱਭਦੇ
ਮੈਂ ਤਾਂ ਲੱਭ ਅੰਦਰ ਲੈਂਦਾ ਹਾਂ।
ਪੈਰ ਪਸਾਰਾਂ ਚਾਦਰ ਜਿੰਨੇ
ਥੋੜ੍ਹੇ 'ਚ ਕਰ ਸਬਰ ਲੈਂਦਾ ਹਾਂ।



ਅਮਰਜੀਤ ਕੌਰ ਮੋਰਿੰਡਾ

## ਭਾਸ਼ਾ ਵਿਭਾਗ...

ਮਾਂ ਬੋਲੀ ਦਾ ਸਤਿਕਾਰ ਨਹੀਂ ਕਰਦੇ
ਜੋ ਮਾਂ ਬੋਲੀ ਬਾਰੇ ਜਾਣਦੇ ਆ
ਇਹ ਤਾਂ ਬਸ ਗਰਾਂਟਾ ਅਤੇ
ਐਵਾਰਡਾਂ ਦਾ ਅਨੰਦ ਮਾਣਦੇ ਆ

ਨਵੇਂ ਲਿਖਾਰੀਆਂ ਨੂੰ ਇਹ ਬਹੁਤੀ
ਨਹੀਂ ਦਿੰਦੇ ਸਹਿ
ਐਤਕੀਂ ਕਿਨੂੰ ਐਵਾਰਡ ਦੇਣਾ ਆਪੇ
ਕਰ ਲੈਂਦੇ ਆ ਤਹਿ
ਨਵੇਂ ਮੁੰਡੇ ਵੀ ਸੋਹਣਾ ਲਿਖਦੇ ਕਦ
ਇਹ ਉਹਨਾਂ ਨੂੰ ਜਾਣਦੇ ਆ
ਇਹ ਤਾਂ ਬਸ ਗਰਾਂਟਾ ਅਤੇ
ਐਵਾਰਡਾਂ ਦਾ ਅਨੰਦ ਮਾਣਦੇ ਆ

ਕਵੀ ਦਰਬਾਰ ਕਲਕੱਤੇ ਕਰਵਾਉਂਦੇ
ਜਹਾਜ਼ਾਂ ਚ ਚੜਕੇ ਜਾਂਦੇ ਆ
ਮਾਂ ਬੋਲੀ ਦੇ ਨਾਂ ਤੇ ਲੁੱਟ ਕੇ ਮਾਂ
ਬੋਲੀ ਦਾ ਖਾਂਦੇ ਆ
ਵਿਦੇਸ਼ੀ ਬੱਚੇ ਇੰਗਲਿਸ਼ ਸਿੱਖਦੇ
ਉੱਝ ਏ ਹਿੱਕਾਂ ਤਾਣਦੇ ਆ
ਇਹ ਤਾਂ ਬਸ ਗਰਾਂਟਾ ਅਤੇ
ਐਵਾਰਡਾਂ ਦਾ ਆਨੰਦ ਮਾਣਦੇ ਆ

ਬਣੇ ਫਿਰਦੇ ਆ ਸ਼ਾਇਰ ਏ ਵੱਡੇ
ਸਾਨੂੰ ਮੰਨਣ ਲਈ ਤਿਆਰ ਨਹੀਂ
ਇਸ਼ਕ ਮਜਾਜ਼ੀ ਜੋ ਨਹੀਂ ਲਿਖਦਾ
ਉਹ ਇਹਨਾਂ ਨੂੰ ਸਵਿਕਾਰ ਨਹੀਂ
ਗੁਰਮੀਤ ਡੁਮਾਣੇ ਵਾਲਿਆਂ ਦਸਦੇ
ਹੁਣ ਅਸੀਂ ਵੀ ਤੁਹਾਡੇ ਹਾਣਦੇ ਆ
ਇਹ ਤਾਂ ਬਸ ਗਰਾਂਟਾ ਅਤੇ
ਐਵਾਰਡਾਂ ਦਾ ਅਨੰਦ ਮਾਣਦੇ ਆ

ਗੁਰਮੀਤ ਡੁਮਾਣਾ
76528 16074

## ਨੀਲਾ ਬਿੰਦੂ

ਨੀਲੇ ਬਿੰਦੂ ਵਿਚ ਰਹਿਣ ਵਾਲਾ
ਮੈਂ ਨਾ ਮਾਤਰ ਜੀਵ
ਮੈਂ ਮੈਂ ਕਰਦਾ ਰਹਿੰਦਾ
ਮੈਂ ਆਹ ਕੀਤਾ ਮੈਂ ਔਹ ਕੀਤਾ
ਜੇ ਮੈਂ ਨਾ ਹੁੰਦਾ
ਇਹ ਕੰਮ ਨਾ ਹੁੰਦਾ
ਮੈਂ ਇਹਦਾ ਕੰਮ ਕਵਾਇਆ
ਮੈਂ ਓਹਦਾ ਕੰਮ ਕਵਾਇਆ
ਮੇਰੇ ਕਰਕੇ ਇਹ ਅਹੁਦੇ ਤੇ ਬੈਠਾ
ਮੈਂ ਮੇਰੀ ਕਰਦਾ ਰਹਿੰਦਾ
ਜਿਵੇਂ ਮੇਰੇ ਤੋਂ ਬਿਨਾਂ ਤੇ
ਕੁਝ ਸੰਭਵ ਹੀ ਨਹੀਂ
ਟਟੀਹਰੀ ਵਾਂਗੂੰ
ਜੋ ਕਹਿੰਦੀ
ਮੈਂ ਰੱਬ ਥੰਮਿਆ
ਜੇ ਮੈਂ ਲੱਤਾਂ ਉਤਾਂਹ ਕਰਕੇ ਨਾ ਸੌਂਵਾਂ
ਤੇ ਰੱਬ ਥੱਲੇ ਡਿੱਗ ਜਾਏ
ਇੱਟ ਵਾਂਗੂੰ
ਜੋ ਕਹਿੰਦੀ
ਸਾਰਾ ਘਰ ਮੇਰੇ ਕਰਕੇ ਖਲੋਤਾ
ਹੈ ਤੇ ਅਸਲ ਵਿਚ ਕੁਝ ਵੀ ਨਹੀਂ
ਭਰਮ ਹੀ ਏ



ਜੋਬਨਰੂਪ ਛੀਨਾ

## ਰੱਖੜੀ

ਭੈਣ ਆਈ ਆ ਰੱਖੜੀਆਂ ਲੈ ਕੇ
ਤੂੰ ਗੁੱਟ ਤੇ ਬਨਾ ਲੈ ਵੀਰ ਵੇ
ਆਇਆ ਸਾਲ ਪਿੱਛੋਂ ਦਿਨ ਵੇ
ਆ ਖੁਸ਼ੀ ਨਾਲ ਮਨਾਂ ਲੈ ਵੀਰ ਵੇ

ਰੱਖੜੀ ਚ ਗੂੜਾ ਹੁੰਦਾਂ
ਭੈਣ ਭਰਾ ਦਾ ਪਿਆਰ ਵੇ
ਸਾਲ ਪਿੱਛੋਂ ਆਉਦਾਂ ਇਹ
ਖੁਸ਼ੀ ਦਾ ਤਿਉਹਾਰ ਵੇ
ਸੋਹਣੇ ਗੁੱਟ ਤੇ ਰੱਖੜੀ ਸਜਾ ਤੀ
ਆ ਮਿੱਠਾ ਮੂੰਹ ਚ ਪਾ ਲਏ ਵੀਰ ਵੇ
ਭੈਣ ਆਈ ਆ ਰੱਖੜੀਆਂ ਲੈਕੇ
ਤੂੰ ਗੁੱਟ ਤੇ ਬਨਾ ਲੈ ਵੀਰ ਵੇ

ਬੜੇ ਚਾਵਾਂ ਨਾਲ ਬੰਨਾਂ
ਗੁੱਟ ਤੇਰੇ ਉਤੇ ਰੱਖੜੀ
ਕੱਚਾ ਧਾਗਾ ਨਹੀਂ ਇਹ
ਸਾਂਝ ਆਪਣੀ ਬੜੀ ਧਗੜੀ
ਆਪਾਂ ਇੱਕ ਵਾਂ ਅਮੀ ਦੇ ਜਾਏ
ਭੈਣ ਨੂੰ ਗਲ ਨਾਲ ਲਾ ਲੈ ਵੀਰ ਵੇ
ਭੈਣ ਆਈ ਆ ਰੱਖੜੀਆਂ ਲੈ ਕੇ
ਤੂੰ ਗੁੱਟ ਤੇ ਬਨਾ ਲੈ ਵੀਰ ਵੇ

ਲੋੜੀ ਦੇ ਤਿਉਹਾਰ ਜਾਂਦੇ ਵੀਰ
ਮੈਂ ਰਹੀਂ ਆਂ ਸੱਚ ਬੋਲ ਵੇ
ਰੱਖੜੀ ਦੇ ਤਿਉਹਾਰ ਉਤੇ
ਆਉਣ ਭੈਣਾਂ ਵੀਰਾਂ ਕੋਲ ਵੇ
ਪੈਸਿਆਂ ਨਾਲ ਨਹੀਂ ਵਰਤਿਆ ਜਾਂਦਾਂ
ਤੂੰ ਜੇਬ ਵਿੱਚ ਪਾ ਲੈ ਵੀਰ ਵੇ
ਭੈਣ ਆਈ ਆ ਰੱਖੜੀਆਂ ਲੈ ਕੇ
ਤੂੰ ਗੁੱਟ ਤੇ ਬਨਾ ਲੈ ਵੀਰ ਵੇ
ਆਇਆ ਸਾਲ ਪਿੱਛੋਂ ਦਿਨ ਵੇ
ਆ ਖੁਸ਼ੀ ਨਾਲ ਮਨਾਂ ਲੈ ਵੀਰ ਵੇ



ਗੁਰਚਰਨ ਸਿੰਘ ਧੰਜੂ

## ਸਾਵਣ ਦਾ ਦਰਦ

ਵੇ ਤੂੰ ਸਾਉਣ ਦੇ ਮਹੀਨੇ ਚ ਨਾ ਆਇਆ,
ਵੇ ਗੱਲ ਤੇਰੀ ਮਾੜੀ ਮੁੰਡਿਆ
ਮੇਰੇ ਦਿਲ ਨੂੰ ਤੂੰ ਬੜਾ ਤੜਫਾਇਆ,
ਵੇ ਗੱਲ ਤੇਰੀ ਮਾੜੀ ਮੁੰਡਿਆ।

ਸਾਉਣ ਦੇ ਮਹੀਨੇ ਜਦੋਂ ਬੋਲਦਾ ਏ ਮੋਰ ਵੇ
ਦਿਲ ਦੇ ਬਗੀਚੇ ਵਿੱਚ ਮੱਚ ਜਾਂਦਾ ਸ਼ੋਰ ਵੇ
ਤੇਰੇ ਬਾਝੋਂ ਮੈਨੂੰ ਕੁਝ ਵੀ ਨਾ ਭਾਇਆ
ਵੇ ਗੱਲ ਤੇਰੀ ਮਾੜੀ ਮੁੰਡਿਆ
ਮੇਰੇ ਦਿਲ ਨੂੰ...

ਤੇਰੇ ਹੀ ਖਿਆਲਾਂ ਵਿੱਚ ਨੈਣ ਰਹਿੰਦੇ ਖੋਏ ਵੇ
ਮਹਿੰਦੀ ਵਾਲੇ ਹੱਥ ਭੁੱਬਾਂ ਮਾਰ ਮਾਰ ਰੋਏ ਵੇ
ਵੰਗਾਂ ਮੇਰੀਆਂ ਨੇ ਰੋਸ ਜਤਾਇਆ
ਵੇ ਗੱਲ ਤੇਰੀ ਮਾੜੀ ਮੁੰਡਿਆ
ਮੇਰੇ ਦਿਲ ਨੂੰ...

ਵੱਢ ਵੱਢ ਖਾਣ ਮੈਨੂੰ ਕਾਲੀਆਂ ਇਹ ਰਾਤਾਂ ਵੇ
ਚੰਨ ਤਾਰਿਆਂ ਦੇ ਨਾਲ ਪਾਉਂਦੀ ਰਹੀ ਬਾਤਾਂ ਵੇ
ਤੇਰੇ ਲਾਰਿਆਂ ਨੇ ਬੜਾ ਹੀ ਸਤਾਇਆ
ਵੇ ਗੱਲ ਤੇਰੀ ਮਾੜੀ ਮੁੰਡਿਆ
ਮੇਰੇ ਦਿਲ ਨੂੰ...

ਜਾਣ ਜਾਣ ਛੇੜਦੀਆਂ ਸਖੀਆਂ ਸਹੇਲੀਆਂ
ਤੇਰੇ ਵਾਰੇ ਪੁੱਛਦੀਆਂ ਪਾ ਕੇ ਪਹੇਲੀਆਂ
ਪਿੱਛਾ ਉਹਨਾਂ ਕੋਲੋਂ ਕਿਵੇਂ ਮੈਂ ਛੁਡਾਇਆ
ਵੇ ਗੱਲ ਤੇਰੀ ਮਾੜੀ ਮੁੰਡਿਆ
ਮੇਰੇ ਦਿਲ ਨੂੰ...

ਲੱਗਦਾ ਏ ਸਾਹਿਬ ਤੇਰਾ ਹੋਊਗਾ ਕੁਆਰਾ ਵੇ
ਦਿਲ ਦੀ ਰਮਜ ਨਾ ਜੋ ਸਮਝਿਆ ਵਿਚਾਰਾ ਵੇ
ਉਸ ਚੰਦਰੇ ਦਾ ਕੀ ਸੀ ਚੁਰਾਇਆ
ਵੇ ਗੱਲ ਤੇਰੀ ਮਾੜੀ ਮੁੰਡਿਆ
ਮੇਰੇ ਦਿਲ ਨੂੰ...

ਚੱਲ ਛੱਡ ਪਰ੍ਹਾ ਹੁਣ ਛੇਤੀ ਗੇੜਾ ਮਾਰ ਵੇ
ਨਿਰਮਲਾ ਤਾਂ ਕਰੇ ਬਸ ਤੇਰਾ ਇੰਤਜ਼ਾਰ ਵੇ
ਦਿਲ ਵਾਂਗ ਹੈ ਪਪੀਹੇ ਤ੍ਰਿਹਾਇਆ
ਵੇ ਗੱਲ ਤੇਰੀ ਮਾੜੀ ਮੁੰਡਿਆ
ਲੈਕੇ ਛੁੱਟੀਆਂ ਨਾ ਸਾਉਣ ਵਿੱਚ ਆਇਆ
ਵੇ ਗੱਲ ਤੇਰੀ ਮਾੜੀ ਮੁੰਡਿਆ।

-ਨਿਰਮਲਾ ਗਰਗ

## ਗ਼ਜ਼ਲ

ਤੈਨੂੰ ਰਹਿਮ ਤਮਾਮ ਮੁਬਾਰਕ।
ਸਾਨੂੰ ਹਰ ਇਲਜ਼ਾਮ ਮੁਬਾਰਕ।

ਜੋ ਦਿਲ ਚਾਹਵੇ ਕਹਿ ਲੈ ਸਾਨੂੰ,
ਤੇਰਾ ਇਹ ਇੰਤਕਾਮ ਮੁਬਾਰਕ।

ਇਹ ਚੰਨ ਤਾਰੇ ਤੇਰੇ ਲਈ ਨੇ,
ਖੁਸ਼ੀ ਦਾ ਹਰ ਪੈਗਾਮ ਮੁਬਾਰਕ।

ਹੁਣ ਤੂੰ ਜੜ੍ਹ ਤੋਂ ਪੁੱਟਣੀ ਚਿੰਤਾ,
ਤੈਨੂੰ ਸੋਹਣੀ ਸ਼ਾਮ ਮੁਬਾਰਕ।

ਹੱਸਦਾ, ਵੱਸਦਾ ਰਹਿ ਵੇ ਤੈਨੂੰ,
ਗੁਲ ਗੁਲਸ਼ਨ ਗੁਲਫਾਮ ਮੁਬਾਰਕ।

ਦਰ ਬੇਗਾਨਾ ਲੱਭਣਾ ਛੱਡਦੇ
ਲੱਭਣੇ ਨਾ 'ਉਹ' ਸਲਾਮ ਮੁਬਾਰਕ ।

ਸੋਚ ਉਨ੍ਹਾਂ ਦੀ ਖਾਵੇ ਤੈਨੂੰ,
ਕਰਨ ਨਾ ਜੋ ਅਹਿਤਰਾਮ ਮੁਬਾਰਕ ।

ਹਉਮੈ ਮਾਰ ਕੇ ਚਾਨਣ ਵੰਡੋ,
ਰੌਸ਼ਨ ਮਿਲਣ ਮੁਕਾਮ ਮੁਬਾਰਕ।

ਦੁੱਖ ਹੀ 'ਅੰਜੂ' ਸੱਚਾ ਸਾਥੀ,
ਸੁੱਖ ਦਾ ਤਾਂ ਬਸ ਨਾਮ ਮੁਬਾਰਕ



ਅੰਜੂ ਸਾਨਿਆਲ

## ਦੱਸੀ ਜ਼ਰਾ ਪੰਜਾਬ ਸਿਆਂ

ਕਿੰਨੇ ਕਦੋਂ ਸੀ ਭਾਜੀ ਮੋੜੀ,
ਦੱਸੀ ਜਰਾ ਪੰਜਾਬ ਸਿਆਂ।
ਅਣਖ ਸੀ ਵੱਡੀ, ਜ਼ਿੰਦਗੀ ਥੋੜੀ,
ਦੱਸੀ ਜ਼ਰਾ ਪੰਜਾਬ ਸਿਆਂ।
ਕਿਸੇ ਸਿਕੰਦਰ ਧਰਤੀ ਜਿੱਤੀ,
ਜਿੱਤ ਨਾ ਸਕਿਆ ਅਣਖ ਤੇਰੀ,
ਹੱਥ ਜੋੜ ਕੇ ਧਰਤੀ ਮੋੜੀ,
ਦੱਸੀ ਜ਼ਰਾ ਪੰਜਾਬ ਸਿਆਂ।
ਵਜੀਰ ਖਾਨ ਦੀ ਪਾਈ ਭਾਜੀ,
ਬੰਦੇ ਛੇਤੀ ਮੋੜ ਦਿੱਤੀ,
ਸਰਹੰਦ ਦੀ ਇੱਟ ਨਾਲ ਇੱਟ ਖੜਕਾਈ,
ਦੱਸੀ ਜ਼ਰਾ ਪੰਜਾਬ ਸਿਆਂ।
ਮੱਸੇ ਰੰਗੜ ਅੱਤ ਮਚਾਈ,
ਅੱਤ ਖੁਦਾ ਦਾ ਵੈਰ ਹੁੰਦਾ।
ਮਹਿਤਾਬ,ਸੁੱਖੇ ਕਿੰਝ ਭਾਜੀ ਲਾਹੀ,
ਦੱਸੀ ਜਰਾ ਪੰਜਾਬ ਸਿਆਂ।
ਕਿਹਨੇ ਸੀਸ ਤਲੀ ਤੇ ਧਰਿਆ,
ਸਿੱਖੀ ਤੋੜ ਨਿਭਾਉਣ ਲਈ,
ਭੇਂਟਾਂ ਸੀਸ ਦੀ ਗੁਰੂ ਚੜਾਈ,
ਦੱਸੀ ਜਰਾ ਪੰਜਾਬ ਸਿਆਂ।
ਜਲਿਆਂ ਵਾਲੇ ਬਾਗ ਵਿੱਚ ਗੋਰਿਆਂ,
ਰੱਤ ਦੀ ਨਦੀ ਵਹਾ ਦਿੱਤੀ,
ਊਧਮ ਸਿੰਘ ਕਿੰਝ ਰੱਖ ਵਿਖਾਈ,
ਦੱਸੀ ਜ਼ਰਾ ਪੰਜਾਬ ਸਿਆਂ।
ਮੱਸੇ ਰੰਗੜ ਯਾਦ ਨਹੀ ਸੀ,
ਭਾਜੀ ਪਾ ਤੀ ਇੰਦਰਾ ਨੇ,
ਤਵਾਰੀਖ ਕਿੰਝ ਗਈ ਦੁਹਰਾਈ,
ਦੱਸੀ ਜਰਾ ਪੰਜਾਬ ਸਿਆਂ।
ਦਰਿਆਵਾਂ ਦੇ ਵਹਿਣ ਮੋੜਦੇ,
ਖੜ ਜਾਂਦੇ ਨੇ ਢਾਲ ਬਣਾ,
ਬਾਜਾਂ ਵਾਲੇ ਦੀ ਅਗਵਾਈ,
ਦੱਸੀ ਜ਼ਰਾ ਪੰਜਾਬ ਸਿਆਂ।



ਸਤਨਾਮ ਕੌਰ ਤੁਗਲਵਾਲਾ

## ਆਪਣਾ ਆਪ ਪਛਾਣ

ਚਿਹਰੇ ਤੇ ਮੁਸਕਾਨ ਰੱਖ,
ਆਪਣੇ ਆਪ ਤੇ ਮਾਣ ਰੱਖ।
ਇੱਕ ਦਿਨ ਤੇਰਾ ਵੀ ਆਵੇਗਾ,
ਥੋੜੀ ਸਬਰ ਵਿੱਚ ਜਾਨ ਰੱਖ।
ਮਿਹਨਤ ਮੱਛੀ ਦੀ ਅੱਖ ਵਰਗੀ,
ਖਿੱਚ ਕੇ ਤੀਰ ਕਮਾਨ ਰੱਖ।
ਕਿਉਂ ਜ਼ਿੰਦਗੀ ਨੂੰ ਮਾੜਾ ਆਖੇਂ,
ਸੋਚਾਂ ਸਦਾ ਮਹਾਨ ਰੱਖ।
ਅੰਬਰ ਛੂਹਣ ਦੇ ਸੁਪਨੇ ਪਾਲ,
ਉੱਚੀ ਸਦਾ ਉਡਾਨ ਰੱਖ।
ਕੋਸ਼ਿਸ਼ ਕਰਦਾ ਤੁਰਿਆ ਜਾ,
ਹਰ ਦਿਨ ਹੀ ਇਮਤਿਹਾਨ ਰੱਖ।
ਸੱਚ ਸ਼ੁਕਰ ਦਾ ਰਾਹ ਨਾ ਛੱਡੀ,
ਸੀਨੇ ਵਿੱਚ ਭਗਵਾਨ ਰੱਖ।
ਤੂੰ ਭਲਾ ਕੀ ਘੱਟ ਕਿਸੇ ਤੋਂ
ਦਿਲ ਵਿੱਚ ਜਜ਼ਬੇ ਠਾਣ ਰੱਖ।
ਸਿੱਰੜ ਸਿਦਕ ਨਾ ਕਦੇ ਵਿਸਾਰੀ,
ਬੱਸ ਮੰਜਿਲ ਵਲ ਧਿਆਨ ਰੱਖ।



ਹੈਪੀ ਸ਼ਾਹਕੋਟੀ

## ਪੈਸਿਆਂ ਦੇ ਭੁੱਖੇ

ਵੀਰੇ ਤੂੰ, ਡੈਡੀ ਤੇ ਮੰਮੀ ਨੇ ਰਲ ਕੇ
ਜਿਹੜਾ ਮੇਰੇ ਲਈ ਸੀ ਵਰ ਟੋਲਿਆ,
ਮੈਂ ਉਸ ਨਾਲ ਲਾਵਾਂ ਲੈ ਲਈਆਂ ਸਨ
ਮੂੰਹੋਂ ਇਕ ਸ਼ਬਦ ਨਹੀਂ ਸੀ ਬੋਲਿਆ।
ਅੱਜ ਮੈਨੂੰ ਸਹੁਰੇ ਘਰ ਰਹਿੰਦੀ ਨੂੰ
ਹੋ ਗਏ ਨੇ ਪੂਰੇ ਛੇ ਮਹੀਨੇ ਵੇ,
ਭੁੱਖਿਆਂ, ਨੰਗਿਆਂ ਦੀ ਧੀ ਕਹਿ ਕੇ
ਸਭ ਮਾਰਨ ਤੀਰ ਮੇਰੇ ਸੀਨੇ ਵੇ।
ਮੈਂ ਹਰ ਸਾਲ ਤੇਰੇ ਰੱਖੜੀ ਬੰਨ੍ਹੀ
ਪੇਕੀਂ ਰਹਿ ਕੇ ਤੇਰੇ ਕੋਲ ਵੇ,
ਅੱਜ ਮੈਂ ਨ੍ਹੀ ਆਣਾ ਪੇਕੇ
ਰੱਖੜੀ ਬੰਨ੍ਹਾ ਲੈ ਆ ਕੇ ਮੇਰੇ ਕੋਲ ਵੇ।
ਅੱਜ ਮੇਰੇ ਸਹੁਰੇ ਘਰ ਆ ਕੇ
ਦੇਖ ਲੈ ਆਪਣੀ ਭੈਣ ਦਾ ਹਾਲ ਵੇ,
ਮੇਰਾ ਕਹਿਣਾ ਮੰਨ ਛੇਤੀ ਆ ਜਾ
ਮੇਰੀ ਇੱਜ਼ਤ ਦਾ ਹੈ ਸਵਾਲ ਵੇ।
ਪੈਸਿਆਂ ਦੇ ਭੁੱਖੇ ਸਹੁਰਿਆਂ ਨੂੰ
ਆ ਕੇ ਲੁਆ ਦੇ ਕੰਨਾਂ ਨੂੰ ਹੱਥ ਵੇ,
ਜੇ ਸਿੱਧੇ ਰਾਹ ਉਨ੍ਹਾਂ ਨੂੰ ਪਾ ਦੇਵੇਂ
ਸਾਰੀ ਉਮਰ ਗਾਵਾਂਗੀ ਤੇਰਾ ਜੱਸ ਵੇ।

ਮਹਿੰਦਰ ਸਿੰਘ ਮਾਨ
9915803554



## ਕਵਿਤਾ

ਤੂੰ ਇਹੋ ਚਾਹੁੰਦੀ ਏ

ਜੋ ਤੂੰ ਚਾਹੁੰਦੀ ਏ,
ਓ ਮੇਰੇ ਤੋਂ ਨਹੀਂ ਹੋਣਾ।
ਕਰਕੇ ਯਾਦ ਤੈਨੂੰ,
ਮੈਂ ਨਹੀਂ ਰੋਣਾ।
ਤੂੰ ਤਾਂ ਕਰਦੀ ਰਹੀ,
ਮਨਮਰਜ਼ੀਆਂ ਨੀ।
ਤੈਨੂੰ ਮਾਰ ਗਈਆਂ,
ਖੁਦਗਰਜ਼ੀਆਂ ਨੀ।

ਤੂੰ ਇਹੋ ਚਾਹੁੰਦੀ ਏ,
ਭੁੱਲ ਜਾਵਾਂ ਤੈਨੂੰ।
ਮੈਂ ਨਾ ਭੁੱਲਾਉਣਾ ਏ,
ਬੇਸ਼ੱਕ ਭੁੱਲ ਜਾ ਮੈਨੂੰ।

ਤੂੰ ਇਹੋ ਚਾਹੁੰਦੀ ਏ,
ਨਾ ਨਾਮ ਤੇਰਾ ਪਾਵਾਂ।
ਲੈ ਕੇ ਨਾਮ ਤੇਰਾ,
ਨਾ ਗੀਤ ਕੋਈ ਗਾਵਾਂ।

ਤੂੰ ਇਹੋ ਚਾਹੁੰਦੀ ਏ,
ਨਾ ਤੈਨੂੰ ਕਦੇ ਤੱਕਾਂ।
ਨੈਣ ਚਾਹੁੰਦੇ ਨੇ ਮੇਰੇ,
ਨਾ ਤੱਕ ਤੱਕ ਥੱਕਾਂ।

ਤੂੰ ਇਹੋ ਚਾਹੁੰਦੀ ਏ,
ਤੇਰੇ ਪਿੱਛੇ ਆਵਾਂ।
ਨੈਣ ਜੋਤੀ ਕਹਿ,
ਨਾ ਕਦੇ ਬੁਲਾਵਾਂ।
ਤੂੰ ਇਹੋ ਚਾਹੁੰਦੀ ਏ,
ਨਾ ਕਰਾਂ ਪਾਰਟੀ,
ਲੈ ਕੇ ਨਾਮ ਤੇਰਾ।
ਮੇਰੀ ਜ਼ਿੰਦਗੀ ਚ,
ਕਿਉਂ ਕਰਨਾ ਚਾਹਵੇ,
ਦੱਸ ਕਿਉਂ ਹਨੇਰਾ।

ਸਰਬਜੀਤ ਸੰਗਰੂਰਵੀ
9463162463

## ਬਖਸ਼ੀਸ਼

ਵਾਹ ਰੇ ਕਾਦਰ ਬਲਿਹਾਰੇ,
ਕਿਆ ਅਦਭੁੱਤ ਹੈ ਨਿਜ਼ਾਮ !
ਅਕਾਸ਼,ਧਰਤ,ਪਤਾਲ ਸਾਰੇ,
ਸਭ ਕੁਦਰਤ ਹੈ ਤੇਰੇ ਨਾਮ ।


ਮਾਣਦੇ ਸੂਰਜ ਦੀ ਰੋਸ਼ਨੀ,
ਚਾਨਣੀ ਰਾਤ ਵੀ ਹੈ ਜ਼ਰੂਰੀ।
ਦੋਵਾਂ ਦੀ ਹਾਜ਼ਰੀ ਬਿਨ ਤਾਂ
ਜ਼ਿੰਦਗੀ ਵੀ ਹੈ ਅੱਧੀ ਅਧੂਰੀ।

ਰਾਤ ਜਨਮਦੀ ਨਿੱਤ ਸੁਫ਼ਨੇ,
ਤੇ ਸੂਰਜ ਸਿਰਜਦਾ ਸੱਚ ਹੈ।
ਇੱਕ ਤਾਕਤ ਹੈ ਬਖ਼ਸ਼ਦੀ,
ਦੂਜਾ ਪਰਖਦਾ ਪੱਕ-ਕੱਚ ਹੈ।



ਸੇਵਾ ਸਿੰਘ 'ਨੂਰਪੁਰੀ'

## ਤਰੱਕੀ




ਚੰਦ ਉਤੇ ਪਹੁੰਚ ਕੇ ਅਸੀਂ ਖੂਬ
ਤਰੱਕੀਆਂ ਕਰ ਲਈਆਂ ਨੇ
ਤਸਵੀਰਾਂ ਦੇਸ਼ ਦੀਆਂ ਸੱਚੀਆਂ ਨਾਂ ਵਿਖਾ ਸਕੇ
ਮੀਡੀਆ ਖਰੀਦ ਕੇ ਪਾਸੇ ਨੂੰ ਧਰ ਲਈਆਂ ਨੇ

ਗਰੀਬੀ ਰੇਖਾ ਤੋਂ ਹੇਠਾਂ ਲੋਕ ਕਿੰਨੇ
ਕਦੇ ਇਹਨਾਂ ਬਾਰੇ ਨਾਂ ਸੋਚਿਆ ਏ
ਇੱਕ ਜੋੜੇ ਦੇ ਦਸ ਪੰਦਰਾਂ ਜੁਵਾਕ ਹੁੰਦੇ
ਕਦੇ ਆਬਾਦੀ ਘਟਾਉਣ ਤੋਂ ਨਾਂ ਰੋਕਿਆ ਏ

ਗਰੀਬ ਦਾ ਹਿੱਸਾ ਘਰਾਣਿਆਂ ਨੂੰ ਦੇਕੇ
ਗਰੀਬ ਰੇਖਾ ਤੋਂ ਹੇਠਾਂ ਨੂੰ ਆਈ ਜਾਂਦਾ
ਘਰਾਣਿਆਂ ਨੂੰ ਪੂਰੀ ਖੁੱਲ ਦੇਕੇ
ਅਮੀਰਾਂ ਨੂੰ ਹੋਰ ਅੰਬਰੀ ਚੜਾਈ ਜਾਂਦਾ

ਵੋਟਾਂ ਦੇ ਲਾਲਚ ਹੇਠਾਂ ਦੱਬੇ ਅਸੀ
ਨੀਤੀਆਂ ਮਤਲਬ ਦੀਆਂ ਘੜੀਆਂ ਪਿਆਰੀਆਂ ਨੇ
ਝੂਠੇ ਵਾਦੇ ਦਲਾਸੇ ਦੇ ਦੇ ਕੇ
ਪੰਜ ਸਾਲ ਪਿਛੋਂ ਚੋਣਾਂ ਦੀਆਂ
ਕਰੀਆਂ ਤਿਆਰੀਆਂ ਨੇ

ਗੁਰਚਰਨ ਸਿੰਘ ਧੰਜੂ

## ਨਾ ਦੇਵੀਂ ਸੂਟ ਭਾਬੀਏ...

ਨਾ ਦੇਵੀਂ ਸੂਟ ਭਾਬੀਏ,
ਮੈਨੂੰ ਵੀਰ ਮਿਲਣ ਦਾ ਚਾਅ।
ਤੂੰ ਵੀ ਜਾ ਆਵੀਂ ਪੇਕਿਆਂ ਨੂੰ,
ਤੇ ਮੈਨੂੰ ਵੀ ਆਖ ਦੇਵੀਂ 'ਆ'।
ਨਾਂ ਦੇਵੀਂ...
ਮੈਨੂੰ ਸੂਟਾਂ ਦਾ ਕੋਈ ਲਾਲਚ ਨਹੀਂ,
ਨਾ ਕੋਈ ਨਗਦੀ ਮੰਗਾਂ।
ਪਿਆਰ ਮੁਹੱਬਤ ਤੇ ਮੋਹ ਨਾਲ,
ਮੈਂ ਤਾਂ ਰੱਖੜੀ ਆਪਣੀ ਰੰਗਾਂ।
ਮੈਂ ਅੰਮੜੀ ਦੀ ਧੀ ਲਾਡਲੀ,
ਮੇਰੇ ਵੀਰਾਂ ਦੇ ਵਿੱਚ ਸਾਹ।
ਨਾਂ ਦੇਵੀਂ....
ਤੂੰ ਵੀਰੇ ਨੂੰ ਦੂਰ ਕਰੀ ਨਾ,
ਮੇਰੇ ਘਰ ਆਉਣ ਤੋਂ ਰੋਕੀ ਨਾ।
ਤੇਰੇ ਪੈਰਾਂ ਥਲੇ ਹੱਥ ਰੱਖਾਂ,
ਪੇਕੀਂ ਵੜਨੋ ਤੋਂ ਟੋਕੀ ਨਾ।
ਮੈਂ ਵੀ ਭਾਬੋ ਹਾਂ ਨਣਦਾਂ ਦੀ,
ਏਸੇ ਲਈ ਖੋਲ੍ਹੇ ਸਾਰੇ ਰਾਹ।
ਨਾ ਦੇਵੀਂ......
ਤਿਉਹਾਰ ਇਹ ਸੋਹਣੇ ਲੱਗਦੇ,
ਜਦ ਮਿਲ ?ਦੇ ਸਾਰੇ ਆਪਣੇ।
ਇਹ ਦਿਲਾਂ ਦੇ ਰਿਸ਼ਤੇ ਨੇ,
ਇਹ ਰੂਹਾਂ ਦੇ ਫ਼ਿਰ ਜਾਪਣੇ।
ਇਸ ਲੈਣ ਦੇਣ ਨੂੰ ਛੱਡ ਪਰਾਂ,
ਬੱਸ ਜੱਫੀ 'ਮਨਜੀਤ' ਨੂੰ ਪਾ।
ਨਾ ਦੇਵੀਂ.....



ਮਨਜੀਤ ਕੌਰ ਧੀਮਾਨ
9464633059

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD